# ਲੈਨਿਨ

# ਰਾਜ ਅਤੇ ਇਨਕਲਾਬ



ਸਭਨਾਂ ਦੇਸ਼ਾਂ ਦੇ ਮਜ਼ਦੂਰੋ, ਇੱਕ ਹੋ ਜਾਓ!

# ਵ. ਇ. ਲੈਨਿਨ

# ਰਾਜ ਅਤੇ ਇਨਕਲਾਬ

ਰਾਜ ਅਤੇ ਇਨਕਲਾਬ ਵਿੱਚ
ਪ੍ਰੋਲਤਾਰੀ ਦੇ ਕਾਰਜਾਂ ਸਬੰਧੀ
ਮਾਰਕਸਵਾਦੀ ਸਿਖਿਆ[1]



ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

(ਪੰਜਾਬੀ ਵਿਭਾਗ ਰਾਹੁਲ ਫਾਉਂਡੇਸ਼ਨ-ਲਖਨਊ)

ਰਾਜ ਅਤੇ ਇਨਕਲਾਬ — ਵ. ਇ. ਲੈਨਿਨ

The State and Revolution — V. I. Lenin

**ਪ੍ਰਕਾਸ਼ਕ ਵੱਲੋਂ**

ਇਸ ਪੁਸਤਕ ਦਾ ਅਨੁਵਾਦ ਰੂਸੀ ਵਿੱਚ ਪ੍ਰਕਾਸ਼ਤ ਕੀਤੀਆਂ ਗਈਆਂ ਲੈਨਿਨ ਦੀਆਂ ਸੰਗ੍ਰਹਿਤ ਰਚਨਾਵਾਂ ਦੇ ਪੰਜਵੇਂ ਐਡੀਸ਼ਨ ਦੀ 33ਵੀਂ ਸੈਂਚੀ ਤੋਂ ਕੀਤਾ ਗਿਆ ਹੈ।

ਇਹ ਐਡੀਸ਼ਨ — ਅਪ੍ਰੈਲ 2010

ਟਾਈਟਲ ਕਵਰ — ਰਾਮਬਾਬੂ

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ-ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ-226006

**ਕੀਮਤ : 50 ਰੁਪਏ**

# ਤਤਕਰਾ


ਪਹਿਲੀ ਛਾਪ ਦਾ ਮੁੱਖ-ਬੰਧ . . . . . . . . . . . . . . . . . . . . . . . . 5

ਦੂਜੀ ਛਾਪ ਦਾ ਮੁੱਖ-ਬੰਧ . . . . . . . . . . . . . . . . . . . . . . . . . . 6

**ਪਹਿਲਾ ਕਾਂਡ। ਜਮਾਤੀ ਸਮਾਜ ਅਤੇ ਰਾਜ** . . . . . . . . . . . . . . . . . . . 7

1. ਰਾਜ ਜਮਾਤੀ ਵਿਰੋਧਾਂ ਦੀ ਬੇਜੋੜਤਾ ਦੀ ਉਪਜ ਵਜੋਂ . . . . . . . . . . . 7

2. ਹਥਿਆਰਬੰਦ ਲੋਕਾਂ ਦੇ ਖਾਸ ਦਸਤੇ, ਜੇਲ੍ਹਾਂ ਆਦਿ . . . . . . . . . . . . 10

3. ਰਾਜ ਦੱਬੀ-ਕੁਚਲੀ ਜਮਾਤ ਦੀ ਲੁੱਟ-ਚੋਂਘ ਦੇ ਇੱਕ ਸਾਧਨ ਵਜੋਂ . . . . . 13

4. ਰਾਜ ਦਾ "ਹੌਲੀ ਹੌਲੀ ਖ਼ਤਮ ਹੋ ਜਾਣਾ" ਅਤੇ ਹਿੰਸਕ ਇਨਕਲਾਬ . . . . 17

**ਕਾਂਡ ਦੋ। ਰਾਜ ਅਤੇ ਇਨਕਲਾਬ। 1848-1851 ਦਾ ਤਜ਼ਰਬਾ** . . . . . . . . . . 23

1. ਇਨਕਲਾਬ ਤੋਂ ਐਨ ਪਹਿਲਾਂ . . . . . . . . . . . . . . . . . . . . . . 23

2. ਇਨਕਲਾਬ ਦਾ ਸਾਰ . . . . . . . . . . . . . . . . . . . . . . . . . 27

3. 1852 ਵਿੱਚ ਮਾਰਕਸ ਨੇ ਮਸਲਾ ਕਿਵੇਂ ਪੇਸ਼ ਕੀਤਾ . . . . . . . . . . . . 33

**ਕਾਂਡ ਤੀਜਾ। ਰਾਜ ਅਤੇ ਇਨਕਲਾਬ। 1871 ਦੀ ਪੈਰਿਸ ਕਮਿਊਨ ਦਾ ਤਜ਼ਰਬਾ। ਮਾਰਕਸ ਦਾ ਵਿਸ਼ਲੇਸ਼ਣ** . . . . . . . . . . . . . . . . . . . . . . . . 36

1. ਕਮਿਊਨਾਰਦਾਂ ਦੇ ਜਤਨ ਦੀ ਸੂਰਮਤਾਈ ਕਿਸ ਗੱਲ ਵਿੱਚ ਸੀ ? . . . . . . 36

2. ਤੋੜੀ ਗਈ ਰਾਜਕੀ ਬਣਤਰ ਦੀ ਥਾਂ ਕੀ ਲਵੇਗਾ ? . . . . . . . . . . . . 40

3. ਪਾਰਲੀਮਾਨੀਵਾਦ ਦਾ ਅੰਤ . . . . . . . . . . . . . . . . . . . . . . 44

4. ਕੌਮ ਦੇ ਏਕੇ ਦੀ ਜਥੇਬੰਦੀ . . . . . . . . . . . . . . . . . . . . . . 50

5. ਪਰਜੀਵੀ ਰਾਜ ਦਾ ਅੰਤ . . . . . . . . . . . . . . . . . . . . . . . 53

**ਕਾਂਡ ਚਾਰ । ਚੱਲਦਾ, ਏਂਗਲਜ਼ ਵੱਲੋਂ ਵਧੇਰੇ ਵਿਆਖਿਆਵਾਂ** . . . . . . . . . . . 56

1. "ਮਕਾਨਾਂ ਦਾ ਮਸਲਾ" . . . . . . . . . . . . . . . . . . . . . . . . . . 56

2. ਅਰਾਜਕਤਾਵਾਦੀਆਂ ਨਾਲ਼ ਵਿਵਾਦ . . . . . . . . . . . . . . . . . . 58

3. ਬੇਬਲ ਵਲ ਖ਼ਤ . . . . . . . . . . . . . . . . . . . . . . . . . . . . . 63

4. ਅਰਫ਼ੁਰਟ ਪ੍ਰੋਗਰਾਮ ਦੀ ਪੜਚੋਲ . . . . . . . . . . . . . . . . . . . . 65

5. ਮਾਰਕਸ ਦੀ "ਫ਼ਰਾਂਸ ਵਿੱਚ ਖ਼ਾਨਾ-ਜੰਗੀ" ਦਾ
1891 ਦਾ ਮੁੱਖ-ਬੰਧ . . . . . . . . . . . . . . . . . . . . . . . . . 72

6. ਜਮਹੂਰੀਅਤ ਉੱਤੇ ਕਾਬੂ ਪਾਉਣ ਸੰਬੰਧੀ ਏਂਗਲਜ਼ ਦੇ ਵਿਚਾਰ . . . . . . . 78

**ਕਾਂਡ ਪੰਜ । ਰਾਜ ਦੇ ਹੌਲੀ ਹੌਲੀ ਖ਼ਤਮ ਹੋਣ ਦੇ ਆਰਥਕ ਆਧਾਰ** . . . . . . . . 81

1. ਮਾਰਕਸ ਵੱਲੋਂ ਸਵਾਲ ਦੀ ਪੇਸ਼ਕਾਰੀ . . . . . . . . . . . . . . . . . . 81

2. ਸਰਮਾਏਦਾਰੀ ਤੋਂ ਕਮਿਊਨਿਜ਼ਮ ਵੱਲ ਤਬਦੀਲੀ . . . . . . . . . . . . . 83

3. ਕਮਿਊਨਿਸਟ ਸਮਾਜ ਦਾ ਪਹਿਲਾ ਰੂਪ . . . . . . . . . . . . . . . . . 88

4. ਕਮਿਊਨਿਸਟ ਸਮਾਜ ਦਾ ਉਚੇਰਾ ਰੂਪ . . . . . . . . . . . . . . . . . 92

**ਕਾਂਡ ਛੇ । ਮੌਕਾਪ੍ਰਸਤਾਂ ਵੱਲੋਂ ਮਾਰਕਸਵਾਦ ਦਾ ਬਾਜ਼ਾਰੀਕਰਣ** . . . . . . . . . 100

1. ਅਰਾਜਕਤਾਵਾਦੀਆਂ ਨਾਲ਼ ਪਲੈਖ਼ਾਨੋਵ ਦਾ ਵਿਵਾਦ . . . . . . . . . . . 100

2. ਮੌਕਾ-ਪ੍ਰਸਤਾਂ ਨਾਲ਼ ਕਾਊਟਸਕੀ ਦਾ ਵਿਵਾਦ . . . . . . . . . . . . . . 101

3. ਪਾਨੇਕੋਇਕ ਨਾਲ਼ ਕਾਊਟਸਕੀ ਦਾ ਵਿਵਾਦ . . . . . . . . . . . . . . . 108

**ਕਾਂਡ ਸਤ । 1905 ਅਤੇ 1917 ਦੇ ਰੂਸੀ ਇਨਕਲਾਬਾਂ ਦਾ ਤਜਰਬਾ** . . . . . . 117

ਪਹਿਲੀ ਛਾਪ ਦੀ ਅੰਤਿਕਾ . . . . . . . . . . . . . . . . . . . . . . . . 118

ਨੋਟ . . . . . . . . . . . . . . . . . . . . . . . . . . . . . . . . . . 119

ਨਾਮਾਵਲੀ . . . . . . . . . . . . . . . . . . . . . . . . . . . . . . . 133

# ਪਹਿਲੀ ਛਾਪ ਦਾ ਮੁੱਖ-ਬੰਧ

ਰਾਜ ਦਾ ਮਸਲਾ ਹੁਣ ਵਿਸ਼ੇਸ਼ ਮਹੱਤਤਾ ਪ੍ਰਾਪਤ ਕਰਦਾ ਜਾ ਰਿਹਾ ਹੈ, ਸਿਧਾਂਤ ਅਤੇ ਅਮਲ ਦੁਹਾਂ ਵਿੱਚ। ਸਾਮਰਾਜੀ ਜੰਗ ਨੇ ਅਜਾਰੇਦਾਰ ਸਰਮਾਏਦਾਰੀ ਦੇ ਰਾਜਕੀ-ਅਜਾਰੇਦਾਰ ਸਰਮਾਏਦਾਰੀ ਵਿੱਚ ਤਬਦੀਲ ਹੋਣ ਦੇ ਅਮਲ ਨੂੰ ਅਤਿਅੰਤ ਤਿਖੇਰਾ ਅਤੇ ਡੂੰਘੇਰਾ ਕਰ ਦਿੱਤਾ ਹੈ। ਸਦਾ ਵਧੇਰੇ ਹੱਦ ਤੱਕ ਸਰਬ-ਸ਼ਕਤੀਮਾਨ ਸਰਮਾਏਦਾਰ ਐਸੋਸੀਏਸ਼ਨਾਂ ਨਾਲ਼ ਇੱਕ-ਮਿਕ ਹੁੰਦੇ ਜਾ ਰਹੇ ਰਾਜ ਵਲੋਂ ਕਿਰਤੀ ਲੋਕਾਂ ਉੱਤੇ ਕੀਤਾ ਜਾਂਦਾ ਘੋਰ ਜਬਰ ਹੋਰ ਵਧੇਰੇ ਘੋਰ ਹੁੰਦਾ ਜਾ ਰਿਹਾ ਹੈ। ਉਨੱਤ ਦੇਸ਼—ਅਸੀਂ ਉਹਨਾਂ ਦੇ "ਮੋਰਚੇ ਦੇ ਪਿਛਵਾੜੇ" ਦੀ ਗੱਲ ਕਰ ਰਹੇ ਹਾਂ—ਮਜ਼ਦੂਰਾਂ ਲਈ ਫ਼ੌਜੀ ਕੈਦੀ ਕੈਂਪ ਬਣਦੇ ਜਾ ਰਹੇ ਹਨ।

ਲਮਕਦੇ ਯੁੱਧ ਦੀਆਂ ਬੇਮਿਸਾਲ ਵਿਕਰਾਲ ਮੁਸੀਬਤਾਂ ਲੋਕਾਂ ਦੀ ਹਾਲਤ ਅਸਹਿ ਬਣਾ ਰਹੀਆਂ ਹਨ ਅਤੇ ਉਹਦਾ ਗ਼ੁੱਸਾ ਵਧਾ ਰਹੀਆਂ ਹਨ। ਕੌਮਾਂਤਰੀ ਪ੍ਰੋਲਤਾਰੀ ਇਨਕਲਾਬ ਸਪਸ਼ਟ ਤੌਰ ਉੱਤੇ ਪੱਕ ਰਿਹਾ ਹੈ। ਰਾਜ ਨਾਲ਼ ਇਹਦੇ ਸਬੰਧ ਦਾ ਮਸਲਾ ਅਮਲੀ ਮਹੱਤਤਾ ਅਖ਼ਤਿਆਰ ਕਰਦਾ ਜਾ ਰਿਹਾ ਹੈ।

ਨਿਸਬਤਨ ਅਮਨ-ਭਰੇ ਵਿਕਾਸ ਦੇ ਦਹਾਕਿਆਂ ਦੌਰਾਨ ਮੌਕਾ-ਪ੍ਰਸਤੀ ਦੇ ਜਿਹੜੇ ਅੰਸ਼ ਇਕੱਠੇ ਹੋ ਗਏ ਉਹਨਾਂ ਸਮਾਜੀ ਸ਼ਾਵਨਵਾਦ ਦੇ ਮੁਹਾਣ ਨੂੰ ਜਨਮ ਦਿੱਤਾ ਹੈ ਜਿਹੜਾ ਸਾਰੀ ਦੁਨੀਆਂ ਵਿੱਚ ਸਰਕਾਰੀ ਸੋਸ਼ਲਿਸਟ ਪਾਰਟੀਆਂ ਉੱਪਰ ਭਾਰੂ ਹੈ। ਇਹ ਮੁਹਾਣ—ਜ਼ਬਾਨੀ-ਕਲਾਮੀ ਸੋਸ਼ਲਿਜ਼ਮ ਅਤੇ ਅਮਲਾਂ ਵਿੱਚ ਅੰਧਰਾਸ਼ਟਰਵਾਦ (ਪਲੈਖਾਨੋਵ, ਪੋਤਰੇਸੋਵ, ਬ੍ਰੇਸ਼ਕੋਵਸਕਾਯਾ, ਰੁਬਾਨੋਵਿਚ ਅਤੇ ਕੁੱਝ ਕੁ ਲੁਕਵੇਂ ਰੂਪ ਵਿੱਚ ਰੂਸ ਵਿੱਚ ਸਰਵ ਸ਼੍ਰੀ ਤਸੇਰੇਤੇਲੀ, ਚੇਰਨੋਵ ਅਤੇ ਉਹਨਾਂ ਦੇ ਸਾਥੀ; ਸ਼ਾਈਦੇਮਾਨ, ਲੇਗੀਨ, ਡੇਵਿਡ ਅਤੇ ਹੋਰ ਜਰਮਨੀ ਵਿੱਚ; ਫਰਾਂਸ ਅਤੇ ਬੈਲਜੀਅਮ ਵਿੱਚ ਰੇਨਾਡੇਲ, ਗੇਦ, ਵਾਂਡਰਵੇਲਡੇ; ਇੰਗਲੈਂਡ ਵਿੱਚ ਹਇੰਡਮੈਨ ਅਤੇ ਫੇਬੀਅਨ[2], ਇਤਿ-ਆਦਿ)—ਦਾ ਮੁੱਖ ਲੱਛਣ "ਸੋਸ਼ਲਿਜ਼ਮ ਦੇ ਆਗੂਆਂ" ਵੱਲੋਂ ਨਾ ਕੇਵਲ "ਆਪਣੀ" ਕੌਮੀ ਬਰੁਜੂਆਜ਼ੀ ਦੇ ਸਗੋਂ ਐਨ "ਆਪਣੇ" ਰਾਜ ਦੇ ਹਿੱਤਾਂ ਦੇ ਨੀਚ ਅਤੇ ਚਾਕਰੀ ਢੰਗ ਨਾਲ਼ ਅਨੁਸਾਰੀ ਬਣਨਾ ਹੈ—ਕਿਉਂਕਿ ਅਖੌਤੀ ਵੱਡੀਆਂ ਸ਼ਕਤੀਆਂ ਦੀ ਬਹੁ-ਗਿਣਤੀ ਲੰਮੇ ਸਮੇਂ ਤੋਂ ਛੋਟੀਆਂ ਅਤੇ ਕਮਜ਼ੋਰ ਕੌਮੀਅਤਾਂ ਦੀ ਵੱਡੀ ਗਿਣਤੀ ਦੀ ਲੁੱਟ-ਚੋਂਘ ਕਰਦੀ ਰਹੀ ਅਤੇ ਉਹਨਾਂ ਨੂੰ ਗ਼ੁਲਾਮ ਬਣਾਉਂਦੀ ਰਹੀ ਹੈ। ਅਤੇ ਸਾਮਰਾਜੀ ਯੁੱਧ ਇਸੇ ਕਿਸਮ ਦੀ ਲੁੱਟ ਦੀ ਵੰਡ ਅਤੇ ਮੁੜ-ਵੰਡ ਲਈ ਹੀ ਯੁੱਧ ਹੈ। ਆਮ ਤੌਰ 'ਤੇ

ਬੁਰਜੂਆਜ਼ੀ ਅਤੇ ਖ਼ਾਸ ਤੌਰ ’ਤੇ ਸਾਮਰਾਜੀ ਬੁਰਜੂਆਜ਼ੀ ਦੇ ਅਸਰ ਤੋਂ ਕਿਰਤੀ ਲੋਕਾਂ ਦੀ ਮੁਕਤੀ ਲਈ ਘੋਲ "ਰਾਜ" ਸੰਬੰਧੀ ਮੌਕਾ-ਪ੍ਰਸਤ ਤੁਅਸਬਾਂ ਵਿਰੁੱਧ ਘੋਲ ਤੋਂ ਬਿਨਾਂ ਅਸੰਭਵ ਹੈ।

ਸਭ ਤੋਂ ਪਹਿਲਾਂ ਅਸੀਂ ਰਾਜ ਸਬੰਧੀ ਮਾਰਕਸ ਅਤੇ ਏਂਗਲਜ਼ ਦੀ ਸਿੱਖਿਆ ਨੂੰ ਲੈਂਦੇ ਹਾਂ ਅਤੇ ਖ਼ਾਸ ਤੌਰ ’ਤੇ ਉਹਨਾਂ ਦੀ ਸਿੱਖਿਆ ਦੇ ਉਹਨਾਂ ਪੱਖਾਂ ਨੂੰ ਵਿਸਥਾਰ ਨਾਲ਼ ਲੈਂਦੇ ਹਾਂ ਜਿਹੜੇ ਭੁਲਾ ਦਿੱਤੇ ਗਏ ਹਨ ਜਾਂ ਜਿਹੜੇ ਮੌਕਾ-ਪ੍ਰਸਤ ਵਿਗਾੜਾਂ ਦਾ ਸ਼ਿਕਾਰ ਬਣਾਏ ਗਏ ਹਨ। ਫੇਰ ਅਸੀਂ ਉਸ ਬੰਦੇ, ਕਾਰਲ ਕਾਊਟਸਕੀ ਨੂੰ ਖ਼ਾਸ ਤੌਰ ’ਤੇ ਲੈਂਦੇ ਹਾਂ, ਜਿਹੜਾ ਵਿਗਾੜਾਂ ਲਈ ਮੁੱਖ ਤੌਰ ’ਤੇ ਜ਼ਿੰਮੇਵਾਰ ਹੈ, ਜੋ ਦੂਜੀ ਇੰਟਰਨੈਸ਼ਨਲ (1889-1914) ਦੇ, ਜੋ ਅਜੋਕੇ ਯੁੱਧ ਵਿੱਚ ਏਨੇ ਘੋਰ ਦੀਵਾਲੀਆਪੁਣੇ ਦਾ ਸ਼ਿਕਾਰ ਹੋਈ ਹੈ, ਸਭ ਤੋਂ ਚੰਗੇ ਜਾਣੇ ਜਾਂਦੇ ਆਗੂਆਂ ਵਿੱਚੋਂ ਇੱਕ ਹੈ। ਅੰਤ ਵਿੱਚ ਅਸੀਂ 1905 ਅਤੇ ਮੁੱਖ ਤੌਰ ’ਤੇ 1917 ਦੇ ਰੂਸੀ ਇਨਕਲਾਬਾਂ ਦੇ ਤਜਰਬਿਆਂ ਦੇ ਮੁੱਖ ਸਿੱਟਿਆਂ ਦਾ ਸਾਰ ਪੇਸ਼ ਕਰਾਂਗੇ। ਜਾਪਦਾ ਹੈ ਕਿ ਪਿਛੋਕੜਲਾ ਇਨਕਲਾਬ ਹੁਣ (ਅਗਸਤ 1917 ਦੇ ਮੁੱਢ ਵਿੱਚ) ਆਪਣੇ ਵਿਕਾਸ ਦਾ ਪਹਿਲਾ ਪੜਾਅ ਪੂਰਾ ਕਰ ਰਿਹਾ ਹੈ; ਪਰ ਸਮੁੱਚੇ ਤੌਰ ’ਤੇ ਇਸ ਇਨਕਾਲਬ ਨੂੰ ਉਹਨਾਂ ਸੋਸ਼ਲਿਸਟ ਇਨਕਲਾਬਾਂ ਦੀ ਜ਼ੰਜੀਰ ਵਿੱਚ ਇੱਕ ਕੜੀ ਹੀ ਸਮਝਿਆ ਜਾ ਸਕਦਾ ਹੈ, ਜਿਨ੍ਹਾਂ ਨੂੰ ਸਾਮਰਾਜੀ ਯੁੱਧ ਜਨਮ ਦੇ ਰਿਹਾ ਹੈ। ਇਸੇ ਲਈ, ਰਾਜ ਨਾਲ਼ ਸੋਸ਼ਲਿਸਟ ਪ੍ਰੋਲਤਾਰੀ ਇਨਕਲਾਬ ਦੇ ਸੰਬੰਧਾਂ ਦਾ ਸਵਾਲ ਨਾ ਕੇਵਲ ਅਮਲੀ ਰਾਜਸੀ ਮਹੱਤਤਾ ਪ੍ਰਾਪਤ ਕਰ ਲੈਂਦਾ ਹੈ, ਸਗੋਂ ਅਜੋਕੇ ਅਤਿ-ਅੰਤ ਫ਼ੌਰੀ ਮਸਲੇ, ਲੋਕਾਂ ਨੂੰ ਇਹ ਸਮਝਾਉਣ ਦੇ ਮਸਲੇ ਦੀ ਕਿ ਅਤਿ ਨੇੜੇ ਦੇ ਭਵਿੱਖ ਵਿੱਚ ਉਹਨਾ ਆਪਣੇ ਆਪ ਨੂੰ ਸਰਮਾਏਦਾਰੀ ਦੇ ਜੂਲੇ ਤੋਂ ਮੁਕਤ ਕਰਾਉਣ ਲਈ ਕੀ ਕਰਨਾ ਹੈ, ਮਹੱਤਤਾ ਵੀ ਅਖ਼ਤਿਆਰ ਕਰ ਲੈਂਦਾ ਹੈ।

ਅਗਸਤ 1917 **ਲੇਖਕ**

## ਦੂਜੀ ਛਾਪ ਦਾ ਮੁੱਖ-ਬੰਧ

ਇਹ, ਦੂਜੀ ਛਾਪ ਲਗਭਗ ਬਿਨਾਂ ਤਬਦੀਲੀ ਦੇ ਛਾਪੀ ਜਾ ਰਹੀ ਹੈ, ਕੇਵਲ ਦੂਜੇ ਕਾਂਡ ਵਿੱਚ ਤੀਜੇ ਹਿੱਸੇ ਦਾ ਵਾਧਾ ਕਰ ਦਿੱਤਾ ਗਿਆ ਹੈ।

ਮਾਸਕੋ, **ਲੇਖਕ**

17 ਦਸੰਬਰ 1918

## ਪਹਿਲਾ ਕਾਂਡ।

# ਜਮਾਤੀ ਸਮਾਜ ਅਤੇ ਰਾਜ

## 1. ਰਾਜ ਜਮਾਤੀ ਵਿਰੋਧਾਂ ਦੀ ਬੇਜੋੜਤਾ ਦੀ ਉਪਜ ਵਜੋਂ

ਅੱਜ ਮਾਰਕਸ ਦੀ ਸਿੱਖਿਆ ਨਾਲ਼ ਜੋ ਕੁੱਝ ਹੋ ਰਿਹਾ ਹੈ ਉਹ ਇਤਿਹਾਸ ਦੇ ਦੌਰਾਨ ਇਨਕਲਾਬੀ ਵਿਚਾਰਕਾਂ ਅਤੇ ਆਪਣੀ ਮੁਕਤੀ ਲਈ ਘੁਲ਼ ਰਹੀਆਂ ਦੱਬੀਆਂ ਕੁਚਲੀਆਂ ਜਮਾਤਾਂ ਦੇ ਆਗੂਆਂ ਦੀ ਸਿੱਖਿਆ ਨਾਲ਼ ਘੜੀ ਮੁੜੀ ਵਾਪਰਿਆ ਹੈ। ਮਹਾਨ ਇਨਕਲਾਬੀਆਂ ਦੇ ਜੀਵਨ ਦੇ ਦੌਰਾਨ ਜਾਬਰ ਜਮਾਤਾਂ ਨੇ ਉਹਨਾਂ ਨੂੰ ਲਗਾਤਾਰ ਦੁਖੀ ਕੀਤਾ, ਉਹਨਾਂ ਦੀਆਂ ਸਿੱਖਿਆਵਾਂ ਦਾ ਅਤਿ-ਅੰਤ ਖੋਰੀ ਦੋਖ ਨਾਲ਼, ਅਤਿ-ਅੰਤ ਝਲਿਆਈ ਘਿਰਣਾ ਨਾਲ਼ ਅਤੇ ਝੂਠਾਂ ਅਤੇ ਊਜਾਂ ਦੀਆਂ ਅਤਿ-ਅੰਤ ਬੇਈਮਾਨ ਮੁਹਿੰਮਾਂ ਨਾਲ਼ ਸਵਾਗਤ ਕੀਤਾ। ਉਹਨਾਂ ਦੀ ਮੌਤ ਪਿੱਛੋਂ ਉਹਨਾਂ ਨੂੰ ਹਾਨੀ ਰਹਿਤ ਮੂਰਤੀਆਂ ਵਿੱਚ ਤਬਦੀਲ ਕਰਨ ਦੇ, ਕਿਹਾ ਜਾ ਸਕਦਾ ਹੈ ਕਿ ਉਹਨਾਂ ਨੂੰ ਦੇਵਤੇ ਬਣਾਉਣ ਦੇ ਅਤੇ ਲੁਟੀਂਦੀਆਂ ਜਮਾਤਾਂ ਦੀ "ਤਸੱਲੀ" ਲਈ ਅਤੇ ਇਹਨਾਂ ਜਮਾਤਾਂ ਨੂੰ ਉਲੂ ਬਣਾਉਣ ਲਈ, ਉਹਨਾਂ ਦੇ **ਨਾਵਾਂ** ਨੂੰ ਇੱਕ ਕਿਸਮ ਦੇ ਹਾਲੇ ਨਾਲ਼ ਘੇਰਨ ਦੇ ਅਤੇ ਉਹਦੇ ਨਾਲ਼ ਹੀ ਨਾਲ਼ ਉਹਨਾਂ ਦੀ ਇਨਕਲਾਬੀ ਸਿੱਖਿਆ ਦੇ **ਤੱਤ** ਨੂੰ ਖੱਸੀ ਕਰਨ ਦੇ, ਉਹਦੀ ਇਨਕਲਾਬੀ ਧਾਰ ਖੁੰਢੀ ਕਰਨ ਦੇ ਅਤੇ ਉਸ ਨੂੰ ਭੱਦਾ ਬਣਾਉਣ ਦੇ ਯਤਨ ਕੀਤੇ ਗਏ। ਇਸ ਸਮੇਂ ਬੁਰਜੂਆਜ਼ੀ ਅਤੇ ਮਜ਼ਦੂਰ ਜਮਾਤੀ ਲਹਿਰ ਵਿੱਚ ਮੌਕਾ-ਪ੍ਰਸਤ ਮਰਾਕਸਵਾਦ ਵਿੱਚ ਇਸ "ਠੀਕ ਕਰਨ" ਸਬੰਧੀ ਇੱਕ ਰਾਏ ਦੇ ਹਨ। ਉਹ ਇਸ ਸਿੱਖਿਆ ਦਾ ਇਨਕਲਾਬੀ ਪੱਖ, ਇਹਦੀ ਇਨਕਲਾਬੀ ਰੂਹ ਛੱਡ ਦੇਂਦੇ, ਮੇਟ ਦੇਂਦੇ ਅਤੇ ਵਿਗਾੜਦੇ ਹਨ। ਉਹ ਉਸ ਹਿੱਸੇ ਨੂੰ ਅੱਗੇ ਲਿਆਉਂਦੇ ਅਤੇ ਵਡਿਆਉਂਦੇ ਹਨ, ਜਿਹੜਾ ਬੁਰਜੂਆਜ਼ੀ ਨੂੰ ਪ੍ਰਵਾਨ ਹੈ ਜਾਂ ਪ੍ਰਵਾਨ ਕਰਨ ਯੋਗ ਜਾਪਦਾ ਹੈ। ਹੁਣ ਸਾਰੇ ਸਮਾਜੀ-ਸ਼ਾਵਨਵਾਦੀ "ਮਾਰਕਸਵਾਦੀ" ਹਨ (ਹੱਸਣਾ ਨਹੀਂ!)। ਅਤੇ ਜਰਮਨ ਬੁਰਜੂਆ ਆਲਮ, ਜਿਹੜੇ ਅਜੇ ਕੱਲ ਤੱਕ ਮਾਰਕਸਵਾਦ ਨੂੰ ਖ਼ਤਮ ਕਰਨ ਵਿੱਚ ਮਾਹਰ ਸਨ, ਸਦਾ ਵਧੇਰੇ "ਕੌਮੀ-ਜਰਮਨ" ਮਾਰਕਸ ਦੀ ਗੱਲ ਕਰਦੇ ਹਨ, ਜਿਸਨੇ, ਉਹਨਾਂ ਦੇ ਕਥਨ ਅਨੁਸਾਰ, ਕਿਰਤੀਆਂ ਦੀਆਂ ਯੂਨੀਅਨਾਂ ਨੂੰ ਸਿੱਖਿਆ ਦਿੱਤੀ ਜਿਹੜੀਆਂ ਇੱਕ ਲੋਟੂ ਯੁੱਧ ਚਲਾਉਣ ਲਈ ਏਨੀ ਚੰਗੀ ਤਰ੍ਹਾਂ ਜਥੇਬੰਦ ਹਨ!

ਇਹਨਾਂ ਹਾਲਤਾਂ ਵਿੱਚ, ਮਾਰਕਸਵਾਦ ਦੇ ਬੇਮਿਸਾਲ ਵਿਗਾੜ ਨੂੰ ਮੁੱਖ ਰੱਖਦੇ ਹੋਏ ਸਾਡਾ ਮੁੱਖ ਕਰਤੱਵ ਉਸ ਕੁੱਝ ਨੂੰ **ਮੁੜ-ਸਥਾਪਤ** ਕਰਨਾ ਹੈ ਜੋ ਮਾਰਕਸ ਨੇ ਰਾਜ ਦੇ ਵਿਸ਼ੇ ਸਬੰਧੀ ਸੱਚਮੁਚ ਸਿਖਾਇਆ। ਇਸ ਮੰਤਵ ਲਈ ਖ਼ੁਦ ਮਾਰਕਸ ਅਤੇ ਏਂਗਲਜ਼ ਦੀਆਂ ਰਚਨਾਵਾਂ ਵਿੱਚੋਂ ਲੰਮੀਆਂ ਟੂਕਾਂ ਦੇਣੀਆਂ ਪੈਣਗੀਆਂ। ਨਿਰਸੰਦੇਹ ਲੰਮੀਆਂ ਟੂਕਾਂ ਲਿਖਤ

ਨੂੰ ਬੋਝਲ ਬਣਾ ਦੇਣਗੀਆਂ ਅਤੇ ਇਹਨੂੰ ਸੌਖੀ ਤਰ੍ਹਾਂ ਪੜ੍ਹੇ ਜਾਣ ਵਾਲ਼ਾ ਬਣਾਉਣ ਵਿੱਚ ਸਹਾਇਤਾ ਨਹੀਂ ਕਰਨਗੀਆਂ ਪਰ ਅਸੀਂ ਸੰਭਵ ਤੌਰ 'ਤੇ ਇਸ ਤੋਂ ਬਚ ਨਹੀਂ ਸਕਦੇ। ਇਹ ਲਾਜ਼ਮੀ ਹੈ ਕਿ ਮਾਰਕਸ ਅਤੇ ਏਂਗਲਜ਼ ਦੀਆਂ ਕਿਰਤਾਂ ਵਿੱਚੋਂ ਰਾਜ ਦੇ ਵਿਸ਼ੇ ਸਬੰਧੀ ਸਭੇ ਜਾਂ ਘੱਟੋ ਘੱਟ ਸਭੇ ਅਤਿ-ਅੰਤ ਲਾਜ਼ਮੀ ਹਿੱਸੇ ਜ਼ਰੂਰ ਹੀ ਪੇਸ਼ ਕੀਤੇ ਜਾਣ ਤਾਂ ਜੁ ਪਾਠਕ ਵਿਗਿਆਨਕ ਸੋਸ਼ਲਿਜ਼ਮ ਦੇ ਮੋਢੀਆਂ ਦੇ ਵਿਚਾਰਾਂ ਦੀ ਸਮੂਹਕਤਾ ਅਤੇ ਇਹਨਾਂ ਵਿਚਾਰਾਂ ਦੇ ਵਿਕਾਸ ਸਬੰਧੀ ਇੱਕ ਸੁਤੰਤਰ ਰਾਏ ਬਣਾ ਸਕੇ ਅਤੇ ਤਾਂ ਜੁ ਅੱਜ ਕੱਲ ਪ੍ਰਚਲਤ "ਕਾਊਟਸਕੀਵਾਦ" ਵੱਲੋਂ ਉਹਨਾਂ ਦਾ ਵਿਗਾੜ ਦਸਤਾਵੇਜ਼ੀ ਤੌਰ 'ਤੇ ਸਾਬਤ ਕੀਤਾ ਅਤੇ ਸਪਸ਼ਟ ਤੌਰ ਉੱਤੇ ਵਿਖਾਇਆ ਜਾ ਸਕੇ।

ਆਓ ਅਸੀਂ ਏਂਗਲਜ਼ ਦੀਆਂ ਕਿਰਤਾਂ ਵਿੱਚੋਂ ਸਭ ਤੋਂ ਵੱਧ ਹਰਮਨ ਪਿਆਰੀ 'ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ'[3] ਤੋਂ, ਜਿਸਦੀ ਛੇਵੀਂ ਛਾਪ ਸਟੁਟਗਾਰਟ ਵਿਖੇ 1894 ਵਿੱਚ ਹੀ ਛਪ ਗਈ ਸੀ, ਮੁੱਢ ਬੰਨ੍ਹੀਏ। ਸਾਨੂੰ ਟੂਕਾਂ ਦਾ ਜਰਮਨ ਤੋਂ ਅਨੁਵਾਦ ਕਰਨਾ ਪਵੇਗਾ ਕਿਉਂਕਿ ਭਾਵੇਂ ਰੂਸੀ ਅਨੁਵਾਦ ਅਨੇਕ ਹਨ, ਪਰ ਉਹ ਵਧੇਰੇ ਕਰਕੇ ਗ਼ੈਰ-ਮੁਕੰਮਲ ਜਾਂ ਗ਼ੈਰ-ਤਸੱਲੀਬਖ਼ਸ਼ ਹਨ।

ਆਪਣੇ ਇਤਿਹਾਸਕ ਵਿਸ਼ਲੇਸ਼ਣ ਦਾ ਸਾਰ ਪੇਸ਼ ਕਰਦੇ ਹੋਏ, ਏਂਗਲਜ਼ ਕਹਿੰਦੇ ਹਨ:

> "ਇਸ ਲਈ ਰਾਜ ਸਮਾਜ ਉੱਤੇ ਬਾਹਰ ਵੱਲੋਂ ਠੋਸੀ ਸ਼ਕਤੀ ਨਹੀਂ; ਐਨ ਉਸੇ ਤਰ੍ਹਾਂ ਜਿਵੇਂ ਇਹ ਹੀਗਲ ਦੇ ਕਥਨ ਦੇ ਉਲਟ 'ਸਦਾਚਾਰਕ ਵਿਚਾਰ ਦਾ ਅਸਲ', 'ਤਰਕ ਦਾ ਬਿੰਬ ਅਤੇ ਯਥਾਰਥ' ਉੱਕਾ ਹੀ ਨਹੀਂ। ਸਗੋਂ ਇਹ ਵਿਕਾਸ ਦੇ ਇੱਕ ਖ਼ਾਸ ਪੜਾਅ ਉੱਤੇ ਸਮਾਜ ਦੀ ਉਪਜ ਹੈ; ਇਹ ਇਸ ਗੱਲ ਦਾ ਇਕਬਾਲ ਹੈ ਕਿ ਇਹ ਸਮਾਜ ਆਪਣੇ ਆਪ ਅੰਦਰ ਹੱਲ ਨਾ ਹੋ ਸਕਣ ਵਾਲ਼ੇ ਵਿਰੋਧ ਵਿੱਚ ਫਸ ਗਿਆ ਹੈ, ਕਿ ਇਸ ਵਿੱਚ ਸਮਝੌਤਾ-ਰਹਿਤ ਵਿਰੋਧਾਂ ਦੀ ਦਰਾੜ ਪੈ ਗਈ ਹੈ ਜਿਸਨੂੰ ਦੂਰ ਕਰਨੋਂ ਇਹ ਅਸਮਰੱਥ ਹੈ। ਪਰ ਇਸ ਮੰਤਵ ਲਈ ਕਿ ਇਹ ਵਿਰੋਧ, ਟਕਰਾਵੇਂ ਆਰਥਕ ਹਿੱਤਾਂ ਵਾਲ਼ੀਆਂ ਜਮਾਤਾਂ ਇੱਕ ਬਾਂਝ ਘੋਲ ਵਿੱਚ ਆਪਣੇ ਆਪ ਅਤੇ ਸਮਾਜ ਨੂੰ ਖ਼ਤਮ ਨਾ ਕਰ ਦੇਣ, ਇੱਕ ਅਜਿਹੀ ਸ਼ਕਤੀ ਜਿਹੜੀ ਸਮਾਜ ਤੋਂ ਉੱਪਰ ਖੜ੍ਹੀ ਜਾਪਦੀ ਹੈ, ਇਸ ਘੋਲ ਨੂੰ ਨਰਮ ਕਰਨ ਲਈ, ਇਹਨੂੰ 'ਪ੍ਰਬੰਧ' ਦੀਆਂ ਹੱਦਾਂ ਅੰਦਰ ਰੱਖਣ ਲਈ, ਲਾਜ਼ਮੀ ਹੋ ਗਈ; ਅਤੇ ਇਹ ਸ਼ਕਤੀ, ਜਿਹੜੀ ਸਮਾਜ ਵਿੱਚੋਂ ਪੈਦਾ ਹੋਈ ਸੀ ਪਰ ਜਿਹੜੀ ਆਪਣੇ ਆਪ ਨੂੰ ਇਸ ਤੋਂ ਉੱਪਰ ਰੱਖਦੀ ਹੈ ਅਤੇ ਆਪਣੇ ਆਪ ਨੂੰ ਇਸ ਤੋਂ ਸਦਾ ਵੱਖ ਕਰੀ ਜਾਂਦੀ ਹੈ, ਰਾਜ ਹੈ।" (ਪੰਨੇ 177-78, ਛੇਵੀਂ ਜਰਮਨ ਛਾਪ।)

ਇਹ ਸ਼ਬਦ ਰਾਜ ਦੇ ਇਤਿਹਾਸਕ ਰੋਲ ਅਤੇ ਅਰਥ ਸੰਬੰਧੀ ਮਾਰਕਸਵਾਦ ਦੇ ਬੁਨਿਆਦੀ ਵਿਚਾਰ ਨੂੰ ਪੂਰੀ ਸਪਸ਼ਟਤਾ ਨਾਲ਼ ਪੇਸ਼ ਕਰਦੇ ਹਨ। ਰਾਜ ਜਮਾਤੀ ਵਿਰੋਧਾਂ ਦੀ **ਸਮਝੌਤਾ-ਰਹਿੱਤਤਾ** ਦੀ ਉਪਜ ਅਤੇ ਪ੍ਰਗਟਾਅ ਹੈ। ਰਾਜ ਦੀ ਉਤਪਤੀ ਉਸ ਸਮੇਂ, ਉਥੇ ਅਤੇ

ਉਸ ਹੱਦ ਤੱਕ ਹੁੰਦੀ ਹੈ ਜਿਸ ਤੱਕ ਜਮਾਤੀ ਵਿਰੋਧ ਬਾਹਰਮੁਖੀ ਤੌਰ 'ਤੇ ਸੁਮੇਲੇ **ਨਹੀਂ** ਜਾ ਸਕਦੇ। ਅਤੇ ਇਹਦੇ ਉਲਟ ਰਾਜ ਦੀ ਹੋਂਦ ਇਹ ਸਾਬਤ ਕਰਦੀ ਹੈ ਕਿ ਜਮਾਤੀ ਵਿਰੋਧ ਸਮਝੌਤਾ-ਰਹਿਤ ਹਨ।

ਐਨ ਇਸੇ ਅਤਿ-ਅੰਤ ਮਹੱਤਵ-ਪੂਰਨ ਅਤੇ ਬੁਨਿਆਦੀ ਨੁਕਤੇ ਉੱਤੇ ਹੀ ਮਾਰਕਸਵਾਦ ਦਾ ਵਿਗਾੜ, ਜਿਹੜਾ ਦੋ ਮੁੱਖ ਲੀਹਾਂ ਉੱਤੇ ਚੱਲਦਾ ਹੈ, ਸ਼ੁਰੂ ਹੁੰਦਾ ਹੈ।

ਇੱਕ ਹੱਥ, ਬੁਰਜੂਆ ਅਤੇ ਵਿਸ਼ੇਸ਼ ਤੌਰ 'ਤੇ ਨਿਕ-ਬੁਰਜੂਆ ਵਿਚਾਰਧਾਰਕ, ਜਿਹੜੇ ਰੱਦ ਨਾ ਹੋ ਸਕਣ ਵਾਲ਼ੇ ਇਤਿਹਾਸਕ ਤੱਥਾਂ ਦੇ ਬੋਝ ਹੇਠ ਇਹ ਪ੍ਰਵਾਨ ਕਰਨ 'ਤੇ ਮਜਬੂਰ ਹਨ ਕਿ ਰਾਜ ਦੀ ਹੋਂਦ ਕੇਵਲ ਉੱਥੇ ਹੀ ਹੁੰਦੀ ਹੈ ਜਿਥੇ ਜਮਾਤੀ ਵਿਰੋਧ ਅਤੇ ਜਮਾਤੀ ਘੋਲ ਹੁੰਦਾ ਹੈ, ਮਾਰਕਸ ਨੂੰ ਇਉਂ "ਠੀਕ ਕਰਨ" ਦਾ ਯਤਨ ਕਰਦੇ ਹਨ, ਜਿਸ ਤੋਂ ਇਹ ਜਾਪੇ ਕਿ ਰਾਜ ਜਮਾਤਾਂ ਨੂੰ **ਸੁਮੇਲਣ** ਦਾ ਸਾਧਨ ਹੈ। ਮਾਰਕਸ ਅਨੁਸਾਰ ਜੇ ਜਮਾਤਾਂ ਨੂੰ ਸੁਮੇਲਣਾ ਸੰਭਵ ਹੁੰਦਾ ਤਾਂ ਰਾਜ ਨਾ ਪੈਦਾ ਹੋ ਸਕਦਾ ਅਤੇ ਨਾ ਆਪਣੇ ਆਪ ਨੂੰ ਕਾਇਮ ਰੱਖ ਸਕਦਾ। ਨਿੱਕ-ਬੁਰਜੂਆ ਅਤੇ ਤੰਗ-ਨਜ਼ਰ ਪ੍ਰੋਫ਼ੈਸਰਾਂ ਅਤੇ ਪ੍ਰਚਾਰਕਾਂ ਅਨੁਸਾਰ ਇਹ ਜਾਪਦਾ ਹੈ—ਅਤੇ ਉਹ ਅਕਸਰ ਇਹ ਸਾਬਤ ਕਰਨ ਲਈ ਬੜੀ ਦਿਆਲਤਾ ਨਾਲ਼ ਮਾਰਕਸ ਦਾ ਜ਼ਿਕਰ ਕਰਦੇ ਹਨ— ਕਿ ਰਾਜ ਜਮਾਤਾਂ ਨੂੰ ਸੁਮੇਲਦਾ ਹੈ। ਮਾਰਕਸ ਅਨੁਸਾਰ ਰਾਜ ਜਮਾਤੀ ਹਕੂਮਤ ਦਾ ਇੱਕ **ਸਾਧਨ**, ਇੱਕ ਜਮਾਤ ਵੱਲੋਂ ਦੂਜੀ ਜਮਾਤ ਉੱਤੇ **ਜਬਰ** ਦਾ ਇੱਕ ਸਾਧਨ ਹੈ; ਇਹ "ਪ੍ਰਬੰਧ" ਦੀ ਪੈਦਾਵਾਰ ਹੈ, ਜੋ ਜਮਾਤਾਂ ਵਿਚਕਾਰ ਟਕਰਾਅ ਨੂੰ ਨਰਮ ਕਰਕੇ ਇਸ ਜਬਰ ਨੂੰ ਕਾਨੂੰਨੀ ਰੂਪ ਦੇਂਦਾ ਅਤੇ ਪੱਕਾ ਬਣਾਉਂਦਾ ਹੈ। ਨਿੱਕ-ਬੁਰਜੂਆ ਰਾਜਸੀ ਆਗੂਆਂ ਅਨੁਸਾਰ ਪ੍ਰਬੰਧ ਦੇ ਠੀਕ ਠੀਕ ਅਰਥ ਹਨ ਜਮਾਤਾਂ ਨੂੰ ਸੁਮੇਲਣਾ ਨਾ ਕਿ ਇੱਕ ਜਮਾਤ ਵੱਲੋਂ ਦੂਜੀ ਉੱਤੇ ਜਬਰ; ਟੱਕਰ ਨੂੰ ਨਰਮ ਕਰਨ ਦੇ ਅਰਥ ਹਨ ਜਮਾਤਾਂ ਨੂੰ ਸੁਮੇਲਣਾ ਅਤੇ ਦੱਬੀਆਂ ਕੁਚਲੀਆਂ ਜਮਾਤਾਂ ਨੂੰ ਜਾਬਰਾਂ ਦਾ ਤਖ਼ਤਾ ਉਲਟਣ ਦੇ ਸਪਸ਼ਟ ਸਾਧਨਾਂ ਅਤੇ ਢੰਗਾਂ ਤੋਂ ਵਿਰਵਾ ਨਾ ਕਰਨਾ।

ਮਿਸਾਲ ਵੱਜੋਂ ਜਦੋਂ 1917 ਦੇ ਇਨਕਲਾਬ ਵਿੱਚ ਵਿਸ਼ਾਲ ਪੱਧਰ 'ਤੇ ਅਮਲ ਦੀ ਮੰਗ ਕਰਨ ਵਾਲ਼ੇ ਇੱਕ ਅਮਲੀ ਸਵਾਲ ਦੇ ਤੌਰ ਉੱਤੇ ਰਾਜ ਦੀ ਮਹੱਤਤਾ ਅਤੇ ਰੋਲ ਦਾ ਸਵਾਲ ਆਪਣੇ ਪੂਰੇ ਆਕਾਰ ਵਿੱਚ ਸਾਹਮਣੇ ਆਇਆ ਤਾਂ ਸਾਰੇ ਸੋਸ਼ਲਿਸਟ-ਇਨਕਲਾਬੀ[4] ਅਤੇ ਮੈਨਸ਼ਵਿਕ[5] ਇੱਕ ਦਮ ਅਤੇ ਪੂਰੇ ਤੌਰ 'ਤੇ ਇਸ ਨਿੱਕ-ਬੁਰਜੂਆ ਸਿਧਾਂਤ ਤੱਕ ਡਿੱਗ ਗਏ ਕਿ "ਰਾਜ" ਜਮਾਤਾਂ ਨੂੰ "ਸੁਮੇਲਦਾ" ਹੈ। ਇਹਨਾਂ ਦੁਹਾਂ ਪਾਰਟੀਆਂ ਦੇ ਰਾਜਸੀ ਆਗੂਆਂ ਦੇ ਅਨੇਕ ਮਤੇ ਅਤੇ ਲੇਖ ਨਿਕ-ਬੁਰਜੂਆ ਅਤੇ ਤੰਗ-ਨਜ਼ਰ "ਸੁਮੇਲ" ਸਿਧਾਂਤ ਨਾਲ਼ ਪੂਰੀ ਤਰ੍ਹਾਂ ਗੜੁੱਚੇ ਹੋਏ ਹਨ। ਨਿਕ-ਬੁਰਜੂਆ ਜਮਹੂਰੀਅਤ-ਪਸੰਦ ਇਹ ਗੱਲ ਕਦੇ ਨਹੀਂ ਸਮਝ ਸਕਣਗੇ ਕਿ ਰਾਜ ਇੱਕ ਸਪਸ਼ਟ ਜਮਾਤ ਵੱਲੋਂ, ਜਿਹੜੀ ਆਪਣੇ ਉੱਕਾ ਹੀ ਉਲਟ (ਇਹਦੀ ਵਿਰੋਧੀ ਜਮਾਤ) ਨਾਲ਼ ਸੁਮੇਲੀ **ਨਹੀਂ** ਜਾ ਸਕਦੀ, ਹਕੂਮਤ ਦਾ ਸਾਧਨ ਹੈ। ਰਾਜ ਵੱਲ ਇਹ ਵਤੀਰਾ ਇਸ ਤੱਥ ਦੇ ਅਤਿ-ਅੰਤ ਪ੍ਰਤੱਖ ਪ੍ਰਗਟਾਵਾਂ ਵਿੱਚੋਂ ਇੱਕ ਹੈ ਕਿ ਸਾਡੇ ਸੋਸ਼ਲਿਸਟ-ਇਨਕਲਾਬੀ ਅਤੇ ਮੈਨਸ਼ਵਿਕ ਉੱਕਾ ਹੀ ਸੋਸ਼ਲਿਸਟ ਨਹੀਂ (ਇਹ ਇੱਕ

ਅਜਿਹਾ ਨੁਕਤਾ ਹੈ ਜਿਸ ਉੱਤੇ ਅਸਾਂ, ਬਾਲਸ਼ਵਿਕਾਂ ਨੇ ਸਦਾ ਜ਼ੋਰ ਦਿੱਤਾ ਹੈ) ਸਗੋਂ ਨਿੱਕ-ਬੁਰਜੂਆ ਜਮਹੂਰੀਅਤ-ਪਸੰਦ ਹਨ, ਜਿਨ੍ਹਾਂ ਦੀ ਸ਼ਬਦਾਵਲੀ ਸੋਸ਼ਲਿਸਟਾਂ ਜਿਹੀ ਹੈ।

ਦੂਜੇ ਹੱਥ, ਮਾਰਕਸਵਾਦ ਦਾ "ਕਾਊਟਸਕੀਵਾਦੀ" ਵਿਗਾੜ ਵਧੇਰੇ ਸੂਖਮ ਹੈ। "ਸਿਧਾਂਤਕਰ ਤੌਰ 'ਤੇ" ਇਸ ਗੱਲੋਂ ਇਨਕਾਰ ਨਹੀਂ ਕੀਤਾ ਜਾਂਦਾ ਕਿ ਰਾਜ ਜਮਾਤੀ ਹਕੂਮਤ ਦਾ ਸਾਧਨ ਹੈ ਜਾਂ ਇਹ ਕਿ ਜਮਾਤੀ ਵਿਰੋਧ ਸਮਝੌਤਾ-ਰਹਿਤ ਹਨ। ਪਰ ਜਿਹੜੀ ਗੱਲ ਭੁਲਾ ਦਿੱਤੀ ਜਾਂਦੀ ਹੈ ਜਾਂ ਜਿਸ ਉੱਤੇ ਪਰਦਾ ਪਾਇਆ ਜਾਂਦਾ ਹੈ, ਉਹ ਇਹ ਹੈ: ਕਿ ਜੇ ਰਾਜ ਇਹਨਾਂ ਜਮਾਤੀ ਵਿਰੋਧਾਂ ਦੀ ਸਮਝੌਤਾ-ਰਹਿੱਤਤਾ ਦੀ ਉਪਜ ਹੈ, ਜੇ ਇਹ ਸਮਾਜ **ਦੇ ਉੱਪਰ** ਰਹਿਣ ਵਾਲ਼ੀ ਸ਼ਕਤੀ ਹੈ ਅਤੇ "ਆਪਣੇ ਆਪ ਨੂੰ ਇਸ ਤੋਂ **ਸਦਾ ਵਧੇਰੇ ਵੱਖ ਕਰੀ ਜਾਂਦੀ ਹੈ**" ਤਾਂ ਇਹ ਸਪਸ਼ਟ ਹੈ ਕਿ ਲੁਟੀਂਦੀਆਂ ਜਮਾਤਾਂ ਦੀ ਮੁਕਤੀ ਹਿੰਸਕ ਇਨਕਲਾਬ ਤੋਂ ਬਿਨਾਂ ਹੀ ਨਹੀਂ **ਸਗੋਂ** ਰਾਜਕੀ ਸ਼ਕਤੀ ਦੇ ਉਸ ਢਾਂਚੇ ਨੂੰ **ਤਬਾਹ ਕੀਤੇ ਬਿਨਾਂ ਵੀ**, ਜਿਹੜਾ ਹਾਕਮ ਜਮਾਤ ਨੇ ਘੜਿਆ ਅਤੇ ਜਿਹੜਾ ਇਸ "ਵਖਰੇਵੇਂ" ਦਾ ਸਜੀਵ ਰੂਪ ਹੈ, ਸੰਭਵ ਨਹੀਂ। ਜਿਹਾ ਕਿ ਅਸੀਂ ਅੱਗੇ ਚੱਲਕੇ ਵੇਖਾਂਗੇ ਮਾਰਕਸ ਨੇ ਇਹ ਸਿਧਾਂਤਕ ਤੌਰ 'ਤੇ ਸਵੈ-ਪ੍ਰਤੱਖ ਸਿੱਟਾ ਇਨਕਲਾਬ ਦੇ ਕਰਤੱਵਾਂ ਦੇ ਠੋਸ ਇਤਿਹਾਸਕ ਵਿਸ਼ਲੇਸ਼ਣ ਦੇ ਸਿੱਟੇ ਵਜੋਂ ਬਹੁਤ ਸਪੱਸ਼ਟ ਤੌਰ 'ਤੇ ਕੱਢਿਆ। ਅਤੇ —ਜਿਹਾ ਕਿ ਅਸੀਂ ਅੱਗੇ ਚਲਕੇ ਵਿਸਥਾਰ ਸਹਿਤ ਵਿਖਾਵਾਂਗੇ— ਐਨ ਇਹੋ ਸਿੱਟਾ ਹੈ, ਜਿਹੜਾ ਕਾਊਟਸਕੀ... "ਭੁੱਲ ਗਿਆ" ਹੈ ਅਤੇ ਜਿਸਨੂੰ ਉਹਨੇ ਵਿਗਾੜਿਆ ਹੈ।

## 2. ਹਥਿਆਰਬੰਦ ਲੋਕਾਂ ਦੇ ਖਾਸ ਦਸਤੇ, ਜੇਲ੍ਹਾਂ ਆਦਿ

ਏਂਗਲਜ਼ ਅੱਗੇ ਜਾ ਕੇ ਕਹਿੰਦੇ ਹਨ:

"ਪੁਰਾਣੀ ਪਰਿਵਾਰਕ ਬਣਤਰ (ਕਬਾਇਲੀ ਜਾਂ ਕੁੱਟੰਬਕ) ਜਥੇਬੰਦੀ[6] ਦੇ ਉਲਟ ਰਾਜ, ਪਹਿਲਾਂ, ਆਪਣੀ ਪਰਜਾ ਨੂੰ ਇਲਾਕੇ ਅਨੁਸਾਰ ਵੰਡਦਾ ਹੈ..."

ਅਜਿਹੀ ਵੰਡ ਸਾਨੂੰ "ਸੁਭਾਵਕ" ਜਾਪਦੀ ਹੈ ਪਰ ਇਹ ਕਬਾਇਲੀ ਜਾਂ ਪਰਿਵਾਰਕ ਕਿਸਮ ਦੇ ਪੁਰਾਣੇ ਰੂਪ ਵਿਰੁੱਧ ਲੰਮੇ ਘੋਲ ਪਿੱਛੋਂ ਹੋਂਦ ਵਿੱਚ ਆਈ।

"...ਦੂਜਾ ਨਖੇੜਵਾਂ ਲੱਛਣ ਇੱਕ ਅਜਿਹੀ ਸਰਵਜਨਕ ਸ਼ਕਤੀ ਦੀ ਸਥਾਪਨਾ ਹੈ ਜਿਹੜੀ ਹੁਣ ਵਸੋਂ ਵੱਲੋਂ ਆਪਣੇ ਆਪ ਨੂੰ ਹਥਿਆਰਬੰਦ ਸ਼ਕਤੀ ਵਜੋਂ ਜਥੇਬੰਦ ਕਰਨ ਨਾਲ਼ ਸਿੱਧੀ ਤਰ੍ਹਾਂ ਇੱਕ-ਮਿਕ ਨਹੀਂ। ਇਹ ਵਿਸ਼ੇਸ਼ ਸਰਵਜਨਕ ਸ਼ਕਤੀ ਲਾਜ਼ਮੀ ਹੈ ਕਿਉਂਕਿ ਜਮਾਤਾਂ ਵਿੱਚ ਪਾੜ ਤੋਂ ਪਿੱਛੋਂ ਵਸੋਂ ਦੀ ਆਪਣੇ ਆਪ ਅਮਲ ਕਰਨ ਵਾਲ਼ੀ ਹਥਿਆਰਬੰਦ ਜਥੇਬੰਦੀ ਅਸੰਭਵ ਹੋ ਗਈ ਸੀ... ਇਸ ਸਰਵਜਨਕ ਸ਼ਕਤੀ ਦੀ ਹਰ ਰਾਜ ਵਿੱਚ ਹੋਂਦ ਹੈ; ਇਹ ਕੇਵਲ ਹਥਿਆਰਬੰਦ ਲੋਕ ਹੀ ਨਹੀਂ ਸਗੋਂ ਪਦਾਰਥਕ ਜੋੜ, ਜੇਲ੍ਹਾਂ ਅਤੇ ਜਬਰ ਦੇ ਹਰ ਤਰ੍ਹਾਂ ਦੇ ਸਾਧਨ ਵੀ ਹੈ ਜਿਨ੍ਹਾਂ ਦੀ ਪਰਿਵਾਰ (ਕੁਟੰਬਕ) ਰਾਜ ਵਿੱਚ ਉੱਕਾ ਅਣਹੋਂਦ ਸੀ।..."

ਏਂਗਲਜ਼ ਉਸ "ਸ਼ਕਤੀ" ਤੇ, ਜਿਸਨੂੰ ਰਾਜ ਕਿਹਾ ਜਾਂਦਾ ਹੈ, ਵਿਚਾਰ ਨੂੰ ਹੋਰ

ਵਿਸਥਾਰ ਨਾਲ਼ ਪੇਸ਼ ਕਰਦੇ ਹਨ—ਇੱਕ ਅਜਿਹੀ ਸ਼ਕਤੀ ਜਿਹੜੀ ਸਮਾਜ ਵਿੱਚੋਂ ਪੈਦਾ ਹੁੰਦੀ ਹੈ ਪਰ ਆਪਣੇ ਆਪ ਨੂੰ ਇਸ ਤੋਂ ਉੱਪਰ ਰੱਖਦੀ ਹੈ ਅਤੇ ਆਪਣੇ ਆਪ ਨੂੰ ਇਸ ਤੋਂ ਸਦਾ ਵਧੇਰੇ ਵੱਖ ਕਰ ਲੈਂਦੀ ਹੈ। ਇਹ ਤਾਕਤ ਮੁੱਖ ਰੂਪ ਵਿੱਚ ਕਿਨ੍ਹਾਂ ਚੀਜ਼ਾਂ ਦੀ ਬਣੀ ਹੈ ? ਇਹ ਹਥਿਆਰਬੰਦ ਲੋਕਾਂ ਦੇ ਖ਼ਾਸ ਦਸਤੇ ਹਨ, ਜਿਨ੍ਹਾਂ ਕੋਲ਼ ਜੇਲ੍ਹਾਂ, ਆਦਿ ਹੁੰਦੀਆਂ ਹਨ।

ਅਸੀਂ ਹਥਿਆਰਬੰਦ ਲੋਕਾਂ ਦੇ ਵਿਸ਼ੇਸ਼ ਦਸਤਿਆਂ ਦਾ ਜ਼ਿਕਰ ਕਰਨ ਵਿੱਚ ਹੱਕੀ ਹਾਂ ਕਿਉਂਕਿ ਸਰਵਜਨਕ ਸ਼ਕਤੀ, ਜਿਹੜੀ ਹਰ ਰਾਜ ਦਾ ਲੱਛਣ ਹੈ, ਹਥਿਆਰਬੰਦ ਵੱਸੋਂ ਨਾਲ਼, "ਇਹਦੀ ਆਪਣੇ ਆਪ ਅਮਲ ਕਰਨ ਵਾਲ਼ੀ ਜਥੇਬੰਦੀ" ਨਾਲ਼ "ਸਿੱਧੀ ਤਰ੍ਹਾਂ ਇੱਕ-ਮਿਕ ਨਹੀਂ।"

ਸਭਨਾਂ ਮਹਾਨ ਇਨਕਲਾਬੀ ਵਿਚਾਰਕਾਂ ਵਾਂਗ ਏਂਗਲਜ਼ ਜਮਾਤੀ ਤੌਰ 'ਤੇ ਚੇਤੰਨ ਮਜ਼ਦੂਰ ਦਾ ਧਿਆਨ ਐਨ ਉਸ ਤੱਥ ਵੱਲ ਦਿਵਾਉਣ ਦਾ ਯਤਨ ਕਰਦੇ ਹਨ ਜਿਸਨੂੰ ਪ੍ਰਚਲਤ ਤੰਗ-ਨਜ਼ਰੀ ਸਭ ਤੋਂ ਘੱਟ ਧਿਆਨ ਯੋਗ, ਨਾ ਕੇਵਲ ਡੂੰਘੀ ਤਰ੍ਹਾਂ ਜੰਮੇ ਸਗੋਂ ਇਹ ਵੀ ਕਿਹਾ ਜਾ ਸਕਦਾ ਹੈ, ਪਥਰਾਏ ਤੁਅਸਬਾਂ ਰਾਹੀਂ ਅਤਿ-ਅੰਤ ਆਮ ਅਤੇ ਪਵਿੱਤਰਾਏ ਸਮਝਦੀ ਹੈ। ਇੱਕ ਸਥਾਈ ਫ਼ੌਜ ਅਤੇ ਪੁਲਸ ਰਾਜਕੀ ਸ਼ਕਤੀ ਦੇ ਮੁੱਖ ਸਾਧਨ ਹਨ। ਪਰ ਕੀ ਇਸ ਦੇ ਉਲਟ ਹੋ ਸਕਦਾ ਹੈ ?

ਉਨ੍ਹੀਵੀਂ ਸਦੀ ਦੇ ਅੰਤ ਦੇ ਯੂਰਪ ਦੇ ਵਸਨੀਕਾਂ ਦੀ ਵੱਡੀ ਬਹੁ-ਗਿਣਤੀ ਲਈ, ਜਿਨ੍ਹਾਂ ਨੂੰ ਏਂਗਲਜ਼ ਸੰਬੋਧਨ ਕਰ ਰਹੇ ਸਨ ਅਤੇ ਜਿਹੜੇ ਇੱਕ ਵੀ ਮਹਾਨ ਇਨਕਲਾਬ ਵਿੱਚੋਂ ਨਹੀਂ ਸਨ ਲੰਘੇ ਅਤੇ ਜਿਨ੍ਹਾਂ ਨਾ ਹੀ ਅਜਿਹਾ ਇਨਕਲਾਬ ਵੇਖਿਆ ਸੀ, ਇਸ ਤੋਂ ਉਲਟ ਹੋ ਹੀ ਨਹੀਂ ਸੀ ਸਕਦਾ। ਉਹ ਇਹ ਸਮਝਣੋਂ ਅਸਮਰੱਥ ਰਹੇ ਕਿ "ਆਪਣੇ ਆਪ ਅਮਲ ਕਰਨ ਵਾਲ਼ੀ ਵਸੋਂ ਦੀ ਹਥਿਆਰਬੰਦ ਜਥੇਬੰਦੀ" ਕੀ ਹੁੰਦੀ ਹੈ। ਇਸ ਪ੍ਰਸ਼ਨ ਦੇ ਉੱਤਰ ਵਿੱਚ ਸਮਾਜ ਤੋਂ ਉੱਪਰ ਰੱਖੇ ਅਤੇ ਆਪਣੇ ਆਪ ਨੂੰ ਇਸ ਤੋਂ ਵੱਖ ਕਰਨ ਵਾਲ਼ੇ ਹਥਿਆਰਬੰਦ ਲੋਕਾਂ ਦੇ ਖ਼ਾਸ ਦਸਤਿਆਂ (ਪੁਲਸ ਅਤੇ ਸਥਾਈ ਫ਼ੌਜ) ਦੀ ਲੋੜ ਕਿਉਂ ਪਈ, ਪੱਛਮੀ-ਯੂਰਪੀ ਅਤੇ ਰੂਸੀ ਤੰਗ-ਨਜ਼ਰ ਲੋਕ ਸਪੈਨਸਰ ਜਾਂ ਮਿਖਾਈਲੋਵਸਕੀ ਤੋਂ ਉਧਾਰ ਲਏ ਕੁੱਝ ਵਾਕਾਂ ਦੀ ਟੂਕ ਦੇ ਕੇ ਜਾਂ ਸਮਾਜੀ ਜੀਵਨ ਦੀਆਂ ਵਧ ਰਹੀਆਂ ਗੁੰਝਲਾਂ, ਕਾਰਜਾਂ ਦੇ ਵਖਰੇਵੇਂ, ਅਤੇ ਅਜਿਹੀਆਂ ਹੀ ਹੋਰ ਗੱਲਾਂ ਦਾ ਜ਼ਿਕਰ ਕਰਕੇ ਉੱਤਰ ਦੇਣ ਦਾ ਝੁਕਾਅ ਰੱਖਦੇ ਹਨ।

ਅਜਿਹਾ ਸੰਕੇਤ "ਵਿਗਿਆਨਕ" ਜਾਪਦਾ ਹੈ ਅਤੇ ਅਤਿ-ਅੰਤ ਮਹੱਤਵਪੂਰਨ ਅਤੇ ਬੁਨਿਆਦੀ ਤੱਤ, ਅਰਥਾਤ ਸਮਾਜ ਦੇ ਸਮਝੌਤਾ-ਰਹਿਤ ਵਿਰੋਧੀ ਜਮਾਤਾਂ ਵਿੱਚ ਪਾਟ ਜਾਣ ਨੂੰ ਲੁਕਾ ਕੇ ਸਾਧਾਰਨ ਆਦਮੀ ਦੀ ਸੋਚ ਨੂੰ ਕਾਰਗਰ ਤੌਰ 'ਤੇ ਖੁੰਢਾ ਕਰ ਦੇਂਦਾ ਹੈ।

ਜੇ ਇਹ ਪਾੜ ਨਾ ਆਇਆ ਹੁੰਦਾ ਤਾਂ ਸੋਟੀਆਂ ਵਰਤਣ ਵਾਲ਼ੇ ਬਾਂਦਰਾਂ ਦੇ ਇੱਜੜ ਦੀ ਜਾਂ ਆਦਿ-ਕਾਲੀਨ ਮਨੁੱਖ ਜਾਂ ਕੁੰਟਬਾਂ ਵਿੱਚ ਇੱਕ-ਮੁਠ ਹੋਏ ਲੋਕਾਂ ਦੀ ਆਦਿ-ਕਾਲੀਨ ਜਥੇਬੰਦੀ ਤੋਂ "ਆਪਣੇ ਆਪ ਅਮਲ ਕਰਨ ਵਾਲ਼ੀ ਵਸੋਂ ਦੀ ਹਥਿਆਰਬੰਦ ਜਥੇਬੰਦੀ", ਆਪਣੀ ਗੁੰਝਲ, ਆਪਣੀ ਉੱਚ ਤਕਨੀਕ, ਇਤਿ-ਆਦਿ ਵਿੱਚ ਵੱਖ ਹੁੰਦੀ ਪਰ ਇਹਦੇ ਬਾਵਜੂਦ ਅਜਿਹੀ ਜਥੇਬੰਦੀ ਸੰਭਵ ਹੁੰਦੀ।

ਇਹ ਅਸੰਭਵ ਹੈ, ਕਿਉਂਕਿ ਸਭਿਆ ਸਮਾਜ ਵਿਰੋਧੀ ਅਤੇ, ਇਹੋ ਨਹੀਂ, ਸਮਝੌਤਾ-ਰਹਿਤ ਤੌਰ ਉੱਤੇ ਵਿਰੋਧੀ ਜਮਾਤਾਂ ਵਿੱਚ ਵੰਡਿਆ ਹੋਇਆ ਹੈ ਅਤੇ ਇਹਨਾਂ ਦੀ "ਆਪਣੇ ਆਪ ਅਮਲ ਕਰਨ" ਵਾਲ਼ੀ ਹਥਿਆਰਬੰਦੀ ਨਾਲ਼ ਉਹਨਾਂ ਵਿਚਕਾਰ ਹਥਿਆਰਬੰਦ ਘੋਲ਼ ਸ਼ੁਰੂ ਹੋ ਜਾਵੇਗਾ। ਇੱਕ ਰਾਜ ਉਭਰਦਾ ਹੈ, ਇਹ ਵਿਸ਼ੇਸ਼ ਤਾਕਤ ਖੜ੍ਹੀ ਹੁੰਦੀ ਹੈ, ਹਥਿਆਰਬੰਦ ਲੋਕਾਂ ਦੇ ਖ਼ਾਸ ਦਸਤੇ, ਅਤੇ ਹਰ ਇਨਕਲਾਬ ਰਾਜਕੀ ਢਾਂਚੇ ਨੂੰ ਤਬਾਹ ਕਰਕੇ ਸਾਨੂੰ ਨੰਗਾ ਜਮਾਤੀ ਘੋਲ ਵਿਖਾ ਦੇਂਦਾ ਹੈ, ਸਾਨੂੰ ਸਪਸ਼ਟ ਤੌਰ 'ਤੇ ਵਿਖਾ ਦੇਂਦਾ ਹੈ ਕਿਵੇਂ ਹਾਕਮ ਜਮਾਤ ਹਥਿਆਰਬੰਦ ਲੋਕਾਂ ਦੇ ਉਹ ਖ਼ਾਸ ਦਸਤੇ ਮੁੜ ਸਥਾਪਤ ਕਰਨ ਦਾ ਯਤਨ ਕਰਦੀ ਹੈ ਜਿਹੜੇ **ਇਹਦੀ** ਸੇਵਾ ਕਰਦੇ ਹਨ, ਅਤੇ ਕਿਵੇਂ ਲੁਟੀਂਦੀ ਜਮਾਤ ਇਸ ਕਿਸਮ ਦੀ ਇੱਕ ਨਵੀਂ ਜਥੇਬੰਦੀ ਸਥਾਪਤ ਕਰਨ ਦਾ ਯਤਨ ਕਰਦੀ ਹੈ ਜਿਹੜੀ ਲੁੱਟ-ਚੋਂਘ ਕਰਨ ਵਾਲਿਆਂ ਦੀ ਨਹੀਂ ਸਗੋਂ ਲੁਟੀਂਦਿਆਂ ਦੀ ਸੇਵਾ ਕਰਨ ਦੇ ਯੋਗ ਹੈ।

ਉਪ੍ਰੋਕਤ ਦਲੀਲ ਵਿੱਚ ਏਂਗਲਜ਼ ਸਿਧਾਂਤਕ ਤੌਰ ਉੱਤੇ ਉਹੋ ਪ੍ਰਸ਼ਨ ਸਾਡੇ ਸਾਹਮਣੇ ਪੇਸ਼ ਕਰਦੇ ਹਨ ਜਿਹੜਾ ਹਰ ਮਹਾਨ ਇਨਕਲਾਬ ਸਾਡੇ ਸਾਹਮਣੇ ਅਮਲੀ ਅਤੇ ਪ੍ਰਤੱਖ ਰੂਪ ਵਿੱਚ ਪੇਸ਼ ਕਰਦਾ ਹੈ ਅਤੇ, ਇਸ ਤੋਂ ਵੀ ਵੱਧ, ਵਿਸ਼ਾਲ ਪੱਧਰ ਉੱਤੇ ਪੇਸ਼ ਕਰਦਾ ਹੈ, ਅਰਥਾਤ ਹਥਿਆਰਬੰਦ ਲੋਕਾਂ ਦੇ "ਖ਼ਾਸ" ਦਸਤਿਆਂ ਅਤੇ "ਵਸੋਂ ਦੀ ਆਪਣੇ ਆਪ ਅਮਲ ਕਰਨ ਵਾਲ਼ੀ ਹਥਿਆਰਬੰਦ ਜਥੇਬੰਦੀ" ਵਿਚਕਾਰ ਸਬੰਧਾਂ ਦਾ ਸਵਾਲ। ਅਸੀਂ ਵੇਖਾਂਗੇ ਕਿ ਯੂਰਪੀ ਅਤੇ ਰੂਸੀ ਇਨਕਲਾਬਾਂ ਦੇ ਤਜਰਬੇ ਤੋਂ ਇਸ ਸਵਾਲ ਉੱਤੇ ਕਿਵੇਂ ਠੋਸ ਤੌਰ 'ਤੇ ਰੌਸ਼ਨੀ ਪੈਂਦੀ ਹੈ।

ਪਰ ਆਓ ਅਸੀਂ ਏਂਗਲਜ਼ ਦੀ ਵਿਆਖਿਆ ਵੱਲ ਮੁੜੀਏ।

ਉਹ ਇਸ ਗੱਲ ਵੱਲ ਧਿਆਨ ਦਿਵਾਉਂਦੇ ਹਨ ਕਿ ਕਈ ਵਾਰੀ, ਮਿਸਾਲ ਵਜੋਂ, ਉੱਤਰੀ ਅਮਰੀਕਾ ਤੇ ਕੁੱਝ ਹਿੱਸਿਆਂ ਵਿੱਚ, ਸਰਵਜਨਕ ਤਾਕਤ ਕਮਜ਼ੋਰ ਹੁੰਦੀ ਹੈ,(ਉਹਨਾਂ ਸਾਹਮਣੇ ਸਰਮਾਏਦਾਰ ਦੁਨੀਆਂ ਦੀ ਇੱਕ ਟਾਵੀਂ ਛੋਟ, ਅਤੇ ਸਾਮਰਾਜੀ ਦਿਨਾਂ ਤੋਂ ਪਹਿਲਾਂ ਦੇ ਉੱਤਰੀ ਅਮਰੀਕਾ ਦੇ ਉਹ ਇਲਾਕੇ ਹਨ ਜਿਥੇ ਆਜ਼ਾਦ ਬਸਤੀਵਾਦੀ ਭਾਰੂ ਸਨ) ਪਰ ਇਹ ਕਿ ਆਮ ਤੌਰ 'ਤੇ ਗੱਲ ਕਰਦਿਆਂ, ਇਹ ਵਧੇਰੇ ਬਲਵਾਨ ਹੋ ਜਾਂਦੀ ਹੈ:

> "... ਜਿਉਂ ਜਿਉਂ ਰਾਜ ਦੇ ਅੰਦਰ ਜਮਾਤੀ ਵਿਰੋਧ ਤਿਖੇਰੇ ਹੋ ਜਾਂਦੇ ਹਨ, ਅਤੇ ਜਿਉਂ ਜਿਉਂ ਗਵਾਂਢਲੇ ਰਾਜ ਵਡੇਰੇ ਅਤੇ ਵਧੇਰੇ ਵਸੋਂ ਵਾਲ਼ੇ ਹੁੰਦੇ ਜਾਂਦੇ ਹਨ, ਸਰਵਜਨਕ ਤਾਕਤ ਵਧੇਰੇ ਬਲਵਾਨ ਹੁੰਦੀ ਜਾਂਦੀ ਹੈ। ਸਾਨੂੰ ਬੱਸ ਅਜੋਕੇ ਯੂਰਪ ਉੱਤੇ ਨਿਗਾਹ ਮਾਰਨ ਦੀ ਹੀ ਲੋੜ ਹੈ, ਜਿਥੇ ਜਮਾਤੀ ਘੋਲ ਅਤੇ ਜਿੱਤਾਂ ਦੇ ਮੁਕਾਬਲੇ ਨੇ ਸਰਵਜਨਕ ਤਾਕਤ ਨੂੰ ਏਨਾ ਤਿੱਖਾ ਕਰ ਦਿੱਤਾ ਹੈ ਕਿ ਇਹ ਸਮੁੱਚੇ ਸਮਾਜ ਅਤੇ ਇਥੋਂ ਤੱਕ ਕਿ ਰਾਜ ਨੂੰ ਹੜਪ ਕਰ ਜਾਣ ਦਾ ਖ਼ਤਰਾ ਬਣ ਗਈ ਹੈ।..."

ਇਹ ਗੱਲ ਪਿਛਲੀ ਸਦੀ ਦੇ ਦਸਵੇਂ ਦਹਾਕੇ ਦੇ ਮੁੱਢ ਤੋਂ ਪਿੱਛੋਂ ਨਹੀਂ ਸੀ ਲਿਖੀ ਗਈ, ਕਿਉਂਕਿ ਏਂਗਲਜ਼ ਦੇ ਅਖ਼ੀਰੀ ਮੁੱਖ-ਬੰਧ ਉੱਤੇ 16 ਜੂਨ 1891 ਦੀ ਤਾਰੀਖ਼ ਹੈ।

ਸਮਾਰਾਜ ਵੱਲ ਮੋੜ—ਜਿਸ ਦੇ ਅਰਥ ਹਨ ਵੱਡੀਆਂ ਵੱਡੀਆਂ ਕੰਪਨੀਆਂ ਦਾ ਮੁਕੰਮਲ ਗ਼ਲਬਾ, ਜਿਸਦੇ ਅਰਥ ਹਨ ਵੱਡੇ ਬੈਂਕਾਂ ਦੀ ਸਰਬ-ਸ਼ਕਤੀਮਾਨਤਾ, ਜਿਸ ਦੇ ਅਰਥ ਹਨ ਵੱਡੀ ਪੱਧਰ ਉੱਤੇ ਬਸਤੀਵਾਦੀ ਨੀਤੀ, ਇਤਿ-ਆਦਿ—ਅਜੇ ਫਰਾਂਸ ਵਿੱਚ ਸ਼ੁਰੂ ਹੀ ਹੋ ਰਿਹਾ ਸੀ ਅਤੇ ਉੱਤਰੀ ਅਮਰੀਕਾ ਅਤੇ ਜਰਮਨੀ ਵਿੱਚ ਹੋਰ ਵੀ ਕਮਜ਼ੋਰ ਸੀ। ਉਸ ਤੋਂ ਪਿੱਛੋਂ "ਜਿੱਤਾਂ ਵਿੱਚ ਮੁਕਾਬਲੇ" ਨੇ ਧੜਵੈਲ ਪਲਾਂਘਾਂ ਪੁੱਟੀਆਂ ਹਨ— ਖ਼ਾਸ ਤੌਰ ਉੱਤੇ ਇਸ ਲਈ ਕਿ ਵੀਹਵੀਂ ਸਦੀ ਦੇ ਦੂਜੇ ਦਹਾਕੇ ਦੇ ਮੁੱਢ ਤੱਕ ਸਮੁੱਚੀ ਦੁਨੀਆ "ਜਿੱਤਾਂ ਦੇ ਵਿਰੋਧੀਆਂ" ਵਿੱਚ, ਅਰਥਾਤ ਵੱਡੀਆਂ ਲੋਟੂ ਸ਼ਕਤੀਆਂ ਵਿੱਚ ਵੰਡੀ ਗਈ ਹੈ। ਉਸ ਤੋਂ ਪਿੱਛੋਂ ਫ਼ੌਜੀ ਅਤੇ ਸਮੁੰਦਰੀ ਹਥਿਆਰ ਭਿਆਨਕ ਹੱਦ ਤੱਕ ਵਧ ਗਏ ਹਨ ਅਤੇ ਇੰਗਲੈਂਡ ਜਾਂ ਜਰਮਨੀ ਵਲੋਂ ਸੰਸਾਰ ਉੱਤੇ ਗ਼ਲਬੇ ਲਈ, ਲੁੱਟ ਦੇ ਮਾਲ ਦੀ ਵੰਡ ਲਈ 1914-1917 ਦੇ ਲੋਟੂ ਯੁੱਧ ਨੇ ਹੈਂਸਿਆਰੀ ਰਾਜ ਸ਼ਕਤੀ ਵੱਲੋਂ ਸਮਾਜ ਦੀਆਂ ਸਭਨਾਂ ਸ਼ਕਤੀਆਂ ਦੇ "ਹੜੱਪਣ" ਨੂੰ ਮੁਕੰਮਲ ਤਬਾਹੀ ਦੀ ਦੰਦੀ ਉੱਤੇ ਲਿਆ ਦਿੱਤਾ ਹੈ।

1891 ਵਿੱਚ ਹੀ ਏਂਗਲਜ਼ "ਜਿੱਤਾਂ ਦੇ ਵਿਰੋਧ" ਨੂੰ ਵੱਡੀਆਂ ਤਾਕਤਾਂ ਦੇ ਉਘੇੜਵੇਂ ਲੱਛਣਾਂ ਵਜੋਂ ਦਰਸਾ ਸਕੇ, ਪਰ 1914-17 ਵਿੱਚ, ਜਦੋਂ ਇਸ ਵਿਰੋਧ ਨੇ ਕਈ ਗੁਣਾ ਵਧ ਕੇ ਸਾਮਰਾਜੀ ਯੁੱਧ ਨੂੰ ਜਨਮ ਦਿੱਤਾ ਹੈ, ਸਮਾਜੀ-ਸ਼ਾਵਨਵਾਦੀ ਹਰਾਮਜ਼ਾਦੇ "ਉਹਨਾਂ ਦੀ ਆਪਣੀ" ਬਰੁਜੂਆਜ਼ੀ ਦੇ ਲੋਟੂ ਹਿੱਤਾਂ ਉੱਤੇ "ਪਿਤਰੀ-ਭੂਮੀ ਦੀ ਰੱਖਿਆ", "ਗਣ-ਰਾਜ ਅਤੇ ਇਨਕਲਾਬ ਦੀ ਰੱਖਿਆ", ਆਦਿ ਦੀ ਫ਼ਿਕਰੇਬਾਜ਼ੀ ਦਾ ਪਰਦਾ ਪਾਉਂਦੇ ਹਨ।

### 3. ਰਾਜ ਲੁਟੀਂਦੀਆਂ ਜਮਾਤਾਂ ਦੀ ਲੁੱਟ-ਚੋਂਘ ਦੇ ਇੱਕ ਸਾਧਨ ਵਜੋਂ

ਸਮਾਜ ਤੋਂ ਉੱਪਰ ਖੜੀ ਖ਼ਾਸ ਸਰਵਜਨਕ ਤਾਕਤ ਨੂੰ ਕਾਇਮ ਰੱਖਣ ਲਈ ਟੈਕਸਾਂ ਅਤੇ ਰਾਜਕੀ ਕਰਜ਼ਿਆਂ ਦੀ ਲੋੜ ਹੁੰਦੀ ਹੈ।

> "...ਸਰਵਜਨਕ ਤਾਕਤ ਅਤੇ ਟੈਕਸ ਲਾਉਣ ਦਾ ਹੱਕ ਉਹਨਾਂ ਕੋਲ ਹੋਣ ਕਾਰਨ ਅਧਿਕਾਰੀ ਹੁਣ ਸਮਾਜ ਦੇ ਸਾਧਨਾਂ ਵਜੋਂ ਸਮਾਜ ਤੋਂ **ਉੱਪਰ** ਖੜੇ ਹੁੰਦੇ ਹਨ", ਏਂਗਲਜ਼ ਲਿਖਦੇ ਹਨ। "ਜੇ ਉਹ ਇਹਨੂੰ ਪ੍ਰਾਪਤ ਵੀ ਕਰ ਸਕਦੇ ਤਾਂ ਪਰਿਵਾਰਕ (ਕੁਟੰਬ) ਬਣਤਰ ਦੀਆਂ ਸੰਸਥਾਵਾਂ ਨੂੰ ਜਿਹੜਾ ਆਜ਼ਾਦ, ਸਵੈ-ਇੱਛਕ ਸਤਿਕਾਰ ਪ੍ਰਾਪਤ ਸੀ, ਉਹ ਉਹਨਾਂ ਦੀ ਤਸੱਲੀ ਨਹੀਂ ਸੀ ਕਰਵਾ ਸਕਦਾ..." ਅਧਿਕਾਰੀਆਂ ਦੀ ਪਵਿੱਤਰਤਾ ਅਤੇ ਸੁਰੱਖਿਆ ਸੰਬੰਧੀ ਵਿਸ਼ੇਸ਼ ਕਾਨੂੰਨ ਪ੍ਰਵਾਨ ਕੀਤੇ ਜਾਂਦੇ ਹਨ। "ਅਤਿ-ਅੰਤ ਨੀਚ ਪੁਲਸੀ ਮੁਲਾਜ਼ਮ" ਕੋਲ ਕੁਟੰਬ ਦੇ ਪ੍ਰਤਿਨਿੱਧ ਨਾਲ਼ੋਂ ਵਧੇਰੇ "ਅਧਿਕਾਰ" ਹੁੰਦਾ ਹੈ ਪਰ ਇੱਕ ਸਭਿਆ ਰਾਜ ਦੀ ਫ਼ੌਜੀ ਸ਼ਕਤੀ ਦਾ ਮੁਖੀ ਵੀ ਕੁਟੰਬ ਦੇ ਵਡੇਰੇ ਨੂੰ ਪ੍ਰਾਪਤ ਸਮਾਜ ਦੇ "ਜਬਰ ਬਿਨਾਂ ਸਤਿਕਾਰ" ਤੇ ਹਰਖ ਕਰਦਾ ਹੈ।"

ਇਥੇ ਰਾਜਕੀ ਤਾਕਤ ਦੇ ਸਾਧਨਾਂ ਵਜੋਂ ਅਧਿਕਾਰੀਆਂ ਦੀ ਵਿਸ਼ੇਸ਼ ਅਧਿਕਾਰਾਂ ਵਾਲ਼ੀ ਪੁਜ਼ੀਸ਼ਨ ਦਾ ਮਸਲਾ ਉਠਾਇਆ ਗਿਆ ਹੈ। ਜਿਹੜਾ ਮੁੱਖ ਸਵਾਲ ਦਰਸਾਇਆ

ਗਿਆ ਹੈ ਉਹ ਇਹ ਹੈ: ਉਹ ਕੀ ਹੈ ਜਿਹੜਾ ਉਹਨਾਂ ਨੂੰ ਸਮਾਜ ਤੋਂ **ਉੱਪਰ** ਰੱਖਦਾ ਹੈ ? ਅਸੀਂ ਹੁਣ ਵੇਖਾਂਗੇ ਕਿ 1871 ਵਿੱਚ ਪੈਰਿਸ ਕਮਿਊਨ ਨੇ ਅਮਲ ਵਿੱਚ ਇਸ ਸਿਧਾਂਤਕ ਸਵਾਲ ਦਾ ਕੀ ਜਵਾਬ ਦਿੱਤਾ ਸੀ ਅਤੇ ਕਿਵੇਂ 1912 ਵਿੱਚ ਕਾਊਟਸਕੀ ਪਿਛਾਖੜੀ ਢੰਗ ਨਾਲ਼ ਇਸ ਉੱਤੇ ਪਰਦਾ ਪਾਉਂਦਾ ਹੈ।

> "...ਕਿਉਂਕਿ ਰਾਜ ਦਾ ਆਦਿ ਜਮਾਤੀ ਵਿਰੋਧਾਂ ਨੂੰ ਇੱਕ ਹੱਦ ਅੰਦਰ ਰੱਖਣ ਦੀ ਲੋੜ ਤੋਂ ਹੋਇਆ, ਪਰ ਕਿਉਂਕਿ, ਇਹਦੇ ਨਾਲ਼ ਹੀ ਨਾਲ਼ ਇਹ ਇਹਨਾਂ ਜਮਾਤਾਂ ਵਿਚਕਾਰ ਟੱਕਰਾਂ ਦੇ ਦੌਰਾਨ ਪੈਦਾ ਹੋਇਆ, ਇਸ ਲਈ, ਆਮ ਤੌਰ 'ਤੇ ਇਹ ਸਭ ਤੋਂ ਬਲਵਾਨ, ਆਰਥਕ ਤੌਰ 'ਤੇ ਭਾਰੂ ਜਮਾਤ ਦਾ ਰਾਜ ਹੁੰਦਾ ਹੈ, ਜਿਹੜੀ ਰਾਜ ਦੇ ਸਾਧਨ ਰਾਹੀਂ, ਰਾਜਸੀ ਤੌਰ 'ਤੇ ਭਾਰੂ ਜਮਾਤ ਵੀ ਬਣ ਜਾਂਦੀ ਹੈ ਅਤੇ ਇਉਂ ਲੁਟੀਂਦੀ ਜਮਾਤ ਨੂੰ ਦਬਾਈ ਰੱਖਣ ਅਤੇ ਇਹਦੀ ਲੁੱਟ ਚੋਂਘ ਕਰਨ ਦੇ ਨਵੇਂ ਸਾਧਨ ਪ੍ਰਾਪਤ ਕਰ ਲੈਂਦੀ ਹੈ।..." ਪ੍ਰਾਚੀਨ ਅਤੇ ਜਗੀਰੂ ਰਾਜ ਹੀ ਗ਼ੁਲਾਮਾਂ ਅਤੇ ਖੇਤ-ਗ਼ੁਲਾਮਾਂ ਦੀ ਲੁੱਟ-ਚੋਂਘ ਲਈ ਸੰਸਥਾਵਾਂ ਨਹੀਂ ਸਨ ਸਗੋਂ "ਅਜੋਕਾ ਪ੍ਰਤਿਨਿੱਧ ਰਾਜ ਵੀ ਸਰਮਾਏ ਵੱਲੋਂ ਉਜਰਤੀ ਕਿਰਤ ਦੀ ਲੁੱਟ-ਚੋਂਘ ਦਾ ਇੱਕ ਹਥਿਆਰ ਹੈ। ਪਰ ਛੋਟ ਦੇ ਤੌਰ 'ਤੇ ਅਜਿਹੇ ਸਮੇਂ ਆਉਂਦੇ ਹਨ ਜਦੋਂ ਲੜ ਰਹੀਆਂ ਜਮਾਤਾਂ ਇੱਕ ਦੂਜੇ ਦੇ ਇਉਂ ਸਾਂਵੀਆਂ ਹੋ ਜਾਂਦੀਆਂ ਹਨ ਕਿ ਰਾਜ ਸ਼ਕਤੀ, ਜਾਪਦੇ ਸਾਲਸ ਵਜੋਂ, ਕੁੱਝ ਸਮੇਂ ਲਈ ਦੁਹਾਂ ਤੋਂ ਕੁੱਝ ਹੱਦ ਤੱਕ ਆਜ਼ਾਦੀ ਪ੍ਰਾਪਤ ਕਰ ਲੈਂਦੀ ਹੈ..." ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀ ਦੀਆਂ ਨਿਰਪੇਖ ਬਾਦਸ਼ਾਹੀਆਂ, ਫ਼ਰਾਂਸ ਵਿੱਚ ਪਹਿਲੀ ਅਤੇ ਦੂਜੀ ਸਲਤਨਤਾਂ ਦਾ ਬੋਨਾਪਾਰਟਵਾਦ ਅਤੇ ਜਰਮਨੀ ਵਿੱਚ ਬਿਸਮਾਰਕ ਦੀ ਹਕੂਮਤ ਅਜਿਹੀਆਂ ਹੀ ਸਨ।

ਅਸੀਂ ਇਸ ਗੱਲ ਦਾ ਵਾਧਾ ਕਰ ਦਈਏ ਕਿ ਗਣ-ਰਾਜੀ ਰੂਸ ਵਿੱਚ ਕੇਰੇਨਸਕੀ ਦੀ ਹਕੂਮਤ ਵੀ ਅਜਿਹੀ ਹੀ ਹੈ, ਕਿਉਂਕਿ ਇਸ ਨੇ ਉਸ ਸਮੇਂ ਇਨਕਲਾਬੀ ਪ੍ਰੋਲਤਾਰੀ ਉੱਤੇ ਜਬਰ ਸ਼ੁਰੂ ਕਰ ਦਿੱਤਾ ਹੈ ਜਦੋਂ ਨਿੱਕ-ਬੁਰਜੂਆ ਜਮਹੂਰੀਅਤ-ਪਸੰਦਾਂ ਦੀ ਅਗਵਾਈ ਕਾਰਨ ਸੋਵੀਅਤਾਂ **ਪਹਿਲਾਂ ਹੀ** ਖ਼ੱਸੀ ਹੋ ਚੁੱਕੀਆਂ ਹਨ ਅਤੇ ਬੁਰਜੂਆਜ਼ੀ **ਅਜੇ** ਏਨੀ ਬਲਵਾਨ ਨਹੀਂ ਕਿ ਉਹਨਾਂ ਨੂੰ ਬਸ ਖਿੰਡਾ-ਪੁੰਡਾ ਦੇਵੇ।

> ਇੱਕ ਜਮਹੂਰੀ ਗਣ-ਰਾਜ ਵਿੱਚ, ਏਂਗਲਜ਼ ਗੱਲ ਜਾਰੀ ਰੱਖਦੇ ਹਨ, "ਦੌਲਤ ਆਪਣੀ ਸ਼ਕਤੀ ਅਣ-ਸਿੱਧੇ ਪਰ ਵਧੇਰੇ ਯਕੀਨੀ ਤੌਰ 'ਤੇ ਵਰਤਦੀ ਹੈ", ਪਹਿਲਾਂ "ਅਧਿਕਾਰੀਆਂ ਦੇ ਸਿੱਧੇ ਭ੍ਰਿਸ਼ਟਾਚਾਰ ਰਾਹੀਂ" (ਅਮਰੀਕਾ); ਦੂਜੇ "ਹਕੂਮਤ ਅਤੇ ਸੱਟਾ ਮੰਡੀ ਵਿਚਕਾਰ ਏਕੇ" ਰਾਹੀਂ (ਫ਼ਰਾਂਸ ਅਤੇ ਅਮਰੀਕਾ)।

ਅਜੋਕੇ ਸਮੇਂ ਸਾਮਰਾਜ ਅਤੇ ਬੈਂਕਾਂ ਦੇ ਗ਼ਲਬੇ ਨੇ ਸਭ ਕਿਸਮਾਂ ਦੇ ਜਮਹੂਰੀ ਗਣ-ਰਾਜਾਂ ਵਿੱਚ ਦੌਲਤ ਦੀ ਸਰਬ-ਸ਼ਕਤੀਮਾਨਤਾ ਨੂੰ ਕਾਇਮ ਰੱਖਣ ਅਤੇ ਲਾਗੂ ਕਰਨ ਦੇ ਇਹਨਾਂ ਦੁਹਾਂ ਢੰਗਾਂ ਨੂੰ ਇੱਕ ਅਸਾਧਾਰਨ ਤੌਰ 'ਤੇ ਸੂਖਮ ਕਲਾ ਵਿੱਚ "ਵਿਕਸਤ" ਕਰ ਦਿੱਤਾ ਹੈ। ਮਿਸਾਲ ਵਜੋਂ ਜੇ ਰੂਸ ਦੇ ਜਮਹੂਰੀ ਗਣ-ਰਾਜ ਦੇ ਪਹਿਲੇ ਦਿਨਾਂ ਵਿੱਚ, ਬੰਦਾ ਕਹਿ

ਸਕਦਾ ਹੈ ਕਿ ਬੁਰਜੂਆਜ਼ੀ ਨਾਲ਼ ਵਿਆਹ ਵਿੱਚ ਜੁੜੇ "ਸੋਸ਼ਲਿਸਟ" ਸੋਸ਼ਲਿਸਟ-ਇਨਕਲਾਬੀਆਂ ਅਤੇ ਮੈਨਸ਼ਵਿਕਾਂ ਦੇ ਸੁਹਾਗ-ਮਾਸ ਦੇ ਸਮੇਂ, ਕੁਲੀਸ਼ਨ ਵਜ਼ਾਰਤ ਵਿੱਚ ਸ਼੍ਰੀ ਪਾਲਚਿੰਸਕੀ ਨੇ ਹਰ ਉਸ ਕਦਮ ਵਿੱਚ ਰੋਕ ਪਾਈ ਜਿਸਦਾ ਮੰਤਵ ਸਰਮਾਏਦਾਰਾਂ ਅਤੇ ਉਹਨਾਂ ਦੀਆਂ ਲੋਟੂ ਹਰਕਤਾਂ ਅਤੇ ਜੰਗੀ ਠੇਕਿਆਂ ਰਾਹੀਂ ਸਰਕਾਰੀ ਖਜ਼ਾਨੇ ਨੂੰ ਲੁੱਟਣ ਉੱਪਰ ਰੋਕ ਲਾਉਣਾ ਸੀ; ਅਤੇ ਜੇ ਪਿੱਛੋਂ ਜਾ ਕੇ ਸ਼੍ਰੀ ਪਾਲਚਿੰਸਕੀ ਨੇ ਅਸਤੀਫ਼ਾ ਦੇ ਦਿੱਤਾ (ਅਤੇ ਨਿਰਸੰਦੇਹ ਉਹਦੀ ਥਾਂ ਐਨ ਉਹੋ ਜਿਹਾ ਇੱਕ ਹੋਰ ਪਾਲਚਿੰਸਕੀ ਆ ਗਿਆ) ਅਤੇ ਸਰਮਾਏਦਾਰਾਂ ਨੇ ਉਹਨੂੰ 1,20,000 ਰੂਬਲ ਸਾਲਾਨਾ ਤਨਖ਼ਾਹ ਵਾਲ਼ੀ "ਸੁਖਾਵੀਂ" ਪਦਵੀ ਦੇ ਦਿੱਤੀ—ਤਾਂ ਤੁਸੀਂ ਇਹਨੂੰ ਕੀ ਕਹੋਗੇ, ਸਿੱਧੀ ਜਾਂ ਅਣ-ਸਿੱਧੀ ਰਿਸ਼ਵਤ ? ਹਕੂਮਤ ਅਤੇ ਸਨਅਤੀ ਸੰਘਾਂ ਵਿਚਕਾਰ ਏਕਾ ਜਾਂ "ਕੇਵਲ" ਮਿੱਤਰ ਸਬੰਧ ? ਇਸ ਵਿੱਚ ਚੇਰਨੋਵਾਂ, ਤਸੇਰੇਤੇਲੀਆਂ, ਅਵਕਸੇਨਤਯੇਵਾਂ ਅਤੇ ਸਕੋਬੇਲੇਵਾਂ ਦਾ ਰੋਲ ਕੀ ਹੈ ? ਕੀ ਉਹ ਸਰਕਾਰੀ ਖ਼ਜ਼ਾਨੇ ਨੂੰ ਲੁੱਟਣ ਵਾਲ਼ੇ ਕਰੋੜਪਤੀਆਂ ਦੇ "ਸਿੱਧੇ" ਇਤਿਹਾਦੀ ਹਨ ਜਾਂ ਕੇਵਲ ਅਣਸਿੱਧੇ ਇਤਿਹਾਦੀ ?

"ਦੌਲਤ" ਦੀ ਸਰਬ-ਸ਼ਕਤੀਮਾਨਤਾ ਜਮਹੂਰੀ ਗਣ-ਰਾਜ ਵਿੱਚ ਵਧੇਰੇ ਚੰਗੀ ਤਰ੍ਹਾਂ ਪ੍ਰਾਪਤ ਹੋਣ ਦਾ ਕਾਰਨ ਇਹ ਹੈ ਕਿ ਇਹ ਸਰਮਾਏਦਾਰੀ ਦੇ ਰਾਜਸੀ ਢਾਂਚੇ ਦੀਆਂ ਵੱਖਰੀਆਂ ਊਣਤਾਈਆਂ ਉੱਤੇ, ਨੁਕਸਦਾਰ ਰਾਜਸੀ ਢਾਂਚੇ ਉੱਤੇ ਨਿਰਭਰ ਨਹੀਂ। ਇੱਕ ਜਮਹੂਰੀ ਗਣ-ਰਾਜ ਸਰਮਾਏਦਾਰੀ ਲਈ ਸਰਵਉੱਤਮ ਸੰਭਵ ਰਾਜਸੀ ਢਾਂਚਾ ਹੈ ਅਤੇ ਜਦੋਂ ਇੱਕ ਵਾਰ ਇਹ (ਪਾਲਚਿੰਸਕੀਆਂ, ਚੇਰਨੋਵਾਂ, ਤਸੇਰੇਤੇਲੀਆਂ ਅਤੇ ਉਹਨਾਂ ਦੇ ਸਾਥੀਆਂ ਰਾਹੀਂ) ਇਸ ਸਰਵਉੱਤਮ ਢਾਂਚੇ ਉੱਤੇ ਕਬਜ਼ਾ ਕਰ ਲੈਂਦੀ ਹੈ ਤਾਂ ਇਹ ਆਪਣੀ ਸ਼ਕਤੀ ਏਨੀ ਮਜ਼ਬੂਤੀ ਨਾਲ਼, ਏਨੀ ਪੱਕੀ ਤਰ੍ਹਾਂ ਸਥਾਪਤ ਕਰ ਲੈਂਦੀ ਹੈ ਕਿ ਬੁਰਜੂਆ-ਜਮਹੂਰੀ ਗਣਰਾਜ ਵਿੱਚ ਵਿਅਕਤੀਆਂ, ਸੰਸਥਾਵਾਂ, ਜਾਂ ਪਾਰਟੀਆਂ, **ਕਿਸੇ** ਦੀ ਤਬਦੀਲੀ **ਵੀ** ਇਹਨੂੰ ਹਿਲਾ **ਨਹੀਂ** ਸਕਦੀ।

ਸਾਨੂੰ ਇਸ ਗੱਲ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਕਿ ਏਂਗਲਜ਼ ਪੂਰੇ ਨਿਸ਼ਚੇ ਨਾਲ਼ ਹਰ ਇੱਕ ਲਈ ਵੋਟ ਨੂੰ ਬੁਰਜੂਆ ਹਕੂਮਤ ਦਾ ਇੱਕ ਹਥਿਆਰ ਸਮਝਦੇ ਹਨ। ਸਪੱਸ਼ਟ ਤੌਰ ਉੱਤੇ ਜਰਮਨ ਸੋਸ਼ਲ-ਡੈਮੋਕਰੇਸੀ ਦਾ ਲੰਮੇ ਤਜਰਬੇ ਦਾ ਸਾਰ ਪੇਸ਼ ਕਰਦੇ ਹੋਏ ਉਹ ਕਹਿੰਦੇ ਹਨ ਕਿ ਹਰ ਇੱਕ ਲਈ ਵੋਟ

> "ਕਿਰਤੀ ਜਮਾਤ ਦੀ ਪਕਿਆਈ ਦਾ ਨਾਪ ਹੈ। ਅਜੋਕੇ ਰਾਜ ਵਿੱਚ ਇਹ ਇਸ ਤੋਂ ਵੱਧ ਨਹੀਂ ਅਤੇ ਹੋ ਵੀ ਨਹੀਂ ਸਕਦਾ।"

ਸਾਡੇ ਸੋਸ਼ਲਿਸਟ-ਇਨਕਲਾਬੀਆਂ ਅਤੇ ਮੈਨਸ਼ਵਿਕਾਂ ਅਤੇ ਉਹਨਾਂ ਦੇ ਜੌੜੇ ਭਰਾ, ਪੱਛਮੀ ਯੂਰਪ ਦੇ ਸਭੇ ਸਮਾਜੀ-ਸ਼ਾਵਨਵਾਦੀ ਅਤੇ ਮੌਕਾ-ਪ੍ਰਸਤ, ਸਭਨਾਂ ਲਈ ਵੋਟ ਤੋਂ ਐਨ ਇਹੋ "ਵੱਧ" ਮੰਗਦੇ ਹਨ। ਉਹਨਾਂ ਵਿੱਚ ਇਹ ਗ਼ਲਤ ਵਿਚਾਰ ਪ੍ਰਚਲਤ ਹੈ ਅਤੇ ਉਹ ਲੋਕਾਂ ਦੇ ਮਨਾਂ ਵਿੱਚ ਇਹ ਭਰਨਾ ਚਾਹੁੰਦੇ ਹਨ ਕਿ "**ਅਜੋਕੇ** ਰਾਜ ਵਿੱਚ" ਸਭਨਾਂ ਲਈ ਵੋਟ ਕਿਰਤੀਆਂ ਦੀ ਬਹੁ-ਗਿਣਤੀ ਦੀ ਇੱਛਾ ਜਾਮਣ ਅਤੇ ਇਹਨੂੰ ਪ੍ਰਾਪਤ ਕਰਨ ਦੇ ਯੋਗ

ਹੈ।

ਇਥੇ ਅਸੀਂ ਕੇਵਲ ਇਸ ਗ਼ਲਤ ਵਿਚਾਰ ਵੱਲ ਇਸ਼ਾਰਾ ਕਰ ਸਕਦੇ ਹਾਂ, ਕੇਵਲ ਇਸ ਗੱਲ ਵੱਲ ਧਿਆਨ ਦਿਵਾ ਸਕਦੇ ਹਾਂ ਕਿ ਏਂਗਲਜ਼ ਦੇ ਉੱਕਾ ਹੀ ਸਪਸ਼ਟ, ਸ਼ੁੱਧ ਅਤੇ ਠੋਸ ਬਿਆਨ ਨੂੰ "ਸਰਕਾਰੀ" (ਅਰਥਾਤ ਮੌਕਾ-ਪ੍ਰਸਤ) ਸੋਸ਼ਲਿਸਟ ਪਾਰਟੀਆਂ ਦੇ ਪ੍ਰਚਾਰ ਅਤੇ ਐਜੀਟੇਸ਼ਨ ਵਿੱਚ ਹਰ ਪੈਰ 'ਤੇ ਤੋੜਿਆ ਮਰੋੜਿਆ ਜਾਂਦਾ ਹੈ। ਇਸ ਵਿਚਾਰ ਦੇ, ਜਿਸਨੂੰ ਏਂਗਲਜ਼ ਇੱਕ ਪਾਸੇ ਹੂੰਝ ਦਿੰਦੇ ਹਨ, ਉੱਕਾ ਹੀ ਗ਼ਲਤ ਹੋਣ ਦਾ "**ਅਜੋਕੇ**" ਰਾਜ ਸਬੰਧੀ ਮਾਰਕਸ ਅਤੇ ਏਂਗਲਜ਼ ਦੇ ਵਿਚਾਰਾਂ ਦੇ ਸਾਡੇ ਹੋਰ ਜ਼ਿਕਰ ਵਿੱਚ ਵਿਸਥਾਰ-ਪੂਰਵਕ ਪਰਦਾ ਉਘੇੜਿਆ ਗਿਆ ਹੈ।

ਆਪਣੀਆਂ ਕਿਰਤਾਂ ਵਿੱਚੋਂ ਸਭ ਤੋਂ ਹਰਮਨਪਿਆਰੀ ਵਿੱਚ ਏਂਗਲਜ਼ ਹੇਠ ਲਿਖੇ ਸ਼ਬਦਾਂ ਵਿੱਚ ਆਪਣੇ ਵਿਚਾਰਾਂ ਦਾ ਆਮ ਸਾਰ ਪੇਸ਼ ਕਰਦੇ ਹਨ:

> "ਸੋ ਰਾਜ ਸਦਾ ਸਦਾ ਤੋਂ ਕਾਇਮ ਨਹੀਂ ਰਿਹਾ। ਅਜਿਹੇ ਸਮਾਜ ਸਨ, ਜਿਨ੍ਹਾਂ ਇਸ ਤੋਂ ਬਿਨਾਂ ਕੰਮ ਚਲਾਇਆ ਅਤੇ ਜਿਨ੍ਹਾਂ ਕੋਲ਼ ਰਾਜ ਜਾਂ ਰਾਜ ਸ਼ਕਤੀ ਦਾ ਕੋਈ ਵਿਚਾਰ ਨਹੀਂ ਸੀ। ਆਰਥਕ ਵਿਕਾਸ ਦੇ ਇੱਕ ਵਿਸ਼ੇਸ਼ ਪੜਾਅ ਉੱਤੇ, ਜਿਸਦਾ ਸਬੰਧ ਲਾਜ਼ਮੀ ਤੌਰ 'ਤੇ ਸਮਾਜ ਦੇ ਜਮਾਤਾਂ ਵਿੱਚ ਵੰਡੇ ਜਾਣ ਨਾਲ਼ ਸੀ, ਰਾਜ ਇਸ ਵੰਡ ਕਾਰਨ ਲਾਜ਼ਮੀ ਬਣ ਗਿਆ। ਅਸੀਂ ਹੁਣ ਉਪਜ ਦੇ ਵਿਕਾਸ ਵਿੱਚ ਤੇਜ਼ੀ ਨਾਲ਼ ਇੱਕ ਅਜਿਹੇ ਪੜਾਅ ਉੱਤੇ ਅਪੜ ਰਹੇ ਹਾਂ, ਜਿਥੇ ਇਹਨਾਂ ਜਮਾਤਾਂ ਦੀ ਹੋਂਦ ਉਪਜ ਲਈ ਲੋੜੀਂਦੀ ਨਹੀਂ ਰਹੇਗੀ ਸਗੋਂ ਇੱਕ ਰੋਕ ਬਣ ਜਾਵੇਗੀ। ਉਹ ਉਸੇ ਅਟੱਲ ਤਰ੍ਹਾਂ ਖ਼ਤਮ ਹੋ ਜਾਣਗੀਆਂ ਜਿਵੇਂ ਉਹ ਇੱਕ ਪਹਿਲੇ ਪੜਾਅ ਉੱਤੇ ਉੱਭਰੀਆਂ ਸਨ। ਇਹਨਾਂ ਦੇ ਨਾਲ਼ ਹੀ ਰਾਜ ਦਾ ਅਟੱਲ ਤੌਰ 'ਤੇ ਅੰਤ ਹੋ ਜਾਵੇਗਾ। ਜਿਹੜਾ ਸਮਾਜ ਸਭਨਾਂ ਉਪਜਕਾਰਾਂ ਦੀ ਆਜ਼ਾਦ ਅਤੇ ਸਾਂਵੀਂ ਸ਼ਮੂਲੀਅਤ ਦੇ ਆਧਾਰ ਉੱਤੇ ਉਤਪਾਦਨ ਦਾ ਪ੍ਰਬੰਧ ਕਰੇਗਾ, ਉਹ ਲਾਜ਼ਮੀ ਤੌਰ 'ਤੇ ਰਾਜ ਦੀ ਸਾਰੀ ਮਸ਼ੀਨਰੀ ਨੂੰ ਉਸੇ ਥਾਂ ਰੱਖ ਦੇਵੇਗਾ, ਜਿਹੜੀ ਇਹਦੀ ਥਾਂ ਹੈ: ਚਰਖੇ ਅਤੇ ਕਹਿੰ ਦੀ ਕੁਹਾੜੀ ਦੇ ਨਾਲ਼ ਨਾਲ਼ ਪੁਰਾਤਨਤਾ ਦੇ ਅਜਾਇਬਘਰ ਵਿੱਚ।"

ਸਾਨੂੰ ਅਜੋਕੀ ਸੋਸ਼ਲ-ਡੈਮੋਕਰੇਸੀ ਦੇ ਪ੍ਰਚਾਰ ਅਤੇ ਐਜੀਟੇਸ਼ਨ ਸੰਬੰਧੀ ਸਾਹਿਤ ਵਿੱਚ ਇਹ ਪੈਰਾ ਅਕਸਰ ਨਹੀਂ ਮਿਲਦਾ। ਪਰ ਜਿਥੇ ਕਿੱਧਰੇ ਇਹ ਆਉਂਦਾ ਵੀ ਹੈ ਉਥੇ ਇਹਦੀ ਟੂਕ ਇਉਂ ਦਿੱਤੀ ਜਾਂਦੀ ਹੈ ਜਿਵੇਂ ਕੋਈ ਕਿਸੇ ਪਵਿੱਤਰ ਮੂਰਤ ਸਾਹਮਣੇ ਝੁਕਦਾ ਹੈ, ਅਰਥਾਤ ਅਜਿਹਾ ਕੇਵਲ ਏਂਗਲਜ਼ ਨੂੰ ਸਰਕਾਰੀ ਸਤਿਕਾਰ ਦੇਣ ਲਈ ਕੀਤਾ ਜਾਂਦਾ ਹੈ ਅਤੇ ਉਸ ਇਨਕਲਾਬ ਦੀ ਵਿਸ਼ਾਲਤਾ ਅਤੇ ਡੂੰਘਾਈ ਨਾਪਣ ਦਾ ਕੋਈ ਯਤਨ ਨਹੀਂ ਕੀਤਾ ਜਾਂਦਾ ਜਿਹੜਾ "ਰਾਜ ਦੀ ਸਾਰੀ ਮਸ਼ੀਨਰੀ ਨੂੰ ਪੁਰਾਤਨਤਾ ਦੇ ਅਜਾਇਬਘਰ" ਵਿੱਚ ਰੱਖ ਦੇਣ ਦਾ ਵਿਚਾਰ ਮੁੱਢ ਤੋਂ ਹੀ ਫ਼ਰਜ਼ ਕਰਦਾ ਹੈ। ਅਕਸਰ ਸਾਨੂੰ ਉਸ ਚੀਜ਼ ਦੀ ਸੂਝ ਵੀ ਨਜ਼ਰ ਨਹੀਂ ਆਉਂਦੀ ਜਿਸਨੂੰ ਏਂਗਲਜ਼ ਰਾਜ ਦੀ ਮਸ਼ੀਨਰੀ ਕਹਿੰਦੇ ਹਨ।

## 4. ਰਾਜ ਦਾ "ਹੌਲੀ ਹੌਲੀ ਖ਼ਤਮ ਹੋ ਜਾਣਾ" ਅਤੇ ਹਿੰਸਕ ਇਨਕਲਾਬ

ਰਾਜ ਦੇ "ਹੌਲੀ ਹੌਲੀ ਖ਼ਤਮ ਹੋ ਜਾਣ" ਸਬੰਧੀ ਏਂਗਲਜ਼ ਦੇ ਸ਼ਬਦ ਏਨੀ ਵਿਸ਼ਾਲ ਪੱਧਰ ਉੱਤੇ ਜਾਣੇ ਹੋਏ ਹਨ ਅਤੇ ਏਨੀ ਵਾਰੀ ਉਹਨਾਂ ਦੀ ਟੂਕ ਦਿੱਤੀ ਜਾਂਦੀ ਹੈ ਅਤੇ ਉਹ ਮਾਰਕਸਵਾਦ ਨੂੰ ਮੌਕਾ-ਪ੍ਰਸਤੀ ਜਿਹਾ ਬਣਾਉਣ ਲਈ ਕੀਤੇ ਰਵਾਇਤੀ ਵਿਗਾੜ ਨੂੰ ਏਨੀ ਚੰਗੀ ਤਰ੍ਹਾਂ ਪ੍ਰਗਟ ਕਰਦੇ ਹਨ ਕਿ ਸਾਡੇ ਲਈ ਉਹਨਾਂ ਨੂੰ ਵਿਸਥਾਰ ਨਾਲ਼ ਲੈਣਾ ਲਾਜ਼ਮੀ ਹੈ। ਅਸੀਂ ਉਸ ਸਾਰੀ ਦਲੀਲ ਦੀ ਟੂਕ ਦਿਆਂਗੇ ਜਿਸ ਵਿੱਚੋਂ ਇਹ ਲਏ ਗਏ ਹਨ:

> "ਪ੍ਰੋਲਤਾਰੀ ਰਾਜਸੀ ਸ਼ਕਤੀ ਉੱਤੇ ਕਬਜ਼ਾ ਕਰ ਲੈਂਦਾ ਹੈ ਅਤੇ ਪਹਿਲਾਂ ਪਹਿਲ ਉਤਪਾਦਨ ਦੇ ਸਾਧਨਾਂ ਨੂੰ ਰਾਜ ਦੀ ਮਾਲਕੀ ਬਣਾ ਦੇਂਦਾ ਹੈ। ਪਰ ਅਜਿਹਾ ਕਰਦੇ ਹੋਏ ਉਹ ਆਪਣੇ ਆਪ ਨੂੰ ਪ੍ਰੋਲਤਾਰੀ ਦੇ ਤੌਰ 'ਤੇ ਖ਼ਤਮ ਕਰ ਦੇਂਦਾ ਹੈ, ਸਭ ਜਮਾਤੀ ਫਰਕਾਂ ਅਤੇ ਜਮਾਤੀ ਵਿਰੋਧਾਂ ਨੂੰ ਖ਼ਤਮ ਕਰ ਦੇਂਦਾ ਹੈ ਅਤੇ ਰਾਜ ਦੇ ਤੌਰ 'ਤੇ ਰਾਜ ਨੂੰ ਵੀ ਖ਼ਤਮ ਕਰ ਦੇਂਦਾ ਹੈ। ਹੁਣ ਤੱਕ ਸਮਾਜ ਨੂੰ, ਜੋ ਜਮਾਤੀ ਵਿਰੋਧਾਂ ਉੱਤੇ ਆਧਾਰਤ ਸੀ, ਆਪਣੀਆਂ ਉਤਪਾਦਨ ਦੀਆਂ ਬਾਹਰਮੁਖੀ ਹਾਲਤਾਂ ਕਾਇਮ ਰੱਖਣ ਲਈ ਅਤੇ, ਇਸੇ ਲਈ, ਵਿਸ਼ੇਸ਼ ਤੌਰ ਉੱਤੇ, ਲੁਟੀਂਦੀਆਂ ਜਮਾਤਾਂ ਨੂੰ ਉਤਪਾਦਨ ਦੇ ਢੰਗ ਦੇ ਅਨੁਸਾਰੀ ਦਾਬੇ ਦੀ ਹਾਲਤ (ਗ਼ੁਲਾਮੀ, ਖੇਤ-ਗ਼ਲਾਮੀ, ਉਜਰਤੀ ਕਿਰਤ) ਵਿੱਚ ਰੱਖਣ ਲਈ, ਰਾਜ ਦੀ ਲੋੜ ਸੀ, ਅਰਥਾਤ ਵਿਸ਼ੇਸ਼ ਜਮਾਤ ਦੀ, ਜਿਹੜੀ ਕੁੱਝ ਸਮੇਂ ਲਈ ਲੁੱਟ-ਚੋਂਘ ਕਰਨ ਵਾਲ਼ੀ ਜਮਾਤ ਸੀ, ਜਥੇਬੰਦੀ ਦੀ ਲੋੜ ਸੀ। ਰਾਜ ਸਮੁੱਚੇ ਤੌਰ 'ਤੇ ਸਮਾਜ ਦਾ ਸਰਕਾਰੀ ਪ੍ਰਤਿਨਿੱਧ ਸੀ, ਇੱਕ ਦ੍ਰਿਸ਼ਟਮਾਨ ਸਜੀਵਤਾ ਵਿੱਚ ਇਹਦਾ ਇਕੱਤਰ ਹੋਣਾ ਸੀ। ਪਰ ਇਹ ਉਸ ਹੱਦ ਤੱਕ ਹੀ ਅਜਿਹਾ ਸੀ ਜਿਸ ਹੱਦ ਤੱਕ ਇਹ ਉਸ ਜਮਾਤ ਦਾ ਰਾਜ ਸੀ ਜਿਹੜੀ, ਕੁੱਝ ਸਮੇਂ ਲਈ ਸਮੁੱਚੇ ਤੌਰ 'ਤੇ ਸਮਾਜ ਦੀ ਪ੍ਰਤਿਨਿੱਧ ਸੀ: ਪ੍ਰਾਚੀਨ ਸਮਿਆਂ ਵਿੱਚ ਗ਼ੁਲਾਮਾਂ ਦੇ ਮਾਲਕ-ਸ਼ਹਿਰੀਆਂ ਦਾ ਰਾਜ; ਮੱਧ ਕਾਲ ਵਿੱਚ ਜਗੀਰੂ ਰਾਠਾਂ ਦਾ ਰਾਜ; ਸਾਡੇ ਸਮੇਂ ਵਿੱਚ ਬੁਰਜੂਆਜ਼ੀ ਦਾ। ਜਦੋਂ ਅੰਤ ਇਹ ਸਮੁੱਚੇ ਸਮਾਜ ਦਾ ਪ੍ਰਤਿਨਿੱਧ ਬਣ ਜਾਂਦਾ ਹੈ ਤਾਂ ਇਹ ਆਪਣੇ ਆਪ ਨੂੰ ਬੇਲੋੜਾ ਬਣਾ ਦੇਂਦਾ ਹੈ। ਜਿਉਂ ਹੀ ਕੋਈ ਅਜਿਹੀ ਸਮਾਜਕ ਜਮਾਤ ਨਹੀਂ ਰਹਿ ਜਾਂਦੀ ਜਿਸਨੂੰ ਦਬਾ ਕੇ ਰੱਖਿਆ ਜਾਵੇ, ਜਿਉਂ ਹੀ ਜਮਾਤੀ ਹਕੂਮਤ ਅਤੇ ਉਤਪਾਦਨ ਵਿੱਚ ਅਜੋਕੀ ਅਰਾਜਕਤਾ ਤੋਂ ਪੈਦਾ ਹੋਇਆ ਵਿਅਕਤੀਗਤ ਘੋਲ ਅਤੇ ਇਹਨਾਂ ਤੋਂ ਪੈਦਾ ਹੋਈਆਂ ਟੱਕਰਾਂ ਅਤੇ ਅੱਤਾਂ ਖ਼ਤਮ ਹੋ ਜਾਂਦੀਆਂ ਹਨ, ਦਬਾਉਣ ਲਈ ਕੁੱਝ ਨਹੀਂ ਰਹਿ ਜਾਂਦਾ ਅਤੇ ਇੱਕ ਵਿਸ਼ੇਸ਼ ਦਾਬੂ ਤਾਕਤ, ਰਾਜ ਦੀ ਲੋੜ ਨਹੀਂ ਰਹਿੰਦੀ। ਪਹਿਲਾ ਅਜਿਹਾ ਕਦਮ ਜਿਸ ਰਾਹੀਂ ਰਾਜ ਆਪਣੇ ਆਪ ਨੂੰ ਸੱਚ ਮੁੱਚ ਸਮੁੱਚੇ ਸਮਾਜ ਦਾ ਪ੍ਰਤਿਨਿੱਧ ਬਣਾਉਂਦਾ ਹੈ—ਸਮਾਜ ਦੇ ਨਾਂ ਉੱਤੇ ਉਤਪਾਦਨ ਦੇ ਸਾਧਨ ਆਪਣੇ ਹੱਥ ਲੈਣਾ— ਇਹਦੇ ਨਾਲ਼ ਹੀ ਨਾਲ਼ ਰਾਜ ਦੇ ਤੌਰ 'ਤੇ ਇਹ ਇਹਦਾ ਅਖ਼ੀਰੀ ਸੁਤੰਤਰ ਕਦਮ ਹੁੰਦਾ ਹੈ। ਇੱਕ ਤੋਂ ਪਿੱਛੋਂ ਦੂਜੇ ਖੇਤਰ ਵਿੱਚ

ਸਮਾਜਕ ਸਬੰਧਾਂ ਅੰਦਰ ਰਾਜਕੀ ਦਖ਼ਲ ਫ਼ਾਲਤੂ ਹੋ ਜਾਂਦਾ ਹੈ ਅਤੇ ਅੰਤ ਇਹ ਆਪ ਹੌਲੀ ਹੌਲੀ ਖ਼ਤਮ ਹੋ ਜਾਂਦਾ ਹੈ; ਲੋਕਾਂ ਉੱਤੇ ਹਕੂਮਤ ਦੀ ਥਾਂ ਵਸਤਾਂ ਦਾ ਪ੍ਰਬੰਧ ਅਤੇ ਉਤਪਾਦਨ ਦੇ ਅਮਲਾਂ ਨੂੰ ਚਲਾਉਣਾ ਲੈ ਲੈਂਦਾ ਹੈ। ਰਾਜ ਨੂੰ "ਖ਼ਤਮ" ਨਹੀਂ ਕੀਤਾ ਜਾਂਦਾ। **ਇਹ ਹੌਲੀ ਹੌਲੀ ਖ਼ਤਮ ਹੋ ਜਾਂਦਾ ਹੈ।** ਇਸ ਨਾਲ਼ ਸਮੇਂ ਸਮੇਂ ਐਜੀਟੇਟਰਾਂ ਵੱਲੋਂ ਵਰਤੇ ਜਾਣ ਦੇ ਯੋਗ ਹੋਣ ਅਤੇ ਇਹਦੀ ਵਿਗਿਆਨਕ ਥੁੜ ਦੋਹਾਂ ਸਬੰਧੀ "ਆਜ਼ਾਦ ਜਨਤਕ ਰਾਜ" ਦੇ ਵਾਕੰਸ਼ ਦੇ ਅਤੇ ਅਖੌਤੀ ਅਰਾਜਕਤਾਵਾਦੀਆਂ ਵੱਲੋਂ ਰਾਜ ਦੇ ਇੱਕ ਦਮ ਖ਼ਤਮ ਕਰ ਦਿੱਤੇ ਜਾਣ ਦੀ ਮੰਗ ਦੀ ਕਦਰ ਦਾ ਨਿਰਣਾ ਹੁੰਦਾ ਹੈ। ('ਸ਼੍ਰੀ ਯੂਜੀਨ ਡੂਹਰਿੰਗ ਦਾ ਵਿਗਿਆਨ ਵਿੱਚ ਇਨਕਲਾਬ' ('ਐਂਟੀ-ਡੂਹਰਿੰਗ'), ਪੰਨਾ 301-303, ਤੀਜੀ ਜਰਮਨ ਛਾਪ)

ਇਹ ਗੱਲ ਗ਼ਲਤੀ ਦੇ ਡਰ ਤੋਂ ਬਿਨਾਂ ਕਹੀ ਜਾ ਸਕਦੀ ਹੈ ਕਿ ਏਂਗਲਜ਼ ਦੀ ਇਸ ਦਲੀਲ ਦਾ, ਜੋ ਵਿਚਾਰਾਂ ਨਾਲ਼ ਏਨੀ ਭਰਪੂਰ ਹੈ, ਇੱਕ ਨੁਕਤਾ ਹੀ, ਅਜੋਕੀਆਂ ਸੋਸ਼ਲਿਸਟ ਪਾਰਟੀਆਂ ਵਿੱਚ ਸੋਸ਼ਲਿਸਟ ਵਿਚਾਰ ਦਾ ਇੱਕ ਜੀਵੀ ਹਿੱਸਾ ਬਣਿਆ ਹੈ, ਅਰਥਾਤ, ਇਹ ਕਿ ਅਰਾਜਕਤਾਵਾਦੀਆਂ ਦਾ ਰਾਜ ਨੂੰ "ਖ਼ਤਮ ਕਰਨ" ਦੇ ਸਿਧਾਂਤ ਤੋਂ ਸਪਸ਼ਟ ਤੌਰ 'ਤੇ ਵੱਖ ਮਾਰਕਸ ਅਨੁਸਾਰ ਰਾਜ "ਹੌਲੀ ਹੌਲੀ ਖ਼ਤਮ ਹੋ ਜਾਂਦਾ ਹੈ।" ਮਾਰਕਸਵਾਦ ਨੂੰ ਇਉਂ ਛਾਂਗਣਾ ਇਹਨੂੰ ਮੌਕਾ-ਪ੍ਰਸਤੀ ਬਣਾ ਦੇਣਾ ਹੈ, ਕਿਉਂਕਿ ਅਜਿਹੀ "ਵਿਆਖਿਆ" ਇੱਕ ਧੀਮੀ, ਇੱਕ-ਸਾਰ, ਦਰਜੇਵਾਰ ਤਬਦੀਲੀ ਦਾ, ਛਾਲਾਂ ਅਤੇ ਝੱਖੜਾਂ ਦੀ ਅਣਹੋਂਦ ਦਾ, ਇਨਕਲਾਬ ਦੀ ਅਣਹੋਂਦ ਦਾ, ਧੁੰਦਲਾ ਜਿਹਾ ਵਿਚਾਰ ਛੱਡਦੀ ਹੈ। ਰਾਜ ਦੇ "ਹੌਲੀ ਹੌਲੀ ਖ਼ਤਮ ਹੋਣ" ਸਬੰਧੀ ਵਰਤਮਾਨ, ਪ੍ਰਚੱਲਤ, ਵਿਸ਼ਾਲ ਪੱਧਰ ਉੱਤੇ ਫੈਲੇ, ਅਸੀਂ ਇਹ ਕਹਿ ਸਕਦੇ ਹਾਂ, ਸੰਕਲਪ ਦੇ ਅਰਥ ਜੇ ਇਨਕਲਾਬ ਦਾ ਤਿਆਗ ਨਹੀਂ ਤਾਂ ਇਹਨੂੰ ਧੀਮਾ ਕਰਨਾ ਜ਼ਰੂਰ ਹੈ।

ਪਰ ਅਜਿਹੀ "ਵਿਆਖਿਆ" ਮਾਰਕਸਵਾਦ ਦਾ ਅਤਿ-ਅੰਤ ਭੱਦਾ ਵਿਗਾੜ ਹੈ ਜਿਸ ਤੋਂ ਕੇਵਲ ਬੁਰਜੂਆਜ਼ੀ ਨੂੰ ਹੀ ਲਾਭ ਪੁੱਜਦਾ ਹੈ; ਜਿਥੋਂ ਤੱਕ ਸਿਧਾਂਤ ਦਾ ਸਬੰਧ ਹੈ, ਇਹ ਉਹਨਾਂ ਅਤਿ-ਅੰਤ ਮਹੱਤਵ-ਪੂਰਨ ਹਾਲਤਾਂ ਅਤੇ ਵਿਚਾਰਾਂ ਵੱਲੋਂ ਲਾਪ੍ਰਵਾਹੀ ਹੈ ਜਿਹੜੇ, ਮਿਸਾਲ ਵਜੋਂ ਏਂਗਲਜ਼ ਦੀ ਉਸ "ਸੰਖੇਪ" ਦਲੀਲ ਵਿੱਚ ਦਿੱਤੇ ਹਨ, ਜਿਸਦੀ ਅਸਾਂ ਉੱਪਰ ਟੂਕ ਦਿੱਤੀ ਹੈ।

ਪਹਿਲੀ ਗੱਲ ਤਾਂ ਇਹ ਹੈ ਕਿ ਆਪਣੀ ਦਲੀਲ ਦੇ ਮੁੱਢ ਵਿੱਚ ਹੀ ਏਂਗਲਜ਼ ਕਹਿੰਦੇ ਹਨ ਕਿ ਜਦੋਂ ਪ੍ਰੋਲਤਾਰੀ ਰਾਜ ਸ਼ਕਤੀ ਉੱਤੇ ਕਬਜ਼ਾ ਕਰਦਾ ਹੈ ਤਾਂ ਅਜਿਹਾ ਕਰਦੇ ਹੋਏ ਉਹ "ਰਾਜ ਦੇ ਤੌਰ 'ਤੇ ਰਾਜ ਦਾ ਅੰਤ ਕਰ ਦੇਂਦਾ ਹੈ।" ਇਸ ਗੱਲ ਦੇ ਅਰਥਾਂ ਉੱਤੇ ਵਿਚਾਰ ਕਰਨਾ "ਚੰਗੀ ਗੱਲ ਨਹੀਂ।" ਆਮ ਤੌਰ ਉੱਤੇ ਇਹਨੂੰ ਜਾਂ ਤਾਂ ਉੱਕਾ ਹੀ ਅੱਖੋਂ ਉਹਲੇ ਕਰ ਦਿੱਤਾ ਜਾਂਦਾ ਹੈ ਜਾਂ ਇਹਨੂੰ ਏਂਗਲਜ਼ ਦੀ "ਹੀਗਲਵਾਦੀ ਕਮਜ਼ੋਰੀ" ਜਿਹੀ ਗੱਲ ਸਮਝਿਆ ਜਾਂਦਾ ਹੈ। ਪਰ ਤੱਥ ਤਾਂ ਇਹ ਹੈ ਕਿ ਇਹ ਸ਼ਬਦ ਸੰਖੇਪ ਤੌਰ 'ਤੇ ਸਭ ਤੋਂ ਮਹਾਨ ਪ੍ਰੋਲਤਾਰੀ ਇਨਕਲਾਬਾਂ ਵਿੱਚੋਂ ਇੱਕ, 1871 ਦੇ ਪੈਰਿਸ ਕਮਿਊਨ ਦੇ, ਜਿਸ ਸਬੰਧੀ ਅਸੀਂ ਯੋਗ ਥਾਂ ਉੱਤੇ ਵਧੇਰੇ ਵਿਸਥਾਰ ਨਾਲ਼ ਗਲ ਕਰਾਂਗੇ, ਤਜ਼ਰਬੇ ਨੂੰ ਸੰਖੇਪ ਤੌਰ 'ਤੇ ਪੇਸ਼

ਕਰਦੇ ਹਨ। ਤੱਥ ਤਾਂ ਇਹ ਹੈ ਕਿ ਇਥੇ ਏਂਗਲਜ਼ ਪ੍ਰੋਲਤਾਰੀ ਇਨਕਲਾਬ ਵੱਲੋਂ **ਬੁਰਜੂਆ** ਰਾਜ ਦਾ "ਅੰਤ ਕਰਨ" ਦੀ ਗੱਲ ਕਰਦੇ ਹਨ ਜਿੱਥੇ ਰਾਜ ਦੇ ਹੌਲੀ ਹੌਲੀ ਖ਼ਤਮ ਹੋਣ ਸਬੰਧੀ ਸ਼ਬਦ ਸੋਸ਼ਲਿਸਟ ਇਨਕਲਾਬ **ਤੋਂ ਪਿੱਛੋਂ ਪ੍ਰੋਲਤਾਰੀ** ਰਾਜ ਦੀ ਰਹਿੰਦ ਖੂੰਹਦ ਬਾਰੇ ਹਨ। ਏਂਗਲਜ਼ ਅਨੁਸਾਰ ਬੁਰਜੂਆ ਰਾਜ "ਹੌਲੀ ਹੌਲੀ ਖ਼ਤਮ" ਨਹੀਂ ਹੁੰਦਾ ਸਗੋਂ ਪ੍ਰੋਲਤਾਰੀ ਵੱਲੋਂ ਇਨਕਲਾਬ ਦੌਰਾਨ ਇਹਦਾ **"ਅੰਤ ਕਰ ਦਿੱਤਾ ਜਾਂਦਾ"** ਹੈ। ਜੋ ਇਸ ਤੋਂ ਪਿੱਛੋਂ ਹੌਲੀ ਹੌਲੀ ਖ਼ਤਮ ਹੁੰਦਾ ਹੈ ਉਹ ਹੈ ਪ੍ਰੋਲਤਾਰੀ ਰਾਜ ਜਾਂ ਅਰਧ-ਰਾਜ।

ਦੂਜੇ, ਰਾਜ ਇੱਕ "ਵਿਸ਼ੇਸ਼ ਦਾਬੂ ਤਾਕਤ" ਹੈ। ਏਂਗਲਜ਼ ਇਥੇ ਅਤਿਅੰਤ ਸਪਸ਼ਟਤਾ ਨਾਲ਼ ਇਹ ਸ਼ਾਨਦਾਰ ਅਤੇ ਅਤਿ-ਅੰਤ ਡੂੰਘੀ ਵਿਆਖਿਆ ਦਿੰਦੇ ਹਨ ਅਤੇ ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਬੁਰਜੂਆਜ਼ੀ ਵੱਲੋਂ ਪ੍ਰੋਲਤਾਰੀ ਨੂੰ ਦਬਾਉਣ ਲਈ, ਮੁੱਠੀ ਭਰ ਅਮੀਰਾਂ ਵੱਲੋਂ ਕਰੋੜਾਂ ਕਿਰਤੀਆਂ ਨੂੰ ਦਬਾਉਣ ਲਈ ਇਸ "ਵਿਸ਼ੇਸ਼ ਦਾਬੂ ਤਾਕਤ" ਦੀ ਥਾਂ ਪ੍ਰੋਲਤਾਰੀ ਵੱਲੋਂ ਬੁਰਜੂਆਜ਼ੀ ਨੂੰ ਦਬਾਉਣ ਲਈ "ਵਿਸ਼ੇਸ਼ ਦਾਬੂ ਤਾਕਤ" (ਪ੍ਰੋਲਤਾਰੀ ਦੀ ਤਾਨਾਸ਼ਾਹੀ) ਕਾਇਮ ਕੀਤੀ ਜਾਵੇ। "ਰਾਜ ਦੇ ਤੌਰ 'ਤੇ ਰਾਜ ਦੇ ਅੰਤ" ਦੇ ਇਹੋ ਅਰਥ ਹਨ। ਐਨ ਇਹੋ ਸਮਾਜ ਦੇ ਨਾਂ ਉੱਤੇ ਉਤਪਾਦਨ ਦੇ ਸਾਧਨ ਹੱਥ ਵਿੱਚ ਲੈਣ ਦਾ "ਅਮਲ" ਹੈ। ਅਤੇ ਇਹ ਸਵੈ-ਸਪਸ਼ਟ ਹੈ ਕਿ ਇੱਕ (ਬੁਰਜੂਆ) "ਵਿਸ਼ੇਸ਼ ਤਾਕਤ" ਦੀ ਥਾਂ ਇੱਕ ਹੋਰ (ਪ੍ਰੋਲਤਾਰੀ) "ਵਿਸ਼ੇਸ਼ ਤਾਕਤ" ਵੱਲੋਂ ਲੈਣ ਦਾ ਅਜਿਹਾ ਅਮਲ "ਹੌਲੀ ਹੌਲੀ ਖ਼ਤਮ ਹੋਣ" ਦੇ ਰੂਪ ਵਿੱਚ ਨਹੀਂ ਵਾਪਰ ਸਕਦਾ।

ਤੀਜੇ, ਰਾਜ ਦੇ "ਹੌਲੀ ਹੌਲੀ ਖ਼ਤਮ ਹੋਣ" ਅਤੇ ਇਸ ਤੋਂ ਵੀ ਵੱਧ ਵਧੇਰੇ ਚਿੱਤਰਮਈ ਅਤੇ ਰੰਗੀਨ "ਆਪਣੇ ਆਪ ਖ਼ਤਮ ਹੋਣ" ਦੀ ਗੱਲ ਕਰਦੇ ਹੋਏ ਏਂਗਲਜ਼ ਬਿਲਕੁਲ ਸਪਸ਼ਟ ਤੌਰ 'ਤੇ "ਰਾਜ ਵੱਲੋਂ ਸਮੁੱਚੇ ਸਮਾਜ ਦੇ ਨਾਂ ਉੱਤੇ ਉਤਪਾਦਨ ਦੇ ਸਾਧਨ ਆਪਣੇ ਹੱਥ ਲੈ ਲੈਣ "**ਤੋਂ ਪਿੱਛੋਂ** ਦੇ ਸਮੇਂ ਦੀ, ਅਰਥਾਤ, ਸੋਸ਼ਲਿਸਟ ਇਨਕਲਾਬ **ਤੋਂ ਪਿੱਛੋਂ** ਦੇ ਸਮੇਂ ਦੀ ਗੱਲ ਕਰਦੇ ਹਨ। ਅਸੀਂ ਜਾਣਦੇ ਹਾਂ ਕਿ ਉਸ ਸਮੇਂ "ਰਾਜ" ਦਾ ਰਾਜਸੀ ਰੂਪ ਅਤਿ-ਅੰਤ ਮੁਕੰਮਲ ਜਮਹੂਰੀਅਤ ਹੈ। ਪਰ ਮਾਰਕਸਵਾਦ ਨੂੰ ਏਨੀ ਬੇਸ਼ਰਮੀ ਨਾਲ਼ ਤੋੜਨ-ਮਰੋੜਨ ਵਾਲ਼ਿਆਂ ਮੌਕਾ-ਪ੍ਰਸਤਾਂ ਦੇ ਦਿਮਾਗ਼ ਵਿੱਚ ਇਹ ਗੱਲ ਕਦੇ ਨਹੀਂ ਘੁਸਦੀ ਕਿ ਇਹਦੇ ਸਿੱਟੇ ਵੱਜੋਂ ਏਂਗਲਜ਼ **ਜਮਹੂਰੀਅਤ ਦੇ** "ਆਪਣੇ ਆਪ ਖ਼ਤਮ ਹੋ ਜਾਣ" ਜਾਂ "ਹੌਲੀ ਹੌਲੀ ਖ਼ਤਮ ਹੋ ਜਾਣ" ਦੀ ਗੱਲ ਕਰ ਰਿਹਾ ਹੈ। ਪਹਿਲੀ ਨਜ਼ਰੇ ਇਹ ਗੱਲ ਬੜੀ ਅਜੀਬ ਜਾਪਦੀ ਹੈ; ਪਰ ਇਹ ਕੇਵਲ ਉਹਨਾਂ ਲਈ "ਸਮਝ ਨਾ ਆਉਣ ਵਾਲ਼ਾ ਹੈ" ਜਿਨ੍ਹਾਂ ਕਦੇ ਇਸ ਗੱਲ ਉੱਤੇ ਵਿਚਾਰ ਨਹੀਂ ਕੀਤਾ ਕਿ ਜਮਹੂਰੀਅਤ **ਵੀ ਤਾਂ** ਇੱਕ ਰਾਜ ਹੈ ਅਤੇ ਇਸੇ ਲਈ, ਜਦੋਂ ਰਾਜ ਦਾ ਅੰਤ ਹੋਵੇਗਾ ਤਾਂ ਜਮਹੂਰੀਅਤ ਦਾ ਵੀ ਅੰਤ ਹੋ ਜਾਵੇਗਾ। ਕੇਵਲ ਇਨਕਲਾਬ ਹੀ ਬੁਰਜੂਆ ਰਾਜ ਨੂੰ "ਖ਼ਤਮ" ਕਰ ਸਕਦਾ ਹੈ। ਆਮ ਤੌਰ 'ਤੇ ਰਾਜ, ਅਰਥਾਤ, ਅਤਿ-ਅੰਤ ਮੁਕੰਮਲ ਜਮਹੂਰੀਅਤ ਕੇਵਲ "ਹੌਲੀ ਹੌਲੀ ਖ਼ਤਮ" ਹੋ ਸਕਦਾ ਹੈ।

ਚੌਥੇ, ਆਪਣਾ ਪ੍ਰਸਿੱਧ ਵਿਚਾਰ ਕਿ "ਰਾਜ ਹੌਲੀ ਹੌਲੀ ਖ਼ਤਮ ਹੋ ਜਾਂਦਾ ਹੈ" ਦੀ ਪੇਸ਼ਕਾਰੀ ਪਿੱਛੋਂ ਏਂਗਲਜ਼ ਖਾਸ ਤੌਰ 'ਤੇ ਵਿਆਖਿਆ ਕਰਦੇ ਹਨ ਕਿ ਇਸ ਵਿਚਾਰ ਦਾ ਰੁਖ਼

ਮੌਕਾ-ਪ੍ਰਸਤਾਂ ਅਤੇ ਅਰਾਜਕਤਾਵਾਦੀਆਂ ਦੁਹਾਂ ਵਿਰੁੱਧ ਹੈ। ਅਜਿਹਾ ਕਰਦੇ ਹੋਏ ਏਂਗਲਜ਼ ਇਸ ਖਿਆਲ ਤੋਂ ਕਿ "ਰਾਜ ਹੌਲੀ ਹੌਲੀ ਖ਼ਤਮ ਹੋ ਜਾਂਦਾ ਹੈ", ਤੋਂ ਕੱਢੇ ਉਹਨਾਂ ਸਿੱਟਿਆਂ ਨੂੰ ਮੂਹਰਲੀ ਸਫ਼ ਵਿੱਚ ਰੱਖਦੇ ਹਨ ਜਿਨ੍ਹਾਂ ਦਾ ਨਿਸ਼ਾਨਾ ਮੌਕਾ-ਪ੍ਰਸਤਾਂ ਵਿਰੁੱਧ ਹੈ।

ਅਸੀਂ ਸ਼ਰਤ ਲਾ ਸਕਦੇ ਹਾਂ ਕਿ ਜਿਨ੍ਹਾਂ ਹਰ 10,000 ਲੋਕਾਂ ਨੇ ਰਾਜ ਦੇ "ਹੌਲੀ ਹੌਲੀ ਖ਼ਤਮ ਹੋ ਜਾਣ ਸਬੰਧੀ" ਪੜ੍ਹਿਆ ਜਾਂ ਸੁਣਿਆ ਹੈ ਉਹਨਾਂ ਵਿੱਚੋਂ 9,990 ਨੂੰ ਜਾਂ ਤਾਂ ਪਤਾ ਨਹੀਂ ਅਤੇ ਜਾਂ ਉਹ ਭੁੱਲ ਗਏ ਹਨ ਕਿ ਏਂਗਲਜ਼ ਨੇ ਇਸ ਵਿਚਾਰ ਤੋਂ ਕੱਢੇ ਆਪਣੇ ਸਿੱਟਿਆਂ ਦਾ ਨਿਸ਼ਾਨਾ **ਕੇਵਲ** ਅਰਜਾਕਤਾਵਾਦੀਆਂ ਨੂੰ ਹੀ **ਨਹੀਂ** ਸੀ ਬਣਾਇਆ। ਅਤੇ ਬਾਕੀ ਦਸਾਂ ਵਿੱਚੋਂ ਨੌਂ ਨੂੰ ਸ਼ਾਇਦ ਇਹ ਨਹੀਂ ਪਤਾ ਕਿ "ਆਜ਼ਾਦ ਜਨਤਕ ਰਾਜ" ਦੇ ਅਰਥ ਕੀ ਹਨ ਜਾਂ ਇਸ ਨਾਹਰੇ ਉੱਤੇ ਹਮਲਾ ਮੌਕਾ-ਪ੍ਰਸਤਾਂ ਉੱਤੇ ਹਮਲਾ ਕਿਉਂ ਹੈ। ਇਉਂ ਲਿਖਿਆ ਜਾਂਦਾ ਹੈ ਇਤਿਹਾਸ! ਇਉਂ ਮਹਾਨ ਇਨਕਲਾਬੀ ਸਿੱਖਿਆ ਅਦਿੱਖ ਤੌਰ 'ਤੇ ਝੁਠਲਾਈ ਅਤੇ ਪ੍ਰਚਲਤ ਤੰਗ-ਨਜ਼ਰੀ ਦੇ ਅਨੁਕੂਲ ਬਣਾਈ ਜਾਂਦੀ ਹੈ! ਉਹ ਸਿੱਟਾ ਜਿਸਦਾ ਨਿਸ਼ਾਨਾ ਅਰਾਜਕਤਾਵਾਦੀ ਹਨ ਹਜ਼ਾਰਾਂ ਵਾਰ ਦੁਹਰਾਇਆ ਗਿਆ ਹੈ,ਬਾਜ਼ਾਰੀ ਬਣਾਇਆ ਗਿਆ ਹੈ, ਅਤਿ-ਅੰਤ ਹੋਛੇ ਢੰਗ ਨਾਲ਼ ਲੋਕਾਂ ਦੇ ਕੰਨਾਂ ਵਿੱਚ ਚੀਕਿਆ ਗਿਆ ਹੈ, ਇਥੋਂ ਤੱਕ ਕਿ ਇਹਨੇ ਇੱਕ ਤੁਅੱਸਬ ਦਾ ਬਲ ਪ੍ਰਾਪਤ ਕਰ ਲਿਆ ਹੈ; ਪਰ ਉਸ ਸਿੱਟੇ ਉੱਤੇ ਜਿਸ ਦਾ ਨਿਸ਼ਾਨਾ ਮੌਕਾ-ਪ੍ਰਸਤ ਹਨ ਪਰਦਾ ਪਾਇਆ ਗਿਆ ਹੈ ਅਤੇ "ਭੁਲਾ ਦਿੱਤਾ" ਗਿਆ ਹੈ।

"ਆਜ਼ਾਦ ਜਨਤਕ ਰਿਆਸਤ" ਅੱਠਵੇਂ ਦਹਾਕੇ ਵਿੱਚ ਜਰਮਨ ਸੋਸ਼ਲ-ਡੈਮੋਕਰੈਟਾਂ ਦੀ ਪ੍ਰੋਗਰਾਮ ਸਬੰਧੀ ਮੰਗ ਅਤੇ ਪ੍ਰਚੱਲਤ ਨਾਹਰਾ ਸੀ। ਇਸ ਨਾਹਰੇ ਵਿੱਚ ਇਸ ਤੋਂ ਬਿਨਾਂ ਕੋਈ ਰਾਜਸੀ ਤੱਤ ਨਹੀਂ ਕਿ ਇਹ ਬੜੇ ਹੈਂਕੜੀ ਤੰਗ-ਨਜ਼ਰ ਢੰਗ ਨਾਲ਼ ਜਮਹੂਰੀਅਤ ਦੇ ਵਿਚਾਰ ਨੂੰ ਬਿਆਨ ਕਰਦਾ ਹੈ। ਜਿੱਥੋਂ ਤੱਕ ਇਹ ਕਾਨੂੰਨੀ ਤੌਰ 'ਤੇ ਇਜਾਜ਼ਤ ਮਿਲੇ ਢੰਗ ਨਾਲ਼ ਇੱਕ ਜਮਹੂਰੀ ਗਣਰਾਜ ਵੱਲ ਇਸ਼ਾਰਾ ਕਰਦੀ ਸੀ, ਏਂਗਲਜ਼ ਐਜੀਟੇਸ਼ਨ ਦੇ ਨਜ਼ਰੀਏ ਤੋਂ "ਕੁੱਝ ਸਮੇਂ ਲਈ" ਇਹ ਦੀ ਵਰਤੋਂ "ਹਕੀ ਠਹਿਰਾਉਣ" ਲਈ ਤਿਆਰ ਸੀ। ਪਰ ਇਹ ਇੱਕ ਮੌਕਾ-ਪ੍ਰਸਤ ਨਾਹਰਾ ਸੀ ਕਿਉਂਕਿ ਇਹ ਨਾ ਕੇਵਲ ਬੁਰਜੂਆ ਜਮਹੂਰੀਅਤ ਦੇ ਸ਼ਿੰਗਾਰਨ ਨੂੰ ਹੀ ਪ੍ਰਗਟ ਕਰਦਾ ਸੀ ਸਗੋਂ ਆਮ ਤੌਰ 'ਤੇ ਹਰ ਇੱਕ ਰਾਜ ਦੀ ਸੋਸ਼ਲਿਸਟ ਪੜਚੋਲ ਨੂੰ ਸਮਝਣ ਵਿੱਚ ਅਸਫਲਤਾ ਨੂੰ ਪ੍ਰਗਟ ਕਰਦਾ ਸੀ।ਅਸੀਂ ਜਮਹੂਰੀ ਗਣਰਾਜ ਦੇ ਸਰਮਾਏਦਾਰੀ ਅਧੀਨ ਪ੍ਰੋਲੇਤਾਰੀ ਲਈ ਸਰਵਉਤਮ ਰੂਪ ਦੇ ਤੌਰ 'ਤੇ ਇਹਦੇ ਹੱਕ ਵਿੱਚ ਹਾਂ; ਪਰ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਭ ਤੋਂ ਵੱਧ ਜਮਹੂਰੀ ਬੁਰਜੂਆ ਗਣਰਾਜ ਵਿੱਚ ਵੀ ਉਜਰਤੀ ਗੁਲਾਮੀ ਲੋਕਾਂ ਦੀ ਹੋਣੀ ਹੈ। ਇਸ ਤੋਂ ਵੱਧ ਹਰ ਰਾਜ ਪਸਿਤੀ ਜਮਾਤ ਨੂੰ "ਦਬਾਉਣ ਲਈ ਇੱਕ ਵਿਸ਼ੇਸ਼ ਤਾਕਤ" ਹੈ। ਇਹਦੇ ਸਿੱਟੇ ਵਜੋਂ ਹਰ ਰਾਜ ਨਾ ਤਾਂ "ਆਜ਼ਾਦ" ਹੈ ਅਤੇ ਨਾ "ਜਨਤਕ ਰਾਜ"।ਮਾਰਕਸ ਅਤੇ ਏਂਗਲਜ਼ ਨੇ ਅੱਠਵੇਂ ਦਹਾਕੇ ਵਿੱਚ[7] ਅਨੇਕ ਵਾਰ ਆਪਣੇ ਪਾਰਟੀ ਸਾਥੀਆਂ ਨੂੰ ਸਮਝਾਇਆ।

ਪੰਜਵੇਂ, ਏਂਗਲਜ਼ ਦੀ ਇਸੇ ਕਿਰਤ ਵਿੱਚ, ਜਿਸ ਵਿੱਚੋਂ ਹਰ ਇੱਕ ਨੂੰ ਰਾਜ ਦੇ ਹੌਲੀ ਹੌਲੀ ਖ਼ਤਮ ਹੋਣ ਸੰਬੰਧੀ ਦਲੀਲ ਯਾਦ ਹੈ, ਹਿੰਸਕ ਇਨਕਲਾਬ ਸਬੰਧੀ ਵੀ ਮਹੱਤਤਾ

ਵਾਲ਼ੀ ਦਲੀਲ ਹੈ। ਏਂਗਲਜ਼ ਨੇ ਇਹਦੇ ਰੋਲ ਦਾ ਜਿਹੜਾ ਇਤਿਹਾਸਕ ਵਿਸ਼ਲੇਸ਼ਣ ਕੀਤਾ ਹੈ ਉਹ ਲਗਭਗ ਹਿੰਸਕ ਇਨਕਲਾਬ ਦਾ ਸੋਹਲਾ ਬਣ ਜਾਂਦਾ ਹੈ। ਇਹ "ਕਿਸੇ ਨੂੰ ਯਾਦ ਨਹੀਂ"; ਅਜੋਕੀਆਂ ਸੋਸ਼ਲਿਸਟ ਪਾਰਟੀਆਂ ਵਿੱਚ ਇਸ ਵਿਚਾਰ ਦੀ ਮਹੱਤਤਾ ਸਬੰਧੀ ਗੱਲ ਕਰਨਾ ਜਾਂ ਸੋਚਣਾ ਵੀ ਚੰਗੀ ਗੱਲ ਨਹੀਂ ਅਤੇ ਲੋਕਾਂ ਵਿੱਚ ਉਹਨਾਂ ਦੇ ਨਿੱਤ ਦੇ ਪ੍ਰਚਾਰ ਅਤੇ ਐਜੀਟੇਸ਼ਨ ਵਿੱਚ ਇਹਦਾ ਕੋਈ ਹਿੱਸਾ ਨਹੀਂ। ਪਰ ਇਹ ਇੱਕ ਇਕਸੁਰ ਸਮੂਹ ਵਿੱਚ ਰਾਜ ਦੇ "ਹੌਲੀ ਹੌਲੀ ਖ਼ਤਮ ਹੋ ਜਾਣ" ਨਾਲ਼ ਅਨਿੱਖੜਵੇਂ ਢੰਗ ਨਾਲ਼ ਜੁੜਿਆ ਹੋਇਆ ਹੈ।

ਇਹ ਹੈ ਏਂਗਲਜ਼ ਦੀ ਦਲੀਲ:

> "...ਕਿ, ਇਹਦੇ ਬਾਵਜੂਦ, ਤਾਕਤ ਇਤਿਹਾਸ ਵਿੱਚ ਇੱਕ ਹੋਰ ਰੋਲ", (ਸ਼ੈਤਾਨੀ ਤਾਕਤ ਤੋਂ ਬਿਨਾਂ ਕੋਈ ਰੋਲ) "ਇੱਕ ਇਨਕਲਾਬੀ ਰੋਲ ਅਦਾ ਕਰਦੀ ਹੈ, ਕਿ, ਮਾਰਕਸ ਦੇ ਸ਼ਬਦਾਂ ਵਿੱਚ, ਇਹ ਹਰ ਪੁਰਾਣੇ ਸਮਾਜ ਦੀ, ਜਿਹੜੀ ਇੱਕ ਨਵੇਂ[8] ਸਮਾਜ ਨਾਲ਼ ਗੱਭਣ ਹੈ, ਦਾਈ ਹੈ, ਕਿ ਇਹ ਉਹ ਸਾਧਨ ਹੈ ਜਿਸਨੂੰ ਵਰਤ ਕੇ ਹਰ ਸਮਾਜੀ ਲਹਿਰ ਮੁਰਦਾ, ਪਥਰਾਏ ਰਾਜਸੀ ਰੂਪਾਂ ਵਿੱਚੋਂ ਜ਼ਬਰਦਸਤੀ ਆਪਣਾ ਰਾਹ ਬਣਾਉਂਦੀ ਅਤੇ ਉਹਨਾਂ ਨੂੰ ਤੋੜਦੀ-ਫੋੜਦੀ ਹੈ—ਇਸ ਸਬੰਧੀ ਸ਼੍ਰੀ ਡੂਹਰਿੰਗ ਦੀ ਲਿਖਤ ਵਿੱਚ ਇੱਕ ਵੀ ਸ਼ਬਦ ਨਹੀਂ। ਹਾਉਕੇ ਭਰਕੇ ਅਤੇ ਕਰਾਹ ਕੇ ਹੀ ਉਹ ਇਹ ਸੰਭਾਵਨਾ ਕਬੂਲ ਕਰਦਾ ਹੈ ਕਿ ਲੁੱਟ-ਚੋਂਘ ਦੀ ਆਰਥਕ ਪ੍ਰਣਾਲੀ ਨੂੰ ਖ਼ਤਮ ਕਰਨ ਲਈ ਸ਼ਾਇਦ ਤਾਕਤ ਦੀ ਵਰਤੋਂ ਜ਼ਰੂਰੀ ਹੋਵੇਗੀ —ਮੰਦੇ-ਭਾਗੀਂ, ਕਿਉਂਕਿ ਤਾਕਤ ਦੀ ਹਰ ਵਰਤੋਂ, ਨਿਰਸੰਦੇਹ, ਇਹਦੀ ਵਰਤੋਂ ਕਰਨ ਵਾਲ਼ੇ ਮਨੁੱਖ ਦਾ ਪਤਨ ਕਰ ਦੇਂਦੀ ਹੈ। ਅਤੇ ਇਹ ਉਸ ਅਥਾਹ ਸਦਾਰਚਾਰਕ ਅਤੇ ਆਤਮਕ ਜ਼ੋਰ ਦੇ ਬਾਵਜੂਦ ਜਿਹੜਾ ਹਰ ਸਫ਼ਲ ਇਨਕਲਾਬ ਨੇ ਦਿੱਤਾ ਹੈ! ਅਤੇ ਇਹ ਕੁੱਝ ਜਰਮਨੀ ਵਿੱਚ ਜਿੱਥੋਂ ਇੱਕ ਹਿੰਸਕ ਟੱਕਰ ਨੂੰ—ਜਿਹੜੀ ਨਿਰਸੰਦੇਹ ਲੋਕਾਂ ਸਿਰ ਠੋਸੀ ਜਾਵੇਗੀ—ਘੱਟੋ ਘੱਟ ਇਹ ਲਾਭ ਪ੍ਰਾਪਤ ਹੋਵੇਗਾ ਕਿ ਉਹ ਉਸ ਦਾਸਪੁਣੇ ਨੂੰ ਮੇਟ ਦੇਵੇਗੀ ਜਿਹੜੀ ਤੀਹ ਵਰ੍ਹਿਆਂ ਦੇ ਯੁੱਧ ਵਿੱਚ[9] ਨਿਰਾਦਰੀ ਦੇ ਸਿੱਟੇ ਵਜੋਂ ਕੌਮੀ ਚੇਤੰਨਤਾ ਦੇ ਰੋਮ ਰੋਮ ਵਿੱਚ ਰਚ ਗਈ ਹੈ। ਅਤੇ ਇਸ ਪਾਦਰੀ ਦਾ ਸੋਚਣ ਦਾ ਢੰਗ—ਬੇਜਾਨ, ਨਿਰਉਤਸ਼ਾਹ ਅਤੇ ਖੱਸੀ—ਆਪਣੇ ਆਪ ਨੂੰ ਉਸ ਪਾਰਟੀ ਉੱਤੇ ਠੋਸਣ ਦਾ ਦਾਹਵਾ ਕਰਦਾ ਹੈ ਜਿਹੜੀ ਇਤਿਹਾਸ ਵਿੱਚ ਸਭ ਤੋਂ ਵੱਧ ਇਨਕਲਾਬੀ ਰਹੀ ਹੈ!" (ਪੰਨਾ 193, ਤੀਜੀ ਜਰਮਨ ਛਾਪ, ਦੂਜਾ ਭਾਗ, ਕਾਂਡ ਚਾਰ ਦਾ ਅੰਤ।)

ਹਿੰਸਕ ਇਨਕਲਾਬ ਦੇ ਇਸ ਸੋਹਲੇ ਨੂੰ, ਜਿਸ ਵੱਲ ਏਂਗਲਜ਼ ਬੜੀ ਦ੍ਰਿੜ੍ਹਤਾ ਨਾਲ਼ 1878 ਅਤੇ 1894 ਦੇ ਵਿਚਕਾਰ, ਅਰਥਾਤ, ਐਨ ਆਪਣੀ ਮੌਤ ਤੱਕ, ਜਰਮਨ ਸੋਸ਼ਲ-ਡੈਮੋਕਰੈਟਾਂ ਦਾ ਧਿਆਨ ਦਿਵਾਉਂਦੇ ਰਹੇ, ਰਾਜ ਦੇ "ਹੌਲੀ ਹੌਲੀ ਖ਼ਤਮ ਹੋ ਜਾਣ" ਦੇ ਸਿਧਾਂਤ ਨਾਲ਼ ਕਿਵੇਂ ਇਉਂ ਮੇਲਿਆ ਜਾ ਸਕਦਾ ਹੈ ਕਿ ਇਹ ਇੱਕੋ ਇੱਕ ਸਿਧਾਂਤ ਬਣ ਜਾਣ।

ਆਮ ਤੌਰ ’ਤੇ ਦੁਹਾਂ ਨੂੰ ਸਾਰਸੰਗ੍ਰਹਿਵਾਦ (Eclecticism) ਵਰਤ ਕੇ, ਬੇਅਸੂਲੀ, ਜਾਂ ਆਪਹੁਦਰੇ ਤੌਰ ’ਤੇ (ਜਾਂ ਸਮੇਂ ਦੇ ਅਧਿਕਾਰੀਆਂ ਨੂੰ ਖ਼ੁਸ਼ ਕਰਨ ਲਈ) ਕੀਤੀ ਕਦੇ ਇੱਕ ਅਤੇ ਕਦੇ ਦੂਜੀ ਦਲੀਲ ਦੀ ਬਣਾਉਟੀ ਚੋਣ ਰਾਹੀਂ ਸੁਮੇਲਿਆ ਜਾਂਦਾ ਹੈ, ਅਤੇ ਸੌ ਵਿੱਚੋਂ 99 ਵਾਰੀ, ਜੇ ਇਸ ਤੋਂ ਵੱਧ ਵਾਰੀ ਨਹੀਂ, “ਹੌਲੀ ਹੌਲੀ ਖਤਮ ਹੋ ਜਾਣ” ਦਾ ਵਿਚਾਰ ਹੀ ਸਭ ਤੋਂ ਅੱਗੇ ਰੱਖਿਆ ਜਾਂਦਾ ਹੈ। ਦਵੰਦਵਾਦ ਦੀ ਥਾਂ ਸਾਰਸੰਗ੍ਰਹਿਵਾਦ ਨੂੰ ਦੇ ਦਿੱਤੀ ਜਾਂਦੀ ਹੈ—ਇਹ ਅਤਿ-ਅੰਤ ਸਾਧਾਰਨ, ਅਤਿ-ਅੰਤ ਵਿਸ਼ਾਲ ਤੌਰ ’ਤੇ ਫੈਲਿਆ ਵਰਤਾਰਾ ਹੈ ਜਿਹੜਾ ਮਾਰਕਸਵਾਦ ਦੇ ਸਬੰਧ ਵਿੱਚ ਅਜੋਕੇ ਸਰਕਾਰੀ ਸੋਸ਼ਲ-ਡੈਮੋਕਰੈਟਿਕ ਸਾਹਿਤ ਵਿੱਚ ਮਿਲਦਾ ਹੈ। ਨਿਰਸੰਦੇਹ, ਇਹੋ ਜਿਹੀ ਅਦਲਾ-ਬਦਲੀ ਕੋਈ ਨਵੀਂ ਗੱਲ ਨਹੀਂ, ਕਲਾਸੀਕੀ ਯੂਨਾਨੀ ਦਰਸ਼ਨ ਦੇ ਇਤਿਹਾਸ ਵਿੱਚ ਵੀ ਇਹ ਵੇਖਣ ਵਿੱਚ ਆਈ ਸੀ। ਮਾਰਕਸਵਾਦ ਨੂੰ ਗ਼ਲਤ ਢੰਗ ਨਾਲ਼ ਪੇਸ਼ ਕਰਨ ਵਿੱਚ ਦਵੰਦਵਾਦ ਦੀ ਥਾਂ ਸਾਰਸੰਗ੍ਰਹਿਵਾਦ ਨੂੰ ਦੇਣਾ ਲੋਕਾਂ ਨੂੰ ਧੋਖਾ ਦੇਣ ਦਾ ਸਭ ਤੋਂ ਸੌਖਾ ਢੰਗ ਹੈ; ਇਸ ਨਾਲ਼ ਇੱਕ ਭੁਲਾਵੀਂ ਤਸੱਲੀ ਪ੍ਰਾਪਤ ਹੁੰਦੀ ਹੈ; ਜਾਪਦਾ ਇਹ ਹੈ ਕਿ ਇਹ ਅਮਲ ਦੇ ਸਭਨਾਂ ਪੱਖਾਂ ਨੂੰ, ਵਿਕਾਸ ਦੇ ਸਭਨਾਂ ਮੁਹਾਣਾਂ ਨੂੰ, ਸਾਰੇ ਟਾਕਰਵੇਂ ਅਸਰਾਂ, ਇਤਿ-ਆਦ ਨੂੰ, ਮੁੱਖ ਰੱਖ ਰਿਹਾ ਹੈ ਪਰ ਅਸਲੀਅਤ ਵਿੱਚ ਇਹ ਸਮਾਜੀ ਵਿਕਾਸ ਦੇ ਅਮਲ ਦਾ ਕੋਈ ਵੀ ਅਖੰਡ ਤੇ ਇਨਕਲਾਬੀ ਸੰਕਲਪ ਪੇਸ਼ ਨਹੀਂ ਕਰਦਾ।

ਅਸੀਂ ਪਿੱਛੇ ਪਹਿਲਾਂ ਹੀ ਕਹਿ ਚੁੱਕੇ ਹਾਂ ਅਤੇ ਅੱਗੇ ਚੱਲ ਕੇ ਵਧੇਰੇ ਵਿਸਥਾਰ ਨਾਲ਼ ਵਿਖਾਵਾਂਗੇ ਕਿ ਹਿੰਸਕ ਇਨਕਲਾਬ ਦੀ ਅਟੱਲਤਾ ਸਬੰਧੀ ਮਾਰਕਸ ਅਤੇ ਏਂਗਲਜ਼ ਦੀ ਸਿੱਖਿਆ ਦਾ ਸੰਬੰਧ ਬੁਰਜੂਆ ਰਾਜ ਨਾਲ਼ ਹੈ। ਪ੍ਰੋਲਤਾਰੀ ਰਾਜ (ਪ੍ਰੋਲਤਾਰੀ ਦੀ ਤਾਨਾਸ਼ਾਹੀ) “ਹੌਲੀ ਹੌਲੀ ਖ਼ਤਮ ਹੋ ਜਾਣ” ਦੇ ਅਮਲ ਰਾਹੀਂ ਬੁਰਜੂਆ ਰਾਜ ਦੀ ਥਾਂ **ਨਹੀਂ ਲੈ ਸਕਦੀ**, ਸਗੋਂ, ਆਮ ਤੌਰ ’ਤੇ, ਹਿੰਸਕ ਇਨਕਲਾਬ ਰਾਹੀਂ ਹੀ ਅਜਿਹਾ ਕਰ ਸਕਦੀ ਹੈ। ਏਂਗਲਜ਼ ਨੇ ਇਹਦੇ ਮਾਣ ਵਿੱਚ ਜਿਹੜੇ ਸੋਹਲੇ ਗਾਏ ਅਤੇ ਜਿਹੜੇ ਮਾਰਕਸ ਦੇ ਘੜੀ ਮੁੜੀ ਕੀਤੇ ਐਲਾਨਾਂ ਨਾਲ਼ ਪੂਰੀ ਤਰ੍ਹਾਂ ਮੇਲ ਖਾਂਦੇ ਹਨ (‘ਦਰਸ਼ਨ ਦੀ ਗ਼ਰੀਬੀ’ ਅਤੇ ‘ਕਮਿਊਨਿਸਟ ਮੈਨੀਫੈਸਟੋ’ ਦੇ ਅੰਤਲੇ ਹਿੱਸੇ ਯਾਦ ਕਰੋ, ਜਿਨ੍ਹਾਂ ਵਿੱਚ ਬੜੇ ਮਾਣ ਨਾਲ਼ ਅਤੇ ਖੁੱਲ੍ਹੀ ਤਰ੍ਹਾਂ ਇੱਕ ਹਿੰਸਕ ਇਨਕਲਾਬ ਦੀ ਅਟੱਲਤਾ ਦਾ ਜ਼ਿਕਰ ਕੀਤਾ ਗਿਆ ਹੈ; ਜ਼ਰਾ ਯਾਦ ਕਰੋ ਤੀਹ ਵਰ੍ਹੇ ਪਿੱਛੋਂ ਮਾਰਕਸ ਨੇ ਗੋਥਾ ਪ੍ਰੋਗਰਾਮ[10] ਤੇ ਪੜਚੋਲ ਕਰਦੇ ਹੋਏ ਕੀ ਲਿਖਿਆ, ਜਦੋਂ ਉਹਨਾਂ ਨੇ ਪ੍ਰੋਗਰਾਮ ਦੇ ਮੌਕਾ-ਪ੍ਰਸਤ ਖ਼ਾਸੇ ਨੂੰ ਬੇਕਿਰਕੀ ਨਾਲ਼ ਚੰਡਿਆ)—ਇਹ ਸੋਹਲਾ ਕਿਸੇ ਵੀ ਤਰ੍ਹਾਂ ਕੇਵਲ ਇੱਕ “ਤਰੰਗ”, ਕੇਵਲ ਇੱਕ ਚੰਗਾ ਐਲਾਨ ਜਾਂ ਰਾਜਸੀ ਮਸ਼ਖਰੀ ਹੀ ਨਹੀਂ। ਲੋਕਾਂ ਵਿੱਚ ਹਿੰਸਕ ਇਨਕਲਾਬ ਦਾ **ਇਹ** ਅਤੇ ਕੇਵਲ ਇਹੋ ਵਿਚਾਰ ਭਰਨਾ ਹੀ

ਮਾਰਕਸ ਅਤੇ ਏਂਗਲਜ਼ ਦੀ **ਸਮੁੱਚੀ** ਸਿੱਖਿਆ ਦਾ ਆਧਾਰ ਹੈ। ਅਜੋਕੇ ਪ੍ਰਬਲ ਸਮਾਜੀ-ਸ਼ਾਵਨਵਾਦੀ ਅਤੇ ਕਾਊਟਸਕੀਵਾਦੀ ਮੁਹਾਣਾਂ ਵੱਲੋਂ ਉਹਨਾਂ ਦੀ ਸਿੱਖਿਆ ਨਾਲ਼ ਗ਼ੱਦਾਰੀ ਦੋਹਾਂ ਮੁਹਾਣਾਂ ਵੱਲੋਂ **ਅਜਿਹੇ** ਪ੍ਰਚਾਰ ਅਤੇ ਐਜੀਟੇਸ਼ਨ ਨੂੰ ਅੱਖੋਂ ਉਹਲੇ ਕਰਨ ਵਿੱਚ ਬੜੀ ਉੱਘੜ ਕੇ ਸਾਹਮਣੇ ਆਉਂਦੀ ਹੈ।

ਹਿੰਸਕ ਇਨਕਲਾਬ ਤੋਂ ਬਿਨਾਂ ਪ੍ਰੋਲਤਾਰੀ ਰਾਜ ਵੱਲੋਂ ਬੁਰਜੂਆ ਰਾਜ ਦੀ ਥਾਂ ਲੈ ਲੈਣਾ ਅਸੰਭਵ ਹੈ। ਪ੍ਰੋਲਤਾਰੀ ਰਾਜ, ਅਰਥਾਤ ਆਮ ਤੌਰ 'ਤੇ ਰਾਜ ਦਾ ਖ਼ਾਤਮਾ "ਹੌਲੀ ਹੌਲੀ ਖ਼ਤਮ ਹੋਣ" ਦੇ ਅਮਲ ਤੋਂ ਬਿਨਾਂ ਹੋਰ ਕਿਸੇ ਤਰ੍ਹਾਂ ਸੰਭਵ ਨਹੀਂ।

ਜਦੋਂ ਉਹਨਾਂ ਹਰ ਵੱਖਰੀ ਵੱਖਰੀ ਇਨਕਲਾਬੀ ਹਾਲਤ ਦਾ ਅਧਿਐਨ ਕੀਤਾ, ਜਦੋਂ ਉਹਨਾਂ ਹਰ ਖਾਸ ਇਨਕਲਾਬ ਤੇ ਤਜਰਬੇ ਦੇ ਸਬਕਾਂ ਦਾ ਵਿਸ਼ੇਲਸ਼ਣ ਕੀਤਾ ਤਾਂ ਮਾਰਕਸ ਅਤੇ ਏਂਗਲਜ਼ ਨੇ ਇਹਨਾਂ ਵਿਚਾਰਾਂ ਦਾ ਵਿਸਥਾਰ-ਪੂਰਵਕ ਅਤੇ ਠੋਸ ਵੇਰਵਾ ਪੇਸ਼ ਕੀਤਾ। ਅਸੀਂ ਹੁਣ ਇਸ ਵੱਲ, ਨਿਰਸੰਦੇਹ ਉਹਨਾਂ ਦੀ ਸਿੱਖਿਆ ਦੇ ਸਭ ਤੋਂ ਵੱਧ ਮਹੱਤਵ-ਪੂਰਨ ਹਿੱਸੇ ਵੱਲ, ਵਧਦੇ ਹਾਂ।

### ਕਾਂਡ ਦੋ

# ਰਾਜ ਅਤੇ ਇਨਕਲਾਬ।

# 1848-1851 ਦਾ ਤਜ਼ਰਬਾ

## 1. ਇਨਕਲਾਬ ਤੋਂ ਐਨ ਪਹਿਲਾਂ

ਬਾਲਗ਼ ਮਾਰਕਸਵਾਦ ਦੀਆਂ ਪਹਿਲੀਆਂ ਕਿਰਤਾਂ —"ਦਰਸ਼ਨ ਦੀ ਗ਼ਰੀਬੀ" ਅਤੇ "ਕਮਿਊਨਿਸਟ ਮੈਨੀਫ਼ੈਸਟੋ"—1848 ਦੇ ਇਨਕਲਾਬ ਤੋਂ ਐਨ ਪਹਿਲਾਂ ਸਾਹਮਣੇ ਆਈਆਂ। ਇਸੇ ਲਈ, ਆਮ ਤੌਰ 'ਤੇ ਮਾਰਕਸਵਾਦ ਦੇ ਅਸੂਲ ਪੇਸ਼ ਕਰਦੇ ਹੋਏ, ਉਹ ਕੁੱਝ ਹੱਦ ਤੱਕ ਉਸ ਸਮੇਂ ਦੀ ਠੋਸ ਇਨਕਲਾਬੀ ਹਾਲਤ ਨੂੰ ਪ੍ਰਗਟ ਕਰਦੇ ਹਨ। ਇਸੇ ਲਈ, ਸ਼ਾਇਦ, ਇਹ ਵਧੇਰੇ ਯੋਗ ਹੋਵੇਗਾ ਜੇ ਅਸੀਂ ਉਸ ਕੁੱਝ ਨੂੰ ਵੇਖੀਏ ਜੋ ਕੁੱਝ ਇਹਨਾਂ ਲਿਖਤਾਂ ਦੇ ਕਰਤਿਆਂ ਨੇ 1848-1851 ਦੇ ਵਰ੍ਹਿਆਂ ਦੇ ਤਜਰਬੇ ਤੋਂ ਸਿੱਟੇ ਕੱਢਣ ਤੋਂ ਪਹਿਲਾਂ ਰਾਜ ਸਬੰਧੀ ਕਿਹਾ।

"ਦਰਸ਼ਨ ਦੀ ਗ਼ਰੀਬੀ" ਵਿੱਚ ਮਾਰਕਸ ਨੇ ਲਿਖਿਆ:

> "...ਮਜ਼ਦੂਰ ਜਮਾਤ ਆਪਣੇ ਵਿਕਾਸ ਦੇ ਦੌਰਾਨ ਪੁਰਾਣੇ ਬੁਰਜੂਆ ਸਮਾਜ ਦੀ ਥਾਂ ਇੱਕ ਅਜਿਹੀ ਸਭਾ ਨੂੰ ਦੇਵੇਗੀ, ਜਿਹੜੀ ਜਮਾਤਾਂ ਅਤੇ ਉਹਨਾਂ ਦੇ ਵਿਰੋਧ ਨੂੰ ਅਸੰਭਵ ਬਣਾ ਦੇਵੇਗੀ ਅਤੇ ਠੀਕ ਅਰਥਾਂ ਵਿੱਚ ਰਾਜਸੀ ਸ਼ਕਤੀ ਵੀ ਨਹੀਂ ਹੋਵੇਗੀ, ਕਿਉਂਕਿ ਰਾਜਸੀ ਸ਼ਕਤੀ ਹੀ ਬੁਰਜੂਆ ਸਮਾਜ ਵਿੱਚ ਵਿਰੋਧਾਂ ਦਾ ਐਨ ਸਰਕਾਰੀ ਪ੍ਰਗਟਾਅ ਹੈ।" (ਪੰਨਾ 182, ਜਰਮਨ ਛਾਪ, 1885।)

ਜਮਾਤਾਂ ਦੇ ਅੰਤ ਪਿੱਛੋਂ ਰਾਜ ਦੇ ਖ਼ਤਮ ਹੋ ਜਾਣ ਸਬੰਧੀ ਵਿਚਾਰ ਦੀ ਇਸ ਆਮ ਵਿਆਖਿਆ ਨੂੰ ਉਸ ਵਿਆਖਿਆ ਨਾਲ਼ ਮਿਲਾਉਣਾ ਸਿੱਖਿਆਦਾਇਕ ਹੋਵੇਗਾ ਜਿਹੜੀ 'ਕਮਿਊਨਿਸਟ ਮੈਨੀਫੈਸਟੋ' ਵਿੱਚ, ਜਿਹੜਾ ਮਾਰਕਸ ਅਤੇ ਏਂਗਲਜ਼ ਨੇ ਕੁੱਝ ਮਹੀਨੇ ਪਿੱਛੋਂ —ਠੀਕ ਠੀਕ ਨਵੰਬਰ 1847 ਵਿੱਚ ਲਿਖਿਆ:

"...ਪ੍ਰੋਲਤਾਰੀ ਦੇ ਵਿਕਾਸ ਦੇ ਅਤਿ–ਅੰਤ ਆਮ ਦੌਰ ਦਰਸਾਉਂਦੇ ਹੋਏ ਅਸੀਂ ਉਸ ਘੱਟ ਵੱਧ ਲੁਕੀ ਖ਼ਾਨਾ–ਜੰਗੀ ਨੂੰ ਉਲੀਕਿਆ ਹੈ, ਜਿਹੜੀ ਵਰਤਮਾਨ ਸਮਾਜ ਵਿੱਚ ਉਸ ਪੜਾਅ ਤੱਕ ਚਲਦੀ ਰਹਿੰਦੀ ਹੈ ਜਦੋਂ ਕਿ ਯੁੱਧ ਖੁੱਲ੍ਹੇ ਇਨਕਲਾਬ ਵਿੱਚ ਛਿੜ ਜਾਂਦਾ ਹੈ ਅਤੇ ਜਿੱਥੇ ਹਿੰਸਾ ਵਰਤ ਕੇ ਬੁਰਜੂਆਜ਼ੀ ਦਾ ਤਖ਼ਤਾ ਉਲਟਿਆ ਜਾਣਾ ਪ੍ਰੋਲਤਾਰੀ ਦੇ ਗ਼ਲਬੇ ਲਈ ਬੁਨਿਆਦ ਤਿਆਰ ਕਰ ਦੇਂਦਾ ਹੈ।...

"...ਅਸੀਂ ਉੱਪਰ ਵੇਖਿਆ ਹੈ ਕਿ ਮਜ਼ਦੂਰ ਜਮਾਤ ਵੱਲੋਂ ਇਨਕਲਾਬ ਵਿੱਚ ਪਹਿਲਾ ਕਦਮ ਪ੍ਰੋਲਤਾਰੀ ਨੂੰ ਹਾਕਮ ਜਮਾਤ ਦੀ ਪ੍ਰਸਥਿਤੀ ਤੱਕ ਚੁੱਕਣਾ, ਜਮਹੂਰੀਅਤ ਦੀ ਲੜਾਈ ਜਿੱਤਣਾ ਹੈ।

"ਪ੍ਰੋਲਤਾਰੀ ਆਪਣੀ ਰਾਜਸੀ ਪ੍ਰਮੁੱਖਤਾ ਨੂੰ ਹੌਲੀ ਹੌਲੀ ਸਾਰਾ ਸਰਮਾਇਆ ਬੁਰਜੂਆਜ਼ੀ ਤੋਂ ਖੋਹ ਲੈਣ ਲਈ, ਉਤਪਾਦਨ ਦੇ ਕੁੱਲ ਸਾਧਨ ਰਾਜ, ਅਰਥਾਤ, ਹਾਕਮ ਜਮਾਤ ਦੇ ਤੌਰ 'ਤੇ ਜਥੇਬੰਦ ਪ੍ਰਲਤਾਰੀ ਦੇ ਹੱਥਾਂ ਵਿੱਚ ਕੇਂਦਰਤ ਕਰਨ ਲਈ; ਅਤੇ ਜਿੰਨੀ ਤੇਜ਼ੀ ਨਾਲ਼ ਹੋ ਸਕੇ ਉਤਪਾਦਕ ਸ਼ਕਤੀਆਂ ਵਿੱਚ ਵਾਧੇ ਲਈ ਵਰਤੇਗਾ।" (ਪੰਨਾ 31 ਅਤੇ 37, ਸੱਤਵੀਂ ਜਰਮਨ ਛਾਪ, 1906)

ਇਥੇ ਸਾਨੂੰ ਰਾਜ ਦੇ ਵਿਸ਼ੇ ਉੱਤੇ ਮਾਰਕਸਵਾਦ ਦਾ ਇੱਕ ਅਤਿ–ਅੰਤ ਉੱਘਾ ਅਤੇ ਅਤਿ–ਅੰਤ ਮਹੱਤਵ–ਪੂਰਨ ਸੂਤਰ ਮਿਲਦਾ ਹੈ, ਅਰਥਾਤ, "ਪ੍ਰੋਲਤਾਰੀ ਦੀ ਤਾਨਾਸ਼ਾਹੀ" ਦਾ ਵਿਚਾਰ (ਮਾਰਕਸ ਅਤੇ ਏਂਗਲਜ਼ ਨੇ ਪੈਰਿਸ ਕਮਿਊਨ ਤੋਂ ਪਿੱਛੋਂ ਇਸ ਵਿਚਾਰ ਨੂੰ ਇਹ ਨਾਂ ਦਿੱਤਾ ਸੀ); ਅਤੇ ਰਾਜ ਦੀ ਅਤਿ–ਅੰਤ ਸਵਾਦਲੀ ਪ੍ਰੀਭਾਸ਼ਾ ਮਿਲਦੀ ਹੈ, ਜਿਹੜੀ ਹੁਣ ਮਾਰਕਸਵਾਦ ਦੇ "ਭੁਲਾਏ ਸ਼ਬਦਾਂ" ਵਿੱਚੋਂ ਇੱਕ ਬਣ ਗਈ ਹੈ: **"ਰਾਜ, ਅਰਥਾਤ, ਹਾਕਮ ਜਮਾਤ ਦੇ ਤੌਰ 'ਤੇ ਜਥੇਬੰਦ ਪ੍ਰੋਲਤਾਰੀ।"**

ਸਰਕਾਰੀ ਸੋਸ਼ਲ–ਡੈਮੋਕਰੈਟਿਕ ਪਾਰਟੀਆਂ ਦੇ ਪ੍ਰਚਾਰ ਅਤੇ ਐਜੀਟੇਸ਼ਨ ਦੇ ਵਰਤਮਾਨ ਸਾਹਿਤ ਵਿੱਚ ਰਾਜ ਦੀ ਪ੍ਰੀਭਾਸ਼ਾ ਦੀ ਕਦੇ ਵਿਆਖਿਆ ਨਹੀਂ ਕੀਤੀ ਗਈ। ਇਸ ਤੋਂ ਵੱਧ, ਇਹਨੂੰ ਜਾਣ ਬੁੱਝ ਕੇ ਭੁਲਾਇਆ ਗਿਆ ਹੈ ਕਿਉਂਕਿ ਇਹ ਸੁਧਾਰਵਾਦ ਨਾਲ਼ ਉੱਕਾ ਹੀ ਮੇਲ ਨਹੀਂ ਖਾ ਸਕਦੀ ਅਤੇ "ਜਮਹੂਰੀਅਤ ਦੇ ਅਮਨ–ਭਰੇ ਵਿਕਾਸ" ਸੰਬੰਧੀ ਆਮ ਮੌਕਾ–ਪ੍ਰਸਤ ਤੁਅੱਸਬਾਂ ਅਤੇ ਤੰਗ–ਨਜ਼ਰ ਭੁਲੇਖਿਆਂ ਦੇ ਮੂੰਹ ਉੱਤੇ ਕਰਾਰੀ ਚਪੇੜ ਹੈ।

ਪ੍ਰੋਲਤਾਰੀ ਨੂੰ ਰਾਜ ਦੀ ਲੋੜ ਹੈ—ਸਭੇ ਮੌਕਾ–ਪ੍ਰਸਤ, ਸਮਾਜੀ–ਸ਼ਾਵਨਵਾਦੀ ਅਤੇ

ਕਾਊਟਸਕੀਵਾਦੀ, ਜਿਹੜੇ ਸਾਨੂੰ ਯਕੀਨ ਦਿਵਾਉਂਦੇ ਹਨ ਕਿ ਮਾਰਕਸ ਨੇ ਇਹੋ ਕੁੱਝ ਸਿਖਾਇਆ, ਇਸ ਗੱਲ ਨੂੰ ਦੁਹਰਾਉਂਦੇ ਹਨ। ਪਰ ਉਹ ਇਹ ਵਾਧਾ ਕਰਨਾ "**ਭੁੱਲ**" ਜਾਂਦੇ ਹਨ ਕਿ, ਮਾਰਕਸ ਅਨੁਸਾਰ, ਪ੍ਰੋਲਤਾਰੀ ਨੂੰ ਕੇਵਲ ਉਸ ਰਾਜ ਦੀ ਲੋੜ ਹੈ ਜਿਹੜਾ ਹੌਲੀ ਹੌਲੀ ਖ਼ਤਮ ਹੋ ਰਿਹਾ ਹੈ, ਅਰਥਾਤ ਰਾਜ, ਜਿਸਦੀ ਬਣਤਰ ਅਜਿਹੀ ਹੈ ਕਿ ਉਹ ਫ਼ੌਰਨ ਹੌਲੀ ਹੌਲੀ ਖ਼ਤਮ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਇਸ ਢੰਗ ਨਾਲ਼ ਖ਼ਤਮ ਹੋਏ ਬਿਨਾਂ ਨਹੀਂ ਰਹਿ ਸਕਦਾ। ਅਤੇ ਦੂਜੇ, ਕਿਰਤੀਆਂ ਨੂੰ ਇੱਕ "ਰਾਜ ਦੀ, ਅਰਥਾਤ, ਹਾਕਮ ਜਮਾਤ ਦੇ ਤੌਰ ਉੱਤੇ ਜਥੇਬੰਦ ਪ੍ਰੋਲਤਾਰੀ" ਦੀ ਲੋੜ ਹੈ।

ਰਾਜ ਤਾਕਤ ਦੀ ਵਿਸ਼ੇਸ਼ ਜਥੇਬੰਦੀ ਹੈਃ ਇਹ ਕਿਸੇ ਜਮਾਤ ਨੂੰ ਦਬਾਉਣ ਲਈ ਹਿੰਸਾ ਦੀ ਜਥੇਬੰਦੀ ਹੈ। ਪ੍ਰੋਲਤਾਰੀ ਲਈ ਕਿਹੜੀ ਜਮਾਤ ਨੂੰ ਦਬਾਉਣਾ ਜ਼ਰੂਰੀ ਹੈ। ਸੁਭਾਵਕ ਹੀ ਕੇਵਲ ਲੋਟੂ ਜਮਾਤ, ਅਰਥਾਤ, ਬੁਰਜੂਆਜੀ ਨੂੰ। ਕਿਰਤੀਆਂ ਨੂੰ ਕੇਵਲ ਲੋਟੂਆਂ ਨੂੰ ਦਬਾਉਣ ਲਈ ਹੀ ਰਾਜ ਦੀ ਲੋੜ ਹੈ ਅਤੇ ਕੇਵਲ ਪ੍ਰੋਲਤਾਰੀ ਹੀ ਇਸ ਦਬਾਉਣ ਨੂੰ ਸੇਧ ਦੇਣ, ਇਹਨੂੰ ਅਮਲ ਵਿੱਚ ਲਿਆਉਣ ਦੇ ਯੋਗ ਹੈ, ਕਿਉਂਕਿ ਪ੍ਰੋਲਤਾਰੀ ਇੱਕੋ ਇੱਕ ਜਮਾਤ ਹੈ ਜਿਹੜੀ ਨਿਰੰਤਰ ਇਨਕਲਾਬੀ ਹੈ, ਇੱਕੋ ਇੱਕ ਜਮਾਤ ਹੈ ਜਿਹੜੀ ਬੁਰਜੂਆਜ਼ੀ ਵਿਰੁੱਧ, ਪੂਰੀ ਤਰ੍ਹਾਂ ਇਹਨੂੰ ਹਟਾਉਣ ਲਈ ਘੋਲ ਵਿੱਚ ਸਭਨਾਂ ਕਿਰਤੀਆਂ ਅਤੇ ਲੁੱਟ-ਚੋਂਘ ਦੇ ਸ਼ਿਕਾਰਾਂ ਨੂੰ ਇੱਕ-ਮੁੱਠ ਕਰ ਸਕਦੀ ਹੈ।

ਲੁੱਟ-ਚੋਂਘ ਕਰਨ ਵਾਲ਼ੀਆਂ ਜਮਾਤਾਂ ਨੂੰ ਲੁੱਟ-ਚੋਂਘ ਕਾਇਮ ਰੱਖਣ ਲਈ, ਅਰਥਾਤ, ਲੋਕਾਂ ਦੀ ਵਿਸ਼ਾਲ ਬਹੁ-ਗਿਣਤੀ ਵਿਰੁੱਧ ਇੱਕ ਨਿਗੂਣੀ ਜਿਹੀ ਘੱਟ-ਗਿਣਤੀ ਦੇ ਖ਼ੁਦਗ਼ਰਜ਼ ਹਿੱਤਾਂ ਲਈ ਰਾਜ ਦੀ ਲੋੜ ਹੈ। ਲੁੱਟ-ਚੋਂਘ ਦਾ ਸ਼ਿਕਾਰ ਜਮਾਤਾਂ ਨੂੰ ਸਭ ਤਰ੍ਹਾਂ ਦੀ ਲੁੱਟ-ਚੋਂਘ ਖ਼ਤਮ ਕਰਨ ਲਈ, ਅਰਥਾਤ ਵਿਸ਼ਾਲ ਬਹੁ-ਗਿਣਤੀ ਦੇ ਹਿੱਤਾਂ ਵਿੱਚ ਅਤੇ ਨਿਗੂਣੀ ਘੱਟ-ਗਿਣਤੀ ਵਿਰੁੱਧ, ਜਿਹੜੀ ਗ਼ੁਲਾਮਾਂ ਦੇ ਨਵੀਨ ਮਾਲਕਾਂ—ਜਾਗੀਰਦਾਰਾਂ ਅਤੇ ਸਰਮਾਏਦਾਰਾਂ ਦੀ ਬਣਦੀ ਹੈ, ਰਾਜ ਦੀ ਲੋੜ ਹੈ।

ਨਿੱਕ-ਬੁਰਜੂਆ ਜਮਹੂਰੀਅਤ-ਪਸੰਦਾਂ ਨੇ, ਉਹਨਾਂ ਨਕਲੀ ਸੋਸ਼ਲਿਸਟਾਂ ਨੇ ਜਿਨ੍ਹਾਂ ਜਮਾਤੀ ਘੋਲ਼ ਦੀ ਥਾਂ ਜਮਾਤੀ ਸੁਰਮੇਲ ਦੇ ਸੁਪਨਿਆਂ ਨੂੰ ਦੇ ਦਿੱਤੀ ਹੈ, ਸੋਸ਼ਲਿਸਟ ਕਾਇਆ-ਪਲਟ ਨੂੰ ਵੀ ਸੁਪਨਿਆਲੇ ਢੰਗ ਨਾਲ਼ ਚਿੱਤਰਿਆ ਹੈ—ਲੁੱਟ-ਚੋਂਘ ਕਰਨ ਵਾਲ਼ੀ ਜਮਾਤ ਦਾ ਤਖ਼ਤਾ ਹਿੰਸਾ ਨਾਲ਼ ਉਲਟਣ ਰਾਹੀਂ ਨਹੀਂ ਸਗੋਂ ਘੱਟ-ਗਿਣਤੀ ਦੇ ਬਹੁ-ਗਿਣਤੀ, ਜੋ ਆਪਣੇ ਮੰਤਵਾਂ ਸੰਬੰਧੀ ਚੇਤੰਨ ਹੋ ਗਈ ਹੈ, ਅੱਗੇ ਅਮਨ ਨਾਲ਼ ਝੁਕਣ ਰਾਹੀਂ। ਇਹ ਨਿੱਕ-ਬੁਰਜੂਆ ਖ਼ਿਆਲੀ ਬਹਿਸ਼ਤ ਨੇ, ਜਿਹੜੀ ਰਾਜ ਦੇ ਜਮਾਤਾਂ ਤੋਂ ਉੱਪਰ ਹੋਣ ਦੇ ਵਿਚਾਰ ਨਾਲ਼ ਅਟੁੱਟ ਤੌਰ 'ਤੇ ਜੁੜੀ ਹੋਈ ਹੈ, ਦਾ ਸਿੱਟਾ ਅਮਲ ਵਿੱਚ ਮਜ਼ਦੂਰ ਜਮਾਤ ਦੇ ਹਿੱਤਾਂ ਨਾਲ਼ ਗ਼ੱਦਾਰੀ ਵਿੱਚ ਨਿਕਲਿਆ, ਜਿਹਾ ਕਿ, ਮਿਸਾਲ ਵਜੋਂ 1848 ਅਤੇ 1871 ਦੇ ਫ਼ਰਾਂਸੀਸੀ ਇਨਕਲਾਬਾਂ ਦੇ ਇਤਿਹਾਸ ਤੋਂ ਅਤੇ ਬਰਤਾਨੀਆ, ਫਰਾਂਸ, ਇਟਲੀ ਅਤੇ ਹੋਰਨਾਂ ਦੇਸ਼ਾਂ ਵਿੱਚ ਉੱਨ੍ਹੀਵੀਂ ਸਦੀ ਦੇ ਅੰਤ ਅਤੇ ਵੀਹਵੀਂ ਸਦੀ ਦੇ ਮੁੱਢ ਵਿੱਚ[11] ਬੁਰਜੂਆ ਵਜ਼ਾਰਤਾਂ ਵਿੱਚ "ਸੋਸ਼ਲਿਸਟ" ਸ਼ਮੂਲੀਅਤ ਦੇ ਤਜਰਬੇ ਨੇ ਵਿਖਾ ਦਿੱਤਾ।

ਮਾਰਕਸ ਨੇ ਸਾਰੀ ਉਮਰ ਇਸ ਨਿੱਕ-ਬੁਰਜੂਆ ਸੋਸ਼ਲਿਜ਼ਮ ਵਿਰੁੱਧ—ਜਿਸਨੂੰ ਹੁਣ ਰੂਸ ਵਿੱਚ ਸੋਸ਼ਲਿਸਟ-ਇਨਕਲਾਬੀ ਅਤੇ ਮੈਨਸ਼ਵਿਕ ਪਾਰਟੀਆਂ ਨੇ ਸੁਰਜੀਤ ਕਰ ਦਿੱਤਾ ਹੈ—ਘੋਲ ਕੀਤਾ। ਉਹਨਾਂ ਜਮਾਤੀ ਘੋਲ਼ ਸਬੰਧੀ ਆਪਣੀ ਸਿੱਖਿਆ ਨੂੰ, ਰਾਜਸੀ ਤਾਕਤ, ਰਾਜ ਸੰਬੰਧੀ ਸਿੱਖਿਆ ਤੱਕ ਨੂੰ, ਨਿਰੰਤਰ ਲਾਗੂ ਕੀਤਾ।

ਬੁਰਜੂਆ ਹਕੂਮਤ ਦਾ ਤਖ਼ਤਾ ਕੇਵਲ ਪ੍ਰੋਲਤਾਰੀ ਜਮਾਤ ਹੀ, ਇੱਕ ਅਜਿਹੀ ਵਿਸ਼ੇਸ਼ ਜਮਾਤ ਦੇ ਤੌਰ 'ਤੇ ਜਿਸਦੀਆਂ ਹੋਂਦ ਦੀਆਂ ਆਰਥਕ ਹਾਲਤਾਂ ਇਹਨੂੰ ਇਸ ਕੰਮ ਲਈ ਤਿਆਰ ਕਰਦੀਆਂ ਹਨ ਅਤੇ ਇਹ ਕੰਮ ਕਰਨ ਲਈ ਤਾਕਤ ਦੇਂਦੀਆਂ ਹਨ, ਕਰ ਸਕਦੀ ਹੈ। ਜਿੱਥੇ ਕਿ ਬੁਰਜੂਆਜ਼ੀ ਕਿਸਾਨੀ ਅਤੇ ਸਭਨਾਂ ਨਿੱਕੀਆਂ ਬੁਰਜੂਆ ਪਰਤਾਂ ਨੂੰ ਤੋੜਦੀ ਅਤੇ ਖੇਰੂੰ ਖੇਰੂੰ ਕਰਦੀ ਹੈ, ਇਹ ਪ੍ਰੋਲਤਾਰੀ ਨੂੰ ਜੋੜਦੀ, ਇੱਕ-ਮੁਠ ਕਰਦੀ ਅਤੇ ਜਥੇਬੰਦ ਕਰਦੀ ਹੈ। ਉਸ ਆਰਥਕ ਰੋਲ ਕਾਰਨ ਜਿਹੜਾ ਇਹ ਵੱਡੀ ਪੱਧਰ ਦੇ ਉਤਪਾਦਨ ਵਿੱਚ ਅਦਾ ਕਰਦਾ ਹੈ, ਕੇਵਲ ਪ੍ਰੋਲਤਾਰੀ ਹੀ ਸਾਰੇ ਕਿਰਤੀ ਤੇ ਲੁਟੀਂਦੇ ਲੋਕਾਂ ਦਾ ਆਗੂ ਬਣਨ ਯੋਗ ਹੈ, ਜਿਨ੍ਹਾਂ ਦੀ ਬੁਰਜੂਆਜ਼ੀ ਪ੍ਰੋਲਤਾਰੀ ਨਾਲ਼ੋਂ ਅਕਸਰ ਘੱਟ ਨਹੀਂ ਸਗੋਂ ਵੱਧ ਲੁੱਟ-ਚੋਂਘ ਕਰਦੀ, ਜਬਰ ਕਰਦੀ ਅਤੇ ਕੁਚਲਦੀ ਹੈ ਪਰ ਜਿਹੜੀ ਆਪਣੀ ਮੁਕਤੀ ਲਈ **ਸੁਤੰਤਰ** ਘੋਲ਼ ਕਰਨ ਦੇ ਨਿਰਯੋਗ ਹੈ।

ਜਦੋਂ ਮਾਰਕਸ ਨੇ ਜਮਾਤੀ ਘੋਲ਼ ਸਬੰਧੀ ਸਿੱਖਿਆ ਨੂੰ ਰਾਜ ਅਤੇ ਸੋਸ਼ਲਿਸਟ ਇਨਕਲਾਬ ਦੇ ਸਵਾਲ ਉੱਤੇ ਲਾਗੂ ਕੀਤਾ ਤਾਂ ਇਹ ਲਾਜ਼ਮੀ ਤੌਰ ਉੱਤੇ ਪ੍ਰੋਲਤਾਰੀ ਦੀ **ਰਾਜਸੀ ਹਕੂਮਤ**, ਇਹਦੀ ਤਾਨਾਸ਼ਾਹੀ ਦੀ ਪ੍ਰਵਾਨਗੀ ਤੱਕ ਅੱਪੜਦੀ ਹੈ, ਅਰਥਾਤ, ਅਜਿਹੀ ਤਾਕਤ ਤੱਕ ਜਿਸ ਵਿੱਚ ਕੋਈ ਭਿਆਲ ਨਹੀਂ ਅਤੇ ਜਿਹੜੀ ਸਿੱਧੀ ਲੋਕਾਂ ਦੀ ਹਥਿਆਰਬੰਦ ਸ਼ਕਤੀ ਉੱਤੇ ਟੇਕ ਰੱਖਦੀ ਹੈ। ਬੁਰਜੂਆਜ਼ੀ ਦਾ ਤਖ਼ਤਾ ਤਾਂ ਹੀ ਉਲਟਾਇਆ ਜਾ ਸਕਦਾ ਹੈ ਜੇ ਪ੍ਰੋਲਤਾਰੀ ਤਬਦੀਲ ਹੋ ਕੇ ਇੱਕ ਹਾਕਮ ਜਮਾਤ ਬਣ ਜਾਵੇ, ਜਿਹੜੀ ਬੁਰਜੂਆਜ਼ੀ ਵੱਲੋਂ ਅਟੱਲ ਅਤੇ ਸਿਰਲੱਥ ਵਿਰੋਧ ਨੂੰ ਕੁਚਲਣ ਅਤੇ **ਸਮੁੱਚੇ** ਕਿਰਤੀ ਅਤੇ ਲੁਟੀਂਦੇ ਲੋਕਾਂ ਨੂੰ ਨਵੀਂ ਆਰਥਕ ਪ੍ਰਣਾਲੀ ਲਈ ਜਥੇਬੰਦ ਕਰਨ ਦੇ ਯੋਗ ਹੋਵੇ।

ਪ੍ਰੋਲਤਾਰੀ ਨੂੰ ਰਾਜ ਦੀ ਤਾਕਤ ਦੀ, ਤਾਕਤ ਦੀ ਕੇਂਦਰਿਤ ਜਥੇਬੰਦੀ, ਹਿੰਸਾ ਦੀ ਜਥੇਬੰਦੀ ਦੀ ਲੋਟੂਆਂ ਦੇ ਵਿਰੋਧ ਨੂੰ ਕੁਚਲਣ ਲਈ ਵੀ ਅਤੇ ਸੋਸ਼ਲਿਸਟ ਆਰਥਕਤਾ ਜਥੇਬੰਦ ਕਰਨ ਦੇ ਕੰਮ ਵਿੱਚ ਲੋਕਾਂ ਦੇ ਬਹੁਤ ਵੱਡੇ ਹਿੱਸਿਆਂ—ਕਿਸਾਨੀ, ਨਿੱਕੀ ਬੁਰਜੂਆਜ਼ੀ ਅਤੇ ਅਰਧ-ਪ੍ਰੋਲਤਾਰੀਆਂ ਦੀ **ਅਗਵਾਈ ਕਰਨ** ਲਈ ਵੀ ਲੋੜ ਹੈ।

ਮਜ਼ਦੂਰਾਂ ਦੀ ਪਾਰਟੀ ਨੂੰ ਸਿੱਖਿਆ ਦੇਕੇ, ਮਾਰਕਸਵਾਦ ਪ੍ਰੋਲਤਾਰੀ ਦੇ ਮੂਹਰੈਲ ਦਸਤੇ ਨੂੰ ਸਿੱਖਿਆ ਦੇਂਦਾ ਹੈ, ਜਿਹੜਾ ਤਾਕਤ ਆਪਣੇ ਹੱਥ ਲੈਣ ਅਤੇ **ਸਮੁੱਚੀ ਕੌਮ** ਦੀ ਸੋਸ਼ਲਿਜ਼ਮ ਵੱਲ **ਅਗਵਾਈ ਕਰਨ**, ਨਵੇਂ ਪ੍ਰਬੰਧ ਨੂੰ ਸੇਧ ਦੇਣ ਅਤੇ ਜਥੇਬੰਦ ਕਰਨ ਦੇ, ਬੁਰਜੂਆਜ਼ੀ ਤੋਂ ਬਿਨਾਂ ਅਤੇ ਬੁਰਜੂਆਜ਼ੀ ਦੇ ਵਿਰੋਧ ਵਿੱਚ ਆਪਣਾ ਸਮਾਜੀ ਜੀਵਨ ਉਸਾਰਨ ਦੇ ਕੰਮ ਵਿੱਚ ਸਭਨਾਂ ਕਿਰਤੀਆਂ ਅਤੇ ਲੁਟੀਂਦਿਆਂ ਦਾ ਸਿੱਖਿਅਕ ਅਤੇ ਆਗੂ ਬਣਨ ਦੇ ਯੋਗ ਹੈ। ਇਹਦੇ ਉਲਟ ਇਸ ਸਮੇਂ ਭਾਰੂ ਮੌਕਾ-ਪ੍ਰਸਤੀ ਕਿਰਤੀਆਂ ਦੀ ਪਾਰਟੀ ਦੇ ਮੈਂਬਰਾਂ ਨੂੰ

ਚੰਗੇਰੀ ਆਮਦਨ ਵਾਲ਼ੇ ਕਾਮਿਆਂ ਦਾ ਪ੍ਰਤਿਨਿੱਧ ਬਣਨਾ ਸਿਖਾਉਂਦੀ ਹੈ, ਜਿਨ੍ਹਾਂ ਦਾ ਆਮ ਲੋਕਾਂ ਨਾਲ਼ੋਂ ਸੰਬੰਧ ਟੁੱਟ ਜਾਂਦਾ ਹੈ, ਜਿਨ੍ਹਾਂ ਦੀ ਸਰਮਾਏਦਾਰੀ ਅਧੀਨ "ਖ਼ੂਬ ਨਿਭਦੀ" ਹੈ ਅਤੇ ਜਿਹੜੇ ਆਪਣਾ ਜਨਮ-ਅਧਿਕਾਰ ਹਲਵੇ-ਮੰਡੇ ਦੇ ਮੁੱਲ ਵੇਚ ਦੇਂਦੇ ਹਨ, ਅਰਥਾਤ, ਬੁਰਜੂਆਜ਼ੀ ਵਿਰੁੱਧ ਲੋਕਾਂ ਦੇ ਇਨਕਲਾਬੀ ਲੀਡਰ ਹੋਣ ਦਾ ਰੋਲ ਤਿਆਗ ਦੇਂਦੇ ਹਨ।

"ਰਾਜ, ਅਰਥਾਤ, ਹਾਕਮ ਜਮਾਤ ਦੇ ਤੌਰ 'ਤੇ ਜਥੇਬੰਦ ਪ੍ਰੋਲਤਾਰੀ", ਮਾਰਕਸ ਦਾ ਇਹ ਸਿਧਾਂਤ ਇਤਿਹਾਸ ਵਿੱਚ ਪ੍ਰੋਲਤਾਰੀ ਦੇ ਇਨਕਲਾਬੀ ਰੋਲ ਸੰਬੰਧੀ ਉਹਨਾਂ ਦੀ ਸਮੁੱਚੀ ਸਿੱਖਿਆ ਨਾਲ਼ ਅਟੁੱਟ ਤੌਰ 'ਤੇ ਜੁੜਿਆ ਹੋਇਆ ਹੈ। ਇਸ ਰੋਲ ਦੀ ਸਿਖਰ ਹੈ ਪ੍ਰੋਲਤਾਰੀ ਦੀ ਤਾਨਾਸ਼ਾਹੀ, ਪ੍ਰੋਲਤਾਰੀ ਦੀ ਰਾਜਸੀ ਹਕੂਮਤ।

ਪਰ ਜੋ ਪ੍ਰੋਲਤਾਰੀ ਨੂੰ ਬੁਰਜੂਆਜ਼ੀ **ਵਿਰੁੱਧ** ਹਿੰਸਾ ਦੀ ਵਿਸ਼ੇਸ਼ ਜਥੇਬੰਦੀ ਵਜੋਂ ਰਾਜ ਦੀ ਲੋੜ ਹੈ ਤਾਂ ਹੇਠ ਲਿਖਿਆ ਸਿੱਟਾ ਆਪਣੇ ਆਪ ਨਿਕਲਦਾ ਹੈ: ਇਹ ਸੋਚਿਆ ਵੀ ਨਹੀਂ ਜਾ ਸਕਦਾ ਕਿ ਬੁਰਜੂਆਜ਼ੀ ਨੇ **ਆਪਣੇ ਲਈ** ਜਿਹੜਾ ਰਾਜ ਢਾਂਚਾ ਬਣਾਇਆ ਹੈ ਉਸ ਨੂੰ ਖ਼ਤਮ ਕੀਤੇ, ਤਬਾਹ ਕੀਤੇ ਬਿਨਾਂ ਅਜਿਹੀ ਜਥੇਬੰਦੀ ਖੜੀ ਕੀਤੀ ਜਾ ਸਕਦੀ ਹੈ। 'ਕਮਿਊਨਿਸਟ ਮੈਨੀਫ਼ੈਸਟੋ' ਸਿੱਧਾ ਇਸ ਸਿੱਟੇ ਵੱਲ ਆਉਂਦਾ ਹੈ ਅਤੇ 1848-1851 ਦੇ ਇਨਕਲਾਬ ਦੇ ਤਜਰਬੇ ਦਾ ਸਾਰ ਪੇਸ਼ ਕਰਦੇ ਹੋਏ ਮਾਰਕਸ ਇਸੇ ਸਿੱਟੇ ਦੀ ਗੱਲ ਕਰਦੇ ਹਨ।

## 2. ਇਨਕਲਾਬ ਦਾ ਸਾਰ

ਰਾਜ ਦੇ ਸਵਾਲ ਬਾਰੇ, ਜਿਸ ਸੰਬੰਧੀ ਅਸੀਂ ਵਿਚਾਰ ਕਰ ਰਹੇ ਹਾਂ, ਮਾਰਕਸ 1848-1851 ਦੇ ਇਨਕਲਾਬ ਸੰਬੰਧੀ ਸਿੱਟਿਆਂ ਦਾ ਸਾਰ ਆਪਣੇ 'ਲੂਈ ਬੋਨਾਪਾਰਟ ਦਾ ਅਠਾਰ੍ਹਵਾਂ ਬਰੂਮੇਰ' ਵਿੱਚ ਦਿੱਤੀ ਹੇਠ ਲਿਖੀ ਦਲੀਲ ਵਿੱਚ ਪੇਸ਼ ਕਰਦੇ ਹਨ:

> "...ਪਰ ਇਨਕਲਾਬ ਵਿਆਪਕ ਹੈ। ਅਜੇ ਇਹ ਪ੍ਰਾਸਚਿਤ-ਸਥਾਨ ਵਿੱਚੋਂ ਲੰਘ ਰਿਹਾ ਹੈ। ਇਹ ਆਪਣਾ ਕੰਮ ਤਰੀਕੇ ਨਾਲ਼ ਕਰਦਾ ਹੈ। 2 ਦਸੰਬਰ 1851 ਤੱਕ" (ਜਿਸ ਦਿਨ ਲੂਈ ਬੋਨਾਪਾਰਟ ਨੇ ਰਾਜ 'ਤੇ ਕਬਜ਼ਾ ਕੀਤਾ) "ਇਹਨੇ ਆਪਣੇ ਤਿਆਰੀ ਦੇ ਕੰਮ ਦਾ ਅੱਧ ਪੂਰਾ ਕੀਤਾ ਸੀ; ਹੁਣ ਇਹ ਦੂਜਾ ਅੱਧ ਪੂਰਾ ਕਰ ਰਿਹਾ ਹੈ। ਪਹਿਲਾਂ ਇਹਨੇ ਪਾਰਲੀਮਾਨੀ ਤਾਕਤ ਨੂੰ ਨਿਪੁੰਨ ਬਣਾਇਆ ਤਾਂ ਜੁ ਇਹਦਾ ਤਖ਼ਤਾ ਉਲਟਿਆ ਜਾਵੇ। ਹੁਣ ਜਦੋਂ ਇਸਨੇ ਇਹ ਮੰਤਵ ਪ੍ਰਾਪਤ ਕਰ ਲਿਆ ਹੈ, ਇਹ **ਪ੍ਰਬੰਧਕ ਤਾਕਤ** ਨੂੰ ਨਿਪੁੰਨ ਬਣਾ ਰਿਹਾ ਹੈ, ਇਹਨੂੰ ਇਹਦੇ ਨਿਰੋਲ ਪ੍ਰਗਟਾਅ ਤੱਕ ਘਟਾ ਰਿਹਾ ਹੈ, ਨਿਖੇੜ ਰਿਹਾ ਹੈ, ਇਹਨੂੰ ਇੱਕੋ ਇੱਕ ਨਿਸ਼ਾਨੇ ਵਜੋਂ ਇਹਦੇ ਆਪਣੇ ਹੀ ਵਿਰੁੱਧ ਖੜਾ ਕਰ ਰਿਹਾ ਹੈ, **ਤਾਂ ਜੁ ਇਹ ਆਪਣੀਆਂ ਤਬਾਹੀ ਦੀਆਂ ਸਾਰੀਆਂ ਤਾਕਤਾਂ ਇਹਦੇ ਵਿਰੁੱਧ ਕੇਂਦਰਿਤ ਕਰ ਸਕੇ**" (ਸ਼ਬਦਾਂ ਉੱਤੇ ਜ਼ੋਰ ਅਸੀਂ ਦਿੱਤਾ ਹੈ)। "ਅਤੇ ਜਦੋਂ ਇਹ ਆਪਣੇ ਮੁੱਢਲੇ ਕੰਮ ਦਾ ਦੂਜਾ ਅੱਧ ਪੂਰਾ ਕਰ ਲਵੇਗਾ, ਤਾਂ ਯੂਰਪ ਆਪਣੇ ਥਾਂ ਤੋਂ ਉੱਠੇਗਾ ਅਤੇ ਉੱਠ ਕੇ ਕਹੇਗਾ, ਖ਼ੂਬ ਉਖੇੜਿਆ, ਬੁੱਢੇ ਖੋਜਰੀ!

"ਇਹ ਪ੍ਰਬੰਧਕ ਤਾਕਤ, ਜਿਸ ਦੀ ਧੜਵੈਲ ਨੌਕਰਸ਼ਾਹੀ ਅਤੇ ਫ਼ੌਜੀ ਜਥੇਬੰਦੀ ਹੈ, ਜਿਸ ਦਾ ਚਤੁਰ ਰਾਜਕੀ ਢਾਂਚਾ ਹੈ, ਜਿਹੜਾ ਵਿਸ਼ਾਲ ਪਰਤਾਂ ਨੂੰ ਆਪਣੇ ਘੇਰੇ ਵਿੱਚ ਲੈਂਦਾ ਹੈ, ਜਿਸਦੇ ਅਧਿਕਾਰੀਆਂ ਦੀ ਗਿਣਤੀ ਪੰਜ ਲੱਖ ਹੈ ਜਿਨ੍ਹਾਂ ਤੋਂ ਬਿਨਾਂ ਹੋਰ ਪੰਜ ਲੱਖ ਦੀ ਫ਼ੌਜ ਹੈ, ਇਹ ਸਾਰੀ ਪ੍ਰਜੀਵੀ ਬਣਤਰ, ਜਿਸਨੇ ਇੱਕ ਜਾਲ ਵਾਂਗ ਫ਼ਰਾਂਸੀਸੀ ਸਮਾਜ ਨੂੰ ਵਲਿਆ ਹੋਇਆ ਹੈ ਅਤੇ ਜਿਸਨੇ ਇਹਦੇ ਸਾਰੇ ਮਸਾਮ ਬੰਦ ਕੀਤੇ ਹੋਏ ਹਨ, ਨਿਰਪੇਖ ਬਾਦਸ਼ਾਹੀ ਦੇ ਦਿਨਾਂ ਵਿੱਚ, ਜਗੀਰੂ ਪ੍ਰਣਾਲੀ ਦੇ ਗਲਣ-ਸੜਨ ਦੇ ਸਮੇਂ, ਜਿਸ ਨੂੰ ਤਿੱਖੀ ਕਰਨ ਵਿੱਚ ਇਸਨੇ ਸਹਾਇਤਾ ਦਿੱਤੀ, ਪੈਦਾ ਹੋਈ।" ਪਹਿਲੇ ਫਰਾਂਸੀਸੀ ਇਨਕਲਾਬ ਨੇ ਕੇਂਦਰੀਕਰਣ ਵਿਕਸਤ ਕੀਤਾ "ਪਰ ਇਹਦੇ ਨਾਲ਼ ਹੀ ਨਾਲ਼" ਇਹਨੇ "ਹਕੂਮਤ ਦੇ ਕਾਰਿੰਦਿਆਂ ਦਾ ਪਸਾਰ, ਉਹਨਾਂ ਦੀਆਂ ਸਿਫ਼ਤਾਂ ਅਤੇ ਗਿਣਤੀ" ਵਧਾਈ। "ਨੈਪੋਲੀਅਨ ਨੇ ਇਸ ਰਾਜਕੀ ਢਾਂਚੇ ਨੂੰ ਨਿਪੁੰਨ ਬਣਾਇਆ।" ਲੇਜਟੀਮਿਸਟ ਬਾਦਸ਼ਾਹੀ ਨੇ ਅਤੇ ਜੁਲਾਈ ਦੀ ਬਾਦਸ਼ਾਹੀ ਨੇ ਇਹਦੇ ਵਿੱਚ "ਕਿਰਤ ਦੀ ਵਧੇਰੇ ਵੰਡ ਤੋਂ ਬਿਨਾਂ ਕੁੱਝ ਵਾਧਾ ਨਾ ਕੀਤਾ।..."

"...ਅੰਤ ਵਿੱਚ ਇਨਕਲਾਬ ਵਿਰੁੱਧ ਆਪਣੇ ਘੋਲ ਵਿੱਚ ਪਾਰਲੀਮਾਨੀ ਗਣ-ਰਾਜ ਦਾਬੂ ਕਦਮਾਂ ਦੇ ਨਾਲ਼ ਹੀ ਨਾਲ਼ ਉਹ ਹਕੂਮਤੀ ਤਾਕਤ ਦੇ ਸਾਧਨਾਂ ਅਤੇ ਕੇਂਦਰੀਕਰਣ ਨੂੰ ਮਜ਼ਬੂਤ ਕਰਨ ਉੱਤੇ ਮਜਬੂਰ ਹੋਇਆ। **ਸਭਨਾਂ ਇਨਕਲਾਬਾਂ ਨੇ ਇਸ ਢਾਂਚੇ ਨੂੰ ਤੋੜਨ ਦੀ ਥਾਂ ਇਹਨੂੰ ਵਧੇਰੇ ਨਿਪੁੰਨ ਬਣਾਇਆ** (ਸ਼ਬਦਾਂ ਉੱਤੇ ਜ਼ੋਰ ਅਸੀਂ ਦਿੱਤਾ ਹੈ)। "ਜਿਨ੍ਹਾਂ ਪਾਰਟੀਆਂ ਨੇ ਵਾਰੋ ਵਾਰੀ ਗ਼ਲਬੇ ਲਈ ਮੁਕਾਬਲਾ ਕੀਤਾ ਉਹਨਾਂ ਨੇ ਇਸ ਧੜਵੈਲ ਰਾਜਕੀ ਢਾਂਚੇ ਨੂੰ ਜੇਤੂ ਦਾ ਮੁੱਖ ਇਵਜ਼ਾਨਾ ਸਮਝਿਆ।" ('ਲੂਈ ਬੋਨਾਪਾਰਟ ਦਾ ਅਠਾਰ੍ਹਵਾਂ ਬਰੂਮਾਏਰ', ਪੰਨਾ 98-99, ਚੌਥੀ ਛਾਪ, ਹੈਂਬਰਗ, 1907।)

ਇਸ ਵਿਲਖਣ ਦਲੀਲ ਵਿੱਚ ਮਾਰਕਸਵਾਦ 'ਕਮਿਊਨਿਸਟ ਮੈਨੀਫ਼ੈਸਟੋ' ਦੇ ਮੁਕਾਬਲੇ ਉੱਤੇ ਅਗਾਂਹ ਵੱਲ ਇੱਕ ਬਹੁਤ ਵੱਡਾ ਕਦਮ ਚੁੱਕਦਾ ਹੈ। 'ਕਮਿਊਨਿਸਟ ਮੈਨੀਫ਼ੈਸਟੋ' ਵਿੱਚ ਰਾਜ ਦੇ ਸਵਾਲ ਨੂੰ ਅਜੇ ਅਤਿ-ਅੰਤ ਖ਼ਿਆਲੀ ਢੰਗ ਨਾਲ਼, ਅਤਿ-ਅੰਤ ਆਮ ਸ਼ਬਦਾਂ ਅਤੇ ਪ੍ਰਗਟਾਵਿਆਂ ਵਿੱਚ ਪੇਸ਼ ਕੀਤਾ ਗਿਆ ਹੈ। ਉੱਪਰ ਜਿਹੜੇ ਹਿੱਸੇ ਦੀ ਟੂਕ ਦਿੱਤੀ ਗਈ ਹੈ ਉਸ ਵਿੱਚ ਇਹ ਠੋਸ ਢੰਗ ਨਾਲ਼ ਪੇਸ਼ ਕੀਤਾ ਗਿਆ ਹੈ ਅਤੇ ਸਿੱਟਾ ਅਤਿ-ਅੰਤ ਸ਼ੁੱਧ, ਸਪਸ਼ਟ, ਅਮਲੀ ਅਤੇ ਨਿੱਗਰ ਹੈ: ਇਸ ਸਮੇਂ ਤੱਕ ਜਿੰਨੇ ਇਨਕਲਾਬ ਹੋਏ ਉਹਨਾਂ ਰਾਜਕੀ ਢਾਂਚੇ ਨੂੰ ਨਿਪੁੰਨ ਬਣਾਇਆ ਹੈ ਜਦੋਂ ਕਿ ਲੋੜ ਇਸ ਗੱਲ ਦੀ ਹੈ ਕਿ ਇਸਨੂੰ ਤੋੜਿਆ ਜਾਵੇ, ਟੋਟੇ ਕੀਤਾ ਜਾਵੇ।

ਰਾਜ ਸਬੰਧੀ ਮਾਰਕਸਵਾਦ ਦੀ ਸਿੱਖਿਆ ਦਾ ਇਹ ਮੁੱਖ ਅਤੇ ਬੁਨਿਆਦੀ ਨੁਕਤਾ ਹੈ। ਅਤੇ ਐਨ ਇਹੋ ਨੁਕਤਾ ਹੈ ਜਿਸਨੂੰ ਨਾ ਕੇਵਲ ਪ੍ਰਬਲ ਸਰਕਾਰੀ ਸੋਸ਼ਲ-ਡੈਮੋਕਰੈਟਕ ਪਾਰਟੀਆਂ ਉੱਕਾ ਹੀ **ਭੁੱਲ ਗਈਆਂ ਹਨ** ਸਗੋਂ (ਜਿਹਾ ਕਿ ਅਸੀਂ ਅੱਗੇ ਚੱਲ ਕੇ ਵੇਖਾਂਗੇ)

ਦੂਜੀ ਇੰਟਰਨੈਸ਼ਨਲ ਦੇ ਪ੍ਰਮੁੱਖ ਸਿਧਾਂਤਕਾਰ ਕ. ਕਾਊਟਸਕੀ ਨੇ **ਤੋੜ-ਮਰੋੜ ਹੀ ਦਿੱਤਾ ਹੈ।**

'ਕਮਿਊਨਿਸਟ ਮੈਨੀਫ਼ੈਸਟੋ' ਇਤਿਹਾਸ ਦਾ ਆਮ ਸਾਰ ਪੇਸ਼ ਕਰਦਾ ਹੈ, ਜਿਸ ਤੋਂ ਅਸੀਂ ਇਸ ਗੱਲ ਲਈ ਮਜਬੂਰ ਹੁੰਦੇ ਹਾਂ ਕਿ ਰਾਜ ਨੂੰ ਜਮਾਤੀ ਹਕੂਮਤ ਦਾ ਸਾਧਨ ਸਮਝੀਏ ਅਤੇ ਸਾਨੂੰ ਇਸ ਅਟੱਲ ਸਿੱਟੇ ਤੱਕ ਲਿਜਾਂਦਾ ਹੈ ਕਿ ਪਹਿਲਾਂ ਰਾਜਸੀ ਤਾਕਤ ਉੱਤੇ ਕਬਜ਼ਾ ਕੀਤੇ ਬਿਨਾਂ, ਰਾਜਸੀ ਪ੍ਰਮੁੱਖਤਾ ਪ੍ਰਾਪਤ ਕੀਤੇ ਬਿਨਾਂ, ਰਾਜ ਨੂੰ 'ਹਾਕਮ ਜਮਾਤ ਦੇ ਤੌਰ 'ਤੇ ਜਥੇਬੰਦ ਪ੍ਰੋਲਤਾਰੀ" ਵਿੱਚ ਤਬਦੀਲ ਕੀਤੇ ਬਿਨਾਂ, ਪ੍ਰੋਲਤਾਰੀ ਬੁਰਜੂਆਜ਼ੀ ਦਾ ਤਖ਼ਤਾ ਨਹੀਂ ਉਲਟ ਸਕਦਾ; ਅਤੇ ਇਹ ਕਿ ਜਿੱਤ ਤੋਂ ਇੱਕਦਮ ਪਿੱਛੋਂ ਇਸ ਪ੍ਰੋਲਤਾਰੀ ਰਾਜ ਦੇ ਹੌਲੀ ਹੌਲੀ ਖ਼ਤਮ ਹੋਣ ਦਾ ਅਮਲ ਸ਼ੁਰੂ ਹੋ ਜਾਵੇਗਾ ਕਿਉਂਕਿ ਰਾਜ ਬੇਲੋੜਾ ਹੈ ਅਤੇ ਜਿਸ ਸਮਾਜ ਵਿੱਚ ਕੋਈ ਜਮਾਤੀ ਵਿਰੋਧ ਨਹੀਂ ਉਸ ਵਿੱਚ ਇਹ ਨਹੀਂ ਰਹਿ ਸਕਦਾ। ਇਥੇ ਇਹ ਸਵਾਲ ਨਹੀਂ ਉਠਾਇਆ ਗਿਆ ਕਿ ਇਤਿਹਾਸਕ ਵਿਕਾਸ ਦੇ ਨਜ਼ਰੀਏ ਤੋਂ, ਬੁਰਜੂਆ ਰਾਜ ਦੀ ਥਾਂ ਪ੍ਰੋਲਤਾਰੀ ਰਾਜ ਕਿਵੇਂ ਲਵੇਗਾ।

ਇਹ ਉਹ ਸਵਾਲ ਹੈ ਜਿਹੜਾ ਮਾਰਕਸ 1852 ਵਿੱਚ ਉਠਾਉਂਦੇ ਹਨ ਅਤੇ ਇਹਦਾ ਜਵਾਬ ਦੇਂਦੇ ਹਨ।ਆਪਣੇ ਦਵੰਦਵਾਦੀ ਪਦਾਰਥਾਵਦ ਦੇ ਦਰਸ਼ਨ ਉੱਤੇ ਕਾਇਮ ਰਹਿੰਦੇ ਹੋਏ ਮਾਰਕਸ ਇਨਕਲਾਬ ਦੇ ਮਹਾਨ ਵਰ੍ਹਿਆਂ, 1848 ਤੋਂ 1851, ਦੇ ਇਤਿਹਾਸ ਦੇ ਤਜਰਬੇ ਨੂੰ ਆਪਣਾ ਆਧਾਰ ਬਣਾਉਂਦੇ ਹਨ। ਹੋਰ ਥਾਵਾਂ ਵਾਂਗ ਇੱਥੇ ਵੀ ਉਹਨਾਂ ਦੀ ਸਿੱਖਿਆ **ਤਜਰਬੇ ਦਾ ਸਾਰ** ਪੇਸ਼ ਕਰਨਾ ਹੈ, ਜਿਸ ਉੱਤੇ ਸੰਸਾਰ ਦੇ ਡੂੰਘੇ ਦਾਰਸ਼ਨਿਕ ਮਨੋਭਾਵ ਅਤੇ ਇਤਿਹਾਸ ਦੀ ਡੂੰਘੀ ਵਾਕਫ਼ੀ ਨੇ ਚਾਨਣ ਪਾਇਆ ਹੈ।

ਰਾਜ ਦਾ ਮਸਲਾ ਠੋਸ ਤੌਰ 'ਤੇ ਪੇਸ਼ ਕੀਤਾ ਗਿਆ ਹੈ: ਬੁਰਜੂਆ ਰਾਜ, ਉਹ ਰਾਜਕੀ ਢਾਂਚਾ ਜਿਹੜਾ ਬੁਰਜੂਆਜ਼ੀ ਦੀ ਹਕੂਮਤ ਲਈ ਲਾਜ਼ਮੀ ਹੈ ਇਤਿਹਾਸਕ ਤੌਰ 'ਤੇ ਕਿਵੇਂ ਹੋਂਦ ਵਿੱਚ ਆਇਆ ? ਬੁਰਜੂਆ ਇਨਕਲਾਬਾਂ ਦੌਰਾਨ ਅਤੇ ਲੁਟੀਂਦੀਆਂ ਜਮਾਤਾਂ ਦੇ ਸੁਤੰਤਰ ਅਮਲਾਂ ਦੇ ਸਨਮੁਖ ਇਸ ਵਿੱਚ ਕੀ ਤਬਦੀਲੀਆਂ ਆਈਆਂ, ਇਹਨੇ ਕਿਵੇਂ ਵਿਕਾਸ ਕੀਤਾ ? ਇਸ ਰਾਜਕੀ ਢਾਂਚੇ ਦੇ ਸਬੰਧ ਵਿੱਚ ਪ੍ਰੋਲਤਾਰੀ ਦੇ ਕਾਰਜ ਕੀ ਹਨ ?

ਕੇਂਦਰਿਤ ਰਾਜਕੀ ਸ਼ਕਤੀ, ਜਿਹੜੀ ਬੁਰਜੂਆ ਸਮਾਜ ਦਾ ਵਿਸ਼ੇਸ਼ ਲੱਛਣ ਹੈ, ਨਿਰਪੇਖਤਾ ਦੇ ਖ਼ਤਮ ਹੋਣ ਦੇ ਸਮੇਂ ਵਿੱਚ ਹੋਂਦ ਵਿੱਚ ਆਈ। ਦੋ ਸੰਸਥਾਵਾਂ ਇਸ ਰਾਜਕੀ ਢਾਂਚੇ ਦੀਆਂ ਵਿਸ਼ੇਸ਼ ਤੌਰ 'ਤੇ ਲਖਣਾਇਕ ਹਨ: ਨੌਕਰਸ਼ਾਹੀ ਅਤੇ ਸਥਾਈ ਫ਼ੌਜ।ਆਪਣੀਆਂ ਲਿਖਤਾਂ ਵਿੱਚ ਮਾਰਕਸ ਅਤੇ ਏਂਗਲਜ਼ ਘੜੀ ਮੁੜੀ ਵਿਖਾਉਂਦੇ ਹਨ ਕਿ ਇਹ ਸੰਸਥਾਵਾਂ ਹਜ਼ਾਰਾਂ ਤਾਰਾਂ ਰਾਹੀਂ ਬੁਰਜੂਆਜ਼ੀ ਨਾਲ਼ ਹੀ ਜੁੜੀਆਂ ਹੋਈਆਂ ਹਨ। ਹਰ ਮਜ਼ਦੂਰ ਦਾ ਤਜਰਬਾ ਅਤਿ-ਅੰਤ ਪ੍ਰਗਟਾਊ ਅਤੇ ਪ੍ਰਭਾਵਸ਼ਾਲੀ ਢੰਗ ਨਾਲ਼ ਇਸ ਸੰਬੰਧ ਨੂੰ ਪ੍ਰਗਟ ਕਰਦਾ ਹੈ।ਆਪਣੇ ਕੌੜੇ ਤਜਰਬੇ ਤੋਂ ਮਜ਼ਦੂਰ ਜਮਾਤ ਇਹ ਸੰਬੰਧ ਪਛਾਣਨਾ ਸਿੱਖ ਲੈਂਦੀ ਹੈ; ਇਸੇ ਲਈ ਉਹ ਏਨੇ ਸੌਖ ਨਾਲ਼ ਅਤੇ ਏਨੀ ਪਕਿਆਈ ਨਾਲ਼ ਉਸ ਸਿਧਾਂਤ ਨੂੰ ਸਮਝ ਲੈਂਦੀ ਹੈ ਜਿਹੜਾ ਇਸ ਸਬੰਧ ਦੀ ਅਟੱਲਤਾ ਦਰਸਾਉਂਦਾ ਹੈ, ਇਹ ਅਜਿਹਾ ਸਿਧਾਂਤ ਜਿਸ ਤੋਂ ਨਿੱਕ-ਬੁਰਜੂਆ ਜਮਹੂਰੀਅਤ-ਪਸੰਦ ਜਾਂ ਤਾਂ ਅਗਿਆਨੀ ਅਤੇ ਹੋਛੇ ਢੰਗ ਨਾਲ਼ ਇਨਕਾਰੀ

ਹਨ ਜਾਂ ਹੋਰ ਵੀ ਵਧੇਰੇ ਹੋਰ ਢੰਗ ਨਾਲ਼ ਇਹਨੂੰ "ਆਮ ਤੌਰ 'ਤੇ" ਕਬੂਲ ਕਰਦੇ ਹਨ ਪਰ ਇਸ ਤੋਂ ਅਨੁਸਾਰੀ ਅਮਲੀ ਸਿੱਟੇ ਕੱਢਣੇ ਭੁੱਲ ਜਾਂਦੇ ਹਨ।

ਨੌਕਰਸ਼ਾਹੀ ਅਤੇ ਸਥਾਈ ਫ਼ੌਜ ਬੁਰਜੂਆ ਸਮਾਜ ਦੀ ਦੇਹ ਉੱਤੇ "ਪਰਜੀਵੀ" ਹਨ—ਇੱਕ ਅਜਿਹਾ ਪਰਜੀਵੀ ਜਿਹੜਾ ਉਹਨਾਂ ਅੰਦਰੂਨੀ ਵਿਰੋਧਾਂ ਨੇ ਪੈਦਾ ਕੀਤਾ ਹੈ ਜਿਨ੍ਹਾਂ ਉਸ ਸਮਾਜ ਵਿੱਚ ਪਾੜ ਪਾਇਆ ਹੋਇਆ ਹੈ ਪਰ ਇੱਕ ਅਜਿਹਾ ਪਰਜੀਵੀ ਜਿਸਨੇ ਇਹਦੇ ਸਾਰੇ ਜ਼ਰੂਰੀ ਮੁਸਾਮ "ਬੰਦ ਕੀਤੇ ਹੋਏ ਹਨ"। ਜਿਹੜੀ ਕਾਊਟਸਕੀਵਾਦੀ ਮੌਕਾ-ਪ੍ਰਸਤੀ ਇਸ ਸਮੇਂ ਸਰਕਾਰੀ ਸੋਸ਼ਲ-ਡੈਮੋਕਰੈਟਿਕ ਪਾਰਟੀਆਂ ਉੱਤੇ ਭਾਰੂ ਹੈ, ਉਹ ਇਸ ਵਿਚਾਰ ਨੂੰ ਕਿ ਰਾਜ ਇੱਕ **ਪਰਜੀਵੀ ਬਣਤਰ** ਹੈ ਅਰਾਜਕਤਾਵਾਦ ਦਾ ਵਿਸ਼ੇਸ਼ ਅਤੇ ਅਨੰਨ ਲੱਛਣ ਸਮਝਦੀ ਹੈ। ਇਹ ਕਹਿਣ ਦੀ ਤਾਂ ਲੋੜ ਹੀ ਨਹੀਂ ਕਿ ਮਾਰਕਸਵਾਦ ਦਾ ਇਹ ਵਿਗਾੜ ਉਹਨਾਂ ਤੰਗ-ਨਜ਼ਰ ਲੋਕਾਂ ਲਈ ਅਤਿ-ਅੰਤ ਲਾਹੇਵੰਦਾ ਹੈ ਜਿਨ੍ਹਾਂ ਨੇ ਸੋਸ਼ਲਿਜ਼ਮ ਨੂੰ ਸਾਮਰਾਜੀ ਯੁੱਧ ਉੱਤੇ "ਪਿਤਰੀ ਭੂਮੀ ਦੀ ਰੱਖਿਆ" ਦਾ ਵਿਚਾਰ ਲਾਗੂ ਕਰਕੇ ਇਹਨੂੰ ਹੱਕੀ ਠਹਿਰਾਉਣ ਅਤੇ ਸ਼ਿੰਗਾਰਨ ਦੀ ਅਣ-ਸੁਣੀ ਨਿਰਾਦਰੀ ਤੱਕ ਡੇਗ ਦਿੱਤਾ ਹੈ; ਪਰ ਇਹਦੇ ਬਾਵਜੂਦ ਇਹ ਬਿਨਾਂ ਸ਼ੱਕ ਵਿਗਾੜ ਹੈ।

ਯੂਰਪ ਨੇ ਜਗੀਰਦਾਰੀ ਦੇ ਅੰਤ ਤੋਂ ਪਿੱਛੋਂ ਜਿਹੜੇ ਅਨੇਕ ਬੁਰਜੂਆ ਇਨਕਲਾਬ ਵੇਖੇ ਹਨ ਉਹਨਾਂ ਵਿੱਚ ਨੌਕਰਸ਼ਾਹੀ ਅਤੇ ਫ਼ੌਜੀ ਬਣਤਰ ਦਾ ਵਿਕਾਸ, ਨਿਪੁੰਨ ਬਣਾਉਣਾ ਅਤੇ ਮਜ਼ਬੂਤ ਕਰਨਾ ਜਾਰੀ ਰਿਹਾ। ਨਿੱਕੀ ਬੁਰਜੂਆਜ਼ੀ ਬਹੁਤ ਹੱਦ ਤੱਕ ਇਸ ਬਣਤਰ ਰਾਹੀਂ ਵਿਸ਼ੇਸ਼ ਤੌਰ 'ਤੇ ਵੱਡੀ ਬੁਰਜੂਆਜ਼ੀ ਦੇ ਪੱਖ ਵੱਲ ਖਿੱਚੀ ਜਾਂਦੀ ਅਤੇ ਉਹਦੇ ਅਧੀਨ ਬਣਾਈ ਜਾਂਦੀ ਹੈ, ਬਣਤਰ, ਜਿਹੜੀ ਕਿਸਾਨੀ, ਛੋਟੇ ਦਸਤਕਾਰਾਂ, ਵਪਾਰੀਆਂ ਅਤੇ ਉਹਨਾਂ ਜਿਹੇ ਹੋਰ ਲੋਕਾਂ ਨੂੰ ਸੁਖਦਾਇਕ, ਸ਼ਾਂਤ ਅਤੇ ਸਤਿਕਾਰੀਆਂ ਨੌਕਰੀਆਂ ਦੇਂਦੀ ਹੈ, ਜਿਹੜੀਆਂ ਉਹਨਾਂ ਉੱਤੇ ਲੱਗੇ ਲੋਕਾਂ ਨੂੰ ਲੋਕਾਂ **ਤੋਂ ਉੱਪਰ** ਚੁੱਕ ਦਿੰਦੀਆਂ ਹਨ। ਜ਼ਰਾ ਵਿਚਾਰੋ 27 ਫ਼ਰਵਰੀ 1917 ਤੋਂ ਪਿੱਛੋਂ[12] ਦੇ ਛੇ ਮਹੀਨਿਆਂ ਵਿੱਚ ਰੂਸ ਵਿੱਚ ਕੀ ਵਾਪਰਿਆ। ਸਰਕਾਰੀ ਪਦਵੀਆਂ ਜਿਹੜੀਆਂ ਪਹਿਲਾਂ ਵਧੇਰੇ ਕਰਕੇ ਕਾਲ਼ੇ ਸੈਂਕੜਿਆਂ ਦੇ ਮੈਂਬਰਾਂ ਨੂੰ ਦਿੱਤੀਆਂ ਜਾਂਦੀਆਂ ਸਨ ਹੁਣ ਕੈਡਟਾਂ, ਮੈਨਸ਼ਵਿਕਾਂ ਅਤੇ ਸੋਸ਼ਲਿਸਟ-ਇਨਕਲਾਬੀਆਂ ਦਾ ਲੁੱਟ ਦਾ ਮਾਲ ਬਣ ਗਈਆਂ। ਕਿਸੇ ਨੇ ਗੰਭੀਰ ਸੁਧਾਰ ਲਾਗੂ ਕਰਨ ਵੱਲ ਸੱਚਮੁਚ ਧਿਆਨ ਨਹੀਂ ਦਿੱਤਾ, "ਵਿਧਾਨ-ਘੜਨੀ ਸਭਾ" ਦੇ ਮਿਲਣ ਤੱਕ ਉਹਨਾਂ ਨੂੰ ਪਿੱਛੇ ਪਾਉਣ ਦਾ ਹਰ ਯਤਨ ਕੀਤਾ ਗਿਆ ਹੈ; ਅਤੇ ਵਿਧਾਨ-ਘੜਨੀ ਸਭਾ ਦਾ ਸੱਦਿਆ ਜਾਣਾ ਲਗਾਤਾਰ ਯੁੱਧ ਦੇ ਅੰਤ ਤੱਕ ਪਿੱਛੇ ਪਾ ਦਿੱਤਾ ਗਿਆ! ਪਰ ਲੁੱਟ ਦਾ ਮਾਲ ਵੰਡਣ ਵਿੱਚ ਮੰਤਰੀਆਂ, ਮੀਤ-ਮੰਤਰੀਆਂ, ਗਵਰਨਰ-ਜਨਰਲਾਂ, ਇਤਿ-ਆਦਿ ਦੀਆਂ ਸੁਖਾਵੀਆਂ ਪਦਵੀਆਂ ਲੈਣ ਵਿੱਚ ਕੋਈ ਦੇਰ ਨਾ ਕੀਤੀ ਗਈ, ਵਿਧਾਨ-ਘੜਨੀ ਸਭਾ ਦੀ ਕੋਈ ਉਡੀਕ ਨਾ ਕੀਤੀ ਗਈ! ਹਕੂਮਤ ਬਣਾਉਣ ਵਿੱਚ ਜੋੜਾਂ ਦੀ ਜਿਹੜੀ ਖੇਡ ਖੇਡੀ ਗਈ, ਉਹ ਆਪਣੇ ਤੱਤ ਵਿੱਚ ਇਸ "ਲੁੱਟ ਦੇ ਮਾਲ" ਦੀ ਵੰਡ ਅਤੇ ਮੁੜ-ਵੰਡ ਦਾ ਪ੍ਰਗਟਾਅ ਹੀ ਹੈ, ਜਿਹੜੀ ਉੱਪਰ ਤੋਂ ਹੇਠਾਂ ਤੱਕ, ਸਾਰੇ ਦੇਸ਼ ਵਿੱਚ ਅਤੇ ਕੇਂਦਰੀ ਅਤੇ ਸਥਾਨਕ ਹਕੂਮਤਾਂ ਦੇ ਹਰ ਮਹਿਕਮੇ ਵਿੱਚ ਖੇਡੀ

ਜਾਂਦੀ ਰਹੀ ਹੈ। 27 ਫ਼ਰਵਰੀ ਤੋਂ 27 ਅਗਸਤ 1917 ਦੇ ਛੇ ਮਹੀਨਿਆਂ ਦਾ ਸਾਰ ਹੇਠ ਲਿਖੇ ਅਨੁਸਾਰ ਪੇਸ਼ ਕੀਤਾ ਜਾ ਸਕਦਾ ਹੈ, ਬਿਨਾਂ ਕਿਸੇ ਵਿਵਾਦ ਦੇ ਬਾਹਰਮੁਖੀ ਤੌਰ ਉੱਤੇ ਇਉਂ ਪੇਸ਼ ਕੀਤਾ ਜਾ ਸਕਦਾ ਹੈ: ਸੁਧਾਰ ਛਿੱਕੇ ਟੰਗ ਦਿੱਤੇ ਗਏ; ਸਰਕਾਰੀ ਪਦਵੀਆਂ ਦੀ ਵੰਡ ਕਰ ਲਈ ਗਈ ਅਤੇ ਵੰਡ ਵਿੱਚ ਹੋਈਆਂ "ਗ਼ਲਤੀਆਂ" ਕੁੱਝ ਮੁੜ-ਵੰਡਾਂ ਕਰਕੇ ਠੀਕ ਕਰ ਲਈਆਂ ਗਈਆਂ।

ਪਰ ਜਿੰਨੀ ਵਧੇਰੇ ਨੌਕਰਸ਼ਾਹੀ ਬਣਤਰ ਵੱਖ ਵੱਖ ਬੁਰਜੂਆ ਅਤੇ ਨਿੱਕ-ਬੁਰਜੂਆ ਪਾਰਟੀਆਂ ਵਿਚਕਾਰ (ਜਿੱਥੋਂ ਤੱਕ ਰੂਸ ਦਾ ਸੰਬੰਧ ਹੈ) ਕੈਡੇਟਾਂ[13], ਸੋਸ਼ਲਿਸਟ-ਇਨਕਲਾਬੀਆਂ ਅਤੇ ਮੈਨਸ਼ਵਿਕਾਂ ਵਿਚਕਾਰ, ਵੰਡੀ ਜਾਂਦੀ ਹੈ, ਉਨਾ ਵਧੇਰੇ ਲੁਟੀਂਦੇ ਲੋਕਾਂ, ਅਤੇ ਉਹਦੀ ਮੂਹਰਲੀ ਸਫ਼ ਵਿੱਚ ਮਜ਼ਦੂਰ ਜਮਾਤ ਨੂੰ **ਸਮੁੱਚੇ** ਬੁਰਜੂਆ ਸਮਾਜ ਨਾਲ ਆਪਣੀ ਸਮਝੌਤਾ-ਰਹਿਤ ਦੁਸ਼ਮਣੀ ਦੀ ਚੇਤੰਨਤਾ ਆਉਂਦੀ ਜਾਂਦੀ ਹੈ। ਇਸੇ ਲਈ ਇਹ ਸਭਨਾਂ ਬੁਰਜੂਆ ਪਾਰਟੀਆਂ, ਇੱਥੋਂ ਤੱਕ ਕਿ ਉਹਨਾਂ ਵਿੱਚੋਂ ਅਤਿ-ਅੰਤ ਜਮਹੂਰੀਅਤ-ਪਸੰਦ ਅਤੇ "ਇਨਕਲਾਬੀ-ਜਮਹੂਰੀਅਤ-ਪਸੰਦ" ਲਈ ਵੀ ਇਹ ਲਾਜ਼ਮੀ ਹੋ ਜਾਂਦਾ ਹੈ ਕਿ ਉਹ ਇਨਕਲਾਬੀ ਪ੍ਰੋਲਤਾਰੀ ਵਿਰੁੱਧ ਜਬਰ ਦੇ ਕਦਮ ਤੇਜ਼ ਕਰਨ, ਜਬਰ ਦੇ ਸਾਧਨ, ਅਰਥਾਤ ਇਸੇ ਹੀ ਰਾਜਕੀ ਬਣਤਰ ਨੂੰ ਮਜ਼ਬੂਤ ਬਣਾਉਣ। ਘਟਨਾਵਾਂ ਦਾ ਇਹ ਵਹਿਣ ਇਨਕਲਾਬ ਨੂੰ ਇਸ ਗੱਲ ਉੱਤੇ ਮਜਬੂਰ ਕਰ ਦੇਂਦਾ ਹੈ ਕਿ ਉਹ "**ਆਪਣੀਆਂ ਤਬਾਹੀ ਦੀਆਂ ਸਾਰੀਆਂ ਸ਼ਕਤੀਆਂ**" ਰਾਜਕੀ ਤਾਕਤ ਵਿਰੁੱਧ "**ਕੇਂਦਰਿਤ ਕਰੇ**" ਅਤੇ ਆਪਣੇ ਸਾਹਮਣੇ ਰਾਜਕੀ ਬਣਤਰ ਨਿਪੁੰਨ ਬਣਾਉਣ ਦਾ ਨਹੀਂ ਸਗੋਂ ਇਸਨੂੰ **ਤੋੜਨ** ਅਤੇ **ਤਬਾਹ ਕਰਨ** ਦਾ ਮੰਤਵ ਰੱਖੇ।

ਇਹ ਤਰਕਵਾਦੀ ਦਲੀਲਾਂ ਨਹੀਂ ਸਨ, ਸਗੋਂ ਘਟਨਾਵਾਂ ਦਾ ਅਸਲੀ ਵਿਕਾਸ ਸੀ, 1848-1851 ਦਾ ਜਿਉਂਦਾ ਤਜਰਬਾ ਸੀ ਜਿਸਨੇ ਮਾਮਲੇ ਨੂੰ ਇਸ ਤਰ੍ਹਾਂ ਪੇਸ਼ ਕਰਵਾਇਆ। ਮਾਰਕਸ ਕਿਸ ਹੱਦ ਤੱਕ ਇਤਿਹਾਸਕ ਤਜਰਬੇ ਦੀ ਨਿੱਗਰ ਭੋਂ ਉੱਤੇ ਕਾਇਮ ਰਹੇ, ਇਸ ਤੱਥ ਤੋਂ ਵੇਖਿਆ ਜਾ ਸਕਦਾ ਹੈ ਕਿ, 1852 ਵਿੱਚ, ਉਹਨਾਂ ਨੇ ਅਜੇ ਠੋਸ ਤੌਰ ਉੱਤੇ ਇਹ ਸਵਾਲ ਨਹੀਂ ਉਠਾਇਆ ਕਿ ਜਿਸ ਰਾਜਕੀ ਬਣਤਰ ਨੂੰ ਤੋੜਿਆ ਜਾਵੇਗਾ, ਉਹਦੀ ਥਾਂ **ਕੀ** ਲਵੇਗਾ। ਤਜਰਬੇ ਨੇ ਅਜੇ ਇਸ ਮਸਲੇ ਦੇ ਹੱਲ ਲਈ ਸਮੱਗਰੀ ਨਹੀਂ ਸੀ ਦਿੱਤੀ, ਜਿਹੜਾ ਇਤਿਹਾਸ ਨੇ ਪਿੱਛੋਂ ਜਾਕੇ, 1871 ਵਿੱਚ ਸਮੇਂ ਦੀ ਕਾਰਜ-ਸੂਚੀ ਵਿੱਚ ਸ਼ਾਮਲ ਕੀਤਾ। 1852 ਵਿੱਚ ਵਿਗਿਆਨਕ ਵਿਚਾਰ ਦੀ ਸ਼ੁੱਧਤਾ ਨਾਲ਼ ਬਸ ਏਨਾ ਹੀ ਸਾਬਤ ਕੀਤਾ ਜਾ ਸਕਦਾ ਸੀ ਕਿ ਪ੍ਰੋਲਤਾਰੀ ਇਨਕਲਾਬ "ਆਪਣੀਆਂ ਤਬਾਹੀ ਦੀਆਂ ਸਭੇ ਸ਼ਕਤੀਆਂ" ਰਾਜਕੀ ਤਾਕਤ ਵਿਰੁੱਧ "ਕੇਂਦਰਿਤ ਕਰਨ" ਤੱਕ, ਰਾਜਕੀ ਬਣਤਰ ਨੂੰ "ਤੋੜਨ" ਤੱਕ **ਅੱਪੜ ਗਿਆ ਹੈ**।

ਇਥੇ ਇਹ ਸਵਾਲ ਉੱਠ ਸਕਦਾ ਹੈ ਕਿ ਕੀ ਮਾਰਕਸ ਦਾ ਤਜਰਬੇ, ਵਿਚਾਰਾਂ ਅਤੇ ਸਿੱਟਿਆਂ ਨੂੰ ਆਮਿਆਉਣਾ, ਉਸ ਖੇਤਰ ਉੱਤੇ ਜਿਹੜਾ 1848-51 ਦੇ ਤਿੰਨਾਂ ਵਰ੍ਹਿਆਂ ਦੇ ਇਤਿਹਾਸ ਤੋਂ ਬਹੁਤ ਵਿਸ਼ਾਲ ਹੈ, ਲਾਗੂ ਕਰਨਾ ਠੀਕ ਹੈ ? ਇਹ ਸਵਾਲ ਨਜਿੱਠਣ ਤੋਂ

ਪਹਿਲਾਂ ਆਓ ਅਸੀਂ ਏਂਗਲਜ਼ ਦੀ ਇੱਕ ਗੱਲ ਚੇਤੇ ਕਰੀਏ ਅਤੇ ਫੇਰ ਤੱਥਾਂ ਨੂੰ ਵੇਖੀਏ। ਆਠਾਰ੍ਹਵੇਂ ਬਰੂਮੇਰ ਦੀ ਤੀਜੀ ਛਾਪ ਦੇ ਮੁੱਖ-ਬੰਧ ਵਿੱਚ ਏਂਗਲਜ਼ ਨੇ ਲਿਖਿਆ:

> "...ਫਰਾਂਸ ਉਹ ਦੇਸ਼ ਹੈ ਜਿੱਥੇ, ਕਿਸੇ ਹੋਰ ਥਾਂ ਨਾਲ਼ੋਂ ਵੱਧ, ਇਤਿਹਾਸਕ ਜਮਾਤੀ ਘੋਲ਼ ਨਿਰਣੇ ਤੱਕ ਲੜੇ ਗਏ ਅਤੇ ਜਿੱਥੇ, ਇਹਦੇ ਸਿੱਟੇ ਵਜੋਂ, ਉਹ ਬਦਲਦੇ ਰਾਜਸੀ ਰੂਪ ਜਿਨ੍ਹਾਂ ਵਿੱਚ ਉਹ ਚਲਦੇ ਹਨ ਅਤੇ ਜਿਨ੍ਹਾਂ ਵਿੱਚ ਉਹਨਾਂ ਦੇ ਸਿੱਟਿਆਂ ਦਾ ਸਾਰ ਕੱਢਿਆ ਜਾਂਦਾ ਹੈ, ਅਤਿ-ਅੰਤ ਤਿੱਖੀ ਰੂਪ-ਰੇਖਾ ਵਿੱਚ ਉਲੀਕੇ ਗਏ ਹਨ। ਮੱਧ ਕਾਲ ਵਿੱਚ ਜਗੀਰਦਾਰੀ ਦੇ ਕੇਂਦਰ, ਪੁਨਰ-ਜਾਗ੍ਰਤੀ ਤੋਂ ਪਿੱਛੋਂ ਜਮਾਤਾਂ ਉੱਤੇ ਆਧਾਰਤ ਇੱਕ-ਮੁੱਠ ਬਾਦਸ਼ਾਹੀ ਦੇ ਦੇਸ਼ ਫ਼ਰਾਂਸ ਨੇ ਮਹਾਨ ਇਨਕਲਾਬ ਵਿੱਚ ਜਗੀਰਦਾਰੀ ਦਾ ਅੰਤ ਕਰ ਦਿੱਤਾ ਅਤੇ ਬੁਰਜੂਆਜ਼ੀ ਦੀ ਨਿਰੋਲ ਹਕੂਮਤ ਕਾਇਮ ਕੀਤੀ, ਜਿਸਦੀ ਕਲਾਸੀਕੀ ਸ਼ੁੱਧਤਾ ਦੀ ਕਿਸੇ ਹੋਰ ਯੂਰਪੀ ਦੇਸ਼ ਵਿੱਚ ਮਿਸਾਲ ਨਹੀਂ ਮਿਲਦੀ। ਅਤੇ ਹਾਕਮ ਬੁਰਜੂਆਜ਼ੀ ਵਿਰੁੱਧ ਉੱਪਰ ਉੱਠਣ ਦਾ ਯਤਨ ਕਰ ਰਹੇ ਪ੍ਰੋਲਤਾਰੀ ਦਾ ਘੋਲ ਇੱਕ ਅਜਿਹੇ ਤਿੱਖੇ ਰੂਪ ਵਿੱਚ ਪ੍ਰਗਟ ਹੋਇਆ, ਜਿਸਦੀ ਹੋਰ ਕਿਧਰੇ ਮਿਸਾਲ ਨਹੀਂ ਮਿਲਦੀ।" (ਪੰਨਾ 4, 1907 ਦੀ ਛਾਪ)

ਅਖ਼ੀਰੀ ਵਾਕ ਸਮਾਂ ਵਿਹਾ ਚੁੱਕਾ ਹੈ ਕਿਉਂਕਿ 1871 ਤੋਂ ਪਿੱਛੋਂ ਫ਼ਰਾਂਸੀਸੀ ਪ੍ਰੋਲਤਾਰੀ ਦੇ ਇਨਕਲਾਬੀ ਘੋਲ਼ ਵਿੱਚ ਚੁੱਪ ਛਾ ਗਈ ਹੈ; ਭਾਵੇਂ ਇਹ ਚੁੱਪ ਲੰਮੀ ਹੋਣ ਦੇ ਬਾਵਜੂਦ ਇਸ ਸੰਭਾਵਨਾ ਨੂੰ ਉੱਕਾ ਹੀ ਰੱਦ ਨਹੀਂ ਕਰਦੀ ਕਿ ਆਉਂਦੇ ਪ੍ਰੋਲਤਾਰੀ ਇਨਕਲਾਬ ਵਿੱਚ ਫ਼ਰਾਂਸ ਆਪਣੇ ਆਪ ਨੂੰ ਅੰਤ ਤੱਕ ਲੜੇ ਜਾਣ ਵਾਲ਼ੇ ਜਮਾਤੀ ਸੰਗਰਾਮ ਦਾ ਦੇਸ਼ ਸਾਬਤ ਕਰੇਗਾ।

ਪਰ ਆਓ ਅਸੀਂ ਉਨ੍ਹੀਵੀਂ ਸਦੇ ਦੇ ਅੰਤ ਅਤੇ ਵੀਹਵੀਂ ਸਦੀ ਦੇ ਮੁੱਢ ਵਿੱਚ ਉੱਨਤ ਦੇਸ਼ਾਂ ਦੇ ਇਤਿਹਾਸ ਉੱਤੇ ਇੱਕ ਆਮ ਨਿਗਾਹ ਮਾਰੀਏ। ਅਸੀਂ ਵੇਖਾਂਗੇ ਕਿ ਉਹੋ ਅਮਲ ਵਧੇਰੇ ਹੌਲੀ, ਵਧੇਰੇ ਭਿੰਨ ਰੂਪਾਂ ਵਿੱਚ, ਕਿਤੇ ਵਿਸ਼ਾਲ ਪੱਧਰ ਉੱਤੇ ਹੁੰਦਾ ਰਿਹਾ ਹੈ: ਇੱਕ ਹੱਥ ਗਣ-ਰਾਜੀ ਦੇਸ਼ਾਂ (ਫ਼ਰਾਂਸ, ਅਮਰੀਕਾ, ਸਵਿਟਜ਼ਰਲੈਂਡ) ਅਤੇ ਬਾਦਸ਼ਾਹੀਆਂ (ਇੰਗਲੈਂਡ, ਕਿਸੇ ਹੱਦ ਤੱਕ ਜਰਮਨੀ, ਇਟਲੀ, ਸਕੈਂਡੇਨੇਵੀਆ ਦੇ ਦੇਸ਼ਾਂ, ਆਦਿ) ਦੋਹਾਂ ਵਿੱਚ "ਪਾਰਲੀਮਾਨੀ ਤਾਕਤ" ਦਾ ਵਿਕਾਸ; ਦੂਜੇ ਹੱਥ ਵੱਖ ਵੱਖ ਬੁਰਜੂਆ ਅਤੇ ਨਿੱਕ-ਬੁਰਜੂਆ ਪਾਰਟੀਆਂ ਵਿਚਕਾਰ, ਜਿਨ੍ਹਾਂ ਅਹੁਦਿਆਂ ਦੇ "ਲੁੱਟ ਦੇ ਮਾਲ" ਦੀ ਵੰਡ ਅਤੇ ਮੁੜ-ਵੰਡ ਕੀਤੀ, ਤਾਕਤ ਲਈ ਘੋਲ, ਜਦੋਂ ਕਿ ਬੁਰਜੂਆ ਸਮਾਜ ਦੀਆਂ ਬੁਨਿਆਦਾਂ ਵਿੱਚ ਕੋਈ ਤਬਦੀਲੀ ਨਾ ਆਈ; ਅਤੇ ਅੰਤ, "ਪ੍ਰਬੰਧਕ ਤਾਕਤ", ਇਹਦੀ ਨੌਕਰਸ਼ਾਹੀ ਅਤੇ ਫ਼ੌਜੀ ਬਣਤਰ ਦੀ ਨਿਪੁੰਨਤਾ।

ਇਸ ਸਬੰਧੀ ਭੋਰਾ ਵੀ ਸ਼ੱਕ ਨਹੀਂ ਕਿ ਆਮ ਤੌਰ 'ਤੇ ਸਭਨਾਂ ਸਰਮਾਏਦਾਰ ਰਾਜਾਂ ਦੇ ਨਵੀਨ ਵਿਕਾਸ ਵਿੱਚ ਇਹ ਲੱਛਣ ਸਾਂਝੇ ਰਹੇ ਹਨ। 1848-1851 ਦੇ ਤਿੰਨਾਂ ਵਰ੍ਹਿਆਂ ਵਿੱਚ ਫ਼ਰਾਂਸ ਨੇ ਤੇਜ਼, ਤਿੱਖੇ ਅਤੇ ਸੰਘਣੇ ਰੂਪ ਵਿੱਚ ਵਿਕਾਸ ਦੇ ਐਨ ਉਹੋ ਰੂਪ ਪ੍ਰਗਟ ਕੀਤੇ

ਜਿਹੜੇ ਸਮੁੱਚੀ ਸਰਮਾਏਦਾਰ ਦੁਨੀਆਂ ਦਾ ਵਿਸ਼ੇਸ਼ ਲੱਛਣ ਹਨ।

ਸਾਮਰਾਜ—ਬੈਂਕਾਂ ਦੇ ਸਰਮਾਏ ਦੇ ਯੁੱਗ, ਧੜਵੈਲ ਸਰਮਾਏਦਾਰ ਅਜਾਰੇਦਾਰੀਆਂ ਦੇ ਯੁੱਗ, ਅਜਾਰੇਦਾਰ ਸਰਮਾਏਦਾਰੀ ਦੇ ਰਾਜ-ਅਜਾਰੇਦਾਰ ਸਰਮਾਏਦਾਰੀ ਦੇ ਯੁੱਗ ਵਿੱਚ ਵਿਕਾਸ ਦੇ ਯੁੱਗ ਨੇ "ਰਾਜਕੀ ਬਣਤਰ" ਦੇ ਅਸਾਧਾਰਨ ਤੌਰ 'ਤੇ ਮਜ਼ਬੂਤ ਹੋਣ ਅਤੇ ਬਾਦਸ਼ਾਹੀ ਅਤੇ ਸਭ ਤੋਂ ਵੱਧ-ਸੁਤੰਤਰ ਗਣ-ਰਾਜੀ ਦੇਸ਼ਾਂ ਦੋਹਾਂ ਵਿੱਚ ਪ੍ਰੋਲਤਾਰੀ ਵਿਰੁੱਧ ਜਬਰ ਦੀਆਂ ਕਾਰਵਾਈਆਂ ਤਿੱਖੀਆਂ ਕੀਤੀਆਂ ਜਾਣ ਦੇ ਸਬੰਧ ਵਿੱਚ ਇਹਦੀਆਂ ਨੌਕਰਸ਼ਾਹੀ ਅਤੇ ਫ਼ੌਜੀ ਬਣਤਰਾਂ ਦੇ ਬੇਮਿਸਾਲ ਵਾਧੇ ਨੂੰ ਵਿਸ਼ੇਸ਼ ਤੌਰ 'ਤੇ ਬਲ ਨਾਲ਼ ਵਿਖਾ ਦਿੱਤਾ ਹੈ।

ਸੰਸਾਰ ਇਤਿਹਾਸ ਹੁਣ ਨਿਰਸੰਦੇਹ 1852 ਨਾਲ਼ੋਂ ਬੇਮਿਸਾਲ ਵਡੇਰੀ ਪੱਧਰ ਉੱਤੇ ਪ੍ਰੋਲਤਾਰੀ ਇਨਕਲਾਬ ਦੀਆਂ "ਕੁੱਲ ਤਾਕਤਾਂ" ਦੇ ਰਾਜਕੀ ਬਣਤਰ ਦੀ "ਤਬਾਹੀ" ਲਈ "ਕੇਂਦਰਿਤ ਹੋਣ" ਵੱਲ ਜਾ ਰਿਹਾ ਹੈ।

ਪ੍ਰੋਲਤਾਰੀ ਇਹਦੀ ਥਾਂ ਕੀ ਰੱਖੇਗਾ, ਇਸਦਾ ਸੰਕੇਤ ਉਸ ਅਤਿ-ਅੰਤ ਸਿਖਿਆਦਾਇਕ ਸਮੱਗਰੀ ਤੋਂ ਮਿਲਦਾ ਹੈ ਜਿਹੜੀ ਪੈਰਿਸ ਕਮਿਊਨ ਨੇ ਦਿੱਤੀ ਹੈ।

## 3. 1852 ਵਿੱਚ ਮਾਰਕਸ ਨੇ ਮਸਲਾ ਕਿਵੇਂ ਪੇਸ਼ ਕੀਤਾ*

1907 ਵਿੱਚ ਮੇਹਰਿੰਗ ਨੇ «Neue Zeit»[14] (ਸੈਂਚੀ 25, 2, ਪੰਨਾ 164) ਵਿੱਚ 5 ਮਾਰਚ 1852 ਨੂੰ ਮਾਰਕਸ ਵੱਲੋਂ ਵੇਡੇਮੇਅਰ ਨੂੰ ਲਿਖੇ ਇੱਕ ਖ਼ਤ ਦੇ ਕੁੱਝ ਹਿੱਸੇ ਛਾਪੇ। ਹੋਰਨਾਂ ਗੱਲਾਂ ਤੋਂ ਬਿਨਾਂ ਇਸ ਵਿੱਚ ਹੇਠ ਲਿਖਿਆ ਧਿਆਨ-ਯੋਗ ਵਿਚਾਰ ਹੈ:

> "ਜਿਥੋਂ ਤੱਕ ਮੇਰਾ ਸੰਬੰਧ ਹੈ ਅਜੋਕੇ ਸਮਾਜ ਵਿੱਚ ਜਮਾਤਾਂ ਦੀ ਹੋਂਦ ਜਾਂ ਉਹਨਾਂ ਵਿਚਕਾਰ ਘੋਲ ਲੱਭਣ ਲਈ ਮੈਨੂੰ ਕੋਈ ਸ਼ੋਭਾ ਨਹੀਂ ਮਿਲਦੀ। ਮੇਰੇ ਤੋਂ ਬਹੁਤ ਪਹਿਲਾਂ ਬੁਰਜੂਆ ਇਤਿਹਾਸਕਾਰਾਂ ਨੇ ਜਮਾਤੀ ਘੋਲ਼ ਦਾ ਵਿਕਾਸ ਬਿਆਨ ਕੀਤਾ ਸੀ ਅਤੇ ਬੁਰਜੂਆ ਅਰਥ-ਸ਼ਾਸਤਰੀਆਂ ਨੇ ਜਮਾਤਾਂ ਦੀ ਆਰਥਕ ਬਣਤਰ ਦਾ ਇਤਿਹਾਸਕ ਵਿਕਾਸ ਬਿਆਨ ਕੀਤਾ ਸੀ। ਮੈਂ ਜਿਹੜੀ ਨਵੀਂ ਗੱਲ ਕੀਤੀ ਉਹ ਇਹ ਸਾਬਤ ਕਰਨਾ ਸੀ ਕਿ: 1) ਕਿ ਜਮਾਤਾਂ ਦੀ ਹੋਂਦ ਕੇਵਲ ਉਤਪਾਦਨ ਦੇ ਵਿਕਾਸ ਵਿੱਚ ਖ਼ਾਸ ਇਤਿਹਾਸਕ ਦੌਰਾਂ ਨਾਲ਼ ਜੁੜੀ ਹੋਈ ਹੈ (historische Entwicklungsphasen der Produktion), 2) ਕਿ ਜਮਾਤੀ ਘੋਲ ਦਾ ਲਾਜ਼ਮੀ ਸਿੱਟਾ ਪ੍ਰੋਲਤਾਰੀ ਦੀ ਤਾਨਾਸ਼ਾਹੀ ਹੁੰਦਾ ਹੈ, 3) ਕਿ ਇਹ ਤਾਨਾਸ਼ਾਹੀ ਆਪਣੇ ਆਪ ਵਿੱਚ ਸਭਨਾਂ ਜਮਾਤਾਂ ਦਾ ਅੰਤ ਅਤੇ ਜਮਾਤ-ਰਹਿਤ ਸਮਾਜ ਵੱਲ ਤਬਦੀਲੀ ਬਣਦੀ ਹੈ।..."

ਇਹਨਾਂ ਸ਼ਬਦਾਂ ਵਿੱਚ ਮਾਰਕਸ ਬੜੀ ਪ੍ਰਤੱਖ ਸਪਸ਼ਟਤਾ ਨਾਲ਼ ਦੋ ਗੱਲਾਂ ਕਹਿਣ ਵਿੱਚ ਸਫ਼ਲ ਹੋਏ, ਪਹਿਲੇ ਉਹਨਾਂ ਦੀ ਸਿੱਖਿਆ ਅਤੇ ਬੁਰਜੂਆਜ਼ੀ ਦੇ ਸਿਰਮੌਰ ਅਤੇ ਅਤਿ-ਅੰਤ ਡੂੰਘੇ ਵਿਚਾਰਕਾਂ ਦੀ ਸਿੱਖਿਆ ਵਿਚਕਾਰ ਫ਼ਰਕ; ਅਤੇ ਦੂਜੇ, ਰਾਜ ਸੰਬੰਧੀ ਆਪਣੀ

---

* ਦੂਜੀ ਛਾਪ ਵਿੱਚ ਵਧਾਇਆ ਗਿਆ।

ਸਿੱਖਿਆ ਦਾ ਤੱਤ।

ਇਹ ਗੱਲ ਅਕਸਰ ਕਹੀ ਅਤੇ ਲਿਖੀ ਜਾਂਦੀ ਹੈ ਕਿ ਮਾਰਕਸ ਦੀ ਸਿੱਖਿਆ ਦਾ ਮੁੱਖ ਤੱਤ ਜਮਾਤੀ ਘੋਲ਼ ਹੈ: ਪਰ ਇਹ ਸੱਚ ਨਹੀਂ।ਅਤੇ ਇਸੇ ਝੂਠ ਵਿੱਚੋਂ ਅਕਸਰ ਮਾਰਕਸਵਾਦ ਦਾ ਮੌਕਾ-ਪ੍ਰਸਤ ਵਿਗਾੜ, ਇਹਨੂੰ ਇਉਂ ਝੁਠਲਾਉਣਾ ਕਿ ਇਹ ਬੁਰਜੂਆਜ਼ੀ ਨੂੰ ਕਬੂਲ ਕਰਨ ਯੋਗ ਲੱਗੇ, ਪੈਦਾ ਹੁੰਦਾ ਹੈ। ਕਿਉਂਕਿ ਜਮਾਤੀ ਘੋਲ ਦਾ ਸਿਧਾਂਤ ਮਾਰਕਸ ਨੇ **ਨਹੀਂ** ਰਚਿਆ ਸਗੋਂ ਮਾਰਕਸ **ਤੋਂ ਪਹਿਲਾਂ** ਬੁਰਜੂਆਜ਼ੀ ਨੇ ਰਚਿਆ ਅਤੇ ਆਮ ਤੌਰ ’ਤੇ ਬੁਰਜੂਆਜ਼ੀ ਨੂੰ **ਕਬੂਲ** ਹੈ। ਜਿਹੜੇ **ਕੇਵਲ** ਜਮਾਤੀ ਘੋਲ ਨੂੰ ਹੀ ਪ੍ਰਵਾਨ ਕਰਦੇ ਹਨ ਉਹ ਮਾਰਕਸਵਾਦੀ ਨਹੀਂ; ਉਹ ਅਜੇ ਤੱਕ ਬੁਰਜੂਆ ਵਿਚਾਰਾਂ ਅਤੇ ਬੁਰਜੂਆ ਰਾਜਨੀਤੀ ਦੀਆਂ ਹੱਦਾਂ ਅੰਦਰ ਵੇਖੇ ਜਾ ਸਕਦੇ ਹਨ। ਮਾਰਕਸਵਾਦ ਨੂੰ ਜਮਾਤੀ ਘੋਲ਼ ਦੇ ਸਿਧਾਂਤ ਤੱਕ ਸੀਮਤ ਕਰਨ ਦੇ ਅਰਥ ਹਨ ਮਾਰਕਸਵਾਦ ਵਿੱਚ ਕਾਂਟ-ਛਾਂਟ ਕਰਨਾ, ਇਹਦੇ ਵਿੱਚ ਵਿਗਾੜ ਪੈਦਾ ਕਰਨਾ, ਇਹਨੂੰ ਘਟਾ ਕੇ ਕੁੱਝ ਅਜਿਹਾ ਬਣਾ ਦੇਣਾ ਜੋ ਬੁਰਜੂਆਜ਼ੀ ਨੂੰ ਕਬੂਲ ਹੈ। ਕੇਵਲ ਉਹੋ ਮਾਰਕਸਵਾਦੀ ਹੈ ਜਿਹੜਾ ਜਮਾਤੀ ਘੋਲ ਦੀ ਪ੍ਰਵਾਗੀ ਨੂੰ **ਪ੍ਰੋਲਤਾਰੀ ਦੀ ਤਾਨਾਸ਼ਾਹੀ** ਦੀ ਪ੍ਰਵਾਨਗੀ ਤੱਕ **ਵਧਾਉਂਦਾ ਹੈ।** ਇਹੋ ਮਾਰਕਸਵਾਦੀ ਅਤੇ ਨਿੱਕੇ (ਅਤੇ ਉਹਦੇ ਨਾਲ਼ ਹੀ ਨਾਲ਼ ਵੱਡੇ) ਬੁਰਜੂਆ ਵਿਚਕਾਰ ਸਭ ਤੋਂ ਡੂੰਘਾ ਫ਼ਰਕ ਹੈ। ਇਹੋ ਉਹ ਕਸਵੱਟੀ ਹੈ ਜਿਸ ਉੱਤੇ ਮਾਰਕਵਾਦ ਦੀ **ਅਸਲੀ** ਸੂਝ ਅਤੇ ਪ੍ਰਵਾਨਗੀ ਪਰਖੇ ਜਾਂਦੇ ਹਨ। ਅਤੇ ਇਹ ਕੋਈ ਹੈਰਾਨੀ ਵਾਲ਼ੀ ਗੱਲ ਨਹੀਂ ਕਿ ਯੂਰਪ ਦੇ ਇਤਿਹਾਸ ਨੇ ਮਜ਼ਦੂਰ ਜਮਾਤ ਨੂੰ ਇਸ **ਅਮਲੀ** ਮਸਲੇ ਨਾਲ਼ ਰੂ-ਬਰੂ ਕਰ ਦਿੱਤਾ ਤਾਂ ਨਾ ਕੇਵਲ ਸਭੇ ਮੌਕਾ-ਪ੍ਰਸਤ ਅਤੇ ਸੁਧਾਰਵਾਦੀ ਸਗੋਂ ਸਭੇ “ਕਾਊਟਸਕੀਵਾਦੀ” (ਉਹ ਲੋਕ ਜਿਹੜੇ ਸੁਧਾਰਵਾਦ ਅਤੇ ਮਾਰਕਸਵਾਦ ਵਿਚਕਾਰ ਡੋਲਦੇ ਹਨ) ਨਿਗੂਣੇ ਤੰਗ-ਨਜ਼ਰ ਅਤੇ ਨਿਕ-ਬੁਰਜੂਆ ਜਮਹੂਰੀਅਤ-ਪਸੰਦ ਸਾਬਤ ਹੋਏ, ਜਿਹੜੇ ਪ੍ਰੋਲਤਾਰੀ ਦੀ ਤਾਨਾਸ਼ਾਹੀ ਨੂੰ **ਤਿਆਗਦੇ ਹਨ**। ਕਾਊਟਸਕੀ ਦਾ ਕਿਤਾਬਚਾ “ਪ੍ਰੋਲਤਾਰੀ ਦੀ ਤਾਨਾਸ਼ਾਹੀ”, ਜਿਹੜਾ ਅਗਸਤ 1918 ਵਿੱਚ, ਅਰਥਾਤ ਇਸ ਪੁਸਤਕ ਦੀ ਪਹਿਲੀ ਛਾਪ ਤੋ ਬਹੁਤ ਪਿੱਛੋਂ ਛਪਿਆ, ਮਾਰਕਵਾਦ ਦੇ ਨਿਕ-ਬੁਰਜੂਆ ਵਿਗਾੜ ਦੀ ਅਤੇ ਧੋਖੇਬਾਜ਼ੀ ਨਾਲ਼ **ਜ਼ਬਾਨੀ ਕਲਾਮੀ** ਇਹਨੂੰ ਕਬੂਲ ਕਰਦੇ ਹੋਏ **ਅਮਲ ਵਿੱਚ** ਇਹਦੇ ਨੀਚ ਤਿਆਗ ਦੀ ਨਿਪੁੰਨ ਮਿਸਾਲ ਹੈ (ਵੇਖੋ ਮੇਰਾ ਕਿਤਾਬਚਾ ‘ਪ੍ਰੋਲਤਾਰੀ ਇਨਕਲਾਬ ਅਤੇ ਭਗੌੜਾ ਕਾਊਟਸਕੀ’, ਪੀਤਰੋਗਰਾਦ ਅਤੇ ਮਾਸਕੋ, 1918)।

ਇਹਦੇ ਮੁਖ ਪ੍ਰਤਿਨਿੱਧ, ਸਾਬਕਾ ਮਾਰਕਸਵਾਦੀ ਕ. ਕਾਊਟਸਕੀ ਦੇ ਰੂਪ ਵਿੱਚ ਅਜੋਕੀ ਮੌਕਾ-ਪ੍ਰਸਤੀ ਉੱਪਰ ਦੱਸੀ **ਬੁਰਜੂਆ** ਪੁਜ਼ੀਸ਼ਨ ਦੇ ਮਾਰਕਸ ਦੇ ਲੱਛਣੀਕਰਣ ਨਾਲ਼ ਪੂਰੀ ਤਰ੍ਹਾਂ ਮੇਲ ਖਾਂਦੀ ਹੈ, ਕਿਉਂਕਿ ਇਹ ਮੌਕਾ-ਪ੍ਰਸਤੀ ਜਮਾਤੀ ਘੋਲ ਦੀ ਪ੍ਰਵਾਨਗੀ ਨੂੰ ਬੁਰਜੂਆ ਸੰਬੰਧਾਂ ਦੇ ਖੇਤਰ ਅੰਦਰ ਸੀਮਤ ਕਰਦੀ ਹੈ।(ਇਹਦੇ ਖੇਤਰ ਅੰਦਰ, ਇਹਦੇ ਚੌਖਟੇ ਵਿੱਚ, ਇੱਕ ਵੀ ਪੜ੍ਹਿਆ ਲਿਖਿਆ ਉਦਾਰਪੰਥੀ “ਅਸੂਲੀ ਤੌਰ ’ਤੇ” ਜਮਾਤੀ ਘੋਲ ਨੂੰ ਪ੍ਰਵਾਨ ਕਰਨੋਂ ਇਨਕਾਰ ਨਹੀਂ ਕਰੇਗਾ!) ਮੌਕਾ-ਪ੍ਰਸਤੀ ਜਮਾਤੀ ਘੋਲ ਦੀ ਪ੍ਰਵਾਨਗੀ ਨੂੰ ਇਹਦੇ ਬੁਨਿਆਦੀ ਨਕੁਤੇ ਤੱਕ, ਸਰਮਾਏਦਾਰੀ ਤੋਂ ਕਮਿਊਨਿਜ਼ਮ ਵਿੱਚ **ਤਬਦੀਲੀ** ਦੇ ਸਮੇਂ

ਤੱਕ, ਬੁਰਜੂਆਜ਼ੀ ਦਾ **ਤਖ਼ਤਾ ਉਲਟਣ** ਅਤੇ ਇਹਦੇ ਮੁਕੰਮਲ **ਅੰਤ** ਤੱਕ **ਨਹੀਂ ਵਧਾਉਂਦੀ।** ਅਸਲ ਵਿੱਚ ਇਹ ਸਮਾਂ ਅਟੱਲ ਤੌਰ 'ਤੇ ਬੇਮਿਸਾਲ ਤਿੱਖੇ ਰੂਪਾਂ ਵਿਚ ਬੇਮਿਸਾਲ ਤੌਰ 'ਤੇ ਹਿੰਸਕ ਜਮਾਤੀ ਘੋਲ਼ ਦਾ ਸਮਾਂ ਹੈ ਅਤੇ, ਇਸੇ ਲਈ, ਇਸ ਸਮੇਂ ਵਿੱਚ ਰਾਜ ਨੂੰ **ਇੱਕ ਨਵੇਂ ਢੰਗ ਨਾਲ਼** (ਪ੍ਰੋਲਤਾਰੀ ਅਤੇ ਆਮ ਤੌਰ 'ਤੇ ਜਾਇਦਾਦ ਤੋਂ ਬਿਨਾਂ ਲੋਕਾਂ ਲਈ) ਜਮਹੂਰੀ ਅਤੇ **ਇੱਕ ਨਵੇਂ ਢੰਗ ਨਾਲ਼** (ਬੁਰਜੂਆਜ਼ੀ ਵਿਰੁੱਧ) ਤਾਨਾਸ਼ਾਹੀ ਹੋਣਾ ਚਾਹੀਦਾ ਹੈ।

ਅੱਗੇ ਚਲਦੇ ਹੋਏ। ਕੇਵਲ ਉਹਨਾਂ ਲੋਕਾਂ ਨੇ ਹੀ ਰਾਜ ਸਬੰਧੀ ਮਾਰਕਸ ਦੀ ਸਿੱਖਿਆ ਸਮਝਣ ਵਿੱਚ ਨਿਪੁੰਨਤਾ ਪ੍ਰਾਪਤ ਕਰ ਲਈ ਹੈ ਜਿਨਾਂ ਇਹ ਸਮਝ ਲਿਆ ਹੈ ਕਿ ਇੱਕ **ਇਕੱਲੀ** ਜਮਾਤ ਦੀ ਤਾਨਾਸ਼ਾਹੀ ਆਮ ਤੌਰ 'ਤੇ ਹਰ ਜਮਾਤੀ ਸਮਾਜ ਲਈ ਹੀ ਲਾਜ਼ਮੀ ਨਹੀਂ, ਕੇਵਲ ਉਸ **ਪ੍ਰੋਲਤਾਰੀ** ਲਈ ਹੀ ਲਾਜ਼ਮੀ ਨਹੀਂ, ਜਿਸਨੇ ਬੁਰਜੂਆਜ਼ੀ ਦਾ ਤਖ਼ਤਾ ਉਲਟ ਦਿੱਤਾ ਹੈ, ਸਗੋਂ ਉਸ ਸਾਰੇ **ਇਤਿਹਾਸਕ ਸਮੇਂ** ਲਈ ਲਾਜ਼ਮੀ ਹੈ ਜਿਹੜਾ ਸਰਮਾਏਦਾਰੀ ਨੂੰ "ਜਮਾਤ-ਰਹਿਤ ਸਮਾਜ" ਤੋਂ, ਕਮਿਊਨਿਜ਼ਮ ਤੋਂ ਨਖੇੜਦਾ ਹੈ। ਬੁਰਜੂਆ ਰਾਜਾਂ ਦੇ ਰੂਪ ਅਤਿ ਭਿੰਨ ਭਿੰਨ ਹਨ ਪਰ ਉਹਨਾਂ ਦਾ ਤੱਤ ਇੱਕੋ ਹੈ: ਭਾਵੇਂ ਉਹਨਾਂ ਦਾ ਰੂਪ ਕੁੱਝ ਕਿਉਂ ਨਾ ਹੋਵੇ ਅੰਤਲੇ ਵਿਸ਼ਲੇਸ਼ਣ ਵਿੱਚ ਉਹ ਅਟੱਲ ਤੌਰ 'ਤੇ **ਬੁਰਜੂਆਜ਼ੀ ਦੀ ਤਾਨਾਸ਼ਾਹੀ** ਹਨ। ਸਰਮਾਏਦਾਰੀ ਤੋਂ ਕਮਿਊਨਿਜ਼ਮ ਵੱਲ ਤਬਦੀਲੀ ਨਿਸ਼ਚੇ ਹੀ ਰਾਜਸੀ ਰੂਪਾਂ ਦੀ ਬਹੁਲਤਾ ਅਤੇ ਵੰਨ-ਸੁਵੰਨਤਾ ਦਿੱਤੇ ਬਿਨਾਂ ਨਹੀਂ ਰਹਿ ਸਕਦੀ, ਪਰ ਉਹਨਾਂ ਦਾ ਤੱਤ ਅਟੱਲ ਤੌਰ 'ਤੇ ਇੱਕੋ ਹੋਵੇਗਾ: **ਪ੍ਰੋਲਤਾਰੀ ਦੀ ਤਾਨਾਸ਼ਾਹੀ।**

### ਤੀਜਾ ਕਾਂਡ

# ਰਾਜ ਅਤੇ ਇਨਕਲਾਬ। 1871 ਦਾ ਪੈਰਿਸ ਕਮਿਊਨ ਦਾ ਤਜ਼ਰਬਾ। ਮਾਰਕਸ ਦਾ ਵਿਸ਼ਲੇਸ਼ਣ।

## 1. ਕਮਿਊਨਾਰਦਾਂ ਦੇ ਯਤਨ ਦੀ ਸੂਰਮਤਾਈ ਕਿਸ ਗੱਲ ਵਿੱਚ ਸੀ ?

ਇਹ ਗੱਲ ਆਮ ਜਾਣੀ ਹੋਈ ਹੈ ਕਿ 1870 ਦੀ ਪਤਝੜ ਦੀ ਰੁੱਤੇ, ਕਮਿਊਨ ਤੋਂ ਕੁੱਝ ਮਹੀਨੇ ਪਹਿਲਾਂ ਮਾਰਕਸ ਨੇ ਪੈਰਿਸ ਦੇ ਮਜ਼ਦੂਰਾਂ ਨੂੰ ਚੇਤਾਵਨੀ ਦਿੱਤੀ ਸੀ ਕਿ ਹਕੂਮਤ ਦਾ ਤਖ਼ਤਾ ਪਲਟਣ ਦਾ ਕੋਈ ਵੀ ਯਤਨ ਘੋਰ ਨਿਰਾਸ਼ਾ ਵਾਲ਼ੀ ਗ਼ਲਤੀ ਹੋਵੇਗਾ[15]। ਪਰ ਮਾਰਚ 1871 ਵਿੱਚ, ਜਦੋਂ ਮਜ਼ਦੂਰਾਂ ਉੱਤੇ ਇੱਕ ਨਿਰਣਾਇਕ ਲੜਾਈ **ਠੋਸ ਦਿੱਤੀ ਗਈ** ਅਤੇ ਉਹਨਾਂ ਇਹ ਲੜਾਈ ਲੜਨਾ ਕਬੂਲ ਕਰ ਲਿਆ, ਜਦੋਂ ਬਗ਼ਾਵਤ ਇੱਕ ਤੱਥ ਬਣ ਗਿਆ ਸੀ ਤਾਂ ਅਸੁਖਾਵੀਆਂ ਭਵਿੱਖ-ਬਾਣੀਆਂ ਦੇ ਬਾਵਜੂਦ ਮਾਰਕਸ ਨੇ ਪ੍ਰੋਲਤਾਰੀ ਇਨਕਾਲਬ ਨੂੰ ਜੀ-ਆਇਆਂ ਆਖਿਆ। ਮਾਰਕਸ ਨੇ "ਬੇਵਕਤ" ਲਹਿਰ ਨੂੰ ਬਦੂ ਕਰਨ ਦਾ ਉਹੋ ਜਿਹਾ ਕਰੜਾ ਪੰਡਤਾਊ ਵਤੀਰਾ ਨਾ ਅਖ਼ਤਿਆਰ ਕੀਤਾ, ਇਹੋ ਜਿਹਾ ਮਾਰਕਸਵਾਦ ਤੋਂ ਬਦੂ ਰੂਸੀ ਭਗੌੜੇ ਪਲੈਖ਼ਾਨੋਵ ਨੇ ਕੀਤਾ, ਜਿਸਨੇ ਨਵੰਬਰ 1905 ਵਿੱਚ ਮਜ਼ਦੂਰਾਂ ਅਤੇ ਕਿਸਾਨਾਂ ਦੇ ਘੋਲ ਸਬੰਧੀ ਹੌਸਲਾ-ਵਧਾਊ ਢੰਗ ਨਾਲ਼ ਲਿਖਿਆ ਪਰ ਦਸੰਬਰ 1905 ਤੋਂ ਪਿੱਛੋਂ ਉਦਾਰਪੰਥੀ ਢੰਗ ਨਾਲ਼ ਚੀਕਿਆ: "ਉਹਨਾਂ ਨੂੰ ਹਥਿਆਰ ਨਹੀਂ ਸਨ ਚੁੱਕਣੇ ਚਾਹੀਦੇ।"

ਪਰ ਮਾਰਕਸ ਕਮਿਊਨਾਰਦਾਂ[16] ਦੀ ਸੂਰਮਤਾਈ ਬਾਰੇ ਉਤਸ਼ਾਹੀ ਹੀ ਨਹੀਂ ਸਨ, ਜਿਨ੍ਹਾਂ ਉਹਨਾਂ ਦੇ ਕਥਨ ਅਨੁਸਾਰ, "ਸਵਰਗ ਉੱਤੇ ਧਾਵਾ ਕੀਤਾ।" ਅਤੇ ਭਾਵੇਂ ਜਨਤਕ ਇਨਕਲਾਬੀ ਲਹਿਰ ਆਪਣਾ ਆਸ਼ਾ ਪ੍ਰਾਪਤ ਨਾ ਕਰ ਸਕੀ ਉਹ ਇਹਨੂੰ ਸੰਸਾਰ ਪ੍ਰੋਲਤਾਰੀ ਇਨਕਲਾਬ ਦੇ ਕੁੱਝ ਵਾਧੇ ਦੇ ਤੌਰ 'ਤੇ, ਇੱਕ ਅਜਿਹੇ ਅਮਲੀ ਕਦਮ ਦੇ ਤੌਰ 'ਤੇ ਜਿਹੜੇ ਸੈਂਕੜੇ ਪ੍ਰੋਗਰਾਮਾਂ ਅਤੇ ਬਹਿਸਾਂ ਨਾਲ਼ੋਂ ਵਧੇਰੇ ਮਹੱਤਵ-ਪੂਰਨ ਸੀ, ਅਥਾਹ ਮਹੱਤਤਾ ਵਾਲ਼ਾ ਇਤਿਹਾਸਕ ਤਜਰਬਾ ਸਮਝਦੇ ਸਨ। ਇਸ ਤਜਰਬੇ ਦਾ ਵਿਸ਼ਲੇਸ਼ਣ ਕਰਨਾ, ਇਸ ਤੋਂ ਦਾਅ-ਪੇਚਾਂ ਸੰਬੰਧੀ ਸਬਕ ਕੱਢਣਾ, ਇਹਦੀ ਲੋਅ ਵਿੱਚ ਆਪਣੇ ਸਿਧਾਂਤ ਨੂੰ ਨਵੇਂ ਸਿਰਿਉਂ ਜਾਚਣਾ—ਇਹ ਸੀ ਕੰਮ ਜਿਹੜਾ ਮਾਰਕਸ ਨੇ ਆਪਣੇ ਸਾਹਮਣੇ ਰੱਖਿਆ।

ਮਾਰਕਸ ਨੇ 'ਕਮਿਊਨਿਸਟ ਮੈਨੀਫ਼ੈਸਟੋ' ਵਿੱਚ ਜਿਹੜੀ ਇੱਕੋ ਇੱਕ "ਸੁਧਾਈ" ਕਰਨੀ ਜ਼ਰੂਰੀ ਸਮਝੀ, ਉਹ ਉਹਨਾਂ ਨੇ ਪੈਰਿਸ ਦੇ ਕਮਿਊਨਾਰਦਾਂ ਦੇ ਇਨਕਲਾਬੀ ਤਜਰਬੇ ਦੇ ਆਧਾਰ ਉੱਤੇ ਕੀਤੀ।

'ਕਮਿਊਨਿਸਟ ਮੈਨੀਫ਼ੈਸਟੋ' ਦੀ ਨਵੀਂ ਜਰਮਨ ਛਾਪ ਦੇ ਜਿਸ ਅਖ਼ੀਰੀ ਮੁੱਖ-ਬੰਧ ਉੱਤੇ ਇਹਦੇ ਦੋਹਾਂ ਲੇਖਕਾਂ ਨੇ ਦਸਤਖ਼ਤ ਕੀਤੇ ਹਨ, ਉਸ ਉੱਤੇ 24 ਜੂਨ 1872 ਦੀ

ਤਾਰੀਖ਼ ਹੈ। ਇਸ ਮੁੱਖ-ਬੰਧ ਵਿੱਚ ਲੇਖਕ, ਕਾਰਲ ਮਾਰਕਸ ਅਤੇ ਫ਼ਰੈਡਰਿਕ ਏਂਗਲਜ਼ ਕਹਿੰਦੇ ਹਨ ਕਿ 'ਕਮਿਊਨਿਸਟ ਮੈਨੀਫ਼ੈਸਟੋ' ਦਾ ਪ੍ਰੋਗਰਾਮ 'ਕੁੱਝ ਵਿਸਥਾਰਾਂ ਵਿੱਚ ਸਮਾਂ ਵਿਹਾ ਚੁੱਕਾ ਹੈ', ਅਤੇ ਅੱਗੇ ਜਾ ਕੇ ਉਹ ਕਹਿੰਦੇ ਹਨ:

> "...**ਕਮਿਊਨ ਨੇ ਇੱਕ ਗੱਲ ਖ਼ਾਸ ਤੌਰ 'ਤੇ ਸਾਬਤ ਕਰ ਦਿੱਤੀ ਹੈ, ਅਰਥਾਤ, ਇਹ ਕਿ 'ਮਜ਼ਦੂਰ ਜਮਾਤ ਬਸ ਘੜੀ-ਘੜਾਈ ਰਾਜਸੀ ਬਣਤਰ ਹੱਥ ਵਿੱਚ ਲੈ ਕੇ ਇਹਨੂੰ ਆਪਣੇ ਮੰਤਵਾਂ ਲਈ ਨਹੀਂ ਵਰਤ ਸਕਦੀ'**।..."

ਲੇਖਕਾਂ ਨੇ ਉਹ ਸ਼ਬਦ ਜਿਹੜੇ ਇਕਹਿਰੇ ਉਲਟੇ ਕਾਮਿਆਂ ਵਿੱਚ ਹਨ, ਮਾਰਕਸ ਦੀ ਪੁਸਤਕ 'ਫ਼ਰਾਂਸ ਵਿੱਚ ਖ਼ਾਨਾ-ਜੰਗੀ' ਵਿੱਚੋਂ ਲਏ।

ਇਉਂ, ਮਾਰਕਸ ਅਤੇ ਏਂਗਲਜ਼ ਨੇ ਪੈਰਿਸ ਕਮਿਊਨ ਦੇ ਇੱਕ ਮੁੱਖ ਅਤੇ ਬੁਨਿਆਦੀ ਸਬਕ ਨੂੰ ਏਨੀ ਅਥਾਹ ਮਹੱਤਤਾ ਵਾਲ਼ਾ ਸਮਝਿਆ ਕਿ ਉਹਨਾਂ ਇਹਨੂੰ 'ਕਮਿਊਨਿਸਟ ਮੈਨੀਫ਼ੈਸਟੋ' ਵਿੱਚ ਇੱਕ ਚੋਖੀ ਤਰਮੀਮ ਵਜੋਂ ਸ਼ਾਮਲ ਕਰ ਦਿੱਤਾ।

ਅਤੇ ਇਹ ਗੱਲ ਅਤਿ-ਅੰਤ ਲਖਣਾਇਕ ਹੈ ਕਿ ਐਨ ਇਸੇ ਚੋਖੀ ਸੁਧਾਈ ਨੂੰ ਹੀ ਮੌਕਾ-ਪ੍ਰਸਤਾਂ ਨੇ ਵਿਗਾੜਿਆ ਹੈ ਅਤੇ ਸ਼ਾਇਦ 'ਕਮਿਊਨਿਸਟ ਮੈਨੀਫ਼ੈਸਟੋ' ਦੇ ਸੌ ਵਿੱਚ 99 ਪਾਠਕਾਂ ਨੂੰ ਨਹੀਂ ਤਾਂ ਦਸ ਵਿੱਚੋਂ ਨੌਂ ਨੂੰ ਤਾਂ ਇਹਦੇ ਅਰਥਾਂ ਦਾ ਪਤਾ ਨਹੀਂ। ਅਸੀਂ ਇਸ ਵਿਗਾੜ ਨਾਲ਼ ਪੂਰੀ ਤਰ੍ਹਾਂ ਅੱਗੇ ਜਾ ਕੇ ਵਿਗਾੜਾਂ ਨੂੰ ਸਮਰਪਿਤ ਇੱਕ ਕਾਂਡ ਵਿੱਚ ਨਿੱਬੜਾਂਗੇ। ਇਥੇ ਇਹ ਕਹਿਣਾ ਹੀ ਕਾਫ਼ੀ ਹੈ ਕਿ ਅਸੀਂ ਮਾਰਕਸ ਦੇ ਜਿਸ ਪ੍ਰਸਿੱਧ ਕਥਨ ਦੀ ਹੁਣੇ ਹੁਣੇ ਟੂਕ ਦਿੱਤੀ ਹੈ ਉਹਦੀ ਪ੍ਰਚਲਤ, ਗੰਵਾਰ "ਵਿਆਖਿਆ", ਇਹ ਹੈ ਕਿ ਅਖੌਤੀ ਤੌਰ ਉੱਤੇ ਮਾਰਕਸ ਤਾਕਤ ਉੱਤੇ ਕਬਜ਼ੇ ਦੇ ਮੁਕਾਬਲੇ ਉੱਤੇ ਹੌਲੀ ਹੌਲੀ ਵਿਕਾਸ ਦੇ ਵਿਚਾਰ ਉੱਤੇ ਜ਼ੋਰ ਦੇਂਦੇ ਹਨ, ਇਤਿ-ਆਦਿ।

ਅਸਲ ਵਿੱਚ ਮਾਮਲਾ **ਬਿਲਕੁਲ ਉਲਟ ਹੈ।** ਮਾਰਕਸ ਇਸ ਗੱਲ ਉੱਤੇ ਜ਼ੋਰ ਦੇਂਦੇ ਹਨ ਕਿ ਇਹ ਲਾਜ਼ਮੀ ਹੈ ਕਿ ਮਜ਼ਦੂਰ ਜਮਾਤ "ਘੜੀ-ਘੜਾਈ ਰਾਜਕੀ ਬਣਤਰ" ਨੂੰ **ਤੋੜ ਦੇਵੇ, ਚੂਰ ਚੂਰ ਕਰ ਦੇਵੇ** ਅਤੇ ਆਪਣੇ ਆਪ ਨੂੰ ਇਹਨੂੰ ਹੱਥ ਵਿੱਚ ਲੈਣ ਤੱਕ ਸੀਮਤ ਨਾ ਰੱਖੇ।

12 ਅਪ੍ਰੈਲ 1871 ਨੂੰ, ਅਰਥਾਤ, ਐਨ ਕਮਿਊਨ ਦੇ ਸਮੇਂ, ਮਾਰਕਸ ਨੇ ਕੁਗੇਲਮਾਨ ਨੂੰ ਲਿਖਿਆ:

> "...ਜੇ ਤੁਸੀਂ ਮੇਰੇ 'ਅਠਾਰ੍ਹਵੇਂ ਬਰੂਮੇਰ' ਦੇ ਅਖ਼ੀਰੀ ਕਾਂਡ ਨੂੰ ਵੇਖੋ ਤਾਂ ਤੁਸੀਂ ਵੇਖੋਗੇ ਕਿ ਮੈਂ ਇਹ ਕਿਹਾ ਹੈ ਕਿ ਫ਼ਰਾਂਸੀਸੀ ਇਨਕਲਾਬ ਦਾ ਅਗਲਾ ਯਤਨ ਪਹਿਲਾਂ ਵਾਂਗ ਨੌਕਰਸ਼ਾਹ-ਫ਼ੌਜੀ ਬਣਤਰ ਦੀ ਇੱਕ ਤੋਂ ਦੂਜੇ ਹੱਥ ਬਦਲੀ ਨਹੀਂ ਹੋਵੇਗਾ ਸਗੋਂ ਇਹਨੂੰ **ਤੋੜਨਾ** ਹੋਵੇਗਾ" (ਸ਼ਬਦਾਂ ਉੱਤੇ ਜ਼ੋਰ ਮਾਰਕਸ ਨੇ ਦਿੱਤਾ ਹੈ—ਅਸਲ ਸ਼ਬਦ zerbrechen ਹੈ), "ਅਤੇ ਇਹ ਮਹਾਂ-ਦੀਪ ਉੱਤੇ ਹਰ ਅਸਲੀ ਜਨਤਕ ਇਨਕਲਾਬ ਲਈ ਮੁਢਲੀ ਸ਼ਰਤ ਹੈ। ਅਤੇ ਪੈਰਿਸ ਵਿੱਚ ਸਾਡੇ ਸੂਰਮਾ ਪਾਰਟੀ ਸਾਥੀ ਇਹੋ ਕੁੱਝ ਕਰਨ ਦਾ ਯਤਨ ਕਰ ਰਹੇ ਹਨ।" «Neue

Zeit», ਸੈਂਚੀ 20, 1, 1901-02, ਪੰਨਾ 709)।(ਕੁਗੇਲਮਾਨ ਦੇ ਨਾਂ ਮਾਰਕਸ ਦੇ ਖ਼ਤਾਂ ਦੇ ਰੂਸੀ ਵਿੱਚ ਦੋ ਸੰਸਕ੍ਰਣਾਂ ਤੋਂ ਘੱਟ ਨਹੀਂ ਛਪੇ, ਜਿਨ੍ਹਾਂ ਵਿੱਚੋਂ ਮੈ ਇੱਕ ਦਾ ਸੰਪਾਦਨ ਕੀਤਾ ਅਤੇ ਮੁੱਖ-ਬੰਧ ਦਾ ਵਾਧਾ ਕੀਤਾ)*

"ਬੁਰਜੂਆ-ਫ਼ੌਜੀ ਬਣਤਰ ਨੂੰ ਤੋੜਨਾ", ਇਹ ਸ਼ਬਦ ਇਨਕਲਾਬ ਦੇ ਦੌਰਾਨ ਰਾਜ ਸੰਬੰਧੀ ਪ੍ਰੋਲਤਾਰੀ ਦੇ ਕਰਤੱਵਾਂ ਸਬੰਧੀ ਮਾਰਕਸਵਾਦ ਦੇ ਮੁੱਖ ਸਬਕ ਨੂੰ ਸੰਖੇਪ ਤੌਰ 'ਤੇ ਪੇਸ਼ ਕਰਦੇ ਹਨ। ਅਤੇ ਐਨ ਇਹੋ ਸਬਕ ਹੈ ਜਿਹੜਾ ਮਾਰਕਸਵਾਦ ਦੀ ਪ੍ਰਚਲਤ, ਕਾਊਟਸਕੀਵਾਦੀ "ਵਿਆਖਿਆ" ਨੇ ਨਾ ਕੇਵਲ ਭੁਲਾ ਦਿੱਤਾ ਹੈ ਸਗੋਂ ਪੂਰੀ ਤਰ੍ਹਾਂ ਵਿਗਾੜਿਆ ਹੈ।

ਜਿਥੋਂ ਤੱਕ ਮਾਰਕਸ ਦੇ 'ਅਠਾਰ੍ਹਵੇਂ ਬਰੂਮੇਰ' ਦੇ ਜ਼ਿਕਰ ਦਾ ਸਬੰਧ ਹੈ, ਅਸੀਂ ਅਨੁਸਾਰੀ ਭਾਗ ਦੀ ਉੱਪਰ ਪੂਰੀ ਟੂਕ ਦਿੱਤੀ ਹੈ।

ਅਸਾਂ ਉੱਪਰ ਮਾਰਕਸ ਦੀ ਜਿਸ ਦਲੀਲ ਦੀ ਟੂਕ ਦਿੱਤੀ ਹੈ ਉਸ ਵਿੱਚ ਵਿਸ਼ੇਸ਼ ਤੌਰ 'ਤੇ ਦੋ ਗੱਲਾਂ ਰੌਚਕ ਹਨ। ਪਹਿਲੇ, ਉਹ ਆਪਣੇ ਸਿੱਟੇ ਨੂੰ ਯੂਰਪ ਦੇ ਮਹਾਂ-ਦੀਪੀ ਭਾਗ ਤੱਕ ਹੀ ਸੀਮਤ ਰੱਖਦੇ ਹਨ। ਇਹ ਗੱਲ 1871 ਵਿੱਚ, ਜਦੋਂ ਇੰਗਲੈਂਡ ਅਜੇ ਖ਼ਾਲਸ ਸਰਮਾਏਦਾਰ ਦੇਸ਼ ਦਾ ਨਮੂਨਾ ਸੀ, ਜਿਸ ਵਿੱਚ ਫ਼ੌਜੀ ਗੁੱਟ ਨਹੀਂ ਸੀ ਅਤੇ ਚੋਖੀ ਹੱਦ ਤੱਕ ਨੌਕਰਸ਼ਾਹੀ ਤੋਂ ਬਿਨਾਂ ਸੀ, ਸਮਝ ਆਉਣ ਵਾਲ਼ੀ ਸੀ। ਇਸੇ ਲਈ ਮਾਰਕਸ ਨੇ ਇੰਗਲੈਂਡ ਨੂੰ, ਜਿਥੇ "ਘੜੀ ਘੜਾਈ ਰਾਜਕੀ ਬਣਤਰ" ਨੂੰ ਤੋੜਨ ਦੀ ਮੁਢਲੀ ਸ਼ਰਤ ਪੂਰੀ ਕੀਤੇ ਬਿਨਾਂ ਇੱਕ ਇਨਕਲਾਬ, ਇਥੋਂ ਤੱਕ ਕਿ ਜਨਤਕ ਇਨਕਲਾਬ ਵੀ ਸੰਭਵ ਜਾਪਦਾ ਸੀ, ਵੱਖ ਕਰ ਦਿੱਤਾ।

ਅੱਜ 1917 ਵਿੱਚ, ਪਹਿਲੇ ਵੱਡੇ ਸਾਮਰਾਜੀ ਯੁੱਧ ਦੇ ਯੁੱਗ ਵਿੱਚ ਮਾਰਕਸ ਵੱਲੋਂ ਲਾਈ ਇਹ ਰੋਕ ਹੁਣ ਯੋਗ ਨਹੀਂ ਰਹੀ। ਇੰਗਲੈਂਡ ਅਤੇ ਅਮਰੀਕਾ ਦੋਵੇਂ—ਸਮੁੱਚੇ ਸੰਸਾਰ ਵਿੱਚ—ਇਹਨਾਂ ਅਰਥਾਂ ਵਿੱਚ ਐਂਗਲੋ-ਸੈਕਸਨ "ਆਜ਼ਾਦੀ" ਦੇ ਸਭ ਤੋਂ ਵੱਡੇ ਅਤੇ ਅਖ਼ੀਰੀ ਪ੍ਰਤੀਨਿੱਧ, ਕਿ ਉਹਨਾਂ ਵਿੱਚ ਫ਼ੌਜੀ ਜੁੰਡੀਆਂ ਅਤੇ ਨੌਕਰਸ਼ਾਹੀ ਨਹੀਂ ਸੀ, ਪੂਰੀ ਤਰ੍ਹਾਂ ਨੌਕਰਸ਼ਾਹੀ-ਫ਼ੌਜੀ ਸੰਸਥਾਵਾਂ ਦੀ ਕੁੱਲ-ਯੂਰਪੀ ਗੰਦੀ, ਖ਼ੂਨੀ ਜਿੱਲ੍ਹਣ ਵਿੱਚ ਫਸ ਗਏ ਹਨ, ਜੋ ਸਭ ਕੁੱਝ ਨੂੰ ਆਪਣੇ ਅਧੀਨ ਕਰਦੀਆਂ ਹਨ, ਪੈਰਾਂ ਹੇਠ ਮਧੋਲਦੀਆਂ ਹਨ। ਅੱਜ ਇੰਗਲੈਂਡ ਅਤੇ ਅਮਰੀਕਾ ਵਿੱਚ ਵੀ "ਹਰ ਅਸਲੀ ਜਨਤਕ ਇਨਕਲਾਬ ਲਈ ਮੁੱਢਲੀ ਸ਼ਰਤ ਘੜੀ ਘੜਾਈ ਰਾਜਕੀ ਬਣਤਰ ਨੂੰ" **ਤੋੜਨਾ**, **ਤਬਾਹ ਕਰਨਾ ਹੈ** (ਘੜੀ ਘੜਾਈ—1914-1917 ਦੇ ਵਰ੍ਹਿਆਂ ਵਿੱਚ ਇਹਨਾਂ ਦੇਸਾਂ ਵਿੱਚ "ਯੂਰਪੀ", ਆਮ ਸਾਮਰਾਜੀ ਨਿਪੁੰਨਤਾ ਤੱਕ ਪਹੁੰਚਾਈ)।

ਦੂਜੇ, ਮਾਰਕਸ ਦੀ ਇਸ ਅਤਿ-ਅੰਤ ਡੂੰਘੀ ਗੱਲ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਕਿ ਨੌਕਰਸ਼ਾਹ-ਫ਼ੌਜੀ ਬਣਤਰ ਦੀ ਤਬਾਹੀ "ਹਰ ਅਸਲੀ **ਜਨਤਕ** ਇਨਕਲਾਬ ਲਈ ਮੁਢਲੀ ਸ਼ਰਤ ਹੈ।" ਮਾਰਕਸ ਵੱਲੋਂ ਆਇਆ "ਜਨਤਕ" ਇਨਕਲਾਬ ਦਾ ਇਹ

* ਵ. ਇ. ਲੈਨਿਨ, ਕਿਰਤਾਂ, ਪੰਜਵੀਂ ਰੂਸੀ ਛਾਪ, ਸੈਂਚੀ 14, ਪੰਨਾ 371-379।—**ਸੰਪਾ.**

ਵਿਚਾਰ ਅਜੀਬ ਜਾਪਦਾ ਹੈ, ਸੋ ਰੂਸੀ ਪਲੈਖ਼ਾਨੋਵਵਾਦੀ ਅਤੇ ਮੈਨਸ਼ਵਿਕ, ਸਤਰੂਵੇ ਦੇ ਉਹ ਪੈਰੋਕਾਰ ਜਿਹੜੇ ਚਾਹੁੰਦੇ ਹਨ ਕਿ ਉਹਨਾਂ ਨੂੰ ਮਾਰਕਸਵਾਦੀ ਸਮਝਿਆ ਜਾਵੇ ਇਸ ਗੱਲ ਨੂੰ ਸ਼ਾਇਦ ਮਾਰਕਸ ਦੀ "ਲਿਖ਼ਤ ਦੀ ਭੁੱਲ" ਕਹਿ ਦੇਣ। ਉਹਨਾਂ ਮਾਰਕਸਵਾਦ ਨੂੰ ਅਜਿਹੇ ਭੈੜੇ ਉਦਾਰਪੰਥੀ ਵਿਗਾੜ ਦੀ ਹਾਲਤ ਤੱਕ ਪੁਚਾ ਦਿੱਤਾ ਹੈ ਕਿ ਉਹਨਾਂ ਲਈ ਬੁਰਜੂਆ ਅਤੇ ਪ੍ਰੋਲਤਾਰੀ ਇਨਕਲਾਬਾਂ ਵਿੱਚ ਵਿਰੋਧ ਤੋਂ ਬਿਨਾਂ ਕਿਸੇ ਗੱਲ ਦੀ ਹੋਂਦ ਨਹੀਂ–ਅਤੇ ਇਸ ਵਿਰੋਧ ਦੀ ਵੀ ਉਹ ਅਤਿ-ਅੰਤ ਬੇਜਾਨ ਢੰਗ ਨਾਲ਼ ਵਿਆਖਿਆ ਕਰਦੇ ਹਨ।

ਜੇ ਅਸੀਂ ਵੀਹਵੀਂ ਸਦੀ ਦੇ ਇਨਕਲਾਬਾਂ ਨੂੰ ਲਈਏ ਤਾਂ ਨਿਰਸੰਦੇਹ ਸਾਨੂੰ ਇਹ ਮੰਨਣਾ ਪਵੇਗਾ ਕਿ ਪੁਰਤਗੇਜ਼ੀ ਅਤੇ ਤੁਰਕ ਇਨਕਲਾਬ ਦੋਵੇਂ ਬੁਰਜੂਆ ਇਨਕਲਾਬ ਹਨ। ਪਰ ਇਹਨਾਂ ਵਿੱਚੋਂ ਕੋਈ ਵੀ "ਜਨਤਕ" ਇਨਕਲਾਬ ਨਹੀਂ, ਕਿਉਂਕਿ ਆਮ ਜਨਤਾ, ਇਹਦੀ ਬਹੁਤ ਵੱਡੀ ਬਹੁ-ਗਿਣਤੀ, ਦੋਹਾਂ ਵਿੱਚੋਂ ਕਿਸੇ ਵਿੱਚ ਵੀ ਸਰਗਰਮ ਤੌਰ 'ਤੇ, ਸੁਤੰਤਰ ਤੌਰ 'ਤੇ, ਖ਼ੁਦ ਆਪਣੀਆਂ ਆਰਥਕ ਅਤੇ ਰਾਜਸੀ ਮੰਗਾਂ ਲੈ ਕੇ, ਕਿਸੇ ਪ੍ਰਤੱਖ ਹੱਦ ਤੱਕ ਸਾਹਮਣੇ ਨਹੀਂ ਆਉਂਦੀ। ਇਹਦੇ ਉਲਟ ਭਾਵੇਂ 1905-1907 ਦੇ ਰੂਸੀ ਬੁਰਜੂਆ ਇਨਕਲਾਬ ਨੇ ਕੋਈ ਅਜਿਹੀਆਂ "ਸ਼ਾਨਦਾਰ" ਜਿੱਤਾਂ ਨਾ ਵਿਖਾਈਆਂ ਜਿਹੜੀਆਂ ਪੁਰਤਗੇਜ਼ੀ ਅਤੇ ਤੁਰਕ ਇਨਕਲਾਬਾਂ ਦੇ ਹਿੱਸੇ ਆਈਆਂ, ਇਹ ਬਿਨਾਂ ਸ਼ੱਕ "ਅਸਲੀ ਜਨਤਕ" ਇਨਕਲਾਬ ਸੀ, ਕਿਉਂਕਿ ਆਮ ਲੋਕ, ਇਹਦੀ ਬਹੁ-ਗਿਣਤੀ, ਇਹਦੀਆਂ ਸਭ ਤੋਂ "ਹੇਠਲੀਆਂ ਪਰਤਾਂ", ਜਿਨ੍ਹਾਂ ਨੂੰ ਜਬਰ ਅਤੇ ਲੁੱਟ-ਚੋਂਘ ਨੇ ਕੁਚਲਿਆ ਹੋਇਆ ਸੀ, ਸੁਤੰਤਰ ਤੌਰ 'ਤੇ ਉੱਠ ਖੜੀਆਂ ਹੋਈਆਂ ਅਤੇ ਇਨਕਲਾਬ ਦੇ ਸਾਰੇ ਦੌਰ ਉੱਤੇ ਉਹਨਾਂ ਦੀਆਂ **ਆਪਣੀਆਂ** ਮੰਗਾਂ, ਤਬਾਹ ਕੀਤੇ ਜਾ ਰਹੇ ਸਮਾਜ ਦੀ ਥਾਂ ਉਹਨਾਂ ਦੇ **ਆਪਣੇ** ਢੰਗ ਨਾਲ਼ ਇੱਕ ਨਵਾਂ ਸਮਾਜ ਉਸਾਰਨ ਦੇ ਆਪਣੇ ਯਤਨਾਂ ਦੀ ਛਾਪ ਲਾ ਦਿੱਤੀ।

1871 ਵਿੱਚ ਯੂਰਪ ਦਾ ਇੱਕ ਵੀ ਦੇਸ਼ ਅਜਿਹਾ ਨਹੀਂ ਸੀ ਜਿਸ ਵਿੱਚ ਪ੍ਰੋਲਤਾਰੀ ਵਸੋਂ ਦੀ ਬਹੁ-ਗਿਣਤੀ ਹੋਵੇ। ਇੱਕ "ਜਨਤਕ" ਇਨਕਲਾਬ, ਇੱਕ ਅਜਿਹਾ ਇਨਕਲਾਬ ਜਿਹੜਾ ਬਹੁ-ਗਿਣਤੀ ਨੂੰ ਆਪਣੀ ਧਾਰ ਵਿੱਚ ਵਹਾ ਲਿਆਵੇ ਅਜਿਹਾ ਤਾਂ ਹੀ ਹੋ ਸਕਦਾ ਸੀ ਜੇ ਉਹ ਪ੍ਰੋਲਤਾਰੀ ਅਤੇ ਕਿਸਾਨੀ ਦੋਹਾਂ ਨੂੰ ਆਪਣੀ ਵਲਗਣ ਵਿੱਚ ਲਵੇ। ਇਹੋ ਦੋ ਜਮਾਤਾਂ ਉਸ ਸਮੇਂ ਰੱਲ ਕੇ "ਲੋਕ" ਬਣਦੀਆਂ ਸਨ। ਇਹ ਦੋ ਜਮਾਤਾਂ ਇੱਕ-ਮੁਠ ਹਨ ਕਿਉਂਕਿ "ਨੌਕਰਸ਼ਾਹ-ਫੌਜੀ ਰਾਜਕੀ ਬਣਤਰ" ਉਹਨਾਂ ਉੱਤੇ ਜਬਰ ਕਰਦੀ, ਉਹਨਾਂ ਨੂੰ ਕੁਚਲਦੀ ਅਤੇ ਉਹਨਾਂ ਦੀ ਲੁੱਟ-ਚੋਂਘ ਕਰਦੀ ਹੈ। ਇਸ ਬਣਤਰ ਨੂੰ **ਤੋੜਨਾ**, ਇਹਨੂੰ **ਤਬਾਹ ਕਰਨਾ** — ਇਹ ਸਚਮੁੱਚ "ਲੋਕਾਂ" ਦੇ, ਮਜ਼ਦੂਰਾਂ ਅਤੇ ਕਿਸਾਨਾਂ ਦੀ ਬਹੁ-ਗਿਣਤੀ ਦੇ ਹੱਕ ਵਿੱਚ ਹੈ, ਇਹ ਸਭ ਤੋਂ ਗ਼ਰੀਬ ਕਿਸਾਨਾਂ ਅਤੇ ਪ੍ਰੋਲਤਾਰੀ ਵਿਚਕਾਰ ਆਜ਼ਾਦ ਏਕੇ ਲਈ "ਮੁੱਢਲੀ ਸ਼ਰਤ" ਹੈ, ਜਦ ਕਿ ਅਜਿਹੇ ਏਕੇ ਤੋਂ ਬਿਨਾਂ ਜਮਹੂਰੀਅਤ ਅਸਥਿਰ ਹੁੰਦੀ ਹੈ ਅਤੇ ਸੋਸ਼ਲਿਸਟ ਕਾਇਆ-ਪਲਟ ਸੰਭਵ ਨਹੀਂ।

ਇਹ ਆਮ ਜਾਣੀ ਹੋਈ ਗੱਲ ਹੈ ਕਿ ਪੈਰਿਸ ਕਮਿਊਨ ਸਚਮੁੱਚ ਅਜਿਹੇ ਏਕੇ ਲਈ ਰਾਹ ਪੱਧਰਾ ਕਰ ਰਿਹਾ ਸੀ ਭਾਵੇਂ ਇਹ ਅਨੇਕ ਅੰਦਰੂਨੀ ਅਤੇ ਬਾਹਰਲੇ ਕਾਰਨਾਂ

ਕਰਕੇ ਆਪਣੇ ਨਿਸ਼ਾਨੇ ਉੱਤੇ ਨਾ ਅੱਪੜ ਸਕਿਆ।

ਸਿੱਟੇ ਵੱਜੋਂ, "ਅਸਲੀ ਜਨਤਕ ਇਨਕਲਾਬ" ਦੀ ਗ਼ੱਲ ਕਰਦੇ ਹੋਏ ਮਾਰਕਸ ਨੇ, ਨਿੱਕੀ ਬੁਰਜੂਆਜ਼ੀ ਦੇ ਵਿਸ਼ੇਸ਼ ਲੱਛਣਾਂ ਨੂੰ ਭੋਰਾ ਵੀ ਭੁੱਲੇ ਬਿਨਾਂ (ਉਹਨਾਂ ਨੇ ਉਹਨਾਂ ਸਬੰਧਾਂ ਦੀ ਬਹੁਤ ਜ਼ਿਆਦਾ ਅਤੇ ਅਕਸਰ ਗੱਲ ਕੀਤੀ), 1971 ਦੇ ਮਹਾਂ-ਦੀਪੀ ਯੂਰਪ ਵਿੱਚ ਜਮਾਤੀ ਤਾਕਤਾਂ ਦੇ ਯਥਾਰਥਕ ਤੋਲ ਨੂੰ ਸਖ਼ਤੀ ਨਾਲ਼ ਮੁੱਖ ਰਖਿਆ। ਦੂਜੇ ਹੱਥ ਉਹਨਾਂ ਕਿਹਾ ਕਿ ਰਾਜਕੀ ਬਣਤਰ ਨੂੰ "ਤੋੜਨਾ" ਮਜ਼ਦੂਰਾਂ ਅਤੇ ਕਿਸਾਨਾਂ, ਦੋਹਾਂ ਦੇ ਹਿੱਤਾਂ ਵਿੱਚ ਹੈ, ਕਿ ਇਹ ਉਹਨਾਂ ਨੂੰ ਇੱਕ-ਮੁੱਠ ਕਰਦਾ ਹੈ, ਕਿ ਇਹ ਉਹਨਾਂ ਦੇ ਸਾਹਮਣੇ "ਪਰਜੀਵੀ" ਨੂੰ ਹਟਾਉਣ ਅਤੇ ਇਹਦੀ ਥਾਂ ਕਿਸੇ ਨਵੀਂ ਚੀਜ਼ ਨੂੰ ਦੇਣ ਦਾ ਸਾਂਝਾ ਕੰਮ ਰੱਖਦਾ ਹੈ।

ਪਰ ਠੀਕ ਕੀ ਨਵੀਂ ਚੀਜ਼ ?

## 2. ਤੋੜੀ ਗਈ ਰਾਜਕੀ ਬਣਤਰ ਦੀ ਥਾਂ ਕੀ ਲਵੇਗਾ ?

1847 ਵਿੱਚ, 'ਕਮਿਊਨਿਸਟ ਮੈਨੀਫ਼ੈਸਟੋ' ਵਿੱਚ ਮਾਰਕਸ ਵੱਲੋਂ ਇਸ ਸਵਾਲ ਦਾ ਜਵਾਬ ਖ਼ਾਲਸ ਖ਼ਿਆਲੀ ਸੀ, ਜਾਂ, ਵਧੇਰੇ ਠੀਕ ਗੱਲ ਕਰਦੇ ਹੋਏ, ਇਹ ਇੱਕ ਅਜਿਹਾ ਜਵਾਬ ਸੀ ਜਿਹੜਾ ਕੰਮ ਤਾਂ ਦੱਸਦਾ ਸੀ ਪਰ ਉਹਨਾਂ ਨੂੰ ਪੂਰੇ ਕਰਨ ਦੇ ਢੰਗ ਨਹੀਂ ਸੀ ਦੱਸਦਾ। 'ਕਮਿਊਨਿਸਟ ਮੈਨਿਫ਼ੈਸਟੋ' ਵਿੱਚ ਇਹਦਾ ਉੱਤਰ ਦਿੱਤਾ ਗਿਆ ਸੀ ਕਿ ਇਸ ਬਣਤਰ ਦੀ ਥਾਂ "ਹਾਕਮ ਜਮਾਤ ਦੇ ਤੌਰ 'ਤੇ ਜਥੇਬੰਦ ਪ੍ਰੋਲਤਾਰੀ", "ਜਮਹੂਰੀਅਤ ਲਈ ਘੋਲ਼ ਜਿੱਤ ਕੇ" ਲਵੇਗੀ।

ਮਾਰਕਸ ਆਦਰਸ਼ਵਾਦੀ ਸੁਪਨੇ ਲੈਣ ਵਿੱਚ ਨਾ ਪਏ; ਉਨ੍ਹਾਂ ਨੂੰ ਆਸ ਸੀ ਕਿ ਲੋਕ ਲਹਿਰ ਦਾ **ਤਜਰਬਾ** ਇਸ ਸਵਾਲ ਦਾ ਜਵਾਬ ਦੇ ਦੇਵੇਗਾ ਕਿ ਹਾਕਮ ਜਮਾਤ ਦੇ ਤੌਰ 'ਤੇ ਪ੍ਰੋਲਤਾਰੀ ਦੀ ਇਹ ਜਥੇਬੰਦੀ ਕੀ ਰੂਪ ਧਾਰਨ ਕਰੇਗੀ ਅਤੇ ਐਨ ਕਿਸ ਢੰਗ ਨਾਲ਼ ਇਸ ਜਥੇਬੰਦੀ ਨੂੰ ਅਤਿ-ਅੰਤ ਮੁਕੰਮਲ, ਅਤਿ-ਅੰਤ ਸਥਿਰ ਢੰਗ ਨਾਲ਼ "ਜਮਹੂਰੀਅਤ ਲਈ ਇਹ ਘੋਲ਼ ਜਿੱਤਣ" ਨਾਲ਼ ਜੋੜਿਆ ਜਾਵੇਗਾ।

'ਫ਼ਰਾਂਸ ਵਿੱਚ ਖ਼ਾਨਾ-ਜੰਗੀ' ਵਿੱਚ ਮਾਰਕਸ ਨੇ ਕਮਿਊਨ ਦੇ ਤਜਰਬੇ ਦਾ, ਭਾਵੇਂ ਇਹ ਨਿਗੂਣਾ ਸੀ, ਅਤਿ-ਅੰਤ ਧਿਆਨ ਨਾਲ਼ ਵਿਸ਼ਲੇਸ਼ਣ ਕੀਤਾ। ਆਓ ਅਸੀਂ ਇਸ ਕਿਰਤ ਦੇ ਸਭ ਤੋਂ ਵੱਧ ਮਹੱਤਵ-ਪੂਰਨ ਹਿੱਸਿਆਂ ਦੀ ਟੂਕ ਦਈਏ:

> ਮੱਧ ਕਾਲ ਤੋਂ ਸ਼ੁਰੂ ਹੋ ਕੇ, ਉੱਨ੍ਹੀਵੀਂ ਸਦੀ ਵਿੱਚ "ਆਪਣੇ ਸਥਾਈ ਫ਼ੌਜ, ਪੁਲਸ, ਨੌਕਰਸ਼ਾਹੀ, ਪਾਦਰੀਆਂ ਅਤੇ ਅਦਾਲਤਾਂ ਦੇ ਸਰਬ-ਵਿਆਪਕ ਅੰਗਾਂ ਸਹਿਤ ਕੇਂਦਰਿਤ ਰਾਜਕੀ ਤਾਕਤ ਵਿਕਸਤ ਹੋਈ।" ਸਰਮਾਏ ਅਤੇ ਕਿਰਤ ਵਿਚਕਾਰ ਜਮਾਤੀ ਵਿਰੋਧਾਂ ਦੇ ਵਿਕਾਸ ਦੇ ਨਾਲ਼ ਨਾਲ਼, "...ਰਾਜਕੀ ਤਾਕਤ ਦਾ ਖ਼ਾਸਾ ਸਦਾ ਵਧੇਰੇ ਕਿਰਤ ਉੱਪਰ ਸਰਮਾਏ ਦੀ ਕੌਮੀ ਤਾਕਤ ਦਾ, ਸਮਾਜੀ ਤੌਰ ਉੱਤੇ ਗ਼ੁਲਾਮ ਬਣਾਉਣ ਲਈ ਜਥੇਬੰਦ ਕੀਤੀ ਸਰਵਜਨਕ ਤਾਕਤ ਦਾ,

ਜਮਾਤੀ ਧੱਕੇਸ਼ਾਹੀ ਦਾ ਬਣਦਾ ਗਿਆ। ਜਮਾਤੀ ਘੋਲ਼ ਵਿੱਚ ਅੱਗੇ ਵੱਲ ਪੜਾਅ ਬਣਨ ਵਾਲ਼ੇ ਹਰ ਇਨਕਲਾਬ ਪਿੱਛੋਂ ਰਾਜਕੀ ਤਾਕਤ ਦਾ ਦਾਬੂ ਖ਼ਾਸਾ ਵਧੇਰੇ ਅਤੇ ਹੋਰ ਵਧੇਰੇ ਨਿੱਖਰ ਕੇ ਸਾਹਮਣੇ ਆਉਂਦਾ ਹੈ।'' 1848-1849 ਦੇ ਇਨਕਲਾਬ ਤੋਂ ਪਿੱਛੋਂ ਰਾਜਕੀ ਤਾਕਤ ''ਕਿਰਤ ਵਿਰੁੱਧ ਸਰਮਾਏ ਦਾ ਕੌਮੀ ਜੰਗੀ ਸਾਧਨ'' ਬਣ ਗਈ। ਦੂਜੀ ਸਲਤਨਤ ਨੇ ਇਹਨੂੰ ਪਕੇਰਿਆਂ ਕੀਤਾ।

''ਸਲਤਨਤ ਦਾ ਸਿੱਧਾ ਉਲਟ ਕਮਿਊਨ ਸੀ।'' ਇਹ ''ਇੱਕ ਜਮਹੂਰੀਅਤ ਦਾ ਜਿਸ ਨੇ ਨਾ ਕੇਵਲ ਜਮਾਤੀ ਹਕੂਮਤ ਦੇ ਬਾਦਸ਼ਾਹੀ ਰੂਪ ਦੀ ਥਾਂ ਲੈਣੀ ਸੀ ਸਗੋਂ ਖ਼ੁਦ ਜਮਾਤੀ ਹਕੂਮਤ ਦੀ ਥਾਂ ਲੈਣੀ ਸੀ।...'' ਇੱਕ ''ਹਾਂ-ਪੱਖੀ ਰੂਪ'' ਸੀ।

ਪ੍ਰੋਲਤਾਰੀ, ਸੋਸ਼ਲਿਸਟ ਗਣ-ਰਾਜ ਦਾ ਇਹ ਹਾਂ-ਪੱਖੀ ਰੂਪ ਕੀ ਸੀ? ਇਹਨੇ ਜਿਹੜਾ ਰਾਜ ਘੜਨਾ ਸ਼ੁਰੂ ਕੀਤਾ ਉਹ ਕੀ ਸੀ?

''...ਕਮਿਊਨ ਦਾ ਪਹਿਲਾ ਫ਼ਰਮਾਨ...ਸਥਾਈ ਫ਼ੌਜ ਦਾ ਅੰਤ ਕਰਨਾ ਅਤੇ ਇਹਦੀ ਥਾਂ ਹਥਿਆਰਬੰਦ ਲੋਕਾਂ ਨੂੰ ਦੇਣਾ ਸੀ...''

ਹੁਣ ਇਹ ਮੰਗ ਹਰ ਉਸ ਪਾਰਟੀ ਦੇ ਪ੍ਰੋਗਰਾਮ ਵਿੱਚ ਹੈ, ਜਿਹੜੀ ਸੋਸ਼ਲਿਸਟ ਕਹਾਉਣ ਦਾ ਦਾਅਵਾ ਕਰਦੀ ਹੈ। ਪਰ ਉਹਨਾਂ ਦੇ ਪ੍ਰੋਗਰਾਮਾਂ ਦਾ ਅਸਲ ਮੁੱਲ ਸਾਡੇ ਸੋਸ਼ਲਿਸਟ-ਇਨਕਲਾਬੀਆਂ ਅਤੇ ਮੈਨਸ਼ਵਿਕਾਂ ਦੇ ਵਤੀਰੇ ਤੋਂ ਸਪਸ਼ਟ ਹੈ ਜਿਨ੍ਹਾਂ 27 ਫ਼ਰਵਰੀ ਦੇ ਇਨਕਲਾਬ ਤੋਂ ਇੱਕ ਦਮ ਪਿੱਛੋਂ ਅਮਲ ਵਿੱਚ ਇਹ ਮੰਗ ਪੂਰੀ ਕਰਨੋਂ ਨਾਂਹ ਕਰ ਦਿੱਤੀ!

''...ਕਮਿਊਨ ਮਿਉਂਸਪਲ ਕੌਂਸਲਾਂ ਨੇ ਬਣਾਈ, ਜਿਹੜੇ ਸ਼ਹਿਰ ਦੇ ਵੱਖ ਵੱਖ ਵਾਰਡਾਂ 'ਚੋਂ ਹਰ ਇੱਕ ਨੂੰ ਵੋਟ ਦੇ ਆਧਾਰ ਉੱਤੇ ਚੁਣੇ ਗਏ ਸਨ ਅਤੇ ਜੋ ਥੋੜ੍ਹੇ ਸਮੇਂ ਲਈ ਚੁਣੇ ਗਏ ਅਤੇ ਹਟਾਏ ਜਾ ਸਕਦੇ ਸਨ। ਇਹਨਾਂ ਮੈਂਬਰਾਂ ਦੀ ਬਹੁ-ਗਿਣਤੀ ਸਚਮੁੱਚ ਮਜ਼ਦੂਰ ਲੋਕ ਸਨ ਜਾਂ ਮਜ਼ਦੂਰ ਜਮਾਤ ਦੇ ਮੰਨੇ-ਪ੍ਰਮੰਨੇ ਪ੍ਰਤੀਨਿਧ ਸਨ...''

''ਪੁਲਸ ਕੇਂਦਰੀ ਹਕੂਮਤ ਦਾ ਕਾਰਿੰਦਾ ਬਣੀ ਰਹਿਣ ਦੀ ਥਾਂ ਆਪਣੀਆਂ ਸਭਨਾਂ ਰਾਜਸੀ ਸਿਫ਼ਤਾਂ ਤੋਂ ਵਿਰਵੀ ਕਰ ਦਿੱਤੀ ਗਈ ਅਤੇ ਕਮਿਊਨ ਦਾ ਜ਼ਿੰਮੇਵਾਰ ਅਤੇ ਕਿਸੇ ਵੀ ਸਮੇਂ ਹਟਾਇਆ ਜਾ ਸਕਣ ਵਾਲ਼ਾ ਕਾਰਿੰਦਾ ਬਣ ਦਿੱਤੀ ਗਈ।... ਇਹੋ ਕੁੱਝ ਰਾਜ-ਪ੍ਰਬੰਧ ਦੀਆਂ ਹੋਰਨਾਂ ਸਭਨਾਂ ਸ਼ਾਖਾਂ ਦੇ ਅਧਿਕਾਰੀਆਂ ਨਾਲ਼ ਕੀਤਾ ਗਿਆ।... ਕਮਿਊਨ ਦੇ ਮੈਂਬਰਾਂ ਤੋਂ ਸ਼ੁਰੂ ਕਰਕੇ ਹੇਠਾਂ ਤੱਕ ਸਰਵਜਨਕ ਸੇਵਾ **ਮਜ਼ਦੂਰਾਂ ਦੀ ਉਜਰਤ** ਉੱਤੇ ਕਰਨੀ ਪੈਂਦੀ ਸੀ। ਰਾਜ ਦੇ ਉੱਚ ਅਧਿਕਾਰੀਆਂ ਦੇ ਵਿਸੇਸ਼ ਹੱਕ ਅਤੇ ਪ੍ਰਤੀਨਿਧਤਾ ਭੱਤਿਆਂ ਖ਼ੁਦ ਉੱਚ ਅਧਿਕਾਰੀਆਂ ਦੇ ਨਾਲ਼ ਹੀ ਖ਼ਤਮ ਹੋ ਗਏ। ...ਪੁਰਾਣੀ ਹਕੂਮਤ ਦੀ ਸਥੂਲ ਤਾਕਤ, ਸਥਾਈ ਫ਼ੌਜ ਅਤੇ ਪੁਲਸ ਤੋਂ ਛੁਟਕਾਰਾ ਪਾ ਕੇ ਕਮਿਊਨ ਜਬਰ ਦੀ ਆਤਮਕ ਤਾਕਤ, 'ਪਾਦਰੀ-ਸ਼ਕਤੀ' ਨੂੰ ਖ਼ਤਮ ਕਰਨਾ ਚਾਹੁੰਦਾ ਸੀ।

...“ਅਦਾਲਤੀ ਅਧਿਕਾਰੀਆਂ ਨੂੰ ਉਹਨਾਂ ਦੀ ਨਕਲੀ ਸੁਤੰਤਰਤਾ ਤੋਂ ਵਿਰਵਾ ਕਰ ਦਿੱਤਾ ਜਾਣਾ ਸੀ।...ਉਹਨਾਂ ਚੁਣੇ ਹੋਏ, ਜ਼ਿੰਮੇਵਾਰ ਅਤੇ ਹਟਾਏ ਜਾ ਸਕਣ ਵਾਲ਼ੇ ਹੋਣਾ ਸੀ।...”[17]

ਇਉਂ ਜਾਪਦਾ ਹੈ ਕਿ ਕਮਿਊਨ ਨੇ ਤੋੜੀ ਗਈ ਰਾਜਸੀ ਬਣਤਰ ਦੀ ਥਾਂ “ਕੇਵਲ” ਵਧੇਰੇ ਮੁਕੰਮਲ ਜਮਹੂਰੀਅਤ ਨੂੰ ਦਿੱਤੀ: ਸਥਾਈ ਫ਼ੌਜ ਦਾ ਅੰਤ, ਸਭ ਅਧਿਕਾਰੀ ਚੁਣੇ ਹੋਏ ਅਤੇ ਵੋਟਾਂ ਰਾਹੀਂ ਹਟਾਏ ਜਾ ਸਕਣ ਵਾਲ਼ੇ ਹੋਣਾ। ਪਰ ਅਸਲੀਅਤ ਤਾਂ ਇਹ ਹੈ ਕਿ ਇਹ “ਕੇਵਲ” ਕੁੱਝ ਸੰਸਥਾਵਾਂ ਦੀ ਬੁਨਿਆਦੀ ਤੌਰ ’ਤੇ ਵੱਖਰੇ ਖ਼ਾਸੇ ਵਾਲ਼ੀਆਂ ਸੰਸਥਾਵਾਂ ਨਾਲ਼ ਧੜਵੈਲ ਬਦਲੀ ਦਾ ਲਖਾਇਕ ਹੈ। ਇਹ ਐਨ “ਮਾਤਰਾ ਦੇ ਸਿਫ਼ਤ ਵਿੱਚ ਤਬਦੀਲ ਹੋ ਜਾਣ” ਦੀ ਹਾਲਤ ਹੈ: ਵਧ ਤੋਂ ਵੱਧ ਵਿਚਾਰੇ ਜਾ ਸਕਣ ਦੀ ਹੱਦ ਤੱਕ ਪੂਰੀ ਤਰ੍ਹਾਂ ਅਤੇ ਨਿਰੰਤਰ ਜਮਹੂਰੀਅਤ ਲਾਗੂ ਕਰਨ ਨਾਲ਼ ਇਹ ਬੁਰਜੂਆ ਜਮਹੂਰੀਅਤ ਤੋਂ ਪ੍ਰੋਲੇਤਾਰੀ ਜਮਹੂਰੀਅਤ ਵਿੱਚ ਤਬਦੀਲ ਹੋ ਜਾਂਦੀ ਹੈ; ਇੱਕ ਰਾਜ ਤੋਂ (ਇੱਕ ਵਿਸ਼ੇਸ ਜਮਾਤ ਨੂੰ ਦਬਾਉਣ ਲਈ ਜਥੇਬੰਦ ਖ਼ਾਸ ਤਾਕਤ) ਕਿਸੇ ਹੋਰ ਸ਼ੈਅ ਵਿੱਚ ਤਬਦੀਲ ਹੋ ਜਾਂਦੀ ਹੈ ਜੋ ਹੁਣ ਅਸਲ ਵਿੱਚ ਰਾਜ ਨਹੀਂ ਰਹੀ।

ਅਜੇ ਵੀ ਬੁਰਜੂਆਜ਼ੀ ਨੂੰ ਦਬਾਉਣਾ ਅਤੇ ਇਹਦੇ ਵਿਰੋਧ ਨੂੰ ਕੁਚਲਣਾ ਜ਼ਰੂਰੀ ਹੈ। ਇਹ ਕਮਿਊਨ ਲਈ ਵਿਸ਼ੇਸ਼ ਤੌਰ ’ਤੇ ਜ਼ਰੂਰੀ ਸੀ; ਅਤੇ ਇਹਦੀ ਹਾਰ ਦਾ ਇੱਕ ਕਾਰਨ ਇਹ ਸੀ ਕਿ ਇਹਨੇ ਚੋਖੀ ਦ੍ਰਿੜ੍ਹਤਾ ਨਾਲ਼ ਅਜਿਹਾ ਨਾ ਕੀਤਾ। ਪਰ ਹੁਣ ਦਬਾਉਣ ਦਾ ਸਾਧਨ ਵਸੋਂ ਦੀ ਬਹੁ-ਗਿਣਤੀ ਹੈ ਅਤੇ ਘੱਟ-ਗਿਣਤੀ ਨਹੀਂ ਜਿਵੇਂ ਕਿ ਇਹ ਗ਼ੁਲਾਮੀ, ਖ਼ੇਤ-ਗ਼ੁਲਾਮੀ ਅਤੇ ਉਜਰਤੀ ਗ਼ੁਲਾਮੀ ਦੇ ਸਮੇਂ ਸੀ। ਅਤੇ ਕਿਉਂਕਿ **ਖ਼ੁਦ** ਲੋਕਾਂ ਦੀ ਬਹੁ-ਗਿਣਤੀ ਆਪਣੇ ਉੱਪਰ ਜਬਰ ਕਰਨ ਵਾਲ਼ਿਆਂ ਨੂੰ ਦਬਾਉਂਦੀ ਹੈ, ਇਸ ਲਈ ਦਬਾਉਣ ਲਈ “ਵਿਸ਼ੇਸ਼ ਤਾਕਤ” ਦੀ **ਹੁਣ ਲੋੜ ਨਹੀ ਰਹੀ।** ਇਸ ਅਰਥ ਵਿੱਚ ਰਾਜ **ਹੌਲ਼ੀ ਹੌਲ਼ੀ ਖ਼ਤਮ ਹੋਣਾ ਸ਼ੁਰੂ ਹੋ ਜਾਂਦਾ ਹੈ।** ਇੱਕ ਵਿਸ਼ੇਸ਼ ਹੱਕਾਂ ਵਾਲ਼ੀ ਘੱਟ-ਗਿਣਤੀ ਦੀਆਂ ਵਿਸ਼ੇਸ਼ ਸੰਸਥਾਵਾਂ (ਵਿਸ਼ੇਸ਼ ਹੱਕਾਂ ਵਾਲ਼ੇ ਅਧਿਕਾਰੀ, ਸਥਾਈ ਫ਼ੌਜ ਦੇ ਮੁਖੀ) ਦੀ ਥਾਂ ਬਹੁ-ਗਿਣਤੀ ਖ਼ੁਦ ਇਹ ਕਾਰਜ ਸਿੱਧੀ ਤਰ੍ਹਾਂ ਪੂਰੇ ਕਰ ਸਕਦੀ ਹੈ ਅਤੇ ਰਾਜਕੀ ਤਾਕਤ ਦੇ ਜਿੰਨੇ ਵਧੇਰੇ ਕਾਰਜ ਸਮੁੱਚੇ ਤੌਰ ’ਤੇ ਲੋਕਾਂ ਦੇ ਹੱਥ ਆਉਂਦੇ ਹਨ, ਓਨੀ ਘੱਟ ਅਜਿਹੀ ਤਾਕਤ ਦੀ ਹੋਂਦ ਦੀ ਲੋੜ ਰਹਿ ਜਾਂਦੀ ਹੈ।

ਇਸ ਸੰਬੰਧ ਵਿੱਚ ਕਮਿਊਨ ਦੇ ਇਹ ਕਦਮ, ਜਿਨ੍ਹਾਂ ਉੱਤੇ ਮਾਰਕਸ ਨੇ ਜ਼ੋਰ ਦਿੱਤਾ, ਵਿਸ਼ੇਸ਼ ਤੌਰ ’ਤੇ ਧਿਆਨ-ਯੋਗ ਹਨ: ਪ੍ਰਤਿਨਿਧਤਾ ਭੱਤਿਆਂ ਦਾ ਅੰਤ, ਅਤੇ ਅਧਿਕਾਰੀਆਂ ਦੀ ਹਾਲਤ ਵਿੱਚ ਸਭ ਮਾਇਕ ਵਿਸ਼ੇਸ਼ ਹੱਕਾਂ ਦਾ ਅੰਤ, ਰਾਜ ਦੇ **ਸਭਨਾਂ** ਮੁਲਾਜ਼ਮਾਂ ਦਾ ਮੁਆਵਜ਼ਾ **“ਮਜ਼ਦੂਰ ਦੀ ਉਜਰਤ”** ਦੀ ਹੱਦ ਤੱਕ ਘਟਾ ਦੇਣਾ। ਇਹ ਗੱਲ ਕਿਸੇ ਹੋਰ ਗੱਲ ਨਾਲ਼ੋਂ ਵਧੇਰੇ ਬੁਰਜੂਆ ਜਮਹੂਰੀਅਤ ਤੋਂ ਪ੍ਰੋਲਤਾਰੀ ਜਮਹੂਰੀਅਤ ਵੱਲ, ਜਾਬਰਾਂ ਦੀ ਜਮਹੂਰੀਅਤ ਤੋਂ ਲੁਟੀਂਦਿਆਂ ਦੀ ਜਮਹੂਰੀਅਤ ਵੱਲ, ਰਾਜ ਦੇ ਇੱਕ ਵਿਸ਼ੇਸ਼ ਜਮਾਤ ਨੂੰ ਦਬਾਉਣ ਲਈ **“ਵਿਸ਼ੇਸ਼ ਸ਼ਕਤੀ”** ਹੋਣ ਤੋਂ ਲੋਕਾਂ ਦੀ ਬਹੁ-ਗਿਣਤੀ ਦੀ **ਆਮ**

**ਤਾਕਤ** ਹੱਥੀਂ—ਮਜ਼ਦੂਰਾਂ ਅਤੇ ਕਿਸਾਨਾਂ ਹੱਥੀਂ—ਜਾਬਰਾਂ ਨੂੰ ਦਬਾਉਣ ਵੱਲ **ਮੋੜ** ਨੂੰ ਪ੍ਰਗਟ ਕਰਦੀ ਹੈ। ਅਤੇ ਐਨ ਇਸ ਉੱਘੇ ਨੁਕਤੇ ਸਬੰਧੀ ਹੀ ਹੈ, ਜਿਹੜਾ, ਜਿਥੋਂ ਤੱਕ ਰਾਜ ਦੇ ਮਸਲੇ ਦਾ ਸੰਬੰਧ ਹੈ, ਸਭ ਤੋਂ ਵੱਧ ਮਹੱਤਵ-ਪੂਰਨ ਹੈ ਕਿ ਮਾਰਕਸ ਦੀਆਂ ਸਿੱਖਿਆਵਾਂ ਵੱਧ ਤੋਂ ਵੱਧ ਪੂਰੀ ਤਰ੍ਹਾਂ ਭੁਲਾ ਦਿੱਤੀਆਂ ਗਈਆਂ ਹਨ! ਆਮ ਵਿਆਖਿਆਵਾਂ ਵਿੱਚ, ਜਿਨਾਂ ਦੀ ਗਿਣਤੀ ਦਾ ਕੋਈ ਹਿਸਾਬ ਨਹੀਂ, ਇਹਦਾ ਜ਼ਿਕਰ ਨਹੀਂ ਕੀਤਾ ਜਾਂਦਾ। ਇਸ ਸਬੰਧੀ ਚੁੱਪ ਰਹਿਣਾ "ਸਾਊਪੁਣਾ" ਹੈ ਜਿਵੇਂ ਇਹ ਕੋਈ ਪੁਰਾਣੀ ਕਿਸਮ ਦਾ "ਸਿੱਧੜਪੁਣਾ" ਹੋਵੇ, ਐਨ ਉਸੇ ਤਰ੍ਹਾਂ ਜਿਵੇਂ ਆਪਣੇ ਧਰਮ ਨੂੰ ਰਾਜਕੀ ਧਰਮ ਦਾ ਦਰਜਾ ਮਿਲਣ ਤੋਂ ਪਿੱਛੋਂ ਈਸਾਈ ਆਦਿ-ਕਾਲੀਨ ਈਸਾਈ ਧਰਮ ਦਾ ਜਮਹੂਰੀ ਇਨਕਲਾਬੀ ਭਾਵਨਾ ਵਾਲ਼ਾ "ਸਿੱਧੜਪੁਣਾ" "ਭੁੱਲ ਗਏ"।

ਸਰਵਉੱਚ ਰਾਜਕੀ ਅਧਿਕਾਰੀਆਂ ਦਾ ਮੁਆਵਜ਼ਾ ਘੱਟ ਕਰਨਾ "ਸਿਰਫ਼" ਸਿੱਧੜ, ਆਦਿ-ਕਾਲੀਨ ਜਮਹੂਰੀਅਤ ਦੀ ਮੰਗ ਜਾਪਦੀ ਹੈ। ਅਜੋਕੀ ਮੌਕਾ-ਪ੍ਰਸਤੀ ਦੇ "ਮੋਢੀਆਂ" ਵਿੱਚੋਂ ਇੱਕ, ਸਾਬਕਾ ਸੋਸ਼ਲ-ਡੈਮੋਕਰੈਟ ਐਡੂਆਰਡ ਬਰਨਸਟਾਈਨ ਨੇ ਇੱਕੋ ਤੋਂ ਵੱਧ ਵਾਰ "ਆਦਿ-ਕਾਲੀਨ" ਜਮਹੂਰੀਅਤ ਵਿਰੁੱਧ ਗੰਵਾਰੂ ਬੁਰਜੂਆ ਝਿੜਾਂ ਦੁਹਰਾਉਣ ਦਾ ਕੰਮ ਕੀਤਾ ਹੈ। ਸਭਨਾਂ ਮੌਕਾ-ਪ੍ਰਸਤਾਂ ਵਾਂਗ, ਅਤੇ ਅਜੋਕੇ ਕਾਊਟਸਕੀਵਾਦੀਆਂ ਵਾਂਗ, ਉਹ ਇਹ ਸਮਝਣੋਂ ਅਸਮਰਥ ਹੈ ਕਿ, ਸਭ ਤੋਂ ਪਹਿਲਾਂ, ਕਿਸੇ ਹੱਦ ਤੱਕ "ਆਦਿ-ਕਾਲੀਨ" ਜਮਹੂਰੀਅਤ ਵਲ "ਮੋੜ" ਤੋਂ ਬਿਨਾਂ ਸਰਮਾਏਦਾਰੀ ਤੋਂ ਸੋਸ਼ਲਿਜ਼ਮ ਵੱਲ ਤਬਦੀਲੀ **ਅਸੰਭਵ** ਹੈ (ਕਿਉਂਕਿ ਬਹੁ-ਗਿਣਤੀ ਅਤੇ ਫੇਰ ਬਿਨਾਂ ਛੋਟ ਸਮੁੱਚੀ ਵਸੋਂ ਆਪਣੇ ਰਾਜਕੀ ਕਾਰਜ ਪੂਰੇ ਕਰਨ ਵੱਲ ਹੋਰ ਕਿਵੇਂ ਜਾ ਸਕਦੀ ਹੈ?); ਅਤੇ, ਦੂਜੇ, ਸਰਮਾਏਦਾਰੀ ਅਤੇ ਸਰਮਾਏਦਾਰ ਸਭਿਆਚਾਰ ਉੱਤੇ ਆਧਾਰਤ ਆਦਿ-ਕਾਲੀਨ ਜਮਹੂਰੀਅਤ ਪੂਰਵ-ਇਤਿਹਾਸਕ ਜਾਂ ਪੂਰਵ-ਸਰਮਾਏਦਾਰੀ ਦਿਨਾਂ ਦੀ ਆਦਿ-ਕਾਲੀਨ ਜਮਹੂਰੀਅਤ ਨਾਲ਼ੋਂ ਵੱਖਰੀ ਤਰ੍ਹਾਂ ਦੀ ਹੈ। ਸਰਮਾਏਦਾਰ ਸਭਿਆਚਾਰ ਨੇ ਵੱਡੀ ਪੱਧਰ ਦਾ ਉਤਪਾਦਨ ਕਾਰਖਾਨੇ, ਰੇਲਾਂ, ਡਾਕ ਸੇਵਾ, ਟੈਲੀਫ਼ੋਨ, ਆਦਿ, **ਪੈਦਾ ਕੀਤੇ ਹਨ** ਅਤੇ **ਇਸ ਆਧਾਰ ਉੱਤੇ** ਪੁਰਾਣੀ "ਰਾਜਕੀ ਤਾਕਤ" ਦੇ ਵਧੇਰੇ ਕਾਰਜ ਇੰਨੇ ਸਾਦੇ ਹੋ ਗਏ ਹਨ ਅਤੇ ਉਹਨਾਂ ਨੂੰ ਰਜਿਸਟਰੀ ਕਰਨ, ਫ਼ਾਈਲ ਕਰਨ ਅਤੇ ਪੜਤਾਲ ਕਰਨ ਦੇ ਏਨੇ ਅਤਿ-ਅੰਤ ਸਾਦੇ ਅਮਲਾਂ ਤੱਕ ਘਟਾਇਆ ਜਾ ਸਕਦਾ ਹੈ ਕਿ ਕੋਈ ਵੀ ਪੜ੍ਹਿਆ-ਲਿਖਿਆ ਮਨੁੱਖ ਉਹਨਾਂ ਨੂੰ ਸੌਖੇ ਹੀ ਕਰ ਸਕਦਾ ਹੈ, ਉਹ ਸੌਖੇ ਹੀ "ਮਜ਼ਦੂਰ ਦੀ ਉਜਰਤ" ਦੇ ਬਦਲੇ ਕੀਤੇ ਜਾ ਸਕਦੇ ਹਨ ਅਤੇ ਇਹ ਕਿ ਇਹਨਾਂ ਕਾਰਜਾਂ ਨੂੰ ਵਿਸ਼ੇਸ਼ ਹੱਕਾਂ ਦੀ ਹਰ ਦਿੱਖ, "ਰਾਜਕੀ ਸ਼ਾਨ" ਨਾਲ਼ ਹਰ ਮੇਲ ਤੋਂ ਵਿਰਵਾ ਕੀਤਾ ਜਾ ਸਕਦਾ ਹੈ (ਅਤੇ ਜ਼ਰੂਰ ਕਰਨਾ ਚਾਹੀਦਾ ਹੈ)।

ਬਿਨਾਂ ਛੋਟ ਸਭ ਅਧਿਕਾਰੀ ਚੁਣੇ ਹੋਏ ਹੋਣ ਅਤੇ **ਕਿਸੇ ਵੀ ਸਮੇਂ** ਵੋਟਾਂ ਰਾਹੀਂ ਹਟਾਏ ਜਾ ਸਕਦੇ ਹੋਣ, ਉਹਨਾਂ ਦੀਆਂ ਤਨਖ਼ਾਹਾਂ ਸਾਧਾਰਨ "ਮਜ਼ਦੂਰ ਦੀ ਉਜਰਤ" ਤੱਕ ਘਟਾ ਦਿੱਤੀਆਂ ਗਈਆਂ ਹੋਣ — ਇਹ ਸਾਦੇ ਅਤੇ "ਸਵੈ-ਸਪਸ਼ਟ" ਜਮਹੂਰੀ ਕਦਮ, ਜਿਥੇ ਮਜ਼ਦੂਰਾਂ ਅਤੇ ਕਿਸਾਨਾਂ ਦੀ ਬਹੁ-ਗਿਣਤੀ ਦੇ ਹਿਤਾਂ ਨੂੰ ਇੱਕ ਕਰਦੇ ਹਨ, ਉਥੇ ਇਹ

ਸਰਮਾਏਦਾਰੀ ਤੋਂ ਸੋਸ਼ਲਿਜ਼ਮ ਵੱਲ ਜਾਂਦਾ ਪੁਲ ਵੀ ਬਣਦੇ ਹਨ। ਇਹਨਾਂ ਕਦਮਾਂ ਦਾ ਸਬੰਧ ਰਾਜ ਨੂੰ ਨਵੇਂ ਸਿਰਿਉਂ ਘੜਨ ਨਾਲ਼, ਸਮਾਜ ਨੂੰ ਖ਼ਾਲਸ ਰਾਜਸੀ ਪੱਖੋਂ ਨਵੇਂ ਸਿਰਿਉਂ ਘੜਨ ਨਾਲ਼ ਹੈ, ਪਰ ਉਹ ਆਪਣੇ ਪੂਰੇ ਅਰਥ ਅਤੇ ਮਹੱਤਤਾ "ਬੇਦਖ਼ਲ ਕਰਨ ਵਾਲ਼ਿਆਂ ਦੀ ਬੇਦਖ਼ਲੀ" ਅਮਲ ਵਿੱਚ ਲਿਆਏ ਜਾਣ ਦੇ ਅਮਲ ਜਾਂ ਇਹਦੀ ਤਿਆਰੀ ਦੌਰਾਨ, ਅਰਥਾਤ ਉਤਪਾਦਨ ਦੇ ਸਾਧਨਾਂ ਦੀ ਸਰਮਾਏਦਾਰਾਨਾ ਨਿੱਜੀ ਮਾਲਕੀ ਨੂੰ ਸਮਾਜੀ ਮਾਲਕੀ ਵਿੱਚ ਤਬਦੀਲ ਕਰਨ ਦੇ ਦੌਰਾਨ ਹੀ ਪ੍ਰਾਪਤ ਕਰਦੇ ਹਨ।

> "ਕਮਿਊਨ ਨੇ", ਮਾਰਕਸ ਨੇ ਲਿਖਿਆ, "ਬੁਰਜੂਆ ਇਨਕਲਾਬਾਂ ਦੇ ਰਸਮੀ ਬੋਲੇ, ਸਸਤੀ ਹਕੂਮਤ ਨੂੰ ਖ਼ਰਚ ਦੇ ਦੋ ਸਭ ਤੋਂ ਵੱਡੇ ਸਾਧਨ, ਸਥਾਈ ਫ਼ੌਜ ਅਤੇ ਰਾਜਕੀ ਅਧਿਕਾਰੀਪੁਣਾ, ਖ਼ਤਮ ਕਰਕੇ ਹਕੀਕਤ ਬਣਾ ਦਿੱਤਾ।"

ਨਿੱਕੀ ਬੁਰਜੂਆਜ਼ੀ ਦੇ ਹੋਰਨਾਂ ਹਿੱਸਿਆਂ ਵਾਂਗ ਕਿਸਾਨੀ ਵਿੱਚੋਂ ਵੀ ਬਹੁਤ ਥੋੜੇ ਲੋਕ ਬੁਰਜੂਆ ਅਰਥਾਂ ਵਿੱਚ "ਸਿਖਰ 'ਤੇ ਅੱਪੜਦੇ ਹਨ", "ਦੁਨੀਆਂ ਵਿੱਚ ਅੱਗੇ ਵਧਦੇ ਹਨ", ਅਰਥਾਤ ਅਮੀਰ ਲੋਕ, ਬੁਰਜੂਆਜ਼ੀ ਬਣ ਜਾਂਦੇ ਹਨ ਜਾਂ ਸੁਰੱਖਿਅਤ ਅਤੇ ਵਿਸ਼ੇਸ਼ ਅਧਿਕਾਰਾਂ ਵਾਲ਼ੀਆਂ ਪਦਵੀਆਂ ਉੱਤੇ ਅਧਿਕਾਰੀ ਬਣ ਜਾਂਦੇ ਹਨ। ਹਰ ਸਰਮਾਏਦਾਰ ਦੇਸ਼ ਵਿੱਚ ਜਿੱਥੇ ਕਿਸਾਨੀ ਹੈ (ਜਿਵੇਂ ਕਿ ਵਧੇਰੇ ਸਰਮਾਏਦਾਰ ਦੇਸ਼ਾਂ ਵਿੱਚ ਹੈ), ਹਕੂਮਤ ਕਿਸਾਨਾਂ ਦੀ ਵੱਡੀ ਬਹੁ-ਗਿਣਤੀ ਉੱਤੇ ਜਬਰ ਕਰਦੀ ਹੈ ਅਤੇ ਉਹ ਇਹਦਾ ਤਖ਼ਤਾ ਉਲਟਣ ਦੀ ਤੀਬਰ ਇੱਛਾ ਰੱਖਦੇ ਹਨ, "ਸਸਤੀ" ਹਕੂਮਤ ਲਈ ਤੀਬਰ ਇੱਛਾ ਰੱਖਦੇ ਹਨ। **ਕੇਵਲ** ਪ੍ਰੋਲਤਾਰੀ ਹੀ ਇਹ ਪ੍ਰਾਪਤ ਕਰ ਸਕਦਾ ਹੈ; ਅਤੇ ਇਹ ਪ੍ਰਾਪਤ ਕਰਕੇ ਇਹਦੇ ਨਾਲ਼ ਹੀ ਨਾਲ਼ ਪ੍ਰੋਲਤਾਰੀ ਰਾਜ ਨੂੰ ਸੋਸ਼ਲਿਸਟ ਤੌਰ ਉੱਤੇ ਮੁੜ ਉਸਾਰਨ ਵੱਲ ਇੱਕ ਕਦਮ ਪੁੱਟਦਾ ਹੈ।

## 3. ਪਾਰਲੀਮਾਨੀਵਾਦ ਦਾ ਅੰਤ

> "ਕਮਿਊਨ", ਮਾਰਕਸ ਨੇ ਲਿਖਿਆ, "ਪਾਰਲੀਮਾਨੀ ਨਹੀਂ, ਕੰਮ ਕਰਨ ਵਾਲ਼ੀ ਸੰਸਥਾ ਹੋਣੀ ਸੀ, ਜਿਹੜੀ ਇੱਕੋਂ ਸਮੇਂ ਕਾਨੂੰਨ-ਘੜਨੀ ਵੀ ਸੀ ਅਤੇ ਪ੍ਰਬੰਧਕ ਵੀ..."
>
> "...ਤਿੰਨ ਜਾਂ ਛੇ ਵਰ੍ਹਿਆਂ ਵਿੱਚ ਇੱਕ ਵਾਰ ਇਹ ਫੈਸਲਾ ਕਰਨ ਦੀ ਥਾਂ ਕਿ ਹਾਕਮ ਜਮਾਤ ਦਾ ਕਿਹੜਾ ਵਿਅਕਤੀ ਪਾਰਲੀਮੈਂਟ ਵਿੱਚ ਲੋਕਾਂ ਦੀ ਪ੍ਰਤਿਨਿਧਤਾ ਕਰੇਗਾ ਅਤੇ ਉਹਨਾਂ ਉੱਤੇ ਜਬਰ ਕਰੇਗਾ (verund zertreten), ਹਰ ਇੱਕ ਲਈ ਵੋਟ ਦੇ ਹੱਕ ਨੇ ਕਮਿਊਨਾਂ ਵਿੱਚ ਜੁੜੇ ਲੋਕਾਂ ਦੀ ਸੇਵਾ ਕਰਨੀ ਸੀ, ਜਿਵੇਂ ਵਿਅਕਤੀਗਤ ਚੋਣ ਮਜ਼ਦੂਰਾਂ, ਫੋਰਮੈਨਾਂ, ਅਤੇ ਮੁਨੀਮਾਂ ਦੀ ਭਾਲ ਵਿੱਚ ਹਰ ਇੱਕ ਹੋਰ ਮਾਲਕ ਦੀ ਸੇਵਾ ਕਰਦੀ ਹੈ।"*

ਸਮਾਜੀ-ਸ਼ਾਵਨਵਾਦ ਅਤੇ ਮੌਕਾ-ਪ੍ਰਸਤੀ ਦੇ ਪ੍ਰਚਲਤ ਹੋਣ ਕਾਰਨ 1871

---

* ਮਾਰਕਸ ਦੀ ਪੁਸਤਕ 'ਫ਼ਰਾਂਸ ਵਿੱਚ ਖਾਨਾ-ਜੰਗੀ' ਵਿੱਚੋਂ ਉਪ੍ਰੋਕਤ ਟੂਕ ਲੈਨਿਨ ਨੇ ਜਰਮਨ ਛਾਪ ਵਿੱਚੋਂ ਦਿੱਤੀ। **—ਸੰਪਾ.**

ਵਿੱਚ ਕੀਤੀ ਪਾਰਲੀਮਾਨੀਵਾਦ ਦੀ ਇਹ ਪੜਚੋਲ ਵੀ ਹੁਣ ਮਾਰਕਸਵਾਦ ਦੇ "ਭੁਲਾਏ ਗਏ ਸ਼ਬਦਾਂ" ਵਿੱਚ ਸ਼ਾਮਲ ਹੋ ਗਈ ਹੈ। ਪੇਸ਼ਾਵਰ ਕੈਬਨਿਟ ਦੇ ਵਜ਼ੀਰਾਂ ਅਤੇ ਪਾਰਲੀਮਾਨੀਵਾਦੀਆਂ ਨੇ, ਪ੍ਰੋਲਤਾਰੀ ਦੇ ਗ਼ੱਦਾਰਾਂ ਅਤੇ ਸਾਡੇ ਸਮੇਂ ਦੇ "ਅਮਲੀ" ਸੋਸ਼ਲਿਸਟਾਂ ਨੇ ਪਾਰਲੀਮਾਨੀਵਾਦ ਦੀ ਕੁੱਲ ਨੁਕਤਾਚੀਨੀ ਅਰਾਜਕਤਾਵਾਦੀਆਂ 'ਤੇ ਛੱਡ ਦਿੱਤੀ ਹੈ ਅਤੇ ਇਹ ਸ਼ਾਨਦਾਰ ਤੌਰ 'ਤੇ ਯੋਗ ਆਧਾਰ ਉੱਤੇ ਪਾਰਲੀਮਾਨੀਵਾਦ ਦੀ **ਕਿਸੇ ਵੀ** ਨੁਕਤਾਚੀਨੀ ਨੂੰ "ਅਰਾਜਕਤਾਵਾਦ" ਕਹਿ ਕੇ ਭੰਡਦੇ ਹਨ!! ਇਹ ਹੈਰਾਨ ਕਰਨ ਵਾਲ਼ੀ ਗੱਲ ਨਹੀਂ ਕਿ "ਉੱਨਤ" ਪਾਰਲੀਮਾਨੀ ਦੇਸ਼ਾਂ ਦਾ ਪ੍ਰੋਲਤਾਰੀ, ਸ਼ਾਈਦੇਮਾਨਾਂ, ਡੇਵਿਡਾਂ, ਲਗੀਨਾਂ, ਸੇਮਬਾਤਾਂ, ਰੇਨਾਡੇਲਾਂ, ਹੈਂਡਰਸਨਾਂ, ਵਾਂਡਰਵੇਲਡੇਵਾਂ, ਸਟਾਉਨਿੰਗਾਂ, ਬ੍ਰਾਂਟਿੰਗਾਂ, ਬਿਸੋਲਾਤੀਆਂ ਅਤੇ ਉਹਨਾਂ ਜਿਹੇ ਹੋਰਨਾਂ "ਸੋਸ਼ਲਿਸਟਾਂ" ਤੋਂ ਉਪਰਾਮ ਹੋਕੇ ਸਦਾ ਵਧੇਰੇ ਵਾਰ ਆਪਣੀਆਂ ਹਮਦਰਦੀਆਂ ਇਸ ਗੱਲ ਦੇ ਬਾਵਜੂਦ ਅਰਾਜਕਤਾਵਾਦੀ ਸੰਘਵਾਦ ਨੂੰ ਦੇ ਰਿਹਾ ਹੈ, ਕਿ ਇਹ ਮੌਕਾ-ਪ੍ਰਸਤੀ ਦਾ ਜੌੜਾ ਭਰਾ ਹੀ ਹੈ।

ਮਾਰਕਸ ਲਈ ਇਨਕਲਾਬੀ ਦਵੰਦਵਾਦ ਕਦੇ ਇੱਕ ਥੋਥਾ ਫੈਸ਼ਨੇਬਲ ਫ਼ਿਕਰਾ ਜਾਂ ਛੁਣਛੁਣਾ ਨਹੀਂ ਸੀ ਜਿਹੜਾ ਪਲੈਖ਼ਾਨੋਵ, ਕਾਉਟਸਕੀ ਅਤੇ ਹੋਰਨਾਂ ਨੇ ਇਹਨੂੰ ਬਣਾ ਦਿੱਤਾ ਹੈ। ਮਾਰਕਸ ਜਾਣਦਾ ਸੀ ਕਿ ਬੁਰਜੂਆ ਪਾਰਲੀਮਾਨੀਵਾਦ ਦੇ "ਸੂਰ-ਵਾੜੇ" ਨੂੰ ਵੀ ਵਰਤਣ ਦੀ ਨਿਰਯੋਗਤਾ ਕਾਰਨ, ਖਾਸ ਤੌਰ 'ਤੇ ਉਸ ਸਮੇਂ ਜਦੋਂ ਹਾਲਾਤ ਸਪਸ਼ਟ ਤੌਰ 'ਤੇ ਇਨਕਲਾਬੀ ਨਹੀਂ, ਅਰਾਜਕਤਾਵਾਦ ਨਾਲ਼ ਕਿਵੇਂ ਬੇਕਿਰਕ ਤੋੜ-ਵਿਛੋੜਾ ਕਰਨਾ ਹੈ; ਪਰ ਇਹਦੇ ਨਾਲ਼ ਹੀ ਨਾਲ਼ ਉਹ ਜਾਣਦਾ ਸੀ ਕਿ ਪਾਰਲੀਮਾਨੀਵਾਦ ਦੀ ਸੱਚੀ ਇਨਕਲਾਬੀ-ਪ੍ਰੋਲਤਾਰੀ ਨੁਕਤਾਚੀਨੀ ਕਿਵੇਂ ਕਰਨੀ ਹੈ।

ਹਰ ਕੁੱਝ-ਇੱਕ ਵਰ੍ਹਿਆਂ ਪਿੱਛੋਂ ਇਹ ਫ਼ੈਸਲਾ ਕਰਨਾ ਕਿ ਹਾਕਮ ਜਮਾਤ ਦਾ ਕਿਹੜਾ ਵਿਅਕਤੀ ਪਾਰਲੀਮੈਂਟ ਰਾਹੀਂ ਲੋਕਾਂ ਉੱਤੇ ਜਬਰ ਕਰੇਗਾ ਅਤੇ ਉਹਨਾਂ ਨੂੰ ਕੁਚਲੇਗਾ—ਇਹ ਹੈ ਬੁਰਜੂਆ ਪਾਰਲੀਮਾਨੀਵਾਦ ਦਾ ਅਸਲੀ ਤੱਤ, ਨਾ ਕੇਵਲ ਪਾਰਲੀਮਾਨੀ-ਵਿਧਾਨਕ ਬਾਦਸ਼ਾਹੀਆਂ ਵਿੱਚ ਸਗੋਂ ਵਧੇਰੇ ਜਮਹੂਰੀ ਗਣਰਾਜਾਂ ਵਿੱਚ।

ਪਰ ਜੇ ਅਸੀਂ ਰਾਜ ਦੇ ਸਵਾਲ ਉੱਤੇ ਵਿਚਾਰ ਕਰਦੇ ਹਾਂ ਅਤੇ ਅਸੀਂ ਪਾਰਲੀਮਾਨੀਵਾਦ ਨੂੰ ਰਾਜ ਦੀਆਂ ਸੰਸਥਾਵਾਂ ਵਿੱਚੋਂ ਇੱਕ ਸਮਝਦੇ ਹਾਂ ਤਾਂ **ਇਸ** ਖੇਤਰ ਵਿੱਚ ਪ੍ਰੋਲਤਾਰੀ ਦੇ ਕਾਰਜਾਂ ਦੇ ਦ੍ਰਿਸ਼ਟੀਕੋਣ ਤੋਂ ਪਾਰਲੀਮਾਨੀਵਾਦ ਤੋਂ ਬਾਹਰ ਨਿਕਲਣ ਦਾ ਰਾਹ ਕੀ ਹੈ ? ਇਸ ਤੋਂ ਕਿਵੇਂ ਛੁਟਕਾਰਾ ਪਾਇਆ ਜਾ ਸਕਦਾ ਹੈ ?

ਸਾਨੂੰ ਘੜੀ ਮੁੜੀ ਦੁਹਰਾਉਣਾ ਪੈਂਦਾ ਹੈ : ਕਮਿਊਨ ਦੇ ਅਧਿਐਨ ਉੱਤੇ ਆਧਾਰਤ ਮਾਰਕਸ ਦੇ ਸਬਕ ਏਨੀ ਪੂਰੀ ਤਰ੍ਹਾਂ ਭੁਲਾ ਦਿੱਤੇ ਗਏ ਹਨ ਕਿ ਅਜੋਕੇ "ਸੋਸ਼ਲ-ਡੈਮੋਕਰੈਟ" (ਇਹਦੀ ਥਾਂ ਅਜੋਕੇ ਸੋਸ਼ਲਿਜ਼ਮ ਦੇ ਗ਼ੱਦਾਰ ਪੜ੍ਹੋ) ਪਾਰਲੀਮਾਨੀਵਾਦ ਦੀ ਅਰਾਜਕਤਾਵਾਦੀ ਜਾਂ ਪਿੱਛੇ-ਖਿੱਚੂ ਨੁਕਤਾਚੀਨੀ ਤੋਂ ਬਿਨਾਂ ਹੋਰ ਕੋਈ ਨੁਕਤਾਚੀਨੀ ਸਚਮੁੱਚ ਸਮਝ ਹੀ ਨਹੀਂ ਸਕਦੇ।

ਪਾਰਲੀਮਾਨੀਵਾਦ ਤੋਂ ਬਾਹਰ ਨਿਕਲਣ ਦਾ ਰਾਹ, ਨਿਰਸੰਦੇਹ, ਪ੍ਰਤਿਨਿਧ

ਸੰਸਥਾਵਾਂ ਅਤੇ ਚੋਣ ਦੇ ਨਿਯਮ ਨੂੰ ਰੱਦ ਕਰਨਾ ਨਹੀਂ ਸਗੋਂ ਪ੍ਰਤਿਨਿਧ ਸੰਸਥਾਵਾਂ ਨੂੰ ਜ਼ਬਾਨੀ ਜਮ੍ਹਾਂ ਖ਼ਰਚ ਦੇ ਅੱਡਿਆਂ ਤੋਂ ਬਦਲ ਕੇ "ਕੰਮ ਕਰਦੀਆਂ" ਸੰਸਥਾਵਾਂ ਬਣਾ ਦੇਣਾ ਹੈ। "ਕਮਿਊਨ ਪਾਰਲੀਮਾਨੀ ਨਹੀਂ, ਕੰਮ ਕਰਨ ਵਾਲ਼ੀ ਸੰਸਥਾ ਹੋਣੀ ਸੀ, ਜਿਹੜੀ ਇੱਕੋ ਸਮੇਂ ਕਾਨੂੰਨ-ਘੜਨੀ ਵੀ ਹੋਣੀ ਸੀ ਅਤੇ ਪ੍ਰਬੰਧਕ ਵੀ"।

"ਪਾਰਲੀਮਾਨੀ ਨਹੀਂ ਸਗੋਂ ਕੰਮ ਕਰਨ ਵਾਲ਼ੀ" ਸੰਸਥਾ—ਇਹ ਗੱਲ ਅਜੋਕੇ ਪਾਰਲੀਮਾਨੀਵਾਦੀਆਂ ਅਤੇ ਸੋਸ਼ਲ-ਡੈਮੋਕਰੈਸੀ ਦੇ ਪਾਰਲੀਮਾਨੀ "ਕੁੱਛੜ-ਕੁੱਤਿਆਂ" ਦੇ ਮੋਢੇ 'ਤੇ ਸੱਟ ਮਾਰਦੀ ਹੈ! ਕਿਸੇ ਪਾਰਲੀਮਾਨੀ ਦੇਸ਼ ਨੂੰ ਲਓ, ਅਮਰੀਕਾ ਤੋਂ ਸਵਿਟਜ਼ਰਲੈਂਡ, ਫਰਾਂਸ ਤੋਂ ਇੰਗਲੈਂਡ, ਨਾਰਵੇ, ਇਤਿ-ਆਦਿ — ਇਹਨਾਂ ਦੇਸ਼ਾਂ ਵਿੱਚ "ਰਾਜ" ਦਾ ਅਸਲੀ ਕੰਮ ਪਰਦੇ ਪਿੱਛੇ ਹੁੰਦਾ ਹੈ ਅਤੇ ਇਹਨੂੰ ਮਹਿਕਮੇ, ਚਾਂਸਲਰੀਆਂ ਅਤੇ ਜਨਰਲ ਸਟਾਫ਼ ਕਰਦੇ ਹਨ। ਪਾਰਲੀਮੈਂਟ ਦਾ ਅਸਲ ਕੰਮ "ਆਮ ਲੋਕਾਂ" ਨੂੰ ਧੋਖਾ ਦੇਣ ਲਈ ਗੱਲਾਂ ਕਰਨਾ ਹੈ। ਇਹ ਗੱਲ ਏਨੀ ਸੱਚ ਹੈ ਕਿ ਰੂਸੀ ਗਣ-ਰਾਜ, ਇੱਕ ਬੁਰਜੂਆ-ਜਮਹੂਰੀ ਗਣ-ਰਾਜ ਵਿੱਚ, ਪਾਰਲੀਮਾਨੀਵਾਦ ਦੇ ਇਹ ਸਭੇ ਗੁਨਾਹ ਅਸਲੀ ਪਾਰਲੀਮੈਂਟ ਸਥਾਪਤ ਹੋਣ ਵਿੱਚ ਸਫ਼ਲਤਾ ਪ੍ਰਾਪਤ ਹੋਣ ਤੋਂ ਪਹਿਲਾਂ ਹੀ ਪ੍ਰਗਟ ਹੋ ਗਏ। ਇਸ ਗਲੀ-ਸੜੀ ਤੰਗ-ਨਜ਼ਰੀ ਦੇ ਸੂਰਮੇ, ਸਕੋਬੇਲੇਵ ਅਤੇ ਤਸੇਰੇਤੇਲੀ, ਚੇਰਨੋਵ ਅਤੇ ਅਵਕਸੇਨਤਯੇਵ ਤਾਂ ਸੋਵੀਅਤਾਂ ਨੂੰ ਵੀ ਅਤਿ-ਅੰਤ ਘ੍ਰਿਣਤ ਬੁਰਜੂਆ ਪਾਰਲੀਮਾਨੀਵਾਦ ਅਨੁਸਾਰ ਭ੍ਰਸ਼ਟ ਕਰਨ ਵਿੱਚ ਅਤੇ ਇਹਨਾਂ ਨੂੰ ਕੇਵਲ ਗੱਲ-ਬਾਤ ਦੇ ਅੱਡੇ ਬਣਾਉਣ ਵਿੱਚ ਸਫ਼ਲ ਹੋ ਗਏ ਹਨ। ਸੋਵੀਅਤਾਂ ਵਿੱਚ ਸਰਵ-ਸ਼੍ਰੀ "ਸੋਸ਼ਲਿਸਟ" ਵਜ਼ੀਰ ਭੋਲੇ ਭਾਲੇ ਪੇਂਡੂਆਂ ਨੂੰ ਫਿਕਰੇਬਾਜ਼ੀ ਅਤੇ ਪ੍ਰਸਤਾਵਾਂ ਰਾਹੀਂ ਧੋਖਾ ਦੇ ਰਹੇ ਹਨ। ਹਕੂਮਤ ਦੇ ਅੰਦਰ ਇੱਕ ਸਥਾਈ ਚੌਪੱਖੀ ਨਾਚ ਇਸ ਲਈ ਚੱਲ ਰਿਹਾ ਹੈ ਕਿ ਇੱਕ ਹੱਥ ਜਿੰਨੇ ਵੱਧ ਤੋਂ ਵੱਧ ਸੋਸ਼ਲਿਸਟ-ਇਨਕਲਾਬੀ ਅਤੇ ਮੈਨਸ਼ਵਿਕ ਵਾਰੋ ਵਾਰੀ "ਹਲਵੇ ਮੰਡੇ" ਦੇ, ਲਾਭਵੰਦੀਆਂ ਅਤੇ ਸਤਿਕਾਰੀਆਂ ਪਦਵੀਆਂ ਦੇ ਨੇੜੇ ਅੱਪੜ ਜਾਣ ਅਤੇ, ਦੂਜੇ ਹੱਥ, "ਲੋਕਾਂ ਦਾ ਧਿਆਨ" ਹੋਰ ਪਾਸੇ ਲੱਗਾ ਰਹੇ। ਇੱਚਰ ਚਾਂਸਲਰੀਆਂ ਅਤੇ ਅਮਲੇ "ਰਾਜ" ਦਾ ਕੰਮ "ਕਰਦੇ" ਹਨ।

ਹਾਕਮ "ਸੋਸ਼ਲਿਸਟ-ਇਨਕਲਾਬੀ" ਪਾਰਟੀ ਦੇ ਤਰਜਮਾਨ "ਦੇਲੋ ਨਰੋਦਾ"[18] ਨੇ ਪਿੱਛੇ ਜਿਹੇ "ਚੰਗੇ ਸਮਾਜ" ਦੇ, ਜਿਸ ਵਿੱਚ "ਸਭੇ" ਰਾਜਸੀ ਪੇਸ਼ਾ ਕਰਨ ਵਿੱਚ ਰੁੱਝੇ ਹੋਏ ਹੁੰਦੇ ਹਨ, ਲੋਕਾਂ ਦੇ ਬੇਮਿਸਾਲ ਖਰੇ ਪੁਣੇ ਨਾਲ਼—ਪ੍ਰਵਾਨ ਕੀਤਾ ਕਿ ਉਹਨਾਂ ਵਜ਼ਾਰਤਾਂ ਵਿੱਚ ਵੀ, ਜਿਨ੍ਹਾਂ ਦੇ ਮੁਖੀ "ਸੋਸ਼ਲਿਸਟ" ਹਨ (ਇਹ ਗੱਲ ਚੇਤੇ ਰੱਖਣਾ!) ਅਸਲ ਵਿੱਚ ਸਾਰਾ ਨੌਕਰਸ਼ਾਹੀ ਢਾਂਚਾ ਪਹਿਲਾਂ ਜਿਹਾ ਹੀ ਰਿਹਾ ਹੈ, ਪੁਰਾਣੇ ਢੰਗ ਨਾਲ਼ ਕੰਮ ਕਰ ਰਿਹਾ ਹੈ ਅਤੇ ਬਿਲਕੁਲ "ਖੁੱਲ੍ਹੇ ਤੌਰ 'ਤੇ" ਇਨਕਲਾਬੀ ਕਦਮਾਂ ਦੀਆਂ ਜੜ੍ਹਾਂ ਖੋਖਲੀਆਂ ਕਰ ਰਿਹਾ ਹੈ! ਇਸ ਇਕਬਾਲ ਤੋਂ ਬਿਨਾਂ ਵੀ ਕੀ ਸੋਸ਼ਲਿਸਟ-ਇਨਕਲਾਬੀਆਂ ਅਤੇ ਮੇਨਸ਼ਵਿਕਾਂ ਦੀ ਹਕੂਮਤ ਵਿੱਚ ਸ਼ਮੂਲੀਅਤ ਦਾ ਯਥਾਰਥਕ ਇਤਿਹਾਸ ਇਹ ਗੱਲ ਸਾਬਤ ਨਹੀਂ ਕਰਦਾ? ਕੇਵਲ ਇੱਕੋ ਤੱਥ ਧਿਆਨ ਵਿੱਚ ਰੱਖਣ ਯੋਗ ਹੈ, ਕੈਡਟਾਂ ਦੇ ਵਜ਼ਾਰਤੀ ਸਾਥ ਵਿੱਚ ਸਰਵ-ਸ਼੍ਰੀ ਚੇਰਨੋਵ, ਰੂਸਾਨੋਵ, ਜ਼ੇਨਜ਼ੀਨੋਵ ਅਤੇ "ਦੇਲੋ ਨਰੋਦਾ" ਦੇ ਹੋਰ ਸੰਪਾਦਕਾਂ ਨੇ ਇਉਂ ਪੂਰੀ

ਤਰ੍ਹਾਂ ਸ਼ਰਮ ਗੁਆ ਲਈ ਹੈ ਕਿ ਉਹ ਬੜੀ ਨਿਰਲੱਜਤਾ ਨਾਲ਼ ਇਹ ਕਹਿੰਦੇ ਹਨ, ਜਿਵੇਂ ਇਹ ਬੜੀ ਨਿਗੂਣੀ ਗੱਲ ਹੋਵੇ ਕਿ "ਉਹਨਾਂ" ਦੀਆਂ ਵਜ਼ਾਰਤਾਂ ਵਿੱਚ ਸਭ ਕੁੱਝ ਪਹਿਲਾਂ ਵਾਂਗ ਹੀ ਰਿਹਾ ਹੈ!! ਸਿੱਧੜ ਪੇਂਡੂਆਂ ਨੂੰ ਲੋਰੀਆਂ ਦੇਣ ਲਈ ਸੋਸ਼ਲਿਸਟ-ਇਨਕਲਾਬੀ ਨਾਹਰੇ, ਸਰਮਾਏਦਾਰਾਂ ਦਾ "ਦਿਲ ਖ਼ੁਸ਼ ਕਰਨ ਲਈ" ਨੌਕਰਸ਼ਾਹੀ ਅਤੇ ਲਾਲ ਫ਼ੀਤਾ—ਇਹ ਹੈ ਇਸ "ਇਮਾਨਦਾਰ" ਕੁਲੀਸ਼ਨ ਦਾ "**ਤੱਤ**"।

ਕਮਿਊਨ ਬੁਰਜੂਆ ਸਮਾਜ ਦੇ ਜ਼ਮੀਰ-ਫਰੋਸ਼ ਅਤੇ ਗਲੇ-ਸੜੇ ਪਾਰਲੀਮਾਨੀਵਾਦ ਦੀ ਥਾਂ ਅਜਿਹੀਆਂ ਸੰਸਥਾਵਾਂ ਖੜੀਆਂ ਕਰਦੀ ਹੈ ਜਿਨ੍ਹਾਂ ਵਿੱਚ ਵਿਚਾਰਾਂ ਅਤੇ ਬਹਿਸ ਦੀ ਆਜ਼ਾਦੀ ਵਿਗੜ ਕੇ ਧੋਖਾ ਨਹੀਂ ਬਣ ਜਾਂਦੀ, ਕਿਉਂਕਿ ਪਾਰਲੀਮੈਂਟ ਦੇ ਮੈਂਬਰਾਂ ਨੂੰ ਕੰਮ ਕਰਨਾ ਪੈਂਦਾ ਹੈ, ਆਪਣੇ ਕਾਨੂੰਨ ਅਮਲ ਵਿੱਚ ਲਾਗੂ ਕਰਨੇ ਪੈਂਦੇ ਹਨ, ਉਹਨਾਂ ਦੇ ਸਿੱਟਿਆਂ ਨੂੰ ਅਸਲੀ ਜੀਵਨ ਵਿੱਚ ਪਰਖਣਾ ਪੈਂਦਾ ਹੈ ਅਤੇ ਸਿੱਧਾ ਆਪਣੇ ਚੋਣਕਾਰਾਂ ਨੂੰ ਲੇਖਾ ਦੇਣਾ ਪੈਂਦਾ ਹੈ। ਪ੍ਰਤਿਨਿਧ ਸੰਸਥਾਵਾਂ ਕਾਇਮ ਰਹਿੰਦੀਆਂ ਹਨ, ਪਰ ਇੱਕ ਵਿਸ਼ੇਸ਼ ਪ੍ਰਬੰਧ ਵਜੋਂ, ਕਾਨੂੰਨ-ਘੜਨੀ ਅਤੇ ਪ੍ਰਬੰਧਕ ਸੰਸਥਾਵਾਂ ਵਿਚਕਾਰ ਵੰਡ ਵਜੋਂ, ਪਾਰਲੀਮੈਂਟ ਦੇ ਮੈਂਬਰਾਂ ਦੀ ਵਿਸ਼ੇਸ਼ ਪੁਜ਼ੀਸ਼ਨ ਵਜੋਂ ਕੋਈ ਪਾਰਲੀਮਾਨੀਵਾਦ **ਨਹੀਂ ਹੁੰਦਾ**। ਅਸੀਂ ਪ੍ਰਤਿਨਿਧ ਸੰਸਥਾਵਾਂ ਤੋਂ ਬਿਨਾਂ ਜਮਹੂਰੀਅਤ ਦੀ, ਇਥੋਂ ਤੱਕ ਕਿ ਪ੍ਰੋਲਤਾਰੀ ਜਮਹੂਰੀਅਤ ਦੀ ਕਲਪਨਾ ਵੀ ਨਹੀਂ ਕਰ ਸਕਦੇ ਪਰ ਜੇ ਬੁਰਜੂਆ ਸਮਾਜ ਉੱਤੇ ਪੜਚੋਲ ਸਾਡੇ ਲਈ ਕੇਵਲ ਫੋਕੀ ਲਫਾਜ਼ੀ ਹੀ ਨਹੀਂ, ਜੇ ਬੁਰਜੂਆਜ਼ੀ ਦੀ ਹਕੂਮਤ ਦਾ ਤਖ਼ਤਾ ਉਲਟਣਾ ਸਾਡੀ ਸੱਚੀ ਅਤੇ ਸੁਹਿਰਦ ਇੱਛਾ ਹੈ ਅਤੇ ਕੇਵਲ ਕਿਰਤੀਆਂ ਦੇ ਵੋਟ ਕਾਬੂ ਕਰਨ ਲਈ ਇੱਕ "ਚੋਣ" ਨਾਹਰਾ ਹੀ ਨਹੀਂ, ਜਿਵੇਂ ਕਿ ਇਹ ਮੈਨਸ਼ਵਿਕਾਂ ਅਤੇ ਸੋਸ਼ਲਿਸਟ-ਇਨਕਲਾਬੀਆਂ ਲਈ, ਸ਼ਾਈਦੇਮਾਨਾਂ ਅਤੇ ਲੇਗੀਨਾਂ ਲਈ, ਸੇਮਬਾਤਾਂ ਅਤੇ ਵਾਂਡਰਵੇਲਡੇਵਾਂ ਲਈ ਹੈ, ਤਾਂ ਅਸੀਂ ਪਾਰਲੀਮਾਨੀਵਾਦ ਤੋਂ ਬਿਨਾਂ ਜਮਹੂਰੀਅਤ ਦੀ ਕਲਪਨਾ ਕਰ ਸਕਦੇ ਹਾਂ ਅਤੇ ਸਾਨੂੰ ਜ਼ਰੂਰ ਕਰਨੀ **ਚਾਹੀਦੀ ਹੈ**।

ਇਹ ਗੱਲ ਚੇਤੇ ਰੱਖਣੀ ਬੜੀ ਸਿਖਿਆਦਾਇਕ ਹੈ ਕਿ **ਉਹਨਾਂ** ਅਧਿਕਾਰੀਆਂ ਦੇ ਕੰਮਾਂ ਦਾ ਜ਼ਿਕਰ ਕਰਦੇ ਹੋਏ, ਜਿਨ੍ਹਾਂ ਦੀ ਕਮਿਊਨ ਅਤੇ ਪ੍ਰੋਲੇਤਾਰੀ ਜਮਹੂਰੀਅਤ ਲਈ ਲੋੜ ਹੈ, ਮਾਰਕਸ ਉਹਨਾਂ ਦਾ ਮੁਕਾਬਲਾ "ਹਰ ਹੋਰ ਮਾਲਕ" ਦੇ ਕਾਮਿਆਂ, ਅਰਥਾਤ ਸਾਧਾਰਨ ਸਰਮਾਏਦਾਰ ਕਾਰੋਬਾਰ ਦੇ ਕਾਮਿਆਂ, ਇਹਦੇ "ਮਜ਼ਦੂਰਾਂ, ਫੋਰਮੈਨਾਂ ਅਤੇ ਮੁਨੀਮਾਂ" ਨਾਲ਼ ਕਰਦਾ ਹੈ।

ਮਾਰਕਸ ਵਿੱਚ ਇਸ ਅਰਥ ਵਿੱਚ ਕੋਈ ਖ਼ਿਆਲੀਪੁਣਾ ਨਹੀਂ, ਕਿ ਉਹਨਾਂ ਇੱਕ "ਨਵਾਂ" ਸਮਾਜ ਘੜਿਆ ਜਾਂ ਉਹਦੀ ਕਾਢ ਕੀਤੀ। ਨਹੀਂ, ਉਹਨਾਂ ਪੁਰਾਣੇ **ਵਿੱਚੋਂ** ਨਵੇਂ ਸਮਾਜ ਦੇ **ਜਨਮ** ਦਾ, ਇੱਕ ਪ੍ਰਾਕ੍ਰਿਤਕ ਇਤਿਹਾਸਕ ਅਮਲ ਵਜੋਂ, ਪਹਿਲੇ ਵਿੱਚੋਂ ਦੂਜੇ ਵਿੱਚ ਤਬਦੀਲੀ ਦੇ ਰੂਪਾਂ ਦਾ ਅਧਿਐਨ ਕੀਤਾ। ਉਹਨਾਂ ਜਨਤਕ ਪ੍ਰੋਲੇਤਾਰੀ ਲਹਿਰ ਦੇ ਯਥਾਰਥਕ ਤਜ਼ਰਬੇ ਦਾ ਅਧਿਐਨ ਕੀਤਾ ਅਤੇ ਇਸ ਤੋਂ ਅਮਲੀ ਸਬਕ ਕੱਢੇ। ਉਹਨਾਂ ਕਮਿਊਨ ਤੋਂ "ਸਿੱਖਿਆ" ਲਈ, ਐਨ ਉਸੇ ਤਰ੍ਹਾਂ ਜਿਵੇਂ ਸਭੇ ਮਹਾਨ ਇਨਕਲਾਬੀ ਵਿਚਾਰਕ ਲੁਟੀਂਦਿਆਂ ਜਮਾਤਾਂ ਦੀਆਂ ਮਹਾਨ ਲਹਿਰਾਂ ਦੇ ਤਜ਼ਰਬੇ ਤੋਂ ਸਿੱਖਣੋਂ ਨਹੀਂ ਸਨ ਡਰਦੇ ਅਤੇ ਉਹਨਾਂ ਨੂੰ

ਕਦੇ ਪੰਡਤਾਊ "ਉਪਦੇਸ਼ਾਂ" ਨਾਲ਼ ਸੰਬੋਧਨ ਨਾ ਕੀਤਾ (ਜਿਵੇਂ ਕਿ ਪਲੈਖਾਨੋਵ ਦਾ: "ਉਹਨਾਂ ਨੂੰ ਹਥਿਆਰ ਨਹੀਂ ਸਨ ਚੁੱਕਣੇ ਚਾਹੀਦੇ"; ਜਾਂ ਤਸੇਰੇਤੇਲੀ ਦਾ: "ਜਮਾਤ ਨੂੰ ਆਪਣੇ ਆਪ ਨੂੰ ਸੀਮਤ ਰੱਖਣਾ ਚਾਹੀਦਾ ਹੈ")।

ਨੌਕਰਸ਼ਾਹੀ ਨੂੰ ਇੱਕ ਦਮ, ਹਰ ਥਾਂ ਅਤੇ ਪੂਰੀ ਤਰ੍ਹਾਂ ਖ਼ਤਮ ਕਰਨ ਦਾ ਤਾਂ ਵਿਚਾਰ ਹੀ ਨਹੀਂ ਕੀਤਾ ਜਾ ਸਕਦਾ। ਇਹ ਖ਼ਿਆਲੀ ਦੁਨੀਆ ਹੈ। ਪਰ ਪੁਰਾਣੀ ਨੌਕਰਸ਼ਾਹੀ ਬਣਤਰ ਨੂੰ ਇਕਦਮ **ਤੋੜ ਦੇਣਾ** ਅਤੇ ਇੱਕ ਨਵੀਂ ਬਣਤਰ ਬਣਾਉਣਾ ਸ਼ੁਰੂ ਕਰ ਦੇਣਾ ਜਿਹੜੀ ਹੌਲੀ ਹੌਲੀ ਸਭ ਨੌਕਰਸ਼ਾਹੀ ਨੂੰ ਖ਼ਤਮ ਕਰਨਾ ਸੰਭਵ ਬਣਾਵੇਗੀ—ਇਹ ਖਿਆਲੀ ਦੁਨੀਆਂ **ਨਹੀਂ**, ਇਹ ਕਮਿਊਨ ਦਾ ਤਜਰਬਾ ਹੈ, ਇਹ ਇਨਕਲਾਬੀ ਪ੍ਰੋਲਤਾਰੀ ਦਾ ਸਿੱਧਾ ਅਤੇ ਫੌਰੀ ਕੰਮ ਹੈ।

ਸਰਮਾਏਦਾਰੀ "ਰਾਜ" ਪ੍ਰਬੰਧ ਦੇ ਕਾਰਜਾਂ ਨੂੰ ਸਾਦਾ ਬਣਾ ਦੇਂਦੀ ਹੈ: ਇਹ ਇਸ ਗੱਲ ਨੂੰ ਸੰਭਵ ਬਣਾਉਂਦੀ ਹੈ ਕਿ "ਅਫ਼ਸਰੀਅਤ" ਨੂੰ ਇੱਕ ਪਾਸੇ ਸੁੱਟਿਆ ਜਾਵੇ ਅਤੇ ਸਾਰੇ ਮਾਮਲੇ ਨੂੰ ਪ੍ਰੋਲਤਾਰੀਆਂ ਨੂੰ (ਹਾਕਮ ਜਮਾਤ ਦੇ ਤੌਰ 'ਤੇ) ਜਥੇਬੰਦ ਕਰਨ ਤੱਕ ਸੀਮਤ ਰੱਖਿਆ ਜਾਵੇ, ਜਿਹੜੀ ਸਮੁੱਚੇ ਸਮਾਜ ਵੱਲੋਂ "ਮਜ਼ਦੂਰ, ਫੋਰਮੈਨ ਅਤੇ ਮੁਨੀਮ" ਮੁਲਾਜ਼ਮ ਰੱਖੇਗੀ।

ਅਸੀਂ ਖਿਆਲੀ ਦੁਨੀਆਂ ਵਿੱਚ ਰਹਿਣ ਵਾਲ਼ੇ ਨਹੀਂ, ਅਸੀਂ ਸਮੁੱਚੇ ਪ੍ਰਬੰਧ, ਸਮੁੱਚੀ ਮਾਤਹਿਤੀ ਨੂੰ **ਇੱਕਦਮ** ਖ਼ਤਮ ਕਰਨ ਦੇ "ਸੁਪਨੇ" ਨਹੀਂ ਲੈਂਦੇ; ਇਹ ਅਰਾਜਕਤਾਵਾਦੀ ਸੁਪਨੇ, ਜਿਨ੍ਹਾਂ ਦੀ ਬੁਨਿਆਦ ਪ੍ਰੋਲਤਾਰੀ ਦੀ ਤਾਨਾਸ਼ਾਹੀ ਦੇ ਕਾਰਜਾਂ ਦੀ ਸੂਝ ਦੀ ਅਣਹੋਂਦ ਹੈ, ਮਾਰਕਸਵਾਦ ਲਈ ਉੱਕਾ ਹੀ ਓਪਰੇ ਹਨ ਅਤੇ ਅਸਲ ਵਿੱਚ ਸੋਸ਼ਲਿਸਟ ਇਨਕਲਾਬ ਉਸ ਸਮੇਂ ਤੱਕ ਪਿੱਛੇ ਪਾਉਣ ਦਾ ਕੰਮ ਕਰਦੇ ਹਨ ਜਦੋਂ ਤੱਕ ਲੋਕ ਵੱਖਰੀ ਤਰ੍ਹਾਂ ਦੇ ਨਹੀਂ ਬਣ ਜਾਂਦੇ। ਨਹੀਂ ਜਿਸ ਤਰ੍ਹਾਂ ਦੇ ਲੋਕ ਅੱਜ ਹਨ ਅਸੀਂ ਉਹੋ ਜਿਹੇ ਲੋਕਾਂ ਨਾਲ਼ ਹੀ ਸੋਸ਼ਲਿਸਟ ਇਨਕਲਾਬ ਚਾਹੁੰਦੇ ਹਾਂ, ਅਜਿਹੇ ਲੋਕਾਂ ਨਾਲ਼ ਜਿਹੜੇ ਮਾਤਹਿਤੀ, ਕੰਟਰੋਲ ਅਤੇ "ਫੋਰਮੈਨਾਂ ਅਤੇ ਮੁਨੀਮਾਂ" ਤੋਂ ਬਿਨਾਂ ਗੁਜ਼ਾਰਾ ਨਹੀਂ ਕਰ ਸਕਦੇ।

ਪਰ ਇਹ ਮਾਤਹਿਤੀ ਸਭੇ ਲੁਟੀਂਦੇ ਅਤੇ ਕਿਰਤੀ ਲੋਕਾਂ ਦੇ ਮੂਹਰੈਲ, ਅਰਥਾਤ, ਪ੍ਰੋਲਤਾਰੀ ਦੀ ਹੋਣੀ ਚਾਹੀਦੀ ਹੈ। ਰਾਜ ਅਧਿਕਾਰੀਆਂ ਦੀ ਖ਼ਾਸ "ਅਫ਼ਸਰੀਅਤ" ਦੀ ਥਾਂ "ਫੋਰਮੈਨਾਂ ਅਤੇ ਮੁਨੀਮਾਂ" ਦੇ ਸਾਦੇ ਕਾਰਜਾਂ ਨੂੰ ਦੇਣ ਨਾਲ਼, ਅਜਿਹੇ ਕਾਰਜਾਂ ਨੂੰ ਦੇਣ ਨਾਲ਼ ਜਿਹੜੇ ਸ਼ਹਿਰਾਂ ਦੇ ਔਸਤ ਵਸਨੀਕ ਦੀ ਯੋਗਤਾ ਦੇ ਘੇਰੇ ਵਿੱਚ ਹਨ ਅਤੇ "ਮਜ਼ਦੂਰ ਦੀ ਉਜਰਤ" ਤੇ ਚੰਗੀ ਤਰ੍ਹਾਂ ਕੀਤੇ ਜਾ ਸਕਦੇ ਹਨ, ਇੱਕਦਮ ਰਾਤੋ ਰਾਤ ਮੁੱਢ ਬੰਨ੍ਹਿਆ ਜਾ ਸਕਦਾ ਹੈ ਅਤੇ ਬੰਨ੍ਹਿਆ ਜਾਣਾ ਲਾਜ਼ਮੀ ਹੈ।

ਅਸੀਂ **ਖ਼ੁਦ**, ਮਜ਼ਦੂਰ, ਜੋ ਕੁੱਝ ਸਰਮਾਏਦਾਰੀ ਨੇ ਸਿਰਜਿਆ ਹੈ ਉਹਦੇ ਆਧਾਰ ਉੱਤੇ, ਮਜ਼ਦੂਰਾਂ ਦੇ ਤੌਰ ਉੱਤੇ ਆਪਣੇ ਤਜਰਬੇ ਉੱਤੇ ਟੇਕ ਰੱਖਦੇ ਹੋਏ, ਅਜਿਹਾ ਸਖ਼ਤ, ਅਸਪਾਤੀ ਅਨੁਸ਼ਾਸਨ ਕਾਇਮ ਕਰਦੇ ਹੋਏ ਜਿਸ ਦੀ ਸਹਾਇਤਾ ਹਥਿਆਰਬੰਦ ਮਜ਼ਦੂਰਾਂ ਦੀ ਰਾਜਕੀ ਤਾਕਤ ਕਰਦੀ ਹੈ, ਵੱਡੇ ਪੈਮਾਨੇ ਦਾ ਉਤਪਾਦਨ ਜਥੇਬੰਦ ਕਰਾਂਗੇ; ਅਸੀਂ ਰਾਜ

ਅਧਿਕਾਰੀਆਂ ਦੇ ਰੋਲ ਨੂੰ ਕੇਵਲ ਜ਼ਿੰਮੇਵਾਰ, ਕਿਸੇ ਵੀ ਸਮੇਂ ਹਟਾਏ ਜਾ ਸਕਣ ਵਾਲ਼ੇ, ਸਾਡੀਆਂ ਹਦਾਇਤਾਂ ਉੱਤੇ ਅਮਲ ਕਰ ਰਹੇ ਨਿਰਮਾਣ ਤਨਖ਼ਾਹਾਂ ਵਾਲ਼ੇ "ਫੋਰਮੈਨਾਂ ਅਤੇ ਮੁਨੀਮਾਂ" ਤੱਕ ਘਟਾ ਦੇਵਾਂਗੇ (ਨਿਰਸੰਦੇਹ ਉਹ ਇਹ ਕੰਮ ਸਭਨਾਂ ਤਰ੍ਹਾਂ, ਕਿਸਮਾਂ ਅਤੇ ਦਰਜਿਆਂ ਦੇ ਟੈਕਨੀਸ਼ਨਾਂ ਦੀ ਸਹਾਇਤਾ ਨਾਲ਼ ਕਰਨਗੇ)। ਇਹ **ਸਾਡਾ** ਪ੍ਰੋਲਤਾਰੀ ਕਰਤੱਵ ਹੈ, ਅਸੀਂ ਸੋਸ਼ਲਿਸਟ ਇਨਕਲਾਬ ਦੀ ਪੂਰਤੀ ਦਾ ਮੁੱਢ ਇਥੋਂ ਬੰਨ੍ਹ ਸਕਦੇ ਹਾਂ ਅਤੇ ਸਾਨੂੰ ਜ਼ਰੂਰ ਇਥੋਂ **ਮੁੱਢ ਬੰਨਣਾ** ਚਾਹੀਦਾ ਹੈ। ਵੱਡੇ ਪੈਮਾਨੇ ਦੇ ਉਤਪਾਦਨ ਦੇ ਆਧਾਰ ਉੱਤੇ ਅਜਿਹੇ ਮੁੱਢ ਦਾ ਸਿੱਟਾ ਆਪਣੇ ਆਪ ਵਿੱਚ ਹੌਲੀ ਹੌਲੀ ਸਾਰੀ ਨੌਕਰਸ਼ਾਹੀ ਦਾ "ਖ਼ਤਮ ਹੋ ਜਾਣਾ" ਹੋਵੇਗਾ, ਇੱਕ ਅਜਿਹੇ ਪ੍ਰਬੰਧ, ਟੂਕ ਕਾਮਿਆਂ (" ") ਤੋਂ ਬਿਨਾਂ ਪ੍ਰਬੰਧ, ਦੀ ਸਥਾਪਤੀ, ਇੱਕ ਅਜਿਹੇ ਪ੍ਰਬੰਧ ਦੀ ਸਥਾਪਤੀ ਜਿਸਦਾ ਉਜਰਤੀ ਗ਼ੁਲਾਮੀ ਨਾਲ਼ ਕੋਈ ਮੇਲ ਨਹੀਂ ਹੋਵੇਗਾ, ਇੱਕ ਅਜਿਹੇ ਪ੍ਰਬੰਧ ਦੀ ਸਥਾਪਤੀ ਹੋਵੇਗਾ, ਜਿਸ ਵਿੱਚ ਕੰਟਰੋਲ ਅਤੇ ਹਿਸਾਬ ਕਿਤਾਬ ਦੇ ਕਾਰਜ—ਜਿਹੜੇ ਸਦਾ ਵਧੇਰੇ ਸਾਦੇ ਹੁੰਦੇ ਜਾਣਗੇ—ਹਰ ਇੱਕ ਵਾਰੋ ਵਾਰੀ ਕਰੇਗਾ, ਫੇਰ ਇਹ ਆਦਤ ਬਣ ਜਾਣਗੇ ਅਤੇ ਵਸੋਂ ਦੇ ਵਿਸ਼ੇਸ਼ ਹਿੱਸੇ ਦੇ **ਵਿਸ਼ੇਸ਼** ਕਾਰਜਾਂ ਵਜੋਂ ਇਹਨਾਂ ਦਾ ਅੰਤ ਹੋ ਜਾਵੇਗਾ।

ਪਿਛਲੀ ਸਦੀ ਦੇ ਅੱਠਵੇਂ ਦਹਾਕੇ ਦੇ ਇੱਕ ਮਖੌਲੀਏ ਸੋਸ਼ਲ-ਡੈਮੋਕਰੈਟ ਨੇ **ਡਾਕ ਪ੍ਰਬੰਧ ਨੂੰ** ਸੋਸ਼ਲਿਸਟ ਆਰਥਕ ਪ੍ਰਬੰਧ ਦੀ ਇੱਕ ਮਿਸਾਲ ਦਸਿਆ। ਇਹ ਬਹੁਤ ਠੀਕ ਹੈ। ਅੱਜ ਡਾਕ ਪ੍ਰਬੰਧ ਇੱਕ ਰਾਜਕੀ-**ਸਰਾਮਾਏਦਾਰ** ਅਜਾਰੇਦਾਰੀ ਦੇ ਤੌਰ 'ਤੇ ਜਥੇਬੰਦ ਕਾਰੋਬਾਰ ਹੈ। ਸਾਮਰਾਜ ਹੌਲੀ ਹੌਲੀ ਸਭ ਵੱਡੀਆਂ ਵਪਾਰਕ ਸੰਸਥਾਵਾਂ ਨੂੰ ਇਸੇ ਕਿਸਮ ਦੀਆਂ ਜਥੇਬੰਦੀਆਂ ਵਿੱਚ ਤਬਦੀਲ ਕਰ ਰਿਹਾ ਹੈ। ਜਿਥੇ "ਸਾਧਾਰਨ" ਕਿਰਤੀਆਂ ਦੇ ਉੱਪਰ, ਜਿਨ੍ਹਾਂ ਤੋਂ ਹੱਦੋਂ ਵੱਧ ਕੰਮ ਲਿਆ ਜਾਂਦਾ ਹੈ ਅਤੇ ਜਿਹੜੇ ਭੋਖੜੇ ਦਾ ਸ਼ਿਕਾਰ ਹਨ, ਉਹੋ ਬੁਰਜੂਆ ਨੌਕਰਸ਼ਾਹੀ ਖੜੀ ਹੈ। ਪਰ ਸਮਾਜੀ ਪ੍ਰਬੰਧ ਦੀ ਬਣਤਰ ਇਥੇ ਪਹਿਲਾਂ ਹੀ ਤਿਆਰ ਹੈ। ਲੋੜ ਬਸ ਇਸ ਗੱਲ ਦੀ ਹੈ ਕਿ ਅਸੀਂ ਸਰਮਾਏਦਾਰਾਂ ਦਾ ਤਖ਼ਤਾ ਉਲਟ ਦਈਏ, ਹਥਿਆਰਬੰਦ ਕਿਰਤੀਆਂ ਦੇ ਇਸਪਾਤੀ ਹੱਥ ਨਾਲ਼ ਇਹਨਾਂ ਲੋਟੂਆਂ ਦਾ ਵਿਰੋਧ ਕੁਚਲ ਦੇਈਏ, ਅਜੋਕੇ ਰਾਜ ਦੀ ਨੌਕਰਸ਼ਾਹ ਬਣਤਰ ਨੂੰ ਟੋਟੇ ਟੋਟੇ ਕਰ ਦਈਏ—ਅਤੇ ਸਾਡੇ ਕੋਲ਼ ਇੱਕ ਸ਼ਾਨਦਾਰ ਢੰਗ ਨਾਲ਼ ਲੈਸ ਬਣਤਰ ਹੋਵੇਗੀ, ਜਿਹੜੀ "ਪਰਜੀਵੀ" ਤੋਂ ਮੁਕਤ ਹੋਵੇਗੀ, ਇੱਕ ਅਜਿਹੀ ਬਣਤਰ ਜਿਸਨੂੰ ਇੱਕ-ਮੁੱਠ ਕਿਰਤੀ ਖ਼ੁਦ ਚੰਗੀ ਤਰ੍ਹਾਂ ਚਾਲੂ ਕਰ ਸਕਦੇ ਹਨ, ਜਿਹੜੇ ਟੈਕਨੀਸ਼ਨ, ਫੋਰਮੈਨ ਅਤੇ ਮੁਨੀਮ ਮੁਲਾਜ਼ਮ ਰੱਖਣਗੇ ਅਤੇ ਉਹਨਾਂ **ਸਭਨਾਂ ਨੂੰ**, ਅਤੇ ਨਿਰਸੰਦੇਹ ਆਮ ਤੌਰ 'ਤੇ **ਸਭਨਾਂ** "ਰਾਜ" ਅਧਿਕਾਰੀਆਂ ਨੂੰ ਇੱਕ ਮਜ਼ਦੂਰ ਦੀ ਉਜਰਤ ਦੇਣਗੇ। ਇਹ ਇੱਕ ਠੋਸ, ਅਮਲੀ ਕੰਮ ਹੈ, ਜਿਹੜਾ ਵੱਡੀਆਂ ਵੱਡੀਆਂ ਵਪਾਰਕ ਸੰਸਥਾਵਾਂ ਦੇ ਸੰਬੰਧ ਵਿੱਚ ਫ਼ੌਰੀ ਤੌਰ 'ਤੇ ਪੂਰਤੀ ਯੋਗ ਹੈ, ਇੱਕ ਅਜਿਹਾ ਕੰਮ ਜਿਹੜਾ ਕਿਰਤੀਆਂ ਨੂੰ ਲੁੱਟ-ਚੋਂਘ ਤੋਂ ਛੁਟਕਾਰਾ ਦਿਵਾਏਗਾ ਅਤੇ ਉਹਨਾਂ ਗੱਲਾਂ ਨੂੰ ਮੁੱਖ ਰੱਖੇਗਾ (ਵਿਸ਼ੇਸ਼ ਤੌਰ 'ਤੇ ਰਾਜ ਦੀ ਸਥਾਪਤੀ ਦੇ ਸਬੰਧ ਵਿੱਚ) ਜਿਨ੍ਹਾਂ ਉੱਤੇ ਕਮਿਊਨ ਨੇ ਅਮਲ ਕਰਨਾ ਪਹਿਲਾਂ ਹੀ ਸ਼ੁਰੂ ਕਰ ਦਿੱਤਾ ਸੀ।

**ਸਮੁੱਚੀ** ਕੌਮੀ ਆਰਥਕਤਾ ਨੂੰ ਡਾਕ ਸੇਵਾ ਦੀਆਂ ਲੀਹਾਂ ਉੱਤੇ ਜਥੇਬੰਦ ਕਰਨਾ ਤਾਂ ਜੁ ਟੈਕਨੀਸ਼ਨਾਂ, ਫੋਰਮੈਨਾਂ ਅਤੇ ਮੁਨੀਮਾਂ ਨੂੰ, ਅਤੇ **ਸਭਨਾਂ** ਅਧਿਕਾਰੀਆਂ ਨੂੰ ਵੀ, ਅਜਿਹੀਆਂ ਤਨਖ਼ਾਹਾਂ ਮਿਲਣ ਜਿਹੜੀਆਂ "ਇੱਕ ਮਜ਼ਦੂਰ ਦੀ ਉਜਰਤ" ਤੋਂ ਵੱਧ ਨਾ ਹੋਣ ਅਤੇ ਇਹ ਸਭ ਕੁੱਝ ਹਥਿਆਰਬੰਦ ਪ੍ਰੋਲਤਾਰੀ ਦੇ ਕੰਟਰੋਲ ਅਤੇ ਅਗਵਾਈ ਹੇਠ ਹੋਵੇ— ਇਹ ਹੈ ਸਾਡਾ ਫੌਰੀ ਮੰਤਵ। ਸਾਨੂੰ ਅਜਿਹੇ ਰਾਜ ਦੀ, ਜਿਹੜਾ ਅਜਿਹੇ ਆਧਾਰ ਉੱਤੇ ਕਾਇਮ ਹੋਵੇ ਲੋੜ ਹੈ। ਇਹੋ ਕੁੱਝ ਪਾਰਲੀਮਾਨੀਵਾਦ ਦਾ ਅੰਤ ਕਰੇਗਾ ਅਤੇ ਪ੍ਰਤਿਨਿਧ ਸੰਸਥਾਵਾਂ ਨੂੰ ਕਾਇਮ ਰੱਖੇਗਾ। ਇਹੋ ਕੁੱਝ ਮਜ਼ਦੂਰ ਜਮਾਤ ਨੂੰ ਇਹਨਾਂ ਸੰਸਥਾਵਾਂ ਦੇ ਬੁਰਜੂਆਜ਼ੀ ਹੱਥੋਂ ਕੰਜਰਾਉਣ ਤੋਂ ਛੁਟਕਾਰਾ ਦਿਵਾਏਗਾ।

## 4. ਕੌਮ ਦੇ ਏਕੇ ਦੀ ਜਥੇਬੰਦੀ

"...ਕੌਮੀ ਜਥੇਬੰਦੀ ਦੇ ਕੱਚੇ ਖਰੜੇ ਵਿੱਚ, ਜਿਸਨੂੰ ਵਿਕਸਤ ਕਰਨ ਦਾ ਕਮਿਊਨ ਨੂੰ ਸਮਾਂ ਨਾ ਮਿਲਿਆ, ਇਹ ਸਪੱਸ਼ਟ ਤੌਰ ਉੱਤੇ ਕਿਹਾ ਗਿਆ ਹੈ ਕਿ ਕਮਿਊਨ ਨਿੱਕੀ ਤੋਂ ਨਿੱਕੀ ਪੇਂਡੂ ਢੋਕ ਦਾ ਵੀ ਰਾਜਸੀ ਰੂਪ ਹੋਵੇਗਾ... ਕਮਿਊਨਾਂ ਨੇ ਪੈਰਿਸ ਵਿਖੇ "ਕੌਮੀ ਪ੍ਰਤਿਨਿਧ-ਮੰਡਲ" ਚੁਣਨਾ ਸੀ।

"...ਜਿਹਾ ਕਿ ਜਾਣ ਬੁੱਝ ਕੇ ਗ਼ਲਤ-ਬਿਆਨੀ ਕੀਤੀ ਗਈ ਹੈ, ਕੇਂਦਰੀ ਹਕੂਮਤ ਕੋਲ਼ ਜਿਹੜੇ ਥੋੜੇ ਜਿਹੇ ਪਰ ਮਹੱਤਵ-ਪੂਰਨ ਕਾਰਜ ਬਾਕੀ ਰਹਿ ਗਏ ਸਨ ਉਹ ਖ਼ਤਮ ਨਹੀਂ ਸਨ ਕੀਤੇ ਜਾਣੇ ਸਗੋਂ ਕਮਿਊਨ ਦੇ ਅਤੇ ਇਸੇ ਲਈ ਸਖ਼ਤੀ ਨਾਲ਼ ਜ਼ਿੰਮੇਵਾਰ ਕਰਿੰਦਿਆਂ ਨੇ ਪੂਰੇ ਕਰਨੇ ਸਨ।...

"... ਕੌਮ ਦੀ ਏਕਤਾ ਤੋੜੀ ਨਹੀਂ ਸੀ ਜਾਣੀ, ਸਗੋਂ, ਇਹਦੇ ਉਲਟ ਕਮਿਊਨ ਦੇ ਵਿਧਾਨ ਅਨੁਸਾਰ ਜਥੇਬੰਦ ਕੀਤੀ ਜਾਣੀ ਸੀ ਉਸ ਰਾਜ ਤਾਕਤ ਦੇ, ਜਿਹੜੀ ਆਪਣੇ ਆਪ ਨੂੰ ਉਸ ਏਕਤਾ ਦਾ ਖ਼ੁਦ ਕੌਮ ਤੋਂ ਸੁਤੰਤਰ ਅਤੇ ਉੱਚ ਸਜੀਵ ਰੂਪ ਮੰਨਦੀ ਸੀ, ਜਿਹੜੀ ਕੌਮ ਤੋਂ ਉਹ ਬਸ ਇੱਕ ਪਰਜੀਵੀ ਵਾਧੂ-ਉਪਜ ਹੀ ਸੀ, ਅੰਤ ਕਾਰਨ ਯਥਾਰਥ ਬਣਨਾ ਸੀ। ਜਿਥੇ ਕਿ ਪੁਰਾਣੀ ਹਕੂਮਤ ਦੇ ਪੁਰਾਣੇ ਜਬਰ ਦੇ ਅੰਗਾਂ ਨੂੰ ਕੱਟ ਦਿੱਤਾ ਜਾਣਾ ਸੀ, ਇਹਦੇ ਜਾਇਜ਼ ਕਾਰਜ ਖ਼ੁਦ ਸਮਾਜ ਤੋਂ ਉੱਪਰ ਸ਼੍ਰੇਸ਼ਟਤਾ ਹਥਿਆ ਲੈਣ ਵਾਲ਼ੀ ਸ਼ਕਤੀ ਤੋਂ ਖੋਹ ਲਏ ਜਾਣੇ ਸਨ ਅਤੇ ਸਮਾਜ ਦੇ ਜ਼ਿੰਮੇਵਾਰ ਕਰਿੰਦਿਆਂ ਦੇ ਹੱਥ ਬਹਾਲ ਕੀਤੇ ਜਾਣੇ ਸਨ।"

ਅਜੋਕੀ ਸੋਸ਼ਲ-ਡੈਮੋਕਰੇਸੀ ਦੇ ਮੌਕਾ-ਪ੍ਰਸਤ ਕਿਸ ਹੱਦ ਤੱਕ ਮਾਰਕਸ ਦੇ ਇਹਨਾਂ ਵਿਚਾਰਾਂ ਨੂੰ ਸਮਝਣੋਂ ਅਸਮਰੱਥ ਰਹੇ ਹਨ—ਜਾਂ ਸ਼ਾਇਦ ਇਹ ਕਹਿਣਾ ਵਧੇਰੇ ਸੱਚ ਹੋਵੇਗਾ ਕਿ ਉਹ ਸਮਝਣਾ ਨਹੀਂ ਚਾਹੁੰਦੇ — ਭਗੌੜੇ ਬਰਨਸਟਾਈਨ ਦੀ ਹੇਰੋਸਟਰੇਟਸੀ* ਬਦਨਾਮੀ ਵਾਲ਼ੀ ਪੁਸਤਕ "ਸੋਸ਼ਲਿਜ਼ਮ ਦੇ ਪੂਰਵ-ਆਧਾਰ ਅਤੇ ਸੋਸ਼ਲ-ਡੈਮੋਕਰੈਸੀ ਦੇ ਕਾਰਜ" ਤੋਂ

* (ਹੇਰੋਸਟਰੇਟਸੀ— ਇੱਕ ਯੂਨਾਨੀ, ਜਿਸਨੇ ਆਉਣ ਵਾਲ਼ੀਆਂ ਪੀੜ੍ਹੀਆਂ ਵਿੱਚ ਪ੍ਰਸਿੱਧੀ ਹਾਸਲ ਕਰਨ ਲਈ 356 ਈਸਾ ਪੂਰਵ ਵਿੱਚ ਆਏਥਿਸ ਨਗਰ ਵਿੱਚ ਆਰਥੇਮਿਸ ਦੇ ਮੰਦਰ ਨੂੰ ਅੱਗ ਲਾ ਦਿੱਤੀ ਸੀ।

ਸਰਵਉੱਤਮ ਤਰ੍ਹਾਂ ਪ੍ਰਗਟ ਹੁੰਦਾ ਹੈ। ਮਾਰਕਸ ਦੀ ਐਨ ਉੱਪਰਲੀ ਟੂਕ ਸੰਬੰਧੀ ਹੀ ਬਰਨਸਟਾਈਨ ਨੇ ਲਿਖਿਆ ਕਿ ਇਹ ਪ੍ਰੋਗਰਾਮ "...ਆਪਣੇ ਰਾਜਸੀ ਤੱਤ ਵਿੱਚ ਆਪਣੇ ਲਾਜ਼ਮੀ ਲੱਛਣਾਂ ਵਿੱਚ ਪਰੂਦੋਂ ਦੇ ਸੰਘਵਾਦ ਨਾਲ਼ ਅਤਿ-ਅੰਤ ਸੁਮੇਲ ਪ੍ਰਗਟ ਕਰਦਾ ਹੈ।...ਮਾਰਕਸ ਅਤੇ 'ਨਿੱਕ-ਬੁਰਜੂਆ' ਪਰੂਦੋਂ (ਬਰਨਸਟਾਈਨ "ਨਿੱਕ-ਬੁਰਜੂਆ" ਸ਼ਬਦ ਨੂੰ ਵਿਅੰਗਾਤਮਕ ਪ੍ਰਗਟ ਕਰਨ ਲਈ ਟੂਕ ਚਿਨ੍ਹਾਂ ਵਿੱਚ ਰੱਖਦਾ ਹੈ) ਵਿੱਚ ਮੱਤ-ਭੇਦ ਦੇ ਹੋਰਨਾਂ ਸਭਨਾਂ ਨੁਕਤਿਆਂ ਦੇ ਬਾਵਜੂਦ, ਇਹਨਾਂ ਨੁਕਤਿਆਂ ਸਬੰਧੀ ਉਹਨਾਂ ਦੀ ਦਲੀਲ ਦੀ ਸੇਧ ਜਿੰਨੀ ਵੱਧ ਤੋਂ ਵੱਧ ਨੇੜੇ ਚਲ ਸਕਦੀ ਹੈ, ਚਲਦੀ ਹੈ।" ਨਿਰਸੰਦੇਹ, ਬਰਨਸਟਾਈਨ ਅੱਗੇ ਚੱਲ ਕੇ ਕਹਿੰਦਾ ਹੈ ਕਿ ਮਿਉਂਸਪਲ ਕਮੇਟੀਆਂ ਦੀ ਮਹੱਤਤਾ ਵਧ ਰਹੀ ਹੈ ਪਰ "ਇਹ ਗੱਲ ਸ਼ੱਕੀ ਜਾਪਦੀ ਹੈ ਕਿ ਜਮਹੂਰੀਅਤ ਦਾ ਪਹਿਲਾ ਕਰਤੱਵ ਅਜੋਕੇ ਰਾਜਾਂ ਨੂੰ ਇਉਂ ਤੋੜਨਾ (Auflösung) ਅਤੇ ਉਹਨਾਂ ਦੀ ਜਥੇਬੰਦੀ ਦੀ ਅਜਿਹੀ ਕਾਇਆ-ਪਲਟ (Umwandlung) ਹੋਵੇਗਾ ਜਿਹੋ ਜਿਹੀ ਮਾਰਕਸ ਅਤੇ ਪਰੂਦੋਂ ਨੇ ਚਿਤਵੀ ਹੈ (ਸੂਬਿਆਂ ਜਾਂ ਜ਼ਿਲਿਆਂ ਦੀਆਂ ਸਭਾਵਾਂ ਦੇ, ਜਿਹੜੀਆਂ ਆਪਣੀ ਵਾਰੀ ਕਮਿਊਨਾਂ ਦੇ ਪ੍ਰਤਿਨਿਧਾਂ ਦੀਆਂ ਬਣੀਆਂ ਹੋਣਗੀਆਂ, ਪ੍ਰਤਿਨਿਧਾਂ ਰਾਹੀਂ ਕੌਮੀ ਅਸੈਂਬਲੀ ਬਣਾਉਣਾ) ਤਾਂ ਜੁ ਕੌਮੀ ਪ੍ਰਤਿਨਿਧਤਾ ਦਾ ਸਮੁੱਚਾ ਪੁਰਾਣਾ ਢੰਗ ਪੂਰੀ ਤਰ੍ਹਾਂ ਲੋਪ ਹੋ ਜਾਵੇਗਾ।" (ਬਰਨਸਟਾਈਨ, "ਪੂਰਵ-ਆਧਾਰ", ਜਰਮਨ ਛਾਪ, 1899, ਪੰਨਾ 134 ਅਤੇ 136)

"ਰਾਜ ਸ਼ਕਤੀ ਦੇ — ਪਰਜੀਵੀ ਵਾਧੂ-ਉਪਜ ਦੇ ਅੰਤ" ਸਬੰਧੀ ਮਾਰਕਸ ਦੇ ਵਿਚਾਰਾਂ ਨੂੰ ਪਰੂਦੋਂ ਦੇ ਸੰਘਵਾਦ ਨਾਲ਼ ਗਡ-ਮਡ ਕਰਨਾ ਨਿਸ਼ਚੇ ਹੀ ਪੂਰੀ ਤਰ੍ਹਾਂ ਵਾਹੀਆਤ ਹੈ! ਪਰ ਇਹ ਕੋਈ ਸਬੱਬੀ ਗੱਲ ਨਹੀਂ ਕਿਉਂਕਿ ਮੌਕਾ-ਪ੍ਰਸਤ ਨੂੰ ਇਹ ਕਦੇ ਅਹੁੜਦਾ ਹੀ ਨਹੀਂ ਕਿ ਇਥੇ ਕਦੇ ਮਾਰਕਸ ਕੇਂਦਰਵਾਦ ਦੇ ਮੁਕਾਬਲੇ ਉੱਤੇ ਸੰਘਵਾਦ ਦੀ ਕਿਸੇ ਵੀ ਤਰ੍ਹਾਂ ਗੱਲ ਨਹੀਂ ਕਰ ਰਹੇ ਹਨ ਸਗੋਂ ਉਹ ਪੁਰਾਣੀ, ਬੁਰਜੂਆ ਰਾਜ ਬਣਤਰ ਨੂੰ, ਜਿਸਦੀ ਸਭਨਾਂ ਬੁਰਜੂਆ ਦੇਸ਼ਾਂ ਵਿੱਚ ਹੋਂਦ ਹੈ, ਖ਼ਤਮ ਕਰਨ ਦੀ ਗੱਲ ਕਰ ਰਹੇ ਹਨ।

ਮੌਕਾ-ਪ੍ਰਸਤ ਦੇ ਮਨ ਵਿੱਚ ਜਿਹੜੀ ਇੱਕੋ ਇੱਕ ਗੱਲ ਘੁਸਦੀ ਹੈ, ਉਹ ਕੁੱਝ ਹੈ, ਜਿਹੜੀ ਉਹ ਆਪਣੇ ਆਲ਼ੇ ਦਵਾਲੇ ਨਿੱਕ-ਬੁਰਜੂਆ ਤੰਗ-ਨਜ਼ਰੀ ਅਤੇ "ਸੁਧਾਰਵਾਦੀ" ਸੜਾਂਦ ਦੇ ਸਮਾਜ ਵਿੱਚ ਵੇਖਦਾ ਹੈ, ਅਰਥਾਤ ਕੇਵਲ "ਮਿਉਂਸਪਲ ਕਮੇਟੀਆਂ"! ਮੌਕਾ-ਪ੍ਰਸਤ ਤਾਂ ਪ੍ਰੋਲਤਾਰੀ ਇਨਕਲਾਬ ਸੰਬੰਧੀ ਗੱਲ ਕਰਨ ਦਾ ਢੰਗ ਵੀ ਭੁੱਲ ਗਿਆ ਹੈ।

ਇਹ ਗੱਲ ਹਾਸੋਹੀਣੀ ਹੈ ਪਰ ਅਜੀਬ ਗੱਲ ਤਾਂ ਇਹ ਹੈ ਕਿ ਕਿਸੇ ਨੇ ਬਰਨਸਟਾਈਨ ਨਾਲ਼ ਇਸ ਨੁਕਤੇ ਉੱਤੇ ਬਹਿਸ ਨਾ ਕੀਤੀ। ਕਈਆਂ ਨੇ, ਰੂਸੀ ਸਾਹਿਤ ਵਿੱਚ ਖ਼ਾਸ ਤੌਰ 'ਤੇ ਪਲੈਖਾਨੋਵ ਨੇ ਅਤੇ ਯੂਰਪੀ ਸਾਹਿਤ ਵਿੱਚ ਕਾਊਟਸਕੀ ਨੇ ਬਰਨਸਟਾਈਨ ਨੂੰ ਰੱਦ ਕੀਤਾ ਹੈ ਪਰ ਬਰਨਸਟਾਈਨ ਵੱਲੋਂ ਮਾਰਕਸ ਦੇ **ਇਸ** ਵਿਗਾੜ ਸਬੰਧੀ ਕੁੱਝ **ਨਹੀਂ** ਕਿਹਾ।

ਮੌਕਾ-ਪ੍ਰਸਤ ਨੂੰ ਇਨਕਲਾਬੀ ਢੰਗ ਨਾਲ਼ ਗੱਲ ਕਰਨੀ ਅਤੇ ਇਨਕਲਾਬ ਸੰਬੰਧੀ ਵਿਚਾਰ ਕਰਨਾ ਇਸ ਹੱਦ ਤੱਕ ਭੁੱਲ ਗਏ ਹਨ ਕਿ ਉਹ "ਸੰਘਵਾਦ" ਮਾਰਕਸ ਦੇ ਸਿਰ

ਮੜ੍ਹਦਾ ਹੈ ਅਤੇ ਉਹਨਾਂ ਨੂੰ ਅਰਾਜਕਤਾਵਾਦ ਦੇ ਮੋਢੀ ਪਰੂਦੋਂ ਨਾਲ਼ ਗਡ-ਮਡ ਰਕਦਾ ਹੈ। ਅਤੇ ਕਾਊਟਸਕੀ ਅਤੇ ਪਲੈਖਾਨੋਵ ਜਿਹੜੇ ਸਨਾਤਨੀ ਮਾਰਕਸਵਾਦੀ ਅਤੇ ਇਨਕਲਾਬੀ ਮਾਰਕਸਵਾਦ ਦੇ ਰੱਖਿਅਕ ਹੋਣ ਦਾ ਦਾਅਵਾ ਕਰਦੇ ਹਨ, ਇਸ ਨੁਕਤੇ ਸਬੰਧੀ ਚੁੱਪ ਹਨ! ਇਹ ਹੈ ਮਾਰਕਸਵਾਦ ਅਤੇ ਅਰਾਜਕਤਾਵਾਦ ਵਿਚਕਾਰ ਮੱਤ-ਭੇਦਾਂ ਸਬੰਧੀ ਵਿਚਾਰਾਂ ਦੇ ਅਤਿ-ਅੰਤ ਹੱਦ ਤੱਕ ਬਾਜ਼ਾਰੀਕਰਨ, ਜੋ ਕਾਊਟਸਕੀਵਾਦੀਆਂ ਅਤੇ ਮੌਕਾ-ਪ੍ਰਸਤਾਂ ਦਾ ਲਖਣਾਇਕ ਹੈ ਅਤੇ ਜਿਸ ਨੂੰ ਅਸੀਂ ਅੱਗੇ ਚੱਲ ਕੇ ਵਿਚਾਰਾਂਗੇ।

ਕਮਿਊਨ ਦੇ ਤਜਰਬੇ ਸਬੰਧੀ ਮਾਰਕਸ ਦੇ ਉੱਪਰ ਪੇਸ਼ ਕੀਤੇ ਵਿਚਾਰ ਵਿੱਚ ਸੰਘਵਾਦ ਦੀ ਬੋ ਤੱਕ ਨਹੀਂ। ਮਾਰਕਸ ਐਨ ਉਸ ਨੁਕਤੇ ਸਬੰਧੀ ਪਰੂਦੋਂ ਨਾਲ਼ ਸਹਿਮਤ ਹਨ ਜਿਸਨੂੰ ਵੇਖਣੋਂ ਮੌਕਾ-ਪ੍ਰਸਤ ਬਰਨਸਟਾਈਨ ਅਸਮਰੱਥ ਰਿਹਾ। ਮਾਰਕਸ ਐਨ ਉਸ ਨੁਕਤੇ ਉੱਤੇ ਪਰੂਦੋਂ ਨਾਲ਼ ਅਸਹਿਮਤ ਹਨ ਜਿਸ ਸਬੰਧੀ ਬਰਨਸਟਾਈਨ ਨੂੰ ਉਹਨਾਂ ਵਿਚਕਾਰ ਸੰਮਤੀ ਜਾਪੀ।

ਮਾਰਕਸ ਇਸ ਸਬੰਧੀ ਪਰੂਦੋਂ ਨਾਲ਼ ਸਹਿਮਤ ਸਨ ਕਿ ਦੋਵੇਂ ਅਜੋਕੀ ਰਾਜ ਬਣਤਰ ਨੂੰ "ਤੋੜਨ" ਦੇ ਹਾਮੀ ਸਨ। ਇਸ ਨੁਕਤੇ ਉੱਤੇ ਮਾਰਕਸਵਾਦ ਅਤੇ ਅਰਾਜਕਤਾਵਾਦ (ਪਰੂਦੋਂ ਵੀ ਅਤੇ ਬਾਕੂਨਿਨ ਵੀ) ਵਿਚਕਾਰ ਵਿਚਾਰਾਂ ਦੀ ਸੰਮਤੀ ਨੂੰ ਨਾ ਤਾਂ ਮੌਕਾ-ਪ੍ਰਸਤ ਵੇਖਣਾ ਚਾਹੁੰਦੇ ਹਨ ਅਤੇ ਨਾ ਕਾਊਟਸਕੀਵਾਦੀ ਕਿਉਂਕਿ ਇਸ ਨੁਕਤੇ ਉੱਤੇ ਉਹ ਮਾਰਕਸਵਾਦ ਤੋਂ ਪਰ੍ਹਾਂ ਚਲੇ ਗਏ ਹਨ।

ਮਾਰਕਸ ਐਨ ਸੰਘਵਾਦ ਦੇ ਸਵਾਲ ਸੰਬੰਧੀ ਪਰੂਦੋਂ ਅਤੇ ਬਾਕੂਨਿਨ ਦੋਹਾਂ ਤੋਂ ਵੱਖ ਸਨ (ਪ੍ਰੋਲਤਾਰੀ ਦੀ ਤਾਨਾਸ਼ਾਹੀ ਦੀ ਤਾਂ ਗੱਲ ਹੀ ਨਾ ਕਰੋ)। ਇੱਕ ਅਸੂਲ ਦੇ ਤੌਰ 'ਤੇ ਸੰਘਵਾਦ ਅਰਾਜਕਤਾਵਾਦ ਸਬੰਧੀ ਨਿੱਕ-ਬੁਰਜੂਆ ਵਿਚਾਰਾਂ ਤੋਂ ਤਰਕ ਅਨੁਸਾਰ ਉਪਜਦਾ ਹੈ। ਮਾਰਕਸ ਇੱਕ ਕੇਂਦਰਵਾਦੀ ਸਨ। ਉੱਪਰ ਉਹਨਾਂ ਦੇ ਜਿਹੜੇ ਵਿਚਾਰ ਪੇਸ਼ ਕੀਤੇ ਗਏ ਹੁਨ ਉਹਨਾਂ ਵਿੱਚੋਂ ਕੇਂਦਰਵਾਦ ਤੋਂ ਉੱਕਾ ਹੀ ਕੋਈ ਵਖਰੇਵਾਂ ਨਹੀਂ। ਕੇਵਲ ਉਹੋ ਲੋਕ ਜਿਹੜੇ ਰਾਜ ਵਿੱਚ ਤੰਗ-ਨਜ਼ਰ "ਵਹਿਮੀ ਵਿਸ਼ਵਾਸ" **ਨਾਲ਼** ਗੜੁੱਚੇ ਹੋਏ ਹਨ, ਬੁਰਜੂਆ ਰਾਜ ਬਣਤਰ ਨੂੰ ਭੁਲੇਖੇ ਨਾਲ਼ ਕੇਂਦਰਵਾਦ ਦਾ ਅੰਤ ਸਮਝ ਸਕਦੇ ਹਨ!

ਪਰ ਜੇ ਪ੍ਰੋਲੇਤਾਰੀ ਅਤੇ ਅਤਿ-ਅੰਤ ਗ਼ਰੀਬ ਕਿਸਾਨੀ ਰਾਜ ਸ਼ਕਤੀ ਆਪਣੇ ਹੱਥ ਵਿੱਚ ਲੈ ਲੈਂਦੇ ਹਨ, ਆਪਣੇ ਆਪ ਨੂੰ ਪੂਰੀ ਆਜ਼ਾਦੀ ਨਾਲ਼ ਕਮਿਊਨਾਂ ਵਿੱਚ ਜਥੇਬੰਦ ਕਰਦੇ ਹਨ ਅਤੇ ਸਭਨਾਂ ਕਮਿਊਨਾਂ ਦੇ ਸਭਨਾਂ ਅਮਲਾਂ ਨੂੰ ਸਰਮਾਏ ਉੱਤੇ ਚੋਟ ਕਰਨ ਲਈ, ਸਰਾਏਦਾਰਾਂ ਦਾ ਵਿਰੋਧ ਕੁਚਲਣ ਲਈ ਅਤੇ ਨਿੱਜੀ ਮਾਲਕੀ ਵਾਲ਼ੀਆਂ ਰੇਲਾਂ, ਕਾਰਖ਼ਾਨੇ, ਭੋਂ, ਇਤਿ-ਆਦਿ **ਸਮੁੱਚੀ** ਕੌਮ ਦੇ, ਸਮੁੱਚੇ ਸਮਾਜ ਦੇ ਹਵਾਲੇ ਕਰਨ ਲਈ **ਇੱਕ-ਮੁਠ ਕਰਦੇ ਹਨ**— ਤਾਂ ਕੀ ਇਹ ਕੇਂਦਰਵਾਦ ਨਹੀਂ ਹੋਵੇਗਾ ? ਕੀ ਇਹ ਅਤਿ-ਅੰਤ ਇਕਸਾਰ ਜਮਹੂਰੀ ਕੇਂਦਰਵਾਦ ਨਹੀਂ ਹੋਵੇਗਾ ? ਅਤੇ ਉਹ ਵੀ ਪ੍ਰੋਲੇਤਾਰੀ ਕੇਂਦਰਵਾਦ ?

ਬਰਨਸਟਾਈਨ ਤਾਂ ਬਸ ਬੁਰਜੂਆ ਹਕੂਮਤ ਅਤੇ ਬੁਰਜੂਆ ਰਾਜ ਬਣਤਰ ਨੂੰ ਤਬਾਹ ਕਰਨ ਦੇ ਮੰਤਵ ਨਾਲ਼ ਸਵੈ-ਇੱਛਕ ਕੇਂਦਰਵਾਦ ਦੀ, ਕਮਿਊਨਾਂ ਦੇ ਸਵੈ-ਇੱਛਾ

ਨਾਲ਼ ਜੁੜ ਕੇ ਇੱਕ ਕੌਮ ਬਣਨ ਦੀ, ਪ੍ਰੋਲਤਾਰੀ ਕਮਿਊਨਾਂ ਦੀ ਸਵੈ–ਇੱਛਕ ਜੁੜਤ ਦੀ ਕਲਪਨਾ ਵੀ ਨਹੀਂ ਕਰ ਸਕਦਾ। ਸਭਨਾਂ ਤੰਗ–ਨਜ਼ਰ ਲੋਕਾਂ ਵਾਂਗ ਬਰਨਸਟਾਈਨ ਵੀ ਕੇਂਦਰਵਾਦ ਦੀ ਉੱਪਰੋਂ ਠੋਸੀ ਕਿਸੇ ਚੀਜ਼ ਵਾਂਗ, ਜਿਹੜੀ ਨਿਰੋਲ ਨੌਕਰਸ਼ਾਹੀ ਅਤੇ ਫ਼ੌਜੀ ਜੁੰਡੀ ਨੇ ਕਾਇਮ ਰੱਖਣੀ ਹੈ, ਹੀ ਕਲਪਨਾ ਕਰ ਸਕਦਾ ਹੈ।

ਜਿਵੇਂ ਉਹਨਾਂ ਇਹ ਗੱਲ ਅਗਾਊਂ ਹੀ ਵੇਖ ਲਈ ਹੋਵੇ ਕਿ ਉਹਨਾਂ ਦੇ ਵਿਚਾਰਾਂ ਨੂੰ ਤੋੜ–ਮਰੋੜ ਕੇ ਪੇਸ਼ ਕੀਤਾ ਜਾਵੇਗਾ, ਮਾਰਕਸ ਨੇ ਜਾਣ ਬੁੱਝ ਕੇ ਇਸ ਤੱਥ ਉੱਤੇ ਜ਼ੋਰ ਦਿੱਤਾ ਕਿ ਇਹ ਇਲਜ਼ਾਮ ਕਿ ਕਮਿਊਨ ਕੌਮ ਦੀ ਏਕਤਾ ਤਬਾਹ ਕਰਨਾ ਚਾਹੁੰਦਾ ਹੈ, ਕੇਂਦਰੀ ਅਧਿਕਾਰ ਨੂੰ ਖ਼ਤਮ ਕਰਨਾ ਚਾਹੁੰਦਾ ਹੈ, ਚੇਤੰਨ ਤੌਰ ’ਤੇ ਘੜਿਆ ਗਿਆ ਝੂਠ ਹੈ। ਮਾਰਕਸ ਨੇ ਜਾਣ ਬੁੱਝ ਕੇ "ਕੌਮ ਦੀ ਏਕਤਾ ਜਥੇਬੰਦ ਕੀਤੀ ਜਾਵੇਗੀ" ਦੇ ਸ਼ਬਦ ਵਰਤੇ ਤਾਂ ਜੁ ਚੇਤੰਨ, ਜਮਹੂਰੀ ਪ੍ਰੋਲਤਾਰੀ ਕੇਂਦਰਵਾਦ ਨੂੰ ਬੁਰਜੂਆ, ਫ਼ੌਜੀ, ਨੌਕਰਸ਼ਾਹੀ ਕੇਂਦਰਵਾਦ ਦੇ ਮੁਕਾਬਲੇ ਉੱਤੇ ਰੱਖਿਆ ਜਾਵੇ।

ਪਰ ਉਹਨਾਂ ਤੋਂ ਵੱਧ ਬੋਲ਼ੇ ਕੋਈ ਨਹੀਂ ਹੁੰਦੇ, ਜੋ ਸੁਣਨਾ ਨਹੀਂ ਚਾਹੁੰਦੇ ਅਤੇ ਐਨ ਉਹ ਗੱਲ ਜਿਹੜੀ ਅਜੋਕੀ ਸੋਸ਼ਲ–ਡੈਮੋਕਰੈਸੀ ਦੇ ਮੌਕਾ–ਪ੍ਰਸਤ ਸੁਣਨਾ ਨਹੀਂ ਚਾਹੁੰਦੇ, ਰਾਜ ਸ਼ਕਤੀ ਦਾ ਅੰਤ, ਪਰਜੀਵੀ ਵਾਧੂ–ਉਪਜ ਨੂੰ ਕੱਟ ਦੇਣਾ ਹੈ।

## 5. ਪਰਜੀਵੀ ਰਾਜ ਦਾ ਅੰਤ

ਅਸੀਂ ਪਹਿਲਾਂ ਹੀ ਇਸ ਵਿਸ਼ੇ ਸਬੰਧੀ ਮਾਰਕਸ ਦੇ ਵਿਚਾਰਾਂ ਦੀਆਂ ਟੂਕਾਂ ਦਿੱਤੀਆਂ ਹਨ ਅਤੇ ਇਹ ਲਾਜ਼ਮੀ ਹੈ ਕਿ ਅਸੀਂ ਹੁਣ ਇਹਨਾਂ ਵਿੱਚ ਵਾਧਾ ਕਰੀਏ।

> "...ਆਮ ਤੌਰ ’ਤੇ ਇਹ ਪੂਰੀ ਤਰ੍ਹਾਂ ਨਵੀਆਂ ਇਤਿਹਾਸਕ ਰਚਨਾਵਾਂ ਦੀ ਹੋਣੀ ਹੁੰਦੀ ਹੈ", ਉਨ੍ਹਾਂ ਲਿਖਿਆ, "ਕਿ ਉਹਨਾਂ ਨੂੰ ਗ਼ਲਤੀ ਨਾਲ਼ ਸਮਾਜੀ ਜੀਵਨ ਦੇ ਵਧੇਰੇ ਪੁਰਾਣੇ ਅਤੇ ਇਥੋਂ ਤੱਕ ਕਿ ਮਰ ਮੁੱਕ ਚੁੱਕੇ ਰੂਪ ਸਮਝ ਲਿਆ ਜਾਂਦਾ ਹੈ ਜਿਸ ਨਾਲ਼ ਉਹ ਕੁੱਝ ਕੁੱਝ ਮਿਲਦੇ ਹਨ। ਇਉਂ, ਇਸ ਨਵੀਂ ਕਮਿਊਨ ਨੂੰ, ਜਿਹੜੀ ਨਵੀਨ ਰਾਜ ਸ਼ਕਤੀ ਨੂੰ ਤੋੜਦੀ ਹੈ, ਗ਼ਲਤੀ ਨਾਲ਼ ਮੱਧ–ਕਾਲ ਦੀਆਂ ਕਮਿਊਨਾਂ ਦਾ... ਨਿੱਕੇ ਰਾਜਾਂ ਦੇ ਸੰਘ (ਮਾਂਟੈਸਕਿਊ ਅਤੇ ਜਿਰੋਂਦਵਾਦੀ[19])... ਅਤਿ ਦੇ ਕੇਂਦਰੀਕਰਣ ਵਿਰੁੱਧ ਪ੍ਰਾਚੀਨ ਘੋਲ਼ ਦਾ ਵਧਾਏ ਚੜ੍ਹਾਏ ਰੂਪ ਦਾ ਮੁੜ ਪੈਦਾ ਹੋਣਾ ਸਮਝ ਲਿਆ ਗਿਆ ਹੈ।...
>
> "...ਕਮਿਊਨ ਦਾ ਵਿਧਾਨ ਸਮਾਜੀ ਬਣਤਰ ਨੂੰ ਉਹ ਸਾਰੀਆਂ ਸ਼ਕਤੀਆਂ ਮੋੜ ਦੇਂਦਾ ਜਿਹੜੀਆਂ ਉਸ ਸਮੇਂ ਤੱਕ ਸਮਾਜ ਦੇ ਸਹਾਰੇ ਜਿਉਣ ਵਾਲ਼ੇ ਅਤੇ ਇਹਦੀ ਆਜ਼ਾਦ ਚਾਲ–ਢਾਲ ਵਿੱਚ ਰੋਕ ਪਾਉਣ ਵਾਲ਼ਾ ਪਰਜੀਵੀ ਰਾਜ ਚੂਸ ਲੈਂਦਾ ਸੀ। ਇਸ ਇੱਕ ਕਦਮ ਰਾਹੀਂ ਇਹਨੇ ਫਰਾਂਸ ਦੀ ਸੁਰਜੀਤਤਾ ਦਾ ਮੁੱਢ ਬੰਨ੍ਹਣਾ ਸੀ...
>
> "...ਕਮਿਊਨ ਦੇ ਵਿਧਾਨ ਨੇ ਪੇਂਡੂ ਉਪਜਕਾਰਾਂ ਨੂੰ ਉਹਨਾਂ ਦੇ ਜ਼ਿਲ੍ਹਿਆਂ

ਦੇ ਕੇਂਦਰੀ ਸ਼ਹਿਰਾਂ ਦੀ ਬੌਧਕ ਅਗਵਾਈ ਹੇਠ ਲਿਆਂਦਾ ਅਤੇ ਉੱਥੇ, ਕਿਰਤੀ ਲੋਕਾਂ ਦੇ ਰੂਪ ਵਿੱਚ, ਉਹਨਾਂ ਦੇ ਹਿੱਤਾਂ ਦੇ ਕੁਦਰਤੀ ਰਾਖੇ ਨਿਸ਼ਚਿਤ ਬਣਾਏ। ਕਮਿਊਨ ਦੀ ਹੋਂਦ ਲਈ ਹੀ, ਸੁਭਾਵਕ ਤੌਰ ਉੱਤੇ, ਸਥਾਨਕ ਮਿਉਂਸਪਲ ਆਜ਼ਾਦੀ ਦੀ ਲੋੜ ਸੀ ਪਰ ਹੁਣ ਖ਼ਤਮ ਕਰ ਦਿੱਤੀ ਗਈ ਰਾਜ ਸ਼ਕਤੀ ਉੱਤੇ ਰੋਕ ਵਜੋਂ ਨਹੀਂ।"

"ਰਾਜ ਸ਼ਕਤੀ ਨੂੰ ਤੋੜਨਾ", ਜਿਹੜੀ ਇੱਕ "ਪਰਜੀਵੀ ਵਾਧੂ-ਉਪਜ" ਸੀ; ਇਹਨੂੰ "ਕੱਟਣਾ", ਇਹਨੂੰ "ਖ਼ਤਮ ਕਰਨਾ", "ਹੁਣ ਖ਼ਤਮ ਕਰ ਦਿੱਤੀ ਗਈ ਰਾਜ ਸ਼ਕਤੀ" —ਮਾਰਕਸ ਨੇ ਕਮਿਊਨ ਦੇ ਤਜਰਬੇ ਦਾ ਮੁਲੰਕਣ ਅਤੇ ਵਿਸ਼ਲੇਸ਼ਣ ਕਰਨ ਸਮੇਂ ਰਾਜ ਸੰਬੰਧੀ ਇਹ ਵਾਕੰਸ਼ ਵਰਤੇ।

ਇਹ ਸਭ ਕੁੱਝ ਅੱਧੀ ਸਦੀ ਤੋਂ ਥੋੜਾ ਘੱਟ ਸਮਾਂ ਪਹਿਲਾਂ ਲਿਖਿਆ ਗਿਆ; ਅਤੇ ਹੁਣ, ਜਾਪਦਾ ਹੈ, ਅਣ-ਤੋੜਿਆ-ਮਰੋੜਿਆ ਮਾਰਕਸਵਾਦ ਲੋਕਾਂ ਦੇ ਸਾਹਮਣੇ ਲਿਆਉਣ ਲਈ ਖੁਦਾਈ ਕਰਨੀ ਪੈਂਦੀ ਹੈ। ਪਿਛਲੇ ਮਹਾਨ ਇਨਕਲਾਬ ਨੂੰ, ਜਿਹੜਾ ਮਾਰਕਸ ਨੇ ਆਪਣੀ ਅੱਖੀਂ ਵੇਖਿਆ, ਗਹੁ ਨਾਲ਼ ਵੇਖਣ ਰਾਹੀਂ ਕੱਢੇ ਸਿੱਟੇ ਐਨ ਉਸ ਛਿਣ ਭੁਲਾ ਦਿੱਤੇ ਗਏ ਹਨ ਜਦੋਂ ਅਗਲੇ ਮਹਾਨ ਪ੍ਰੋਲਤਾਰੀ ਇਨਕਲਾਬ ਦਾ ਸਮਾਂ ਆ ਗਿਆ ਹੈ।

"...ਕਮਿਊਨ ਵਿਆਖਿਆਵਾਂ ਦੀ ਜਿਸ ਬਹੁਲਤਾ ਦਾ ਸ਼ਿਕਾਰ ਹੋਈ ਹੈ ਅਤੇ ਉਹਨਾਂ ਹਿੱਤਾਂ ਦੀ ਬਹੁਲਤਾ ਜਿਨ੍ਹਾਂ ਇਹਨੂੰ ਆਪਣੇ ਹੱਕ ਵਿੱਚ ਸਮਝਿਆ ਹੈ, ਦੱਸਦੀ ਹੈ ਕਿ ਇਹ ਉੱਕਾ ਹੀ ਫੈਲਾਉ ਵਾਲ਼ਾ ਰਾਜਸੀ ਰੂਪ ਸੀ, ਜਦੋਂ ਕਿ ਹਕੂਮਤ ਦੇ ਇਸ ਤੋਂ ਪਹਿਲਾਂ ਦੇ ਸਭੇ ਰੂਪ ਸਖ਼ਤੀ ਨਾਲ਼ ਦਬਾਊ ਰੂਪ ਸਨ। ਇਹ ਸੀ ਇਹਦਾ ਅਸਲੀ ਭੇਤ। ਇਹ ਲਾਜ਼ਮੀ ਤੌਰ 'ਤੇ **ਮਜ਼ਦੂਰ ਜਮਾਤ ਦੀ ਹਕੂਮਤ** ਸੀ, ਉਤਪਾਦਨ ਕਰਨ ਵਾਲ਼ੀ ਜਮਾਤ ਦੇ ਹੜਪ ਕਰਨ ਵਾਲ਼ੀ ਜਮਾਤ ਵਿਰੁੱਧ ਘੋਲ਼ ਦੀ ਉਪਜ, ਅੰਤ ਲੱਭਿਆ ਗਿਆ ਰਾਜਸੀ ਰੂਪ, ਜਿਸ ਅਧੀਨ ਕਿਰਤ ਦੀ ਆਰਥਕ ਮੁਕਤੀ ਦਾ ਰਾਹ ਘੜਿਆ ਜਾਣਾ ਸੀ।...

"ਅੰਤਲੀ ਸ਼ਰਤ ਤੋਂ ਬਿਨਾਂ ਕਮਿਊਨ ਦਾ ਵਿਧਾਨ ਇੱਕ ਅਸੰਭਵਤਾ, ਇੱਕ ਛਲ ਹੁੰਦਾ।..."

ਯੂਟੋਪਿਆਈਆਂ ਨੇ ਆਪਣੇ ਆਪ ਨੂੰ ਉਹ ਰਾਜਸੀ ਰੂਪ "ਲੱਭਣ" ਵਿੱਚ ਰੁਝਾ ਲਿਆ, ਜਿਨ੍ਹਾਂ ਅਧੀਨ ਸਮਾਜ ਦੀ ਸੋਸ਼ਲਿਸਟ ਕਾਇਆ-ਪਲਟ ਹੋਣੀ ਸੀ। ਅਰਾਜਕਤਾਵਾਦੀਆਂ ਨੇ ਰਾਜਸੀ ਰੂਪਾਂ ਦੇ ਸਵਾਲ ਨੂੰ ਉੱਕਾ ਹੀ ਇੱਕ ਪਾਸੇ ਕਰ ਦਿੱਤਾ। ਅਜੋਕੀ ਸੋਸ਼ਲ-ਡੈਮੋਕਰੈਸੀ ਦੇ ਮੌਕਾ-ਪ੍ਰਸਤਾਂ ਨੇ ਪਾਰਲੀਮਾਨੀ ਜਮਹੂਰੀ ਰਾਜ ਦੇ ਰਾਜਸੀ ਰੂਪਾਂ ਨੂੰ ਉਹ ਹੱਦ ਸਮਝ ਲਿਆ ਜਿਸਤੋਂ ਪਾਰ ਟੱਪਿਆ ਨਹੀਂ ਜਾ ਸਕਦਾ; ਉਹਨਾਂ ਇਸ "ਨਮੂਨੇ" ਅੱਗੇ ਪ੍ਰਾਰਥਨਾ ਕਰਦੇ ਹੋਏ ਆਪਣੇ ਮੱਥੇ ਭੰਨ ਲਏ ਅਤੇ ਇਹਨਾਂ ਰੂਪਾਂ ਨੂੰ **ਖ਼ਤਮ ਕਰਨ** ਦੀ ਹਰ ਇੱਛਾ ਨੂੰ ਅਰਾਜਕਤਾਵਾਦ ਕਹਿ ਕੇ ਭੰਡਿਆ।

ਮਾਰਕਸ ਨੇ ਸੋਸ਼ਲਿਜ਼ਮ ਦੇ ਅਤੇ ਰਾਜਸੀ ਘੋਲ਼ ਦੇ ਸਮੁੱਚੇ ਇਤਿਹਾਸ ਤੋਂ ਇਹ

ਸਿੱਟਾ ਕੱਢਿਆ ਕਿ ਰਾਜ ਦਾ ਲੋਪ ਹੋ ਜਾਣਾ ਅਟੱਲ ਹੈ ਅਤੇ ਇਹਦੇ ਲੋਪ ਹੋਣ ਦਾ ਅੰਤਰ-ਕਾਲੀਨ ਰੂਪ (ਰਾਜ ਤੋਂ ਅਣ-ਰਾਜ ਵਿੱਚ ਤਬਦੀਲੀ) "ਹਾਕਮ ਜਮਾਤ ਦੇ ਤੌਰ 'ਤੇ ਜਥੇਬੰਦ ਪ੍ਰੋਲਤਾਰੀ" ਹੋਵੇਗਾ। ਪਰ ਮਾਰਕਸ ਨੇ ਇਸ ਭਵਿੱਖ ਦੇ ਪੜਾਅ ਦੇ ਰਾਜਸੀ **ਰੂਪ ਲੱਭਣ** ਦਾ ਕੰਮ ਸ਼ੁਰੂ ਨਾ ਕੀਤਾ। ਉਹਨਾਂ ਆਪਣੇ ਆਪ ਨੂੰ ਬਸ ਫਰਾਂਸੀਸੀ ਇਤਿਹਾਸ ਦਾ ਸ਼ੁੱਧਤਾ ਨਾਲ਼ ਅਧਿਐਨ ਕਰਨ, ਇਹਦਾ ਵਿਸ਼ਲੇਸ਼ਣ ਕਰਨ ਅਤੇ ਉਹ ਸਿੱਟੇ ਕੱਢਣ ਤੱਕ ਸੀਮਤ ਰੱਖਿਆ ਜਿਹੜੇ 1851 ਦਾ ਵਰ੍ਹਾ ਲਿਆਇਆ ਸੀ, ਅਰਥਾਤ, ਕਿ ਮਾਮਲਾ ਬੁਰਜੂਆ ਰਾਜਕੀ ਬਣਤਰ ਦੇ **ਖ਼ਤਮ ਕਰਨ** ਵੱਲ ਵਧ ਰਿਹਾ ਹੈ।

ਅਤੇ ਜਦੋਂ ਪ੍ਰੋਲੇਤਾਰੀ ਦੀ ਵਿਸ਼ਾਲ ਇਨਕਲਾਬੀ ਲਹਿਰ ਫੁੱਟ ਪਈ, ਤਾਂ ਇਸ ਲਹਿਰ ਦੀ ਅਸਫ਼ਲਤਾ ਦੇ ਬਾਵਜੂਦ, ਇਹਦੇ ਛੋਟੇ ਜਿਹੇ ਜੀਵਨ ਦੇ ਬਾਵਜੂਦ ਅਤੇ ਇਹਦੀ ਉੱਕਾ ਹੀ ਪ੍ਰਤੱਖ ਕਮਜ਼ੋਰੀ ਦੇ ਬਾਵਜੂਦ, ਮਾਰਕਸ ਨੇ ਇਹ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ ਕਿ ਇਹਨੇ ਕਿਹੜੇ ਰੂਪ **ਲਭੇ ਹਨ।**

ਕਮਿਊਨ ਉਹ ਰੂਪ ਹੈ ਜਿਹੜਾ ਪ੍ਰੋਲਤਾਰੀ ਇਨਕਲਾਬ ਨੇ "ਅੰਤ ਲੱਭ ਲਿਆ ਹੈ", ਜਿਸ ਅਧੀਨ ਕਿਰਤ ਦੀ ਆਰਥਕ ਮੁਕਤੀ ਹੋ ਸਕਦੀ ਹੈ।

ਕਮਿਊਨ ਪ੍ਰੋਲਤਾਰੀ ਇਨਕਲਾਬ ਦਾ ਬੁਰਜੂਆ ਰਾਜ ਬਣਤਰ ਨੂੰ **ਖ਼ਤਮ ਕਰਨ** ਦਾ ਪਹਿਲਾ ਯਤਨ ਹੈ; ਅਤੇ ਉਹ ਰਾਜਸੀ ਰੂਪ ਹੈ, ਜਿਹੜਾ "ਅੰਤ ਲੱਭ ਲਿਆ ਗਿਆ ਹੈ", ਜਿਹੜਾ ਤੋੜੀ ਗਈ ਰਾਜ ਬਣਤਰ **ਦੀ ਥਾਂ ਲੈ** ਸਕਦਾ ਹੈ ਅਤੇ ਜਿਸਦਾ ਲੈਣਾ ਲਾਜ਼ਮੀ ਹੈ।

ਅਸੀਂ ਅੱਗੇ ਚਲਕੇ ਵੇਖਾਂਗੇ ਕਿ 1905 ਅਤੇ 1917 ਦੇ ਰੂਸੀ ਇਨਕਲਾਬ, ਵੱਖ ਹਾਲਤਾਂ ਅਧੀਨ ਅਤੇ ਵੱਖ ਹਾਲਤਾਂ ਵਿੱਚ, ਕਮਿਊਨ ਦੇ ਕੰਮ ਨੂੰ ਜਾਰੀ ਰੱਖਦੇ ਹਨ ਅਤੇ ਮਾਰਕਸ ਵੱਲੋਂ ਕੀਤੇ ਇਤਿਹਾਸਕ ਵਿਸ਼ਲੇਸ਼ਣ ਦੀ, ਉਹਨਾਂ ਦੀ ਪ੍ਰਤਿਭਾ ਦੀ ਉਪਜ ਦੀ ਪ੍ਰੋੜ੍ਹਤਾ ਕਰਦੇ ਹਨ।

## ਕਾਂਡ ਚਾਰ

# ਚੱਲਦਾ, ਏਂਗਲਜ਼ ਵੱਲੋਂ ਵਧੇਰੇ ਵਿਆਖਿਆਵਾਂ

ਮਾਰਕਸ ਨੇ ਕਮਿਊਨ ਦੇ ਤਜਰਬੇ ਦੇ ਵਿਸ਼ੇ ਉੱਤੇ ਬੁਨਿਆਦੀ ਗੱਲਾਂ ਕਹੀਆਂ। ਏਂਗਲਜ਼ ਘੜੀ-ਮੁੜੀ ਇਸੇ ਵਿਸ਼ੇ ਵੱਲ ਆਏ ਅਤੇ ਮਾਰਕਸ ਦੇ ਵਿਸ਼ਲੇਸ਼ਣ ਅਤੇ ਸਿੱਟਿਆਂ ਦੇ **ਹੋਰਨਾਂ** ਪੱਖਾਂ ਦੀ ਏਨੇ ਬਲ ਅਤੇ ਸਪਸ਼ਟਤਾ ਨਾਲ਼ ਵਿਆਖਿਆ ਕੀਤੀ ਕਿ ਉਹਨਾਂ ਦੀਆਂ ਵਿਆਖਿਆਵਾਂ ਨੂੰ ਵੱਖਰੇ ਤੌਰ ’ਤੇ ਵਿਚਾਰਨਾ ਲਾਜ਼ਮੀ ਹੈ।

## 1. "ਮਕਾਨਾਂ ਦਾ ਮਸਲਾ"

ਆਪਣੀ ਕਿਰਤ "ਮਕਾਨਾਂ ਦਾ ਮਸਲਾ"[20] (1872) ਵਿੱਚ ਏਂਗਲਜ਼ ਨੇ ਪਹਿਲਾਂ ਹੀ ਕਮਿਊਨ ਦੇ ਤਜਰਬੇ ਨੂੰ ਮੁੱਖ ਰੱਖਿਆ ਅਤੇ ਕਈ ਵਾਰ ਰਾਜ ਦੇ ਸਬੰਧ ਵਿੱਚ ਇਨਕਲਾਬ ਦੇ ਕਾਰਜਾਂ ਨੂੰ ਲਿਆ। ਇਹ ਗੱਲ ਦਿਲਚਸਪੀ ਵਾਲੀ ਹੈ ਕਿ ਇਸ ਠੋਸ ਵਿਸ਼ੇ ਦੀ ਵਿਆਖਿਆ ਨੇ ਸਪਸ਼ਟ ਤੌਰ ’ਤੇ ਦੋ ਗੱਲਾਂ ਪ੍ਰਗਟ ਕੀਤੀਆਂ, ਇੱਕ ਹੱਥ, ਪ੍ਰੋਲਤਾਰੀ ਰਾਜ ਅਤੇ ਅਜੋਕੇ ਰਾਜ ਵਿਚਕਾਰ ਸਮਾਨਤਾ ਦੇ ਨੁਕਤੇ—ਜਿਹੜੇ ਦੋਹਾਂ ਹਾਲਤਾਂ ਵਿੱਚ ਰਾਜ ਸਬੰਧੀ ਗੱਲ ਕਰਨ ਦਾ ਆਧਾਰ ਬਣਦੇ ਹਨ—ਅਤੇ, ਦੂਜੇ ਹੱਥ, ਉਹਨਾਂ ਵਿਚਕਾਰ ਵਖਰੇਵੇਂ ਦੇ ਨੁਕਤੇ ਜਾਂ ਰਾਜ ਦੀ ਤਬਾਹੀ ਵੱਲ ਤਬਦੀਲੀ।

> "ਤਾਂ ਫੇਰ ਮਕਾਨਾਂ ਦਾ ਮਸਲਾ ਕਿਵੇਂ ਹੱਲ ਕੀਤਾ ਜਾਵੇ ? ਅਜੋਕੇ ਸਮਾਜ ਵਿੱਚ ਐਨ ਉਸੇ ਤਰ੍ਹਾਂ ਜਿਵੇਂ ਕੋਈ ਹੋਰ ਸਮਾਜੀ ਮਸਲਾ ਹੱਲ ਕੀਤਾ ਜਾਂਦਾ ਹੈ: ਪ੍ਰਾਪਤੀ ਅਤੇ ਮੰਗ ਦੇ ਹੌਲੀ ਹੌਲੀ ਕੀਤੇ ਆਰਥਕ ਸੁਮੇਲ ਰਾਹੀਂ, ਇੱਕ ਅਜਿਹਾ ਹੱਲ ਜਿਹੜਾ ਆਪਣੇ ਆਪ ਨੂੰ ਸਦਾ ਨਵੇਂ ਸਿਰਿਉਂ ਜਨਮ ਦੇਂਦਾ ਹੈ ਅਤੇ ਇਸ ਲਈ ਕੋਈ ਹੱਲ ਨਹੀਂ। ਇੱਕ ਸਮਾਜੀ ਇਨਕਲਾਬ ਇਸ ਮਸਲੇ ਨੂੰ ਕਿਵੇਂ ਹੱਲ ਕਰੇਗਾ, ਹਰ ਹਾਲਤ ਵਿੱਚ ਵਿਸ਼ੇਸ਼ ਹਾਲਤਾਂ ਉੱਤੇ ਹੀ ਨਿਰਭਰ ਨਹੀਂ, ਸਗੋਂ ਇਹਦਾ ਸੰਬੰਧ ਕਿਤੇ ਵਧੇਰੇ ਦੂਰ-ਰਸ ਸਵਾਲਾਂ ਨਾਲ਼ ਹੈ, ਜਿਨ੍ਹਾਂ ਵਿੱਚੋਂ ਇੱਕ ਅਤਿ-ਅੰਤ ਬੁਨਿਆਦੀ ਸ਼ਹਿਰਾਂ ਅਤੇ ਪਿੰਡਾਂ ਵਿਚਕਾਰ ਵਿਰੋਧ ਨੂੰ ਖ਼ਤਮ ਕਰਨਾ ਹੈ। ਕਿਉਂਕਿ ਭਵਿੱਖ ਦੇ ਸਮਾਜ ਲਈ ਖ਼ਿਆਲੀ ਪ੍ਰਣਾਲੀਆਂ ਦੀ ਰਚਨਾ ਕਰਨਾ ਸਾਡਾ ਕੰਮ ਨਹੀਂ, ਇਸ ਲਈ ਇਸ ਸਵਾਲ ਉੱਤੇ ਇੱਥੇ ਵਿਚਾਰ ਕਰਨਾ ਸਾਡਾ ਕੰਮ ਨਹੀਂ, ਇਸ ਲਈ ਇਸ ਸਵਾਲ ਉੱਤੇ ਇੱਥੇ ਵਿਚਾਰ ਕਰਨਾ ਵਿਹਲੀ ਗੱਲ ਹੋਵਗੀ। ਪਰ ਇੱਕ ਗੱਲ ਨਿਸ਼ਚਿਤ ਹੈ: ਵੱਡੇ ਸ਼ਹਿਰਾਂ ਵਿੱਚ ਪਹਿਲਾਂ ਹੀ ਰਹਿਣ ਲਈ ਚੋਖੀਆਂ ਇਮਾਰਤਾਂ ਹਨ, ਕਿ ਜੇ ਉਹਨਾਂ ਦੀ ਤਰਕ ਅਨੁਸਾਰ ਵਰਤੋਂ

ਕੀਤੀ ਜਾਵੇ ਤਾਂ ਉਹ ਕਿਸੇ ਵੀ ਅਸਲੀ "ਮਕਾਨਾਂ ਦੀ ਘਾਟ" ਨੂੰ ਦੂਰ ਕਰ ਸਕਦੀਆਂ ਹਨ। ਸੁਭਾਵਕ ਹੀ ਅਜੋਕੇ ਮਾਲਕਾਂ ਨੂੰ ਜ਼ਬਤ ਕਰਕੇ, ਅਰਥਾਤ, ਬੇਘਰ ਮਜ਼ਦੂਰਾਂ ਜਾਂ ਆਪਣੇ ਅਜੋਕੇ ਘਰਾਂ ਵਿੱਚ ਬਹੁਤ ਘੱਟ ਥਾਂ ਵਿੱਚ ਰਹਿ ਰਹੇ ਮਜ਼ਦੂਰਾਂ ਨੂੰ ਉਹਨਾਂ ਦੇ ਘਰਾਂ ਵਿੱਚ ਥਾਂ ਦੇ ਕੇ ਹੀ ਅਜਿਹਾ ਕੀਤਾ ਜਾ ਸਕਦਾ ਹੈ। ਪ੍ਰੋਲੇਤਾਰੀ ਦੇ ਰਾਜਸੀ ਸ਼ਕਤੀ ਜਿੱਤ ਲੈਣ ਤੋਂ ਛੇਤੀ ਪਿੱਛੋਂ ਹੀ ਅਜਿਹਾ ਕਰਨਾ ਉਸੇ ਤਰ੍ਹਾਂ ਸੌਖਾ ਹੋਵੇਗਾ ਜਿਵੇਂ ਅਜੋਕੇ ਰਾਜ ਵੱਲੋਂ ਕਿਸੇ ਹੋਰ ਤਰ੍ਹਾਂ ਦੀ ਜ਼ਬਤੀ ਅਤੇ ਫ਼ੌਜੀਆਂ ਆਦਿ ਨੂੰ ਲੋਕਾਂ ਦੇ ਘਰਾਂ ਵਿੱਚ ਠਹਿਰਾਉਣਾ" (ਜਰਮਨ ਛਾਪ, 1887, ਪੰਨਾ 22)।

ਇਥੇ ਰਾਜ ਸ਼ਕਤੀ ਦੇ ਰੂਪ ਵਿੱਚ ਤਬਦੀਲੀ ਨੂੰ ਨਹੀਂ ਵੇਖਿਆ ਗਿਆ ਕੇਵਲ ਇਹਦੀ ਸਰਗਰਮੀ ਦੇ ਤੱਤ ਨੂੰ ਹੀ ਲਿਆ ਗਿਆ ਹੈ। ਜ਼ਬਤੀ ਅਤੇ ਫ਼ੌਜੀਆਂ ਆਦਿ ਦਾ ਠਹਿਰਾਇਆ ਜਾਣਾ ਅਜੋਕੇ ਰਾਜ ਦੇ ਹੁਕਮ ਨਾਲ਼ ਵੀ ਹੁੰਦਾ ਹੈ। ਰਸਮੀ ਨਜ਼ਰੀਏ ਤੋਂ ਪ੍ਰੋਲਤਾਰੀ ਰਾਜ ਵੀ ਮਕਾਨਾਂ ਉੱਤੇ ਕਬਜ਼ੇ ਅਤੇ ਇਮਾਰਤਾਂ ਦੀ ਜ਼ਬਤੀ ਦਾ "ਹੁਕਮ" ਦੇਵੇਗਾ। ਪਰ ਇਹ ਸਪਸ਼ਟ ਹੈ ਕਿ ਪੁਰਾਣਾ ਪ੍ਰਬੰਧਕ ਢਾਂਚਾ, ਨੌਕਰਸ਼ਾਹੀ, ਜਿਸਦੇ ਬੁਰਜੂਆਜ਼ੀ ਨਾਲ਼ ਸਬੰਧ ਹਨ, ਪ੍ਰੋਲੇਤਾਰੀ ਰਾਜ ਦੇ ਹੁਕਮ ਪੂਰੇ ਕਰਨ ਦੇ ਬਸ ਨਿਰਯੋਗ ਹੀ ਹੋਵੇਗਾ।

"...ਇਹ ਦੱਸਣਾ ਲਾਜ਼ਮੀ ਹੈ ਕਿ ਕਿਰਤ ਦੇ ਸਭਨਾਂ ਸਾਧਨਾਂ, ਮਜ਼ਦੂਰਾਂ ਵੱਲੋਂ ਸਨਅਤ ਉੱਤੇ ਸਮੁੱਚੇ ਤੌਰ ਉੱਤੇ ਕਬਜ਼ਾ ਪਰੂਦੋਂਵਾਦੀ 'ਛੁਟਕਾਰੇ' ਤੋਂ ਐਨ ਉਲਟ ਹੈ। ਦੂਜੇ ਦੇ ਅਧੀਨ ਵਿਅਕਤੀਗਤ ਮਜ਼ਦੂਰ ਮਕਾਨ, ਕਿਸਾਨੀ ਖੇਤ, ਕਿਰਤ ਦੇ ਸਾਧਨਾਂ ਦਾ ਮਾਲਕ ਬਣ ਜਾਂਦਾ ਹੈ, ਪਹਿਲੇ ਦੇ ਅਧੀਨ "ਕਿਰਤੀ ਲੋਕ", ਮਕਾਨਾਂ, ਕਾਰਖਾਨਿਆਂ ਅਤੇ ਕਿਰਤ ਦੇ ਸਾਧਨਾਂ ਦੇ ਸਮੂਹਕ ਮਾਲਕ ਰਹਿੰਦੇ ਹਨ ਅਤੇ ਲਾਗਤ ਲਈ ਮੁਆਵਜ਼ੇ ਤੋਂ ਬਿਨਾਂ ਵਿਅਕਤੀਆਂ ਜਾਂ ਸਭਾਵਾਂ ਵੱਲੋਂ ਉਹਨਾਂ ਦੀ ਵਰਤੋਂ ਦੀ ਆਗਿਆ ਤਾਂ ਸ਼ਾਇਦ ਹੀ ਦੇਣਗੇ, ਘੱਟੋ ਘੱਟ ਅੰਤਰ-ਕਾਲੀਨ ਸਮੇਂ ਵਿੱਚ ਤਾਂ ਉੱਕਾ ਹੀ ਨਹੀਂ। ਐਨ ਉਸੇ ਤਰ੍ਹਾਂ ਜਿਵੇਂ ਭੋਂ ਵਿੱਚ ਜਾਇਦਾਦ ਦਾ ਅੰਤ ਭੋਂ ਦੇ ਲਗਾਨ ਦਾ ਅੰਤ ਨਹੀਂ ਸਗੋਂ ਇਹਦਾ ਸਮਾਜ ਦੇ ਹਵਾਲੇ ਕਰਨਾ ਹੈ, ਭਾਵੇਂ ਇੱਕ ਤਬਦੀਲ ਹੋਏ ਰੂਪ ਵਿੱਚ। ਇਸ ਲਈ ਕਿਰਤ ਦੇ ਸੰਦਾਂ ਉੱਤੇ ਕਿਰਤੀ ਲੋਕਾਂ ਦਾ ਸਿੱਧਾ ਕਬਜ਼ਾ ਲਗਾਨ ਦੇ ਸਬੰਧਾਂ ਨੂੰ ਕਾਇਮ ਰੱਖਣ ਨੂੰ ਕਿਸੇ ਵੀ ਤਰ੍ਹਾਂ ਬਾਹਰ ਨਹੀਂ ਕੱਢਦਾ।" (ਪੰਨਾ 68)

ਇਸ ਹਿੱਸੇ ਵਿੱਚ ਛੋਹੇ ਗਏ ਸਵਾਲ, ਅਰਥਾਤ ਰਾਜ ਦੇ ਹੌਲੀ ਹੌਲੀ ਖ਼ਤਮ ਹੋਣ ਉੱਤੇ ਅਸੀਂ ਅਗਲੇ ਕਾਂਡ ਵਿੱਚ ਵਿਚਾਰ ਕਰਾਂਗੇ। ਇਹ ਕਹਿੰਦੇ ਹੋਏ ਕਿ ਪ੍ਰੋਲਤਾਰੀ ਰਾਜ ਅਦਾਇਗੀ ਤੋਂ ਬਿਨਾਂ ਮਕਾਨਾਂ ਦੀ ਵਰਤੋਂ ਦੀ "ਸ਼ਾਇਦ" ਹੀ ਆਗਿਆ ਦੇਵੇਗਾ, "ਘੱਟੋ ਘੱਟ ਅੰਤਰ-ਕਾਲੀਨ ਸਮੇਂ ਵਿੱਚ", ਏਂਗਲਜ਼ ਬੜੀ ਸਾਵਧਾਨੀ ਨਾਲ਼ ਗੱਲ ਕਰਦੇ ਹਨ। ਅਜਿਹੇ ਮਕਾਨਾਂ ਨੂੰ, ਜਿਹੜੇ ਸਮੁੱਚੀ ਕੌਮ ਦੀ ਮਾਲਕੀ ਹਨ, ਵਿਅਕਤੀਗਤ ਪਰਿਵਾਰਾਂ ਨੂੰ ਕਿਰਾਏ ਉੱਤੇ ਦੇਣਾ ਇਹ ਫਰਜ਼ ਕਰ ਲੈਂਦਾ ਹੈ ਕਿ ਕਿਰਾਇਆ ਇਕੱਠਾ ਕੀਤਾ ਜਾਵੇਗਾ,

ਕਿਸੇ ਹੱਦ ਤੱਕ ਕੰਟਰੋਲ ਹੋਵੇਗਾ ਅਤੇ ਮਕਾਨਾਂ ਦੀ ਵੰਡ ਵਿੱਚ ਕੋਈ ਪੱਧਰ ਮੁੱਖ ਰੱਖੀ ਜਾਵੇਗੀ। ਇਹ ਸਭ ਕੁੱਝ ਰਾਜ ਦੇ ਕਿਸੇ ਰੂਪ ਦੀ ਲੋੜ ਪੈਦਾ ਕਰਦਾ ਹੈ, ਪਰ ਇੱਕ ਵਿਸ਼ੇਸ਼ ਫ਼ੌਜੀ ਅਤੇ ਨੌਕਰਸ਼ਾਹੀ ਢਾਂਚੇ ਦੀ ਲੋੜ ਪੈਦਾ ਨਹੀਂ ਕਰਦਾ, ਜਿਸ ਵਿੱਚ ਵਿਸ਼ੇਸ਼ ਹੱਕਾਂ ਵਾਲ਼ੀਆਂ ਪਦਵੀਆਂ ਵਾਲ਼ੇ ਅਧਿਕਾਰੀ ਹੋਣ। ਅਜਿਹੀ ਹਾਲਤ ਤੱਕ ਅੱਪੜਨਾ ਜਦੋਂ ਰਿਹਾਇਸ਼ੀ ਥਾਂ ਉੱਕਾ ਹੀ ਕਿਰਾਏ ਤੋਂ ਬਿਨਾਂ ਦਿੱਤੀ ਜਾ ਸਕੇਗੀ ਰਾਜ ਦੇ ਉੱਕਾ ਹੀ "ਖ਼ਤਮ ਹੋ ਜਾਣ" ਨਾਲ਼ ਸਬੰਧਤ ਹੈ।

ਬਲਾਂਕੀਵਾਦੀਆਂ[21] ਦੇ ਕਮਿਊਨ ਤੋਂ ਪਿੱਛੋਂ ਅਤੇ ਇਹਦੇ ਤਜਰਬੇ ਦੇ ਅਸਰ ਹੇਠ ਮਾਰਕਸਵਾਦ ਦੇ ਅਸੂਲਾਂ ਦੇ ਹਾਮੀ ਬਣਨ ਦਾ ਜ਼ਿਕਰ ਕਰਦੇ ਹੋਏ ਏਂਗਲਜ਼ ਇਹਨਾਂ ਅਸੂਲਾਂ ਨੂੰ ਇਉਂ ਸੂਤਰਿਤ ਕਰਦੇ ਹਨ:

> "...ਪ੍ਰੋਲਤਾਰੀ ਅਤੇ ਉਸਦੀ ਤਾਨਾਸ਼ਾਹੀ ਵੱਲੋਂ ਜਮਾਤਾਂ ਅਤੇ ਉਹਨਾਂ ਦੇ ਨਾਲ਼ ਹੀ ਰਾਜ ਦੇ ਅੰਤ ਵਜੋਂ ਰਾਜਸੀ ਅਮਲ ਦੀ ਲੋੜ।..." (ਪੰਨਾ 55)

ਵਾਲ ਦੀ ਖੱਲ ਉਤਾਰਨ ਵਾਲ਼ੀ ਪੜਚੋਲ ਦੇ ਆਦੀਆਂ ਜਾਂ "ਮਾਰਕਸਵਾਦ ਨੂੰ" ਬੁਰਜੂਆ "ਮੁਕਾਉਣ ਵਾਲ਼ਿਆਂ" ਨੂੰ "ਐਂਟੀ-ਡੂਹਰਿੰਗ" ਵਿੱਚੋਂ ਉੱਪਰ ਦਿੱਤੀ ਟੂਕ ਵਿੱਚ ਸ਼ਾਇਦ "ਰਾਜ ਦੇ ਅੰਤ" ਦੀ ਇਸ **ਪ੍ਰਵਾਨਗੀ** ਅਤੇ ਅਰਾਜਕਤਾਵਾਦੀ ਹੋਣ ਕਾਰਨ ਇਸ ਗੁਰ ਦੇ ਤਿਆਗ ਵਿੱਚ ਕੁੱਝ ਵਿਰੋਧ ਦਿਸੇਗਾ। ਇਹ ਕੋਈ ਹੈਰਾਨੀ ਵਾਲ਼ੀ ਗੱਲ ਨਹੀਂ ਹੋਵੇਗੀ ਜੇ ਮੌਕਾ-ਪ੍ਰਸਤ ਏਂਗਲਜ਼ ਉੱਤੇ ਵੀ "ਅਰਾਜਕਤਾਵਾਦੀ" ਹੋਣ ਦੀ ਮੋਹਰ ਲਾ ਦੇਣ ਕਿਉਂਕਿ ਅੱਜ ਕੱਲ ਕੌਮਾਂਤਰੀਵਾਦੀਆਂ ਉੱਤੇ ਅਰਾਜਕਤਾਵਾਦੀ ਹੋਣ ਦਾ ਦੋਸ਼ ਲਾਉਣ ਦਾ ਰਿਵਾਜ "ਸਮਾਜੀ-ਸ਼ਾਵਨਵਾਦੀਆਂ" ਵਿਚਕਾਰ ਸਦਾ ਵਧੇਰੇ ਹੁੰਦਾ ਜਾ ਰਿਹਾ ਹੈ।

ਮਾਰਕਸਵਾਦ ਨੇ ਸਦਾ ਇਹ ਸਿੱਖਿਆ ਦਿੱਤੀ ਹੈ ਕਿ ਜਮਾਤਾਂ ਦੇ ਅੰਤ ਨਾਲ਼ ਰਾਜ ਦਾ ਵੀ ਅੰਤ ਹੋ ਜਾਵੇਗਾ। "ਐਂਟੀ-ਡੂਹਰਿੰਗ" ਵਿੱਚ "ਰਾਜ ਦੇ ਹੌਲੀ ਹੌਲੀ ਖ਼ਤਮ ਹੋਣ" ਸਬੰਧੀ ਪ੍ਰਸਿੱਧ ਹਿੱਸਾ ਅਰਾਜਕਤਾਵਾਦੀਆਂ ਉੱਤੇ ਕੇਵਲ ਰਾਜ ਦੇ ਖ਼ਾਤਮੇ ਦੇ ਹੱਕ ਵਿੱਚ ਹੋਣ ਦਾ ਹੀ ਨਹੀਂ ਸਗੋਂ ਇਹ ਪ੍ਰਚਾਰ ਕਰਨ ਦਾ ਵੀ ਦੋਸ਼ ਲਾਉਂਦਾ ਹੈ ਕਿ ਰਾਜ "ਰਾਤੋ-ਰਾਤ" ਖ਼ਤਮ ਕੀਤਾ ਜਾ ਸਕਦਾ ਹੈ।

ਇਸ ਤੱਥ ਨੂੰ ਮੁੱਖ ਰੱਖਦੇ ਹੋਏ ਕਿ ਅੱਜ ਕੱਲ ਪ੍ਰਚਲਤ "ਸੋਸ਼ਲ-ਡੈਮੋਕਰੈਟਿਕ" ਸਿਧਾਂਤ ਰਾਜ ਦੇ ਅੰਤ ਦੇ ਸਵਾਲ ਸੰਬੰਧੀ ਅਰਾਜਕਤਾਵਾਦ ਨਾਲ਼ ਮਾਰਕਸਵਾਦ ਦੇ ਸੰਬੰਧਾਂ ਨੂੰ ਉੱਕਾ ਹੀ ਤੋੜ-ਮਰੋੜ ਕੇ ਪੇਸ਼ ਕਰਦਾ ਹੈ, ਇੱਕ ਵਿਵਾਦ ਨੂੰ, ਜਿਸ ਵਿੱਚ ਮਾਰਕਸ ਅਤੇ ਏਂਗਲਜ਼ ਅਰਾਜਕਤਾਵਾਦੀਆਂ ਵਿਰੁੱਧ ਨਿੱਤਰੇ, ਚੇਤੇ ਕਰਨਾ ਵਿਸ਼ੇਸ਼ ਤੌਰ 'ਤੇ ਲਾਹੇਵੰਦਾ ਹੋਵੇਗਾ।

## 2. ਅਰਜਾਕਤਾਵਾਦੀਆਂ ਨਾਲ਼ ਵਿਵਾਦ

ਇਹ ਵਿਵਾਦ 1873 ਵਿੱਚ ਹੋਇਆ। ਮਾਰਕਸ ਅਤੇ ਏਂਗਲਜ਼ ਨੇ ਪਰੂਦੋਂਵਾਦੀਆਂ[22], "ਖ਼ੁਦ-ਅਖ਼ਤਿਆਰਵਾਦੀਆਂ", "ਅਧਿਕਾਰਤਾ-ਵਿਰੋਧੀਆਂ" ਵਿਰੁੱਧ ਇੱਕ ਅਤਾਲਵੀ ਸੋਸ਼ਲਿਸਟ ਸਲਾਨਾ ਵਿੱਚ ਲਿਖੇ ਅਤੇ 1913 ਤੱਕ ਇਹ ਲੇਖ ਜਰਮਨ

ਭਾਸ਼ਾ ਵਿੱਚ ਨਾ ਛਪੇ ਜਦੋਂ ਇਹ «Neue Zeit»[23] ਵਿੱਚ ਛਾਪੇ ਗਏ।

"...ਜੇ ਮਜ਼ਦੂਰ-ਜਮਾਤ ਦਾ ਰਾਜਸੀ ਘੋਲ ਇਨਕਲਾਬੀ ਰੂਪ ਧਾਰਨ ਕਰ ਲੈਂਦਾ ਹੈ", ਮਾਰਕਸ ਨੇ ਰਾਜਨੀਤੀ ਤਿਆਗਣ ਲਈ ਅਰਾਜਕਤਾਵਾਦੀਆਂ ਦਾ ਠੱਠਾ ਉਡਾਉਂਦੇ ਹੋਏ ਕਿਹਾ, "ਜੇ ਮਜ਼ਦੂਰ ਬੁਰਜੂਆਜ਼ੀ ਦੀ ਤਾਨਾਸ਼ਾਹੀ ਦੀ ਥਾਂ ਪ੍ਰੋਲਤਾਰੀ ਦੀ ਤਾਨਾਸ਼ਾਹੀ ਸਥਾਪਤ ਕਰ ਦੇਂਦੇ ਹਨ, ਤਾਂ ਉਹ ਅਸੂਲਾਂ ਦੀ ਉਲੰਘਣਾ ਦਾ ਜੁਰਮ ਕਰਦੇ ਹਨ ਕਿਉਂਕਿ ਆਪਣੀਆਂ ਨਖਿੱਧ, ਗੰਵਾਰੂ ਅਤੇ ਨਿੱਤ ਦੀਆਂ ਲੋੜਾਂ ਪੂਰੀਆਂ ਕਰਨ ਲਈ, ਬੁਰਜੂਆਜ਼ੀ ਦਾ ਵਿਰੋਧ ਕੁਚਲਣ ਲਈ ਉਹ ਆਪਣੇ ਹਥਿਆਰ ਸੁੱਟਣ ਅਤੇ ਰਾਜ ਦਾ ਅੰਤ ਕਰਨ ਦੀ ਥਾਂ ਰਾਜ ਨੂੰ ਇੱਕ ਇਨਕਲਾਬੀ ਅਤੇ ਕੁੱਝ ਸਮਾਂ ਰਹਿਣ ਵਾਲ਼ਾ ਰੂਪ ਦੇਂਦੇ ਹਨ।..." («Neue Zeit», 32, 1 ਸੈਂਚੀ, 1913, ਪੰਨਾ 401।)[24]

ਅਰਾਜਕਤਾਵਾਦੀਆਂ ਦੀਆਂ ਦਲੀਲਾਂ ਰੱਦ ਕਰਦੇ ਹੋਏ ਕੇਵਲ ਰਾਜ ਨੂੰ ਇਉਂ "ਖ਼ਤਮ ਕਰਨ" ਵਿਰੁੱਧ ਹੀ ਮਾਰਕਸ ਨੇ ਘੋਲ ਕੀਤਾ। ਉਹਨਾਂ ਕਦੇ ਇਸ ਵਿਚਾਰ ਦਾ ਵਿਰੋਧ ਨਹੀਂ ਕੀਤਾ ਕਿ ਜਦੋਂ ਜਮਾਤਾਂ ਦਾ ਅੰਤ ਕਰ ਦਿੱਤਾ ਜਾਵੇਗਾ ਤਾਂ ਰਾਜ ਦਾ ਵੀ ਅੰਤ ਕਰ ਦਿੱਤਾ ਜਾਵੇਗਾ; ਉਹਨਾਂ ਇਸ ਤਜਵੀਜ਼ ਦਾ ਵਿਰੋਧ ਕੀਤਾ ਕਿ ਕਿਰਤੀਆਂ ਨੂੰ ਹਥਿਆਰਾਂ ਦੀ, ਜਥੇਬੰਦ ਹਿੰਸਾ ਦੀ, **ਅਰਥਾਤ, ਰਾਜ ਦੀ** ਵਰਤੋਂ ਤਿਆਗਣੀ ਚਾਹੀਦੀ ਹੈ ਜਿਹੜੇ "ਬੁਰਜੂਆਜ਼ੀ ਦੇ ਵਿਰੋਧ ਨੂੰ ਕੁਚਲਣ" ਦੇ ਕੰਮ ਆਉਂਦੇ ਹਨ।

ਅਰਾਜਕਤਾਵਾਦ ਵਿਰੁੱਧ ਇਸ ਘੋਲ ਦੇ ਸੱਚੇ ਅਰਥਾਂ ਨੂੰ ਤੋੜੇ-ਮਰੋੜੇ ਜਾਣ ਤੋਂ ਰੋਕਣ ਲਈ ਮਾਰਕਸ ਨੇ ਜਾਣ ਬੁੱਝ ਕੇ ਰਾਜ ਦੇ "ਇਨਕਲਾਬੀ ਅਤੇ **ਕੁੱਝ ਸਮਾਂ ਰਹਿਣ ਵਾਲ਼ੇ** ਰੂਪ" ਉੱਤੇ, ਜਿਸਦੀ ਪ੍ਰੋਲਤਾਰੀ ਨੂੰ ਲੋੜ ਹੈ, ਜ਼ੋਰ ਦਿੱਤਾ। ਪ੍ਰੋਲਤਾਰੀ ਨੂੰ ਰਾਜ ਦੀ ਕੇਵਲ ਆਰਜ਼ੀ ਤੌਰ 'ਤੇ ਲੋੜ ਹੈ। ਅਸੀਂ ਇੱਕ **ਆਸ਼ੇ** ਵਜੋਂ ਰਾਜ ਨੂੰ ਖ਼ਤਮ ਕਰਨ ਦੇ ਪ੍ਰਸ਼ਨ ਉੱਤੇ ਅਰਾਜਕਤਾਵਾਦੀਆਂ ਨਾਲ਼ ਉੱਕਾ ਹੀ ਅਸਹਿਮਤ ਨਹੀਂ। ਅਸੀਂ ਤਾਂ ਕਹਿੰਦੇ ਹਾਂ ਕਿ ਇਹ ਆਸ਼ਾ ਪ੍ਰਾਪਤ ਕਰਨ ਲਈ ਇਹ ਲਾਜ਼ਮੀ ਹੈ ਕਿ ਅਸੀਂ ਆਰਜ਼ੀ ਤੌਰ ਉੱਤੇ ਲੁੱਟ-ਚੋਂਘ ਕਰਨ ਵਾਲ਼ਿਆਂ **ਵਿਰੁੱਧ** ਰਾਜ ਸ਼ਕਤੀ ਦੇ ਸੰਦ, ਸਾਧਨ ਅਤੇ ਢੰਗ-ਤਰੀਕੇ ਵਰਤੀਏ ਐਨ ਉਸੇ ਤਰ੍ਹਾਂ ਜਿਵੇਂ ਜਮਾਤਾਂ ਦੇ ਅੰਤ ਲਈ ਲੁਟੀਂਦੀ ਜਮਾਤ ਦੀ ਆਰਜ਼ੀ ਤਾਨਾਸ਼ਾਹੀ ਲਾਜ਼ਮੀ ਹੈ। ਮਾਰਕਸ ਅਰਾਜਕਤਾਵਾਦੀਆਂ ਵਿਰੁੱਧ ਆਪਣਾ ਮਾਮਲਾ ਪੇਸ਼ ਕਰਨ ਦਾ ਅਤਿ-ਅੰਤ ਤਿੱਖਾ ਅਤੇ ਅਤਿ-ਅੰਤ ਸਪਸ਼ਟ ਰਾਹ ਚੁਣਦੇ ਹਨ: ਸਰਮਾਏਦਾਰਾਂ ਦਾ ਜੂਲਾ ਲਾਹ ਸੁੱਟਣ ਪਿੱਛੋਂ ਮਜ਼ਦੂਰ "ਹਥਿਆਰ ਸੁੱਟ ਦੇਣ" ਜਾਂ ਉਹਨਾਂ ਨੂੰ ਸਰਮਾਏਦਾਰਾਂ ਦਾ ਵਿਰੋਧ ਕੁਚਲਣ ਲਈ ਉਹਨਾਂ ਵਿਰੁੱਧ ਵਰਤਣ ? ਜੇ ਇੱਕ ਜਮਾਤ ਵੱਲੋਂ ਦੂਜੀ ਵਿਰੁੱਧ ਹਥਿਆਰ ਦੀ ਨੇਮ-ਬੱਧ ਵਰਤੋਂ ਰਾਜ ਦਾ "ਕੁੱਝ ਸਮੇਂ ਲਈ ਰਹਿਣ ਵਾਲ਼ਾ ਰੂਪ" ਨਹੀਂ ਤਾਂ ਹੋਰ ਕੀ ਹੈ ?

ਹਰ ਸੋਸ਼ਲ-ਡੈਮੋਕਰੈਟ ਨੂੰ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ: ਕੀ ਅਰਾਜਕਤਾਵਾਦੀਆਂ ਨਾਲ਼ ਵਿਵਾਦ ਵਿੱਚ ਉਹ ਰਾਜ ਦੇ ਸਵਾਲ ਵੱਲ **ਅਜਿਹਾ ਵਤੀਰਾ** ਧਾਰਨ ਕਰਦਾ ਰਿਹਾ ਹੈ ? ਕੀ ਦੂਜੀ ਇੰਟਰਨੈਸ਼ਨਲ ਦੀਆਂ ਸਰਕਾਰੀ ਸੋਸ਼ਲਿਸਟ ਪਾਰਟੀਆਂ

ਦੀ ਬਹੁ-ਗਿਣਤੀ ਨੇ ਇਸ **ਵੱਲ ਅਜਿਹਾ ਵਤੀਰਾ** ਧਾਰਨ ਕੀਤਾ ਹੈ ?

ਏਂਗਲਜ਼ ਇਹਨਾਂ ਹੀ ਵਿਚਾਰਾਂ ਨੂੰ ਕਿਤੇ ਵਧੇਰੇ ਵਿਸਥਾਰ ਨਾਲ਼ ਅਤੇ ਹੋਰ ਵੀ ਵਧੇਰੇ ਆਮ ਸਮਝ ਆਉਣ ਵਾਲ਼ੇ ਢੰਗ ਨਾਲ਼ ਪੇਸ਼ ਕਰਦੇ ਹਨ। ਸਭ ਤੋਂ ਪਹਿਲਾਂ ਤਾਂ ਉਹ ਪਰੂਦੋਂਵਾਦੀਆਂ ਦੇ, ਜਿਹੜੇ ਆਪਣੇ ਆਪ ਨੂੰ "ਅਧਿਕਾਰਤਾ ਤੋਂ, ਹਰ ਤਰ੍ਹਾਂ ਦੀ ਮਾਤਹਿਤੀ ਤੋਂ, ਹਰ ਤਰ੍ਹਾਂ ਦੀ ਸ਼ਕਤੀ ਤੋਂ ਇਨਕਾਰੀ ਕਹਿੰਦੇ ਸਨ, ਗੰਧਲੇ ਵਿਚਾਰਾਂ ਦਾ ਠੱਠਾ ਉਡਾਉਂਦੇ ਹਨ। ਕਿਸੇ ਕਾਰਖ਼ਾਨੇ, ਰੇਲਵੇ ਜਾਂ ਖੁੱਲ੍ਹੇ ਸਮੁੰਦਰ ਵਿੱਚ ਚਲਦੇ ਜਹਾਜ਼ ਨੂੰ ਲਓ, ਏਂਗਲਜ਼ ਨੇ ਕਿਹਾ—ਕੀ ਇਹ ਸਪਸ਼ਟ ਨਹੀਂ ਕਿ ਇਹਨਾਂ ਵਿੱਚੋਂ ਇੱਕ ਵੀ ਪੇਚਦਾਰ ਟੈਕਨੀਕਲ ਸੰਸਥਾ, ਜਿਸਦਾ ਆਧਾਰ ਮਸ਼ੀਨਾਂ ਦੀ ਵਰਤੋਂ ਅਤੇ ਲੋਕਾਂ ਦਾ ਪਲਾਨ-ਬੱਧ ਮਿਲਵਰਤਨ ਉੱਤੇ ਹੈ, ਕਿਸੇ ਹੱਦ ਤੱਕ ਮਾਤਹਿਤੀ ਤੋਂ ਬਿਨਾਂ ਅਤੇ ਇਹਦੇ ਸਿੱਟੇ ਵਜੋਂ ਕਿਸੇ ਹੱਦ ਤੱਕ ਅਧਿਕਾਰਤਾ ਅਤੇ ਸ਼ਕਤੀ ਤੋਂ ਬਿਨਾਂ ਕੰਮ ਨਹੀਂ ਕਰ ਸਕਦੀ ?

> "...ਜਦੋਂ ਮੈਂ ਇਹ ਦਲੀਲਾਂ ਅਤਿ-ਅੰਤ ਝਲਿਆਏ ਅਧਿਕਾਰਤਾ-ਵਿਰੋਧੀਆਂ ਸਾਹਮਣੇ ਰੱਖੀਆਂ ਤਾਂ ਇੱਕੋ ਇੱਕ ਜਵਾਬ ਜਿਹੜਾ ਉਹ ਮੈਨੂੰ ਦੇ ਸਕੇ ਉਹ ਇਹ ਸੀ: ਹਾਂ ਇਹ ਠੀਕ ਹੈ, ਪਰ ਇਹ ਉਸ ਅਧਿਕਾਰ ਦਾ ਮਾਮਲਾ ਨਹੀਂ ਜਿਹੜਾ ਅਸੀਂ ਆਪਣੇ ਪ੍ਰਤਿਨਿਧਾਂ ਨੂੰ ਦੇਂਦੇ ਹਾਂ, **ਸਗੋਂ ਇੱਕ ਕੰਮ ਸੌਂਪੇ ਜਾਣ ਦਾ ਮਾਮਲਾ ਹੈ** ! ਇਹ ਭੱਦਰ-ਪੁਰਸ਼ ਸੋਚਦੇ ਹਨ ਕਿ ਚੀਜ਼ਾਂ ਦੇ ਨਾਂ ਤਬਦੀਲ ਕਰਕੇ ਉਹਨਾਂ ਖ਼ੁਦ ਚੀਜ਼ਾਂ ਨੂੰ ਤਬਦੀਲ ਕਰ ਦਿੱਤਾ ਹੈ।..."[25]

ਇਹ ਦਰਸਾ ਕੇ ਕਿ ਅਧਿਕਾਰਤਾ ਅਤੇ ਖ਼ੁਦ-ਅਖ਼ਤਿਆਰੀ ਨਿਸਬਤੀ ਸ਼ਬਦ ਹਨ, ਕਿ ਉਹਨਾਂ ਦੇ ਲਾਗੂ ਕਰਨ ਦਾ ਖੇਤਰ ਸਮਾਜੀ ਵਿਕਾਸ ਦੇ ਵੱਖ ਵੱਖ ਪੜਾਵਾਂ ਨਾਲ਼ ਤਬਦੀਲ ਹੋ ਜਾਂਦਾ ਹੈ, ਕਿ ਉਹਨਾਂ ਨੂੰ ਨਿਰੋਲ ਸਮਝ ਲੈਣਾ ਵਾਹੀਆਤ ਹੈ ਅਤੇ ਇਹ ਵਾਧਾ ਕਰਕੇ ਕਿ ਮਸ਼ੀਨਾਂ ਅਤੇ ਵੱਡੀ-ਪੱਧਰ ਦਾ ਉਤਪਾਦਨ ਲਾਗੂ ਕਰਨ ਦਾ ਖੇਤਰ ਲਗਾਤਾਰ ਵਿਸ਼ਾਲ ਹੁੰਦਾ ਜਾ ਰਿਹਾ ਹੈ, ਏਂਗਲਜ਼ ਅਧਿਕਾਰਤਾ ਸਬੰਧੀ ਆਮ ਬਹਿਸ ਤੋਂ ਰਾਜ ਦੇ ਸਵਾਲ ਵੱਲ ਜਾਂਦੇ ਹਨ:

> "...ਜੇ ਖ਼ੁਦ-ਅਖ਼ਤਿਆਰਵਾਦੀ", ਉਹਨਾਂ ਲਿਖਿਆ, "ਆਪਣੇ ਆਪ ਨੂੰ ਇਹ ਕਹਿਣ ਤੱਕ ਸੀਮਤ ਰੱਖਦੇ ਕਿ ਭਵਿੱਖ ਦੀ ਸਮਾਜ ਜਥੇਬੰਦੀ ਅਧਿਕਾਰਤਾ ਨੂੰ ਕੇਵਲ ਉਹਨਾਂ ਹੱਦਾਂ ਅੰਦਰ ਸੀਮਤ ਰੱਖੇਗੀ ਜਿਨ੍ਹਾਂ ਅੰਦਰ ਉਤਪਾਦਨ ਦੀਆਂ ਹਾਲਤਾਂ ਇਹਨੂੰ ਲਾਜ਼ਮੀ ਬਣਾਉਂਦੀਆਂ ਹਨ, ਤਾਂ ਅਸੀਂ ਇੱਕ ਦੂਜੇ ਨੂੰ ਸਮਝ ਸਕਦੇ; ਪਰ ਉਹ ਉਹਨਾਂ ਸਭਨਾਂ ਤੱਥਾਂ ਸਬੰਧੀ ਅੰਨ੍ਹੇ ਹਨ ਜਿਹੜੇ ਇਸ ਚੀਜ਼ ਨੂੰ ਜ਼ਰੂਰੀ ਬਣਾਉਂਦੇ ਹਨ ਅਤੇ ਉਹ ਬੜੇ ਜੋਸ਼ ਨਾਲ਼ ਇਸ ਲਫ਼ਜ਼ ਵਿਰੁੱਧ ਲੜਦੇ ਹਨ।
>
> "ਅਧਿਕਾਰਤਾ-ਵਿਰੋਧੀ ਆਪਣੇ ਆਪ ਨੂੰ ਰਾਜਸੀ ਅਧਿਕਾਰਤਾ, ਰਾਜ ਵਿਰੁੱਧ ਡੰਡ ਪਾਉਣ ਤੱਕ ਸੀਮਤ ਕਿਉਂ ਨਹੀਂ ਰੱਖਦੇ ? ਸਭ ਸੋਸ਼ਲਿਸਟ ਇਸ ਗੱਲ ਸਬੰਧੀ ਸਹਿਮਤ ਹਨ ਕਿ ਰਾਜ, ਅਤੇ ਇਹਦੇ ਨਾਲ਼ ਹੀ ਨਾਲ਼ ਰਾਜਸੀ

ਅਧਿਕਾਰਤਾ, ਆਉਂਦੇ ਸਮਾਜੀ ਇਨਕਲਾਬ ਕਾਰਨ ਲੋਪ ਹੋ ਜਾਵੇਗੀ, ਅਰਥਾਤ, ਇਹ ਕਿ ਸਰਵਜਨਕ ਕੰਮਾਂ ਦਾ ਰਜਾਸੀ ਖ਼ਾਸਾ ਖ਼ਤਮ ਹੋ ਜਾਵੇਗਾ ਅਤੇ ਉਹ ਸਮਾਜ ਦੇ ਸੱਚੇ ਹਿੱਤਾਂ ਦਾ ਧਿਆਨ ਰੱਖਣ ਦੇ ਸਾਦੇ ਪ੍ਰਬੰਧਕ ਕੰਮ ਵਿੱਚ ਤਬਦੀਲ ਹੋ ਜਾਵੇਗਾ। ਪਰ ਅਧਿਕਾਰਤਾ-ਵਿਰੋਧੀ ਇਹ ਮੰਗ ਕਰਦੇ ਹਨ ਕਿ ਸਰਬ-ਅਧਿਕਾਰ ਪ੍ਰਾਪਤ ਰਾਜਸੀ ਰਾਜ ਨੂੰ ਇੱਕੋ ਵਾਰ ਨਾਲ਼, ਜਿਨ੍ਹਾਂ ਸਮਾਜਕ ਹਾਲਤਾਂ ਨੇ ਇਹਨੂੰ ਜਨਮ ਦਿੱਤਾ ਸੀ ਉਹਨਾਂ ਦੇ ਤਬਾਹ ਕੀਤੇ ਜਾਣ ਤੋਂ ਪਹਿਲਾਂ ਹੀ, ਖ਼ਤਮ ਕਰ ਦਿੱਤਾ ਜਾਵੇ। ਉਹ ਮੰਗ ਕਰਦੇ ਹਨ ਕਿ ਸਮਾਜੀ ਇਨਕਲਾਬ ਦਾ ਪਹਿਲਾ ਕਦਮ ਅਧਿਕਾਰਤਾ ਦਾ ਅੰਤ ਹੋਣਾ ਚਾਹੀਦਾ ਹੈ।

"ਕੀ ਇਹਨਾਂ ਭੱਦਰ-ਪੁਰਸ਼ਾਂ ਨੇ ਕਦੇ ਇਨਕਲਾਬ ਵੇਖਿਆ ਹੈ? ਇਨਕਲਾਬ ਨਿਸ਼ਚੇ ਹੀ, ਅਤਿ-ਅੰਤ ਅਧਿਕਾਰਤਾਵਾਦੀ ਚੀਜ਼ ਹੁੰਦੀ ਹੈ; ਇਹ ਇੱਕ ਅਜਿਹਾ ਕਦਮ ਹੈ ਜਿਸ ਰਾਹੀਂ ਵਸੋਂ ਦਾ ਇੱਕ ਹਿੱਸਾ ਦੂਜੇ ਹਿੱਸੇ ਉੱਤੇ ਰਫ਼ਲਾਂ, ਸੰਗੀਨਾਂ ਅਤੇ ਤੋਪਾਂ ਰਾਹੀਂ —ਜੇ ਕੋਈ ਅਧਿਕਾਰਤਾਵਾਦੀ ਸਾਧਨ ਹੋ ਸਕਦੇ ਹਨ ਤਾਂ ਉਹ ਇਹੋ ਹਨ— ਆਪਣੀ ਮਰਜ਼ੀ ਠੋਸਦਾ ਹੈ; ਅਤੇ ਜੇ ਜੇਤੂ ਧਿਰ ਇਹ ਨਹੀਂ ਚਾਹੁੰਦੀ ਕਿ ਉਹ ਵਿਅਰਥ ਹੀ ਲੜੀ ਹੋਵੇ ਤਾਂ ਇਹ ਲਾਜ਼ਮੀ ਹੈ ਕਿ ਉਹ ਇਸ ਹਕੂਮਤ ਨੂੰ ਉਸ ਡਰ ਰਾਹੀਂ ਕਾਇਮ ਰੱਖੇ ਜਿਹੜਾ ਇਹਦੇ ਹਥਿਆਰ ਪਿੱਛੇ-ਖਿੱਚੂਆਂ ਦੇ ਮਨਾਂ ਵਿੱਚ ਪੈਦਾ ਕਰਦੇ ਹਨ। ਜੇ ਉਹਨੇ ਬੁਰਜੂਆਜ਼ੀ ਵਿਰੁੱਧ ਹਥਿਆਰਬੰਦ ਲੋਕਾਂ ਦਾ ਇਹ ਅਧਿਕਾਰ ਨਾ ਵਰਤਿਆ ਹੁੰਦਾ ਤਾਂ ਕੀ ਪੈਰਿਸ ਕਮਿਊਨ ਇੱਕ ਦਿਨ ਵੀ ਜਿਉਂਦਾ ਰਹਿ ਸਕਦੀ ਸੀ? ਇਹਦੇ ਉਲਟ ਕੀ ਸਾਨੂੰ ਕਮਿਊਨ ਨੂੰ ਇਹ ਉਲਾਂਭਾ ਨਹੀਂ ਦੇਣਾ ਚਾਹੀਦਾ ਕਿ ਉਹਨੇ ਇਹ ਤਾਕਤ ਪੂਰੀ ਖੁੱਲ੍ਹ ਨਾਲ਼ ਨਹੀਂ ਵਰਤੀ? ਸੋ, ਦੋਹਾਂ ਵਿੱਚੋਂ ਇੱਕ ਗੱਲ ਹੈ: ਜਾਂ ਤਾਂ ਅਧਿਕਾਰਤਾ-ਵਿਰੋਧੀ ਇਹ ਨਹੀਂ ਜਾਣਦੇ ਕਿ ਉਹ ਕਿਸ ਬਾਰੇ ਗੱਲ ਕਰ ਰਹੇ ਹਨ ਅਤੇ ਗੜਬੜ ਪੈਦਾ ਕਰਨ ਤੋਂ ਬਿਨਾਂ ਕੁੱਝ ਨਹੀਂ ਕਰ ਰਹੇ; ਜਾਂ ਉਹ ਜਾਣਦੇ ਹਨ ਅਤੇ ਇਸ ਹਾਲਤ ਵਿੱਚ ਉਹ ਪ੍ਰੋਲਤਾਰੀ ਦੀ ਲਹਿਰ ਨਾਲ਼ ਗ਼ੱਦਾਰੀ ਕਰ ਰਹੇ ਹਨ। ਹਰ ਹਾਲਤ ਵਿੱਚ ਉਹ ਪਿਛਾਖੜ ਦੀ ਸੇਵਾ ਕਰ ਰਹੇ ਹਨ।" (ਪੰਨਾ 39)[26]

ਇਹ ਦਲੀਲ ਉਹਨਾਂ ਸਵਾਲਾਂ ਨੂੰ ਛੂੰਹਦੀ ਹੈ ਜਿਨ੍ਹਾਂ ਉੱਤੇ ਰਾਜ ਦੇ ਹੌਲੀ ਹੌਲੀ ਖ਼ਤਮ ਹੋਣ ਦੇ ਸਮੇਂ ਵਿੱਚ ਰਾਜ-ਨੀਤੀ ਅਤੇ ਆਰਥਕਤਾ ਵਿਚਕਾਰ ਸਬੰਧ ਦੇ ਵਿਸ਼ੇ ਦੇ ਸਬੰਧ ਵਿੱਚ ਵਿਚਾਰ ਕਰਨੀ ਚਾਹੀਦੀ ਹੈ (ਇਸ ਵਿਸ਼ੇ ਉੱਤੇ ਅਗਲੇ ਕਾਂਡ ਵਿੱਚ ਵਿਚਾਰ ਕੀਤੀ ਗਈ ਹੈ)। ਇਹ ਸਵਾਲ ਹਨ: ਸਰਵਜਨਕ ਕਾਰਜਾਂ ਦਾ ਰਾਜਸੀ ਤੋਂ ਪ੍ਰਬੰਧ ਦੇ ਸਾਦੇ ਕਾਰਜਾਂ ਵਿੱਚ ਤਬਦੀਲ ਹੋਣਾ ਅਤੇ "ਰਾਜਸੀ ਰਾਜ"। ਇਹ ਅਖ਼ੀਰੀ ਸ਼ਬਦ, ਜਿਹੜਾ ਵਿਸ਼ੇਸ਼ ਤੌਰ 'ਤੇ ਭੁਲੇਖੇ ਪੈਦਾ ਕਰ ਸਕਦਾ ਹੈ, ਰਾਜ ਦੇ ਹੌਲ਼ੀ ਹੌਲ਼ੀ ਖ਼ਤਮ ਹੋਣ ਦੇ ਅਮਲ ਦਾ ਸੰਕੇਤ ਦੇਂਦੀ ਹੈ: ਇਸ ਅਮਲ ਦੇ ਇੱਕ ਵਿਸ਼ੇਸ਼ ਪੜਾਅ ਉੱਤੇ ਖ਼ਤਮ ਹੋ ਰਹੇ ਰਾਜ ਨੂੰ ਗ਼ੈਰ-ਰਾਜਸੀ ਰਾਜ ਕਿਹਾ ਜਾ ਸਕਦਾ ਹੈ।

ਫੇਰ, ਏਂਗਲਜ਼ ਦੀ ਇਸ ਦਲੀਲ ਵਿੱਚ ਸਭ ਤੋਂ ਸ਼ਾਨਦਾਰ ਗੱਲ ਉਹ ਢੰਗ ਹੈ ਜਿਸ ਨਾਲ਼ ਉਹ ਅਰਾਜਕਤਾਵਾਦੀਆਂ ਵਿਰੁੱਧ ਮਾਮਲਾ ਪੇਸ਼ ਕਰਦੇ ਹਨ। 1873 ਤੋਂ ਆਪਣੇ ਆਪ ਨੂੰ ਏਂਗਲਜ਼ ਦੇ ਸ਼ਿਸ਼ ਕਹਿਣ ਵਾਲ਼ੇ ਸੋਸ਼ਲ-ਡੈਮੋਕਰੈਟਾਂ ਨੇ ਇਸ ਵਿਸ਼ੇ ਉੱਤੇ ਅਰਾਜਕਤਾਵਾਦੀਆਂ ਨਾਲ਼ ਲਖੂਖਾ ਵਾਰੀ ਬਹਿਸ ਕੀਤੀ ਹੈ ਪਰ ਉਹਨਾਂ ਉਸ ਢੰਗ ਨਾਲ਼ ਬਹਿਸ **ਨਹੀਂ** ਕੀਤੀ ਜਿਵੇਂ ਮਾਰਕਸਵਾਦੀਆਂ ਨੂੰ ਕਰਨੀ ਚਾਹੀਦੀ ਹੈ। ਅਰਾਜਕਤਾਵਾਦੀਆਂ ਦਾ ਰਾਜ ਦੇ ਅੰਤ ਦਾ ਵਿਚਾਰ ਗੰਧਲਾ ਅਤੇ **ਗ਼ੈਰ-ਇਨਕਲਾਬੀ** ਹੈ—ਏਂਗਲਜ਼ ਮਾਮਲੇ ਨੂੰ ਇਉਂ ਪੇਸ਼ ਕਰਦੇ ਹਨ। ਆਪਣੇ ਉਭਾਰ ਵਿੱਚ ਇਨਕਲਾਬ ਕੀ ਹੈ, ਹਿੰਸਾ, ਅਧਿਕਾਰਤਾ, ਸੱਤਾ, ਰਾਜ ਸਬੰਧੀ ਵਿਸ਼ੇਸ਼ ਕਾਰਜਾਂ ਸਮੇਤ ਇਨਕਲਾਬ, ਜਿਸਨੂੰ ਅਰਾਜਕਤਾਵਾਦੀ ਨਹੀਂ ਵੇਖਣਾ ਚਾਹੁੰਦੇ।

ਅਜੋਕੇ ਸੋਸ਼ਲ-ਡੈਮੋਕਰੈਟਾਂ ਵਲੋਂ ਅਰਾਜਕਤਾਵਾਦੀਆਂ ਦੀ ਪੜਚੋਲ ਘੱਟ ਕੇ ਇਸ ਅਤਿ-ਅੰਤ ਖ਼ਾਲਸ ਤੰਗ-ਨਜ਼ਰ ਨਿਗੂਣਤਾ ਤੱਕ ਅੱਪੜ ਗਈ ਹੈ: "ਅਸੀਂ ਰਾਜ ਨੂੰ ਪ੍ਰਵਾਨ ਕਰਦੇ ਹਾਂ ਪਰ ਅਰਾਜਕਤਾਵਾਦੀ ਨਹੀਂ ਕਰਦੇ!" ਸੁਭਾਵਕ ਹੀ ਅਜਿਹੀ ਨਿਗੂਣਤਾ ਉਹਨਾਂ ਮਜ਼ਦੂਰਾਂ ਨੂੰ ਜਿਹੜੇ ਸੋਚਣ ਯੋਗ ਅਤੇ ਇਨਕਲਾਬੀ ਹਨ ਪਰ੍ਹਾਂ ਧੱਕੇ ਬਿਨਾਂ ਨਹੀਂ ਰਹਿ ਸਕਦੀ। ਏਂਗਲਜ਼ ਜੋ ਕੁੱਝ ਕਹਿੰਦੇ ਹਨ ਉਹ ਵੱਖਰੀ ਗੱਲ ਹੈ। ਉਹ ਇਸ ਤੱਥ ਉੱਤੇ ਜ਼ੋਰ ਦੇਂਦੇ ਹਨ ਕਿ ਸਭ ਸੋਸ਼ਲਿਸਟ ਇਸ ਗੱਲ ਨੂੰ ਪ੍ਰਵਾਨ ਕਰਦੇ ਹਨ ਕਿ ਸੋਸ਼ਲਿਸਟ ਇਨਕਲਾਬ ਦੇ ਸਿੱਟੇ ਵਜੋਂ ਰਾਜ ਲੋਪ ਹੋ ਜਾਵੇਗਾ। ਫੇਰ ਉਹ ਠੋਸ ਤੌਰ 'ਤੇ ਇਨਕਲਾਬ ਦੇ ਸਵਾਲ ਨੂੰ ਹੱਥ ਵਿੱਚ ਲੈਂਦੇ ਹਨ—ਐਨ ਉਸੇ ਸਵਾਲ ਨੂੰ, ਜਿਸ ਤੋਂ ਸੋਸ਼ਲ-ਡੈਮੋਕਰੈਟ ਆਪਣੀ ਮੌਕਾ-ਪ੍ਰਸਤੀ ਕਾਰਨ ਕੰਨੀ ਕਤਰਾਉਂਦੇ ਹਨ ਅਤੇ ਕਿਹਾ ਜਾ ਸਕਦਾ ਹੈ ਕਿ "ਹੱਲ ਕਰਨ ਲਈ" ਉੱਕਾ ਹੀ ਅਰਾਜਕਤਾਵਾਦੀਆਂ ਲਈ ਛੱਡ ਦੇਂਦੇ ਹਨ। ਅਤੇ ਇਸ ਸਵਾਲ ਨੂੰ ਹੱਥ ਵਿੱਚ ਲੈਂਦੇ ਹੋਏ ਉਹ ਇਹਦਾ ਸਿੱਧੀ ਤਰ੍ਹਾਂ ਮੁਕਾਬਲਾ ਕਰਦੇ ਹਨ; ਉਹ ਪੁੱਛਦੇ ਹਨ ਕਿ ਕੀ ਕਮਿਊਨ ਨੂੰ **ਰਾਜ ਦੀ ਇਨਕਲਾਬੀ** ਸ਼ਕਤੀ, ਅਰਥਾਤ ਹਥਿਆਰਬੰਦ ਅਤੇ ਹਾਕਮ ਜਮਾਤ ਦੇ ਤੌਰ 'ਤੇ ਜਥੇਬੰਦ ਮਜ਼ਦੂਰ ਜਮਾਤ ਦੀ ਸ਼ਕਤੀ ਦੀ **ਵਧੇਰੇ** ਵਰਤੋਂ ਨਹੀਂ ਸੀ ਕਰਨੀ ਚਾਹੀਦੀ?

ਪ੍ਰਚਲਤ ਸਰਕਾਰੀ ਸੋਸ਼ਲ-ਡੈਮੋਕਰੈਸੀ ਅਕਸਰ ਇਨਕਲਾਬ ਵਿੱਚ ਪ੍ਰੋਲਤਾਰੀ ਦੇ ਠੋਸ ਕਾਰਜਾਂ ਦੇ ਸਵਾਲਾਂ ਨੂੰ ਜਾਂ ਤਾਂ ਤੰਗ-ਨਜ਼ਰ ਟਿਚਕਰ ਨਾਲ਼, ਜਾਂ, ਵੱਧ ਤੋਂ ਵੱਧ, "ਉਡੀਕੋ ਅਤੇ ਵੇਖੋ" ਦੀ ਭੁਲਾਂਦਰਾਵਾਦੀ ਘੁਸਾਈ ਨਾਲ਼ ਇੱਕ ਪਾਸੇ ਸੁੱਟ ਦੇਂਦੀ ਸੀ। ਅਤੇ ਅਰਾਜਕਤਾਵਾਦੀ ਅਜਿਹੀ ਸੋਸ਼ਲ-ਡੈਮੋਕਰੈਸੀ ਸਬੰਧੀ ਇਹ ਕਹਿਣ ਵਿੱਚ ਹੱਕੀ ਸਨ ਕਿ ਇਹ ਮਜ਼ਦੂਰਾਂ ਨੂੰ ਇਨਕਲਾਬੀ ਸਿੱਖਿਆ ਦੇਣ ਦੇ ਆਪਣੇ ਕਾਰਜ ਨਾਲ਼ ਗ਼ੱਦਾਰੀ ਕਰ ਰਹੀ ਹੈ। ਪ੍ਰੋਲਤਾਰੀ ਵੱਲੋਂ ਬੈਂਕਾਂ ਅਤੇ ਰਾਜ ਦੋਹਾਂ ਸੰਬੰਧੀ ਐਨ ਕੀ ਕਰਨਾ ਚਾਹੀਦਾ ਹੈ ਅਤੇ ਕਿਸ ਢੰਗ ਨਾਲ਼, ਇਸ ਦਾ ਅਤਿ-ਅੰਤ ਠੋਸ ਅਧਿਐਨ ਕਰਨ ਲਈ ਏਂਗਲਜ਼ ਅਖ਼ੀਰੀ ਪ੍ਰੋਲਤਾਰੀ ਇਨਕਲਾਬ ਦਾ ਅਧਿਐਨ ਕਰਦੇ ਹਨ।

## 3. ਬੇਬਲ ਵੱਲ ਖ਼ਤ

ਜੇ ਮਰਾਕਸ ਅਤੇ ਏਂਗਲਜ਼ ਦੀਆਂ ਕਿਰਤਾਂ ਵਿੱਚ ਰਾਜ ਸਬੰਧੀ ਅਤਿ-ਅੰਤ ਮਹੱਤਵ-ਪੂਰਨ ਵਿਚਾਰ ਨਹੀਂ ਤਾਂ ਅਤਿ-ਅੰਤ ਮਹਤੱਵ-ਪੂਰਨ ਵਿੱਚੋਂ ਇੱਕ ਬੇਬਲ ਦੇ ਨਾਂ ਏਂਗਲਜ਼ ਦੇ 18-28 ਮਾਰਚ 1875 ਦੇ ਖ਼ਤ ਵਿਚੋਂ ਹੇਠ ਲਿਖੀ ਟੂਕ ਹੈ। ਚਲਦੇ ਚਲਦੇ ਅਸੀਂ ਇਹ ਵੀ ਕਹਿ ਦਈਏ ਕਿ, ਜਿਥੋਂ ਤੱਕ ਸਾਨੂੰ ਪਤਾ ਹੈ, ਇਹ ਖ਼ਤ ਪਹਿਲਾਂ ਪਹਿਲ ਬੇਬਲ ਨੇ ਆਪਣੀਆਂ ਯਾਦਾਂ ਦੀ ਦੂਜੀ ਸੈਂਚੀ («Aus meinem Leben») ਵਿੱਚ, ਜਿਹੜੀ 1911 ਵਿੱਚ ਛਪੀ, ਅਰਥਾਤ ਖ਼ਤ ਦੇ ਲਿਖੇ ਅਤੇ ਡਾਕ ਵਿੱਚ ਘੱਲੇ ਜਾਣ ਤੋਂ ਛੱਤੀ ਵਰ੍ਹੇ ਪਿੱਛੋਂ ਛਾਪਿਆ।

ਏਂਗਲਜ਼ ਨੇ ਬੇਬਲ ਨੂੰ ਗੋਥਾ ਪ੍ਰੋਗਰਾਮ ਦੇ ਐਨ ਉਸੇ ਖਰੜੇ ਉੱਤੇ ਪੜਚੋਲ ਕਰਦੇ ਹੋਏ ਲਿਖਿਆ ਸੀ ਜਿਸ ਉੱਤੇ ਬਰਾਕੇ[27] ਦੇ ਨਾਂ ਆਪਣੇ ਪ੍ਰਸਿੱਧ ਪੱਤਰ ਵਿੱਚ ਮਾਰਕਸ ਨੇ ਵੀ ਪੜਚੋਲ ਕੀਤੀ ਸੀ। ਵਿਸ਼ੇਸ਼ ਤੌਰ 'ਤੇ ਰਾਜ ਦੇ ਸਵਾਲ ਦਾ ਜ਼ਿਕਰ ਕਰਦੇ ਹੋਏ ਏਂਗਲਜ਼ ਨੇ ਲਿਖਿਆ:

> "... ਆਜ਼ਾਦ ਲੋਕ ਰਾਜ ਨੂੰ ਆਜ਼ਾਦ ਰਾਜ ਵਿੱਚ ਤਬਦੀਲ ਕਰ ਦਿੱਤਾ ਜਾਂਦਾ ਹੈ। ਇਹਦੇ ਵਿਆਕਰਣਕ ਅਰਥਾਂ ਵਿੱਚ ਇੱਕ ਅਜ਼ਾਦ ਰਾਜ ਉਹ ਹੈ ਜਿਹੜਾ ਆਪਣੇ ਸ਼ਹਿਰੀਆਂ ਦੇ ਸਬੰਧ ਵਿੱਚ ਅਜ਼ਾਦ ਹੈ, ਅਰਥਾਤ ਆਪਹੁਦਰੀ ਹਕੂਮਤ। ਰਾਜ ਸੰਬੰਧੀ ਸਾਰੀ ਗੱਲ ਛੱਡ ਦੇਣੀ ਚਾਹੀਦੀ ਹੈ, ਵਿਸ਼ੇਸ਼ ਤੌਰ 'ਤੇ ਕਮਿਊਨ ਤੋਂ ਪਿੱਛੋਂ, ਜਿਹੜੀ ਸ਼ਬਦ ਦੇ ਠੀਕ ਅਰਥਾਂ ਵਿੱਚ ਰਾਜ ਨਹੀਂ ਸੀ। ਅਰਾਜਕਤਾਵਾਦੀਆਂ ਨੇ 'ਲੋਕ ਰਾਜ' ਏਨੀ ਵਾਰੀ ਸਾਡੇ ਮੂੰਹ ਉੱਤੇ ਸੁੱਟਿਆ ਹੈ ਕਿ ਇਸਤੋਂ ਘਿਣ ਆਉਣ ਲੱਗ ਪਈ ਹੈ, ਭਾਵੇਂ ਪਹਿਲਾਂ ਹੀ ਪਰੂਦੋਂ ਵਿਰੁੱਧ ਮਾਰਕਸ ਦੀ ਕਿਤਾਬ[28] ਅਤੇ ਉਸ ਤੋਂ ਪਿੱਛੋਂ 'ਕਮਿਊਨਿਸਟ ਮੈਨੀਫ਼ੈਸਟੋ' ਸਿੱਧੀ ਤਰ੍ਹਾਂ ਐਲਾਨ ਕਰਦੇ ਹਨ ਕਿ ਸਮਾਜ ਦੀ ਸੋਸ਼ਲਿਸਟ ਬਣਤਰ ਲਾਗੂ ਕੀਤੇ ਜਾਣ ਤੋਂ ਪਿੱਛੋਂ ਰਾਜ ਆਪਣੇ ਆਪ ਖੁਰ ਜਾਵੇਗਾ (sich auflöst) ਅਤੇ ਲੋਪ ਹੋ ਜਾਵੇਗਾ। ਸੋ, ਕਿਉਂਕਿ ਰਾਜ ਕੇਵਲ ਕੁੱਝ ਸਮਾਂ ਰਹਿਣ ਵਾਲ਼ੀ ਸੰਸਥਾ ਹੈ, ਜਿਸ ਨੂੰ ਘੋਲ ਵਿੱਚ, ਇਨਕਲਾਬ ਵਿੱਚ, ਵਿਰੋਧੀਆਂ ਨੂੰ ਦਬਾ ਕੇ ਰੱਖਣ ਲਈ ਵਰਤਿਆ ਜਾਂਦਾ ਹੈ, ਆਜ਼ਾਦ ਲੋਕ ਰਾਜ ਦੀ ਗੱਲ ਕਰਨਾ ਖ਼ਾਲਸ ਬਕਵਾਸ ਹੈ : ਜਿੰਨਾਂ ਚਿਰ ਪ੍ਰੋਲੇਤਾਰੀ ਅਜੇ ਰਾਜ ਦੀ **ਵਰਤੋਂ ਕਰਦਾ ਹੈ**, ਉਹ ਇਹਨੂੰ ਆਜ਼ਾਦੀ ਦੇ ਹਿੱਤਾਂ ਵਿੱਚ ਨਹੀਂ ਸਗੋਂ ਆਪਣੇ ਵਿਰੋਧੀਆਂ ਨੂੰ ਦਬਾ ਕੇ ਰੱਖਣ ਲਈ ਵਰਤਦਾ ਹੈ ਅਤੇ ਜਿਉਂ ਹੀ ਆਜ਼ਾਦੀ ਦੀ ਗੱਲ ਕਰਨਾ ਸੰਭਵ ਹੁੰਦਾ ਹੈ, ਰਾਜ, ਰਾਜ ਦੇ ਤੌਰ 'ਤੇ, ਖਤਮ ਹੋ ਜਾਂਦਾ ਹੈ। ਇਸ ਲਈ ਸਾਨੂੰ ਹਰ ਥਾਂ **ਰਾਜ** ਦੀ ਥਾਂ "ਭਾਈਚਾਰਾ" (Gemeinwesen) ਨੂੰ ਦੇਣ ਦੀ ਤਜਵੀਜ਼ ਕਰਨੀ ਚਾਹੀਦੀ ਹੈ, ਇਹ ਇੱਕ ਚੰਗਾ ਪੁਰਾਣਾ ਜਰਮਨ ਸ਼ਬਦ ਹੈ, ਜਿਹੜਾ ਫਰਾਂਸੀਸੀ ਸ਼ਬਦ 'ਕਮਿਊਨ' ਦੇ ਅਰਥ ਚੰਗੀ ਤਰ੍ਹਾਂ ਪੇਸ਼ ਕਰ ਸਕਦਾ ਹੈ।" (ਅਸਲ ਜਰਮਨ ਦਾ ਪੰਨਾ 321-

322)

ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਇਹ ਖ਼ਤ ਉਸ ਪਾਰਟੀ ਪ੍ਰੋਗਰਾਮ ਦਾ ਜ਼ਿਕਰ ਕਰਦਾ ਹੈ ਜਿਸ ਉੱਤੇ ਮਾਰਕਸ ਨੇ ਵੀ ਉਪ੍ਰੋਕਤ ਤੋਂ ਕੇਵਲ ਕੁੱਝ ਹਫ਼ਤੇ ਪਿੱਛੋਂ ਦੀ ਤਾਰੀਖ਼ ਵਾਲ਼ੇ ਖ਼ਤ ਵਿੱਚ ਪੜਚੋਲ ਕੀਤੀ (ਮਾਰਕਸ ਦੇ ਖ਼ਤ ਉੱਤੇ 5 ਮਈ 1875 ਦੀ ਤਾਰੀਖ਼ ਹੈ) ਅਤੇ ਇਹ ਕਿ ਉਸ ਸਮੇਂ ਏਂਗਲਜ਼ ਲੰਦਨ ਵਿੱਚ ਮਾਰਕਸ ਦੇ ਨਾਲ਼ ਰਹਿ ਰਹੇ ਸਨ। ਸੋ, ਜਦੋਂ ਅਖ਼ੀਰੀ ਵਾਕ ਵਿੱਚ ਉਹ ਸ਼ਬਦ "ਸਾਨੂੰ" ਵਰਤਦੇ ਹਨ ਤਾਂ ਨਿਰਸੰਦੇਹ ਏਂਗਲਜ਼ ਆਪਣੇ ਵੱਲੋਂ ਵੀ ਅਤੇ ਮਾਰਕਸ ਵੱਲੋਂ ਵੀ ਜਰਮਨ ਮਜ਼ਦੂਰਾਂ ਦੀ ਪਾਰਟੀ ਦੇ ਨੇਤਾ ਅੱਗੇ ਤਜਵੀਜ਼ ਪੇਸ਼ ਕਰ ਰਹੇ ਸਨ ਕਿ **ਪ੍ਰੋਗਰਾਮ ਵਿੱਚੋਂ** ਸ਼ਬਦ "ਰਾਜ" **ਕੱਢ ਦਿੱਤਾ ਜਾਵੇ** ਅਤੇ ਇਹਦੀ ਥਾਂ ਸ਼ਬਦ "**ਭਾਈਚਾਰਾ**" ਲਿਖ ਦਿੱਤਾ ਜਾਵੇ।

ਜੇ ਉਨ੍ਹਾਂ ਨੂੰ ਪ੍ਰੋਗਰਾਮ ਵਿੱਚ ਅਜਿਹੀ ਸੋਧ ਕਰਨ ਲਈ ਕਿਹਾ ਜਾਵੇ ਤਾਂ ਅਜੋਕੇ "ਮਾਰਕਸਵਾਦ" ਦੇ, ਜਿਸਨੂੰ ਮੌਕਾ-ਪ੍ਰਸਤਾਂ ਦੇ ਸੌਖ ਅਨੁਸਾਰ ਤੋੜਿਆ-ਮਰੋੜਿਆ ਗਿਆ ਹੈ, ਨੇਤਾ "ਅਰਾਜਕਤਾਵਾਦ" ਬਾਰੇ ਕਿੰਨੀ ਉੱਚੀ ਚੀਕ ਮਾਰਨਗੇ!

ਉਹਨਾਂ ਨੂੰ ਚੀਕਾਂ ਮਾਰਨ ਦਿਓ। ਇਸ ਨਾਲ਼ ਉਹ ਬੁਰਜੂਆਜ਼ੀ ਦੀ ਸ਼ਲਾਘਾ ਖੱਟਣਗੇ।

ਅਤੇ ਅਸੀਂ ਆਪਣਾ ਕੰਮ ਜਾਰੀ ਰੱਖਾਂਗੇ। ਸਾਡੀ ਪਾਰਟੀ ਦੇ ਪ੍ਰੋਗਰਾਮ ਨੂੰ ਸੋਧਦੇ ਹੋਏ ਇਹ ਲਾਜ਼ਮੀ ਹੈ ਕਿ ਸੱਚ ਦੇ ਵਧੇਰੇ ਨੇੜੇ ਆਉਣ ਲਈ, ਇਹਦੇ ਵਿੱਚੋਂ ਵਿਗਾੜਾਂ ਨੂੰ ਕੱਢ ਕੇ ਮਾਰਕਸਵਾਦ ਨੂੰ ਮੁੜ ਸਥਾਪਤ ਕਰਨ ਲਈ, ਉਹਦੀ ਮੁਕਤੀ ਲਈ ਮਜ਼ਦੂਰ ਜਮਾਤ ਦੇ ਘੋਲ ਦੀ ਹੋਰ ਚੰਗੀ ਤਰ੍ਹਾਂ ਅਗਵਾਈ ਕਰਨ ਲਈ, ਅਸੀਂ ਨਿਰੰਤਰ ਮਾਰਕਸ ਅਤੇ ਏਂਗਲਜ਼ ਦੀ ਸਲਾਹ ਮੰਨੀਏ। ਨਿਰਸੰਦੇਹ ਬਾਲਸ਼ਵਿਕਾਂ ਵਿਚੋਂ ਕੋਈ ਅਜਿਹਾ ਨਹੀਂ ਮਿਲੇਗਾ ਜਿਹੜਾ ਮਾਰਕਸ ਅਤੇ ਏਂਗਲਜ਼ ਦੀ ਸਲਾਹ ਦੇ ਵਿਰੁੱਧ ਹੋਵੇ। ਸ਼ਾਇਦ ਜਿਹੜੀ ਇੱਕੋ ਇੱਕ ਔਕੜ ਪੈਦਾ ਹੋ ਸਕਦੀ ਹੈ ਉਹ ਸ਼ਬਦਾਂ ਸਬੰਧੀ ਹੈ। ਜਰਮਨ ਭਾਸ਼ਾ ਵਿੱਚ ਦੋ ਸ਼ਬਦ ਹਨ ਜਿਨ੍ਹਾਂ ਦਾ ਅਰਥ 'ਭਾਈਚਾਰਾ' ਹੈ, ਜਿਨ੍ਹਾਂ ਵਿੱਚੋਂ ਏਂਗਲਜ਼ ਨੇ ਉਹ ਸ਼ਬਦ ਵਰਤਿਆ ਹੈ ਜਿਸਦਾ ਅਰਥ ਇੱਕੋ ਇੱਕ ਭਾਈਚਾਰਾ **ਨਹੀਂ** ਸਗੋਂ ਉਹਨਾਂ ਦਾ ਸਮੂਹ ਹੈ, ਭਾਈਚਾਰਿਆਂ ਦਾ ਇੱਕ ਪ੍ਰਬੰਧ ਹੈ। ਰੂਸੀ ਵਿੱਚ ਅਜਿਹਾ ਕੋਈ ਸ਼ਬਦ ਨਹੀਂ ਅਤੇ ਸ਼ਾਇਦ ਸਾਨੂੰ ਫ਼ਰਾਂਸੀਸੀ ਸ਼ਬਦ "ਕਮਿਊਨ" ਵਰਤਣਾ ਪਵੇਗਾ, ਭਾਵੇਂ ਇਹਦੇ ਵਿੱਚ ਊਣਤਾਈਆਂ ਹਨ।

"ਸ਼ਬਦ ਦੇ ਪੂਰੇ ਅਰਥਾਂ ਵਿੱਚ ਕਮਿਊਨ ਰਾਜ ਨਹੀਂ ਸੀ ਰਿਹਾ" —ਸਿਧਾਂਤਕ ਦ੍ਰਿਸ਼ਟੀਕੋਣ ਤੋਂ ਇਹ ਏਂਗਲਜ਼ ਵੱਲੋਂ ਕਹੀ ਗਈ ਸਭ ਤੋਂ ਵੱਧ ਮਹੱਤਵ-ਪੂਰਨ ਗੱਲ ਹੈ। ਉੱਪਰ ਜੋ ਕੁੱਝ ਕਿਹਾ ਗਿਆ ਹੈ ਉਸ ਤੋਂ ਪਿੱਛੋਂ ਇਹ ਗੱਲ ਬਿਲਕੁਲ ਸਪਸ਼ਟ ਹੋ ਜਾਂਦੀ ਹੈ। ਕਮਿਊਨ ਦਾ ਰਾਜ ਹੋਣਾ **ਖ਼ਤਮ ਹੁੰਦਾ ਜਾ ਰਿਹਾ ਸੀ** ਜਿਥੋਂ ਤੱਕ ਇਸਨੇ ਵਸੋਂ ਦੀ ਬਹੁ-ਗਿਣਤੀ ਨੂੰ ਨਹੀਂ ਸਗੋ ਘੱਟ-ਗਿਣਤੀ (ਲੋਟੂਆਂ) ਨੂੰ ਦਬਾਉਣ ਸੀ; ਇਹਨੇ ਬੁਰਜੂਆ ਰਾਜ ਬਣਤਰ ਨੂੰ ਤੋੜ ਦਿੱਤਾ ਸੀ; ਇੱਕ **ਵਿਸ਼ੇਸ਼** ਦਬਾਉਣ ਵਾਲ਼ੀ ਸ਼ਕਤੀ ਦੀ ਥਾਂ ਵਸੋਂ ਪਿੜ ਵਿੱਚ ਨਿੱਤਰ ਆਈ ਸੀ। ਇਹ ਸਭ ਕੁੱਝ ਸ਼ਬਦ ਦੇ ਠੀਕ ਅਰਥਾਂ ਵਿੱਚ, ਰਾਜ ਤੋਂ ਦੂਰ ਜਾਣਾ ਸੀ।

ਅਤੇ ਜੇ "ਕਮਿਊਨ" ਪੱਕੇ ਪੈਰੀਂ ਜੰਮ ਜਾਂਦੀ ਤਾਂ ਇਹਦੇ ਵਿੱਚ ਰਾਜ ਦੀਆਂ ਕੁੱਲ ਨਿਸ਼ਾਨੀਆਂ ਆਪਣੇ ਆਪ "ਹੌਲੀ ਹੌਲੀ ਖ਼ਤਮ ਹੋ ਜਾਂਦੀਆਂ"; ਇਹਦੇ ਲਈ ਰਾਜ ਦੀਆਂ ਸੰਸਥਾਵਾਂ ਨੂੰ "ਖ਼ਤਮ ਕਰਨਾ" ਜ਼ਰੂਰੀ ਹੋ ਜਾਂਦਾ ਹੈ; ਉਹ ਉਸ ਹੱਦ ਤੱਕ ਕੰਮ ਕਰਨੋਂ ਹਟ ਜਾਂਦੀਆਂ ਜਿਸ ਹਦ ਤੱਕ ਉਹਨਾਂ ਲਈ ਕੁੱਝ ਕਰਨ ਨੂੰ ਨਾ ਰਹਿ ਜਾਂਦਾ।

"ਅਰਾਜਕਤਾਵਾਦੀਆਂ ਨੇ 'ਲੋਕ ਰਾਜ' ਏਨੀ ਵਾਰੀ ਸਾਡੇ ਮੂੰਹ ਉੱਤੇ ਸੁੱਟਿਆ ਹੈ।" ਇਹ ਕਹਿੰਦੇ ਹੋਏ ਏਂਗਲਜ਼ ਸਭ ਤੋਂ ਵੱਧ ਬਾਕੂਨਿਨ ਅਤੇ ਜਰਮਨ ਸੋਸ਼ਲ-ਡੈਮੋਕਰੈਟਾਂ ਉੱਤੇ ਉਹਦੇ ਹਮਲੇ ਯਾਦ ਰੱਖ ਰਹੇ ਸਨ। ਏਂਗਲਜ਼ ਮੰਨਦੇ ਹਨ ਕਿ ਇਹ ਹਮਲੇ **ਇਸ ਹੱਦ ਤੱਕ** ਹੱਕੀ ਸਨ ਕਿ "ਲੋਕ ਰਾਜ" ਵੀ ਓਨਾ ਹੀ ਬਕਵਾਸ ਅਤੇ ਸੋਸ਼ਲਿਜ਼ਮ ਤੋਂ ਕੁਰਾਹਾ ਸੀ ਜਿੰਨਾ "ਅਜ਼ਾਦ ਲੋਕ ਰਾਜ"। ਏਂਗਲਜ਼ ਨੇ ਅਰਾਜਕਤਾਵਾਦੀਆਂ ਵਿਰੁੱਧ ਜਰਮਨ ਸੋਸ਼ਲ-ਡੈਮੋਕਰੈਟਾਂ ਦੇ ਘੋਲ ਨੂੰ ਠੀਕ ਕਰਨ ਦਾ, ਇਸ ਵਿੱਚ "ਰਾਜ" ਸਬੰਧੀ ਮੌਕਾ-ਪ੍ਰਸਤ ਤਅਸਬਾਂ ਨੂੰ ਖ਼ਾਰਜ ਕਰਨ ਦਾ ਯਤਨ ਕੀਤਾ। ਬਦਕਿਸਮਤੀ! ਏਂਗਲਜ਼ ਦਾ ਖ਼ਤ ਛੱਤੀ ਵਰ੍ਹੇ ਖੁੱਡੇ ਲੱਗਾ ਰਿਹਾ। ਅਸੀਂ ਅੱਗੇ ਚੱਲਕੇ ਵੇਖਾਂਗੇ ਕਿ ਜਦੋਂ ਖ਼ਤ ਛਪ ਵੀ ਗਿਆ ਤਾਂ ਕਾਊਟਸਕੀ ਨੇ ਉਹੋ ਕੁੱਝ ਦੁਹਰਾਇਆ ਜਿਹੜਾ ਤੱਤ ਵਿੱਚ ਉਹੋ ਗ਼ਲਤੀਆਂ ਸਨ ਜਿਨ੍ਹਾਂ ਵਿਰੁੱਧ ਏਂਗਲਜ਼ ਨੇ ਚੇਤਾਵਨੀ ਦਿੱਤੀ ਸੀ।

ਬੇਬਲ ਨੇ 21 ਸਤੰਬਰ 1875 ਦੀ ਤਾਰੀਖ਼ ਵਾਲ਼ੇ ਇੱਕ ਖ਼ਤ ਵਿੱਚ ਏਂਗਲਜ਼ ਨੂੰ ਉੱਤਰ ਦਿੱਤਾ, ਜਿਸ ਵਿੱਚ ਉਹਨੇ ਹੋਰਨਾਂ ਗੱਲਾਂ ਤੋਂ ਬਿਨਾਂ ਕਿਹਾ ਕਿ ਉਹ ਪ੍ਰੋਗਰਾਮ ਦੇ ਖਰੜੇ ਸੰਬੰਧੀ ਏਂਗਲਜ਼ ਦੀ ਪੜਚੋਲ ਨਾਲ਼ "ਪੂਰੀ ਤਰ੍ਹਾਂ ਸਹਿਮਤ" ਸੀ ਅਤੇ ਇਹ ਕਿ ਉਹਨੇ ਲੀਬਕਨੇਖ਼ਤ ਨੂੰ ਰਿਆਇਤਾਂ ਦੇਣ ਲਈ ਤਿਆਰ ਰਹਿਣ ਲਈ ਝਾੜ ਪਾਈ ਹੈ (ਬੇਬਲ ਦੀਆਂ ਯਾਦਾਂ ਦੀ ਜਰਮਨ ਛਾਪ ਦਾ ਪੰਨਾ 334)। ਪਰ ਜੇ ਅਸੀਂ ਬੇਬਲ ਦਾ ਪੈਂਫ਼ਲਟ "ਸਾਡੇ ਮੰਤਵ" ਲਈਏ ਤਾਂ ਸਾਨੂੰ ਰਾਜ ਸੰਬੰਧੀ ਅਜਿਹੇ ਵਿਚਾਰ ਮਿਲਦੇ ਹਨ ਜਿਹੜੇ ਉੱਕਾ ਹੀ ਗ਼ਲਤ ਹਨ :

> "ਇਹ ਲਾਜ਼ਮੀ ਹੈ ਕਿ ਰਾਜ ਨੂੰ **ਜਮਾਤੀ ਹਕੂਮਤ** ਉੱਤੇ ਆਧਾਰਤ ਰਾਜ ਤੋਂ **ਲੋਕ ਰਾਜ** ਵਿੱਚ ਤਬਦੀਲ ਕੀਤਾ ਜਾਵੇ।" («Unsere Ziele», 1886, ਜਰਮਨ ਛਾਪ, ਪੰਨਾ 14।)

ਇਹ ਗੱਲ ਬੇਬਲ ਦੇ ਪੈਂਫਲਟ ਦੀ **ਨੌਵੀਂ** (ਨੌਵੀਂ!) ਛਾਪ ਵਿੱਚ ਕਹੀ ਗਈ! ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਰਾਜ ਸੰਬੰਧੀ ਏਨੀ ਦ੍ਰਿੜ੍ਹਤਾ ਨਾਲ ਦੁਹਰਾਏ ਮੌਕਾ-ਪ੍ਰਸਤ ਵਿਚਾਰ ਜਰਮਨ ਸੋਸ਼ਲ-ਡੈਮੋਕਰੈਸੀ ਨੇ ਸਮੋ ਲਏ, ਖ਼ਾਸ ਤੌਰ 'ਤੇ ਇਸ ਲਈ ਕਿ ਏਂਗਲਜ਼ ਦੀ ਇਨਕਲਾਬੀ ਵਿਆਖਿਆ ਸਫ਼ਲਤਾ ਨਾਲ਼ ਖੁੱਡੇ ਲਾ ਦਿੱਤੀ ਗਈ ਸੀ ਅਤੇ ਜੀਵਨ ਦੀਆਂ ਸਭੇ ਹਾਲਤਾਂ ਅਜਿਹੀਆਂ ਸਨ, ਜਿਹੜੀਆਂ ਲੰਮੇ ਸਮੇਂ ਤੱਕ ਇਨਕਲਾਬ ਤੋਂ ਉਹਨਾਂ ਦੀ "ਦੁੱਧ-ਛੁੜਾਈ" ਕਰ ਸਕਦੀਆਂ ਸਨ!

## 4. ਅਰਫ਼ੁਰਟ ਪ੍ਰੋਗਰਾਮ ਦੀ ਪੜਚੋਲ

ਰਾਜ ਦੇ ਮਸਲੇ ਸੰਬੰਧੀ ਮਰਾਕਸਵਾਦੀ ਸਿੱਖਿਆ ਨੂੰ ਵੇਖਦੇ ਹੋਏ, ਅਰਫੁਰਟ

ਪ੍ਰੋਗਰਾਮ[29] ਦੀ ਪੜਚੋਲ, ਜਿਹੜੀ ਏਂਗਲਜ਼ ਨੇ 29 ਜੂਨ 1891 ਨੂੰ ਕਾਊਟਸਕੀ ਨੂੰ ਭੇਜੀ ਅਤੇ ਜਿਹੜੀ ਦਸ ਵਰ੍ਹੇ ਪਿੱਛੋਂ ਹੀ «Neue Zeit» ਵਿੱਚ ਛਪੀ, ਅੱਖੋਂ ਉਹਲੇ ਨਹੀਂ ਕੀਤੀ ਜਾ ਸਕਦੀ; ਕਿਉਂਕਿ ਇਸ ਪੜਚੋਲ ਦਾ ਸੰਬੰਧ ਮੁੱਖ ਤੌਰ 'ਤੇ **ਰਾਜ** ਦੀ ਬਣਤਰ ਸਬੰਧੀ ਸੋਸ਼ਲ-ਡੈਮੋਕਰੈਸੀ ਦੇ **ਮੌਕਾ-ਪ੍ਰਸਤ** ਵਿਚਾਰਾਂ ਨਾਲ਼ ਹੈ।

ਚਲਦੇ ਚਲਦੇ ਅਸੀਂ ਇਹ ਵੀ ਕਹਿ ਦਈਏ ਕਿ ਏਂਗਲਜ਼ ਆਰਥਕਤਾ ਦੇ ਸਵਾਲਾਂ ਸਬੰਧੀ ਵੀ ਇੱਕ ਅਤਿ-ਅੰਤ ਵਡਮੁੱਲੀ ਗੱਲ ਕਹਿ ਜਾਂਦੇ ਹਨ, ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਉਹਨਾਂ ਨਵੀਨ ਸਰਮਾਏਦਾਰੀ ਵਿੱਚ ਆ ਰਹੀਆਂ ਤਬਦੀਲੀਆਂ ਕਿੰਨੇ ਧਿਆਨ ਨਾਲ਼ ਅਤੇ ਕਿੰਨੇ ਵਿਚਾਰ ਨਾਲ਼ ਵੇਖੀਆਂ ਅਤੇ ਕਿਵੇ ਇਸੇ ਕਾਰਨ ਹੀ ਉਹ ਕੁੱਝ ਹੱਦ ਤੱਕ ਸਾਡੇ ਅਜੋਕੇ, ਸਾਮਰਾਜੀ ਯੁੱਗ ਦੇ ਕਾਰਜਾਂ ਨੂੰ ਵੇਖ ਸਕੇ। ਇਹ ਹੈ ਇੱਕ ਹਿੱਸਾ : ਪ੍ਰੋਗਰਾਮ ਦੇ ਖਰੜੇ ਵਿੱਚ "ਅਯੋਜਨਾਬੰਦੀ" (Planlosigkeit) ਸਰਮਾਏਦਾਰੀ ਦੀ ਲਖਣਾਇਕ ਹੋਣ ਸੰਬੰਧੀ ਵਰਤੇ ਸ਼ਬਦ ਦਾ ਜ਼ਿਕਰ ਕਰਦੇ ਹੋਏ ਏਂਗਲਜ਼ ਲਿਖਦੇ ਹਨ :

> "...ਜਦੋਂ ਅਸੀਂ ਲਿਮਟਿਡ ਕੰਪਨੀਆਂ ਤੋਂ ਧੜਵੈਲ ਕੰਪਨੀਆਂ ਵੱਲ ਵਧਦੇ ਹਾਂ, ਜਿਹੜੀਆਂ ਸਨਅਤ ਦੀਆਂ ਪੂਰੀਆਂ ਸ਼ਾਖਾਂ ਉੱਤੇ ਕੰਟਰੋਲ ਕਰਦੀਆਂ ਅਤੇ ਉਹਨਾਂ ਵਿੱਚ ਅਜਾਰੇਦਾਰੀ ਸਥਾਪਤ ਕਰ ਲੈਂਦੀਆਂ ਹਨ ਤਾਂ ਨਾ ਕੇਵਲ ਨਿੱਜੀ ਉਤਾਪਦਨ ਖ਼ਤਮ ਹੋ ਜਾਂਦਾ ਹੈ ਸਗੋਂ ਅਯੋਜਨਾਬੰਦੀ ਵੀ ਖ਼ਤਮ ਹੋ ਜਾਂਦੀ ਹੈ।" («Neue Zeit», ਸੈਂਚੀ 20; 1, 1901-02, ਪੰਨਾ 8)

ਇਥੇ ਸਾਡੇ ਸਾਹਮਣੇ ਉਹ ਕੁੱਝ ਹੈ ਜੋ ਸਰਮਾਏਦਾਰੀ ਦੇ ਅਤਿ-ਨਵੀਨ ਯੁੱਗ, ਸਾਮਰਾਜ ਦੇ ਸਿਧਾਂਤਕ ਮੁਲੰਗਣ ਲਈ ਅਤਿ-ਅੰਤ ਜ਼ਰੂਰੀ ਹੈ, ਅਰਥਾਤ ਇਹ ਕਿ ਸਰਮਾਏਦਾਰੀ ਅਜਾਰੇਦਾਰ **ਸਰਮਾਏਦਾਰੀ** ਬਣ ਜਾਂਦੀ ਹੈ। ਇਸ ਪਿਛਲੇਰੀ ਗੱਲ ਉੱਤੇ ਜ਼ਰੂਰ ਜ਼ੋਰ ਦੇਣਾ ਚਾਹੀਦਾ ਹੈ ਕਿਉਂਕਿ ਇਹ ਗ਼ਲਤ ਬੁਰਜੂਆ ਸੁਧਾਰਵਾਦੀ ਕਥਨ ਕਿ ਅਜਾਰੇਦਾਰ ਸਰਮਾਏਦਾਰੀ ਜਾਂ ਰਾਜ-ਅਜਾਰੇਦਾਰ ਸਰਮਾਏਦਾਰੀ **ਹੁਣ** ਸਰਮਾਏਦਾਰੀ **ਨਹੀਂ** ਰਹਿੰਦੀ ਸਗੋਂ ਇਹਨੂੰ ਹੁਣ ਤੋਂ ਹੀ "ਰਾਜਕੀ ਸੋਸ਼ਲਿਜ਼ਮ" ਕਿਹਾ ਜਾ ਸਕਦਾ ਹੈ, ਜਾਂ ਇਹੋ ਜਿਹੀ ਹੀ ਹੋਰ ਗੱਲ, ਬਹੁਤ ਜ਼ਿਆਦਾ ਪ੍ਰਚਲਤ ਹੈ। ਨਿਰਸੰਦੇਹ ਧੜਵੈਲ ਕੰਪਨੀਆਂ ਨੇ ਨਾ ਤਾਂ ਕਦੇ ਪੂਰਨ ਪਲਾਨਬੰਦੀ ਪੈਦਾ ਕੀਤੀ ਨਾ ਹੁਣ ਕਰਦੀਆਂ ਹਨ ਅਤੇ ਨਾ ਹੀ ਪੈਦਾ ਕਰ ਸਕਦੀਆਂ ਹਨ। ਪਰ ਉਹ ਕਿੰਨੀ ਵੱਧ ਤੋਂ ਵੱਧ ਪਲਾਨ ਕਿਉਂ ਨਾ ਬਣਾਉਣ, ਸਰਮਾਏਦਾਰ ਧੰਨਾ-ਸ਼ਾਹ ਕਿੰਨੀ ਹੱਦ ਤੋਂ ਪਹਿਲੀ ਕੌਮੀ ਜਾਂ ਇਥੋਂ ਤੱਕ ਕਿ ਕੌਮਾਂਤਰੀ ਪੱਧਰ ਉੱਤੇ ਉਤਪਾਦਨ ਦੀ ਮਾਤਰਾ ਦਾ ਹਿਸਾਬ ਕਿਉਂ ਨਾ ਲਾ ਲੈਣ ਅਤੇ ਕਿੰਨੇ ਨੇਮ ਨਾਲ਼ ਉਹ ਇਹਨੂੰ ਇਕਸਾਰ ਕਿਉਂ ਨਾ ਕਰਨ, ਅਸੀਂ ਅਜੇ ਵੀ **ਸਰਮਾਏਦਾਰੀ** ਅਧੀਨ ਹੀ ਰਹਿੰਦੇ ਹਾਂ—ਇਹ ਸੱਚ ਹੈ ਕਿ ਇਹ ਅਜਿਹੀ ਸਰਮਾਏਦਾਰੀ ਹੈ ਜਿਹੜੀ ਆਪਣੇ ਨਵੇਂ ਪੜਾਅ ਵਿੱਚ ਦਾਖ਼ਲ ਹੋ ਚੁੱਕੀ ਹੈ ਪਰ ਅਜੇ ਵੀ, ਬਿਨਾਂ ਸ਼ੱਕ, ਸਰਮਾਏਦਾਰੀ ਹੀ ਹੈ। ***ਅਜਿਹੀ*** ਸਰਮਾਏਦਾਰੀ ਦੀ ਸੋਸ਼ਲਿਜ਼ਮ ਨਾਲ਼ "ਨੇੜਤਾ" ਨੂੰ ਪ੍ਰੋਲਤਾਰੀ ਦੇ ਸਭਨਾਂ ਸੱਚੇ ਪ੍ਰਤੀਨਿਧਾਂ ਲਈ ਸੋਸ਼ਲਿਸਟ ਇਨਕਲਾਬ ਦੀ ਨੇੜਤਾ, ਸੁਖਾਵੀਂ, ਸੰਭਵਤਾ ਅਤੇ ਫ਼ੌਰੀ ਹੋਣ ਨੂੰ ਸਾਬਤ ਕਰਨ ਲਈ ਦਲੀਲ ਬਣਨਾ ਚਾਹੀਦਾ ਹੈ ਅਤੇ ਅਜਿਹੇ

ਇਨਕਲਾਬ ਦੇ ਤਿਆਗ, ਅਤੇ ਸਰਮਾਏਦਾਰੀ ਨੂੰ ਵਧੇਰੇ ਖਿੱਚ-ਪਾਊ ਬਣਾਉਣ ਦੇ ਯਤਨਾਂ ਨੂੰ ਸਹਾਰਨ ਦੇ ਹੱਕ ਵਿੱਚ ਦਲੀਲ ਵਜੋਂ ਨਹੀਂ ਕਬੂਲ ਕਰਨਾ ਚਾਹੀਦਾ, ਇਹ ਇੱਕ ਅਜਿਹਾ ਕੰਮ ਹੈ ਜਿਸ ਵਿੱਚ ਸਭੇ ਸੁਧਾਰਵਾਦੀ ਰੁੱਝੇ ਹੋਏ ਹਨ।

ਪਰ ਆਓ ਅਸੀਂ ਰਾਜ ਦੇ ਮਸਲੇ ਵੱਲ ਮੁੜੀਏ। ਆਪਣੇ ਖ਼ਤ ਵਿੱਚ ਏਂਗਲਜ਼ ਤਿੰਨ ਵਿਸ਼ੇਸ਼ ਤੌਰ 'ਤੇ ਵੱਡ-ਮੁੱਲੀਆਂ ਤਜਵੀਜ਼ਾਂ ਪੇਸ਼ ਕਰਦੇ ਹਨ : ਪਹਿਲੇ, ਗਣਰਾਜ ਸਬੰਧੀ; ਦੂਜੇ, ਕੌਮੀ ਮਸਲੇ ਅਤੇ ਰਾਜ ਦੀ ਬਣਤਰ ਵਿਚਕਾਰ ਸਬੰਧ ਸੰਬੰਧੀ, ਅਤੇ, ਤੀਜੇ ਸਥਾਨਕ ਖ਼ੁਦ-ਅਖ਼ਤਿਆਰੀ ਸਬੰਧੀ।

ਜਿਥੋਂ ਤੱਕ ਗਣ-ਰਾਜ ਦਾ ਸਬੰਧ ਹੈ, ਏਂਗਲਜ਼ ਨੇ ਇਹਨੂੰ ਆਪਣੀ ਅਰਫ਼ੁਰਟ ਪ੍ਰੋਗਰਾਮ ਦੀ ਪੜਚੋਲ ਦਾ ਕੇਂਦਰ ਬਣਾਇਆ। ਅੱਜ ਜਦੋਂ ਅਸੀਂ ਇਹ ਯਾਦ ਕਰਦੇ ਹਾਂ ਕਿ ਅਰਫ਼ੁਰਟ ਪ੍ਰੋਗਰਾਮ ਨੇ ਸਮੁੱਚੀ ਕੌਮਾਂਤਰੀ ਸੋਸ਼ਲ-ਡੈਮੋਕਰੈਸੀ ਲਈ ਕਿੰਨੀ ਮਹੱਤਤਾ ਪ੍ਰਾਪਤ ਕਰ ਲਈ, ਕਿ ਇਹ ਦੂਜੀ ਇੰਟਰਨੈਸ਼ਨਲ ਲਈ ਨਮੂਨਾ ਬਣ ਗਿਆ ਤਾਂ ਅਸੀਂ ਅਤਿ-ਕਥਨੀ ਤੋਂ ਬਿਨਾਂ ਕਹਿ ਸਕਦੇ ਹਾਂ ਕਿ ਇਸ ਰਾਹੀਂ ਏਂਗਲਜ਼ ਨੇ ਸਮੁੱਚੀ ਦੂਜੀ ਇੰਟਰਨੈਸ਼ਨਲ ਦੀ ਮੌਕਾ-ਪ੍ਰਸਤੀ ਉੱਤੇ ਪੜਚੋਲ ਕੀਤੀ।

> "ਪ੍ਰੋਗਰਾਮ ਦੀਆਂ ਰਾਜਸੀ ਮੰਗਾਂ ਵਿੱਚ", ਏਂਗਲਜ਼ ਨੇ ਲਿਖਿਆ, "ਇੱਕ ਬਹੁਤ ਵੱਡਾ ਨੁਕਸ ਹੈ। ਜੋ ਕੁੱਝ ਅਸਲ ਵਿੱਚ ਉਹਨਾਂ ਵਿੱਚ ਹੋਣਾ ਚਾਹੀਦਾ ਸੀ, **ਉਹ ਉਹਨਾਂ ਵਿੱਚ ਨਹੀਂ**" (ਸ਼ਬਦਾਂ ਉੱਤੇ ਜ਼ੋਰ ਏਂਗਲਜ਼ ਨੇ ਦਿੱਤਾ ਹੈ)।

ਅੱਗੇ ਚੱਲਕੇ ਉਹ ਇਹ ਗੱਲ ਸਪਸ਼ਟ ਕਰਦੇ ਹਨ ਕਿ ਜਰਮਨ ਵਿਧਾਨ ਤਾਂ ਬਸ 1850 ਦੇ ਅਤਿ ਦੇ ਪਿੱਛੇ-ਖਿੱਚੂ ਵਿਧਾਨ ਦੀ ਨਕਲ ਹੀ ਹੈ; ਅਤੇ ਇਹ ਕਿ, ਜਿਹਾ ਕਿ ਵਿਲਹਲਮ ਲੀਬਕਨੇਖਤ ਕਹਿੰਦਾ ਹੈ, ਰਾਈਖਸਤਾਗ਼ ਤਾਂ "ਨਿਰਪੇਖ ਰਾਜ ਦੀ ਲੰਗੋਟੀ" ਹੀ ਹੈ ਅਤੇ ਇੱਕ ਅਜਿਹੇ ਵਿਧਾਨ ਦੇ ਆਧਾਰ ਉੱਤੇ, ਜਿਹੜਾ ਨਿੱਕੇ ਨਿੱਕੇ ਰਾਜਾਂ ਅਤੇ ਨਿੱਕੇ ਨਿੱਕੇ ਜਰਮਨ ਰਾਜਾਂ ਦੇ ਸੰਘ ਦੀ ਹੋਂਦ ਦੀ ਆਗਿਆ ਦੇਂਦਾ ਹੈ, "ਕਿਰਤ ਦੇ ਸਭਨਾਂ ਸਾਧਨਾਂ ਨੂੰ ਸਰਵਜਨਕ ਮਾਲਕੀ ਬਣਾਉਣ" ਦੀ ਇੱਛਾ ਰੱਖਣਾ ਇੱਕ "ਸਪਸ਼ਟ ਵਾਹਯਾਤੀ" ਹੈ।

> "ਪਰ ਇਸ ਗੱਲ ਨੂੰ ਛੂਹਣਾ ਖ਼ਤਰਨਾਕ ਹੈ", ਏਂਗਲਜ਼ ਗੱਲ ਵਧਾਉਂਦੇ ਹਨ, ਉਹਨਾਂ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਪ੍ਰੋਗਰਾਮ ਵਿੱਚ ਜਰਮਨੀ ਵਿੱਚ ਗਣ-ਰਾਜ ਦੀ ਮੰਗ ਸ਼ਾਮਲ ਕਰਨਾ ਕਾਨੂੰਨੀ ਤੌਰ 'ਤੇ ਅਸੰਭਵ ਸੀ। ਪਰ ਏਂਗਲਜ਼ ਇਸ ਸਪਸ਼ਟ ਵਿਚਾਰ 'ਤੇ, ਜਿਹੜਾ "ਹਰ ਇੱਕ ਦੀ" ਤਸੱਲੀ ਕਰਾਉਂਦਾ ਹੈ ਸੰਤੁਸ਼ਟ ਨਹੀਂ ਰਹਿੰਦੇ। ਉਹ ਗੱਲ ਜਾਰੀ ਰੱਖਦੇ ਹਨ: "ਪਰ ਕਿਸੇ ਨਾ ਕਿਸੇ ਤਰ੍ਹਾਂ ਇਸ ਮਸਲੇ ਨੂੰ ਨਜਿੱਠਣਾ ਹੀ ਪੈਣਾ ਹੈ। ਇਹ ਗੱਲ ਕਿੰਨੀ ਜ਼ਰੂਰੀ ਹੈ, ਇਹ ਉਹਨਾਂ ਦਖ਼ਲਾਂ ਤੋਂ ਸਪਸ਼ਟ ਹੈ ਜਿਹੜਾ ਮੌਕਾ-ਪ੍ਰਸਤੀ ਸੋਸ਼ਲ-ਡੈਮੋਕਰੈਟਿਕ ਅਖ਼ਬਾਰਾਂ ਦੇ ਵੱਡੇ ਹਿੱਸਿਆਂ ਵਿੱਚ ਕਰੀ ਜਾ ਰਹੀ ਹੈ। ਸੋਸ਼ਲਿਸਟ-ਵਿਰੋਧੀ ਕਾਨੂੰਨ[30] ਦੇ ਸੁਰਜੀਤ ਕੀਤੇ ਜਾਣ ਤੋਂ ਡਰਦੇ ਹੋਏ ਅਤੇ ਉਸ ਕਾਨੂੰਨ ਦੇ ਲਾਗੂ ਹੋਣ ਸਮੇਂ ਜਿਹੜੀਆਂ ਹਰ ਤਰ੍ਹਾਂ ਦੀਆਂ ਸਮੇਂ ਤੋਂ ਪਹਿਲਾਂ ਦੀਆਂ ਗੱਲਾਂ ਕਹੀਆਂ

ਗਈਆਂ, ਉਹਨਾਂ ਨੂੰ ਯਾਦ ਕਰਦੇ ਹੋਏ, ਉਹ ਚਾਹੁੰਦੇ ਹਨ ਕਿ ਪਾਰਟੀ ਜਰਮਨੀ ਵਿੱਚ ਅਜੋਕੀ ਕਾਨੂੰਨੀ ਪ੍ਰਣਾਲੀ ਨੂੰ ਪਾਰਟੀ ਦੀਆਂ ਸਭੇ ਮੰਗਾਂ ਅਮਨ-ਭਰੇ ਢੰਗਾਂ ਨਾਲ਼ ਪੂਰੀਆਂ ਕਰਨ ਲਈ ਕਾਫ਼ੀ ਸਮਝੇ।...”

ਏਂਗਲਜ਼ ਵਿਸ਼ੇਸ਼ ਤੌਰ ’ਤੇ ਇਸ ਗੱਲ ਉੱਤੇ ਜ਼ੋਰ ਦੇਂਦੇ ਹਨ ਕਿ ਜਰਮਨ ਸੋਸ਼ਲ-ਡੈਮੋਕਰੈਟ ਸੋਸ਼ਲਿਸਟ-ਵਿਰੋਧੀ ਕਾਨੂੰਨ ਸੁਰਜੀਤ ਹੋਣ ਦੇ ਡਰ ਤੋਂ ਪ੍ਰੇਰਨਾ ਲੈ ਰਹੇ ਹਨ ਅਤੇ ਢਿੱਲ ਮੱਠ ਤੋਂ ਬਿਨਾਂ ਇਹਨੂੰ ਮੌਕਾ-ਪ੍ਰਸਤੀ ਕਹਿੰਦੇ ਹਨ; ਉਹ ਕਹਿੰਦੇ ਹਨ ਕਿਉਂਕਿ ਜਰਮਨੀ ਵਿੱਚ ਕੋਈ ਗਣ-ਰਾਜ ਅਤੇ ਅਜ਼ਾਦੀ ਨਹੀਂ, ਐਨ ਇਸੇ ਲਈ “ਅਮਨ-ਭਰੇ” ਰਾਹ ਦੇ ਸੁਪਨੇ ਉੱਕਾ ਹੀ ਵਾਹਯਾਤ ਹਨ। ਏਂਗਲਜ਼ ਇਸ ਸਬੰਧੀ ਚੋਖੇ ਸੋਘਵਾਨ ਹਨ ਕਿ ਉਹ ਆਪਣੇ ਹੱਥ ਨਾ ਬੰਨਣ। ਉਹ ਇਹ ਗੱਲ ਮੰਨਦੇ ਹਨ ਕਿ ਗਣ-ਰਾਜਾਂ ਜਾਂ ਬਹੁਤ ਜ਼ਿਆਦਾ ਅਜ਼ਾਦ ਦੇਸ਼ਾਂ ਵਿੱਚ ਸੋਸ਼ਲਿਜ਼ਮ ਵੱਲ ਅਮਨ-ਭਰੇ ਵਿਕਾਸ ਦੀ “ਕਲਪਨਾ ਕੀਤੀ ਜਾ ਸਕਦੀ ਹੈ” (ਕੇਵਲ “ਕਲਪਨਾ”!) ਪਰ ਜਰਮਨੀ ਵਿੱਚ ਉਹ ਦੁਹਰਾਉਂਦੇ ਹਨ :

> “... ਜਰਮਨੀ ਵਿੱਚ, ਜਿਥੇ ਹਕੂਮਤ ਲਗਭਗ ਸਰਬ-ਸ਼ਕਤੀਮਾਨ ਹੈ ਅਤੇ ਰਾਈਖਸਤਾਗ ਅਤੇ ਹੋਰ ਪ੍ਰਤਿਨਿਧ ਸੰਸਥਾਵਾਂ ਕੋਲ ਕੋਈ ਅਸਲੀ ਸ਼ਕਤੀ ਨਹੀਂ, ਜਰਮਨੀ ਵਿੱਚ ਅਜਿਹੀ ਗੱਲ ਦਾ ਐਲਾਨ ਕਰਨਾ—ਅਤੇ ਇਸ ਤੋਂ ਵੀ ਵੱਧ ਉਦੋਂ ਅਜਿਹਾ ਕਰਨ ਦੀ ਕੋਈ ਲੋੜ ਨਹੀਂ—ਨਿਰਪੇਖ ਰਾਜ ਦੀ ਲੰਗੋਟੀ ਲਾਹ ਕੇ ਆਪ ਇਹਦੇ ਨੰਗੇਜ ਲਈ ਪਰਦਾ ਬਣ ਜਾਣਾ ਹੈ।...”

ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਦੇ ਸਰਕਾਰੀ ਆਗੂਆਂ ਦੀ ਵੱਡੀ ਬਹੁ-ਗਿਣਤੀ, ਜਿਨ੍ਹਾਂ ਇਸ ਸਲਾਹ ਨੂੰ ਖੁੱਡੇ ਲਾ ਦਿੱਤਾ, ਨਿਸ਼ਚੇ ਹੀ ਨਿਰਪੇਖਤਾ ਲਈ ਪਰਦਾ ਸਾਬਤ ਹੋਏ।

> “...ਅੰਤ ਵਿੱਚ ਅਜਿਹੀ ਨੀਤੀ ਕੇਵਲ ਉਹਨਾਂ ਦੀ ਆਪਣੀ ਪਾਰਟੀ ਨੂੰ ਹੀ ਕੁਰਾਹੇ ਪਾ ਸਕਦੀ ਹੈ। ਉਹ ਆਮ, ਖ਼ਿਆਲੀ ਰਾਜਸੀ ਸਵਾਲਾਂ ਨੂੰ ਮੁੱਖ-ਭੂਮੀ ਵਿੱਚ ਰੱਖਦੇ ਹਨ ਅਤੇ ਇਉਂ ਠੋਸ ਫ਼ੌਰੀ ਸਵਾਲਾਂ ਨੂੰ ਲੁਕਾ ਦੇਂਦੇ ਹਨ, ਜਿਹੜੇ ਪਹਿਲੀਆਂ ਮਹਾਨ ਘਟਨਾਵਾਂ ਸਮੇਂ, ਪਹਿਲੇ ਰਾਜਸੀ ਸੰਕਟ ਸਮੇਂ, ਆਪਣੇ ਆਪ ਨੂੰ ਏਜੰਡੇ ਉੱਤੇ ਲੈ ਆਉਂਦੇ ਹਨ। ਅਤੇ ਇਸ ਤੋਂ ਇਸ ਦੇ ਸਿਵਾ ਹੋਰ ਕੀ ਸਿੱਟਾ ਨਿੱਕਲ ਸਕਦਾ ਹੈ ਕਿ ਨਿਰਣਾਇਕ ਸਮੇਂ ਪਾਰਟੀ ਅਚਾਨਕ ਆਗੂ ਤੋਂ ਬਿਨਾਂ ਰਹਿ ਜਾਂਦੀ ਹੈ, ਕਿ ਅਤਿ-ਅੰਤ ਨਿਰਣਾਇਕ ਮਸਲਿਆਂ ਸੰਬੰਧੀ ਇਹਦੇ ਅੰਦਰ ਅਸਪਸ਼ਟਤਾ ਅਤੇ ਫੁੱਟ ਫੈਲੇ ਹੁੰਦੇ ਹਨ ਕਿਉਂਕਿ ਇਹਨਾਂ ਮਸਲਿਆਂ ਉੱਤੇ ਕਦੇ ਬਹਿਸ ਹੀ ਨਹੀਂ ਕੀਤੀ ਗਈ ?...
>
> “ਦਿਨ ਦੇ ਵਕਤੀ ਹਿੱਤਾਂ ਲਈ ਮਹਾਨ ਮੁੱਖ ਨਜ਼ਰੀਏ ਨੂੰ ਭੁੱਲ ਜਾਣਾ, ਅੱਗੋਂ ਦੇ ਸਿੱਟਿਆਂ ਦਾ ਵਿਚਾਰ ਕੀਤੇ ਬਿਨਾਂ ਸਮੇਂ ਦੀ ਸਫ਼ਲਤਾ ਲਈ ਘੋਲ ਅਤੇ ਯਤਨ, ਇਹਦੇ ਵਰਤਮਾਨ ਲਈ ਲਹਿਰ ਦੇ ਭਵਿੱਖ ਨੂੰ ਕੁਰਬਾਨ ਕਰਨਾ ‘ਇਮਾਨਦਾਰ’ ਕਾਰਨਾਂ ਕਰਕੇ ਹੋ ਸਕਦਾ ਹੈ, ਪਰ ਇਹ ਮੌਕਾ-ਪ੍ਰਸਤੀ ਹੈ ਅਤੇ

ਮੌਕਾ-ਪ੍ਰਸਤੀ ਰਹਿੰਦੀ ਹੈ, ਅਤੇ ਸ਼ਾਇਦ 'ਇਮਾਨਦਾਰ' ਮੌਕਾ-ਪ੍ਰਸਤੀ ਸਭ ਤੋਂ ਵੱਧ ਖ਼ਤਰਨਾਕ ਹੁੰਦੀ ਹੈ।...

"ਇੱਕ ਗੱਲ ਸਪਸ਼ਟ ਹੈ ਕਿ ਸਾਡੀ ਪਾਰਟੀ ਅਤੇ ਮਜ਼ਦੂਰ ਜਮਾਤ ਜਮਹੂਰੀ ਗਣ-ਰਾਜ ਅਧੀਨ ਹੀ ਸ਼ਕਤੀ ਪ੍ਰਾਪਤ ਕਰ ਸਕਦੇ ਹਨ। ਜਿਹਾ ਕਿ ਮਹਾਨ ਫ਼ਰਾਂਸੀਸੀ ਇਨਕਲਾਬ ਨੇ ਵਿਖਾ ਦਿੱਤਾ ਹੈ, ਇਹ ਪ੍ਰੋਲਤਾਰੀ ਦੀ ਤਾਨਾਸ਼ਾਹੀ ਦਾ ਵੀ ਵਿਸ਼ੇਸ਼ ਰੂਪ ਹੈ।..."

ਏਂਗਲਜ਼ ਇਥੇ ਵਿਸ਼ੇਸ਼ ਤੌਰ 'ਤੇ ਪ੍ਰਭਾਵਸ਼ਾਲੀ ਰੂਪ ਵਿੱਚ ਉਹ ਵਿਚਾਰ ਪੇਸ਼ ਕਰਦੇ ਹਨ ਜਿਹੜਾ ਮਾਰਕਸ ਦੀਆਂ ਸਭਨਾਂ ਕਿਰਤਾਂ ਵਿੱਚ ਇੱਕ ਲਾਲ ਡੋਰੇ ਵਾਂਗ ਚੱਲਦਾ ਹੈ, ਅਰਥਾਤ, ਇੱਕ ਜਮਹੂਰੀ ਗਣ-ਰਾਜ ਪ੍ਰੋਲਤਾਰੀ ਦੀ ਤਾਨਾਸ਼ਾਹੀ ਦਾ ਸਭ ਤੋਂ ਨੇੜਵਾਂ ਰੂਪ ਹੈ। ਕਿਉਂਕਿ ਅਜਿਹਾ ਗਣ-ਰਾਜ —ਸਰਮਾਏ ਦੀ ਹਕੂਮਤ ਅਤੇ ਇਸੇ ਲਈ ਲੋਕਾਂ ਉੱਤੇ ਜਬਰ ਅਤੇ ਜਮਾਤੀ ਘੋਲ਼ ਨੂੰ ਰੰਚਕ ਮਾਤਰ ਵੀ ਘੱਟ ਕੀਤੇ ਬਿਨਾਂ—ਅਟੱਲ ਤੌਰ 'ਤੇ ਇਸ ਘੋਲ਼ ਦਾ ਇਉਂ ਵਧਣਾ, ਵਿਕਾਸ ਕਰਨਾ, ਖੁੱਲ੍ਹਣਾ ਅਤੇ ਤਿਖੇਰਾ ਹੋਣਾ ਲਿਆਉਂਦਾ ਹੈ ਕਿ ਜਿਉਂ ਹੀ ਲੁਟੀਂਦੇ ਲੋਕਾਂ ਦੇ ਹਿੱਤਾਂ ਦੀ ਪੂਰਤੀ ਦੀ ਸੰਭਾਵਨਾ ਪੈਦਾ ਹੁੰਦੀ ਹੈ, ਇਹ ਸੰਭਾਵਨਾ ਅਟੱਲ ਤੌਰ 'ਤੇ ਅਤੇ ਕੇਵਲ ਪ੍ਰੋਲਤਾਰੀ ਦੀ ਤਾਨਾਸ਼ਾਹੀ ਰਾਹੀਂ, ਪ੍ਰੋਲਤਾਰੀ ਵੱਲੋਂ ਲੋਕਾਂ ਦੀ ਅਗਵਾਈ ਰਾਹੀਂ ਪੂਰੀ ਕੀਤੀ ਜਾਂਦੀ ਹੈ। ਪੂਰੀ ਦੂਜੀ ਇੰਟਰੈਨਸ਼ਨਲ ਲਈ ਇਹ ਵੀ ਮਾਰਕਸਵਾਦ ਦੇ "ਭੁਲਾਏ ਸ਼ਬਦ" ਹਨ ਅਤੇ ਇਹ ਤੱਥ ਕਿ ਇਹ ਭੁਲਾ ਦਿੱਤੇ ਗਏ ਹਨ, 1917 ਦੇ ਰੂਸੀ ਇਨਕਲਾਬ ਦੇ ਪਹਿਲੇ ਅੱਧੇ ਵਰ੍ਹੇ ਵਿੱਚ ਮੈਨਸ਼ਵਿਕ ਪਾਰਟੀ ਦੇ ਇਤਿਹਾਸ ਰਾਹੀਂ ਵਿਸ਼ੇਸ਼ ਸਪੱਸ਼ਟਤਾ ਨਾਲ਼ ਪ੍ਰਗਟ ਹੋਇਆ।

ਵਸੋਂ ਦੀ ਕੌਮੀ ਬਣਤਰ ਦੇ ਸੰਬੰਧ ਵਿੱਚ ਸੰਘੀ ਜਮਹੂਰੀਅਤ ਦੇ ਸੰਬੰਧ ਵਿੱਚ ਏਂਗਲਜ਼ ਨੇ ਲਿਖਿਆ :

"ਅਜੋਕੇ ਜਰਮਨੀ ਦੀ (ਜਿਸ ਦਾ ਵਿਧਾਨ ਪਿੱਛੇ-ਖਿੱਚੂ ਬਾਦਸ਼ਾਹੀ ਵਿਧਾਨ ਹੈ ਅਤੇ ਇਹ ਉਸੇ ਤਰ੍ਹਾਂ ਵੀ ਪਿੱਛੇ-ਖਿੱਚੂ ਨਿੱਕੀਆਂ ਨਿੱਕੀਆਂ ਰਿਆਸਤਾਂ ਵਿੱਚ ਵੰਡਿਆ ਹੋਇਆ ਹੈ, ਜਿਹੜਾ ਉਹਨਾਂ ਨੂੰ ਸਮੁੱਚੇ ਤੌਰ 'ਤੇ ਇੱਕ ਜਰਮਨੀ ਵਿੱਚ ਇੱਕ-ਜਾਨ ਕਰ ਦੇਣ ਦੀ ਥਾਂ "ਪਰੂਸ਼ੀਅਨਵਾਦ" ਦੇ ਸਭਨਾਂ ਵਿਸ਼ੇਸ਼ ਲੱਛਣਾਂ ਨੂੰ ਕਾਇਮ ਰੱਖਦਾ ਹੈ)" ਥਾਂ ਕੀ ਲਵੇਗਾ ? ਮੇਰੇ ਵਿਚਾਰ ਵਿੱਚ ਪ੍ਰੋਲਤਾਰੀ ਇੱਕ ਅਤੇ ਅਵੰਡ ਗਣ-ਰਾਜ ਦੇ ਰੂਪ ਨੂੰ ਵਰਤ ਸਕਦਾ ਹੈ। ਸੰਯੁਕਤ ਰਾਜ ਅਮਰੀਕਾ ਦੇ ਧੜਵੈਲ ਇਲਾਕੇ ਉੱਤੇ ਅਜੇ ਵੀ, ਸਮੁੱਚੇ ਤੌਰ 'ਤੇ, ਇੱਕ ਸੰਘੀ ਗਣ-ਰਾਜ ਦੀ ਲੋੜ ਹੈ, ਭਾਵੇਂ ਪੂਰਬੀ ਰਾਜਾਂ ਵਿੱਚ ਇਹ ਹੁਣੇ ਹੀ ਇੱਕ ਰੋਕ ਬਣਦੀ ਜਾ ਰਹੀ ਹੈ। ਇੰਗਲੈਂਡ ਵਿੱਚ ਇਹ ਅੱਗੇ ਵੱਲ ਇੱਕ ਕਦਮ ਹੋਵੇਗਾ ਕਿਉਂਕਿ ਦੋ ਟਾਪੂਆਂ ਵਿੱਚ ਚਾਰ ਕੌਮਾਂ ਰਹਿੰਦੀਆਂ ਹਨ ਅਤੇ ਇੱਕੋ ਇੱਕ ਪਾਰਲੀਮੈਂਟ ਦੇ ਬਾਵਜੂਦ ਅੱਜ ਵੀ ਕਾਨੂੰਨ ਦੀਆਂ ਤਿੰਨ ਵੱਖ ਵੱਖ ਪ੍ਰਣਾਲੀਆਂ ਨਾਲ਼ੋ ਨਾਲ਼ ਪ੍ਰਚਲਤ ਹਨ। ਨਿੱਕੇ ਸਵਿਟਜ਼ਰਲੈਂਡ ਵਿੱਚ ਇਹ ਲੰਮੇ ਸਮੇਂ ਤੋਂ ਇੱਕ

ਰੋਕ ਬਣ ਗਿਆ ਹੈ ਜਿਹੜੀ ਕੇਵਲ ਇਸ ਲਈ ਸਹਾਰਨ-ਯੋਗ ਹੈ ਕਿ ਸਵਿਟਜ਼ਰਲੈਂਡ ਯੂਰਪ ਦੀ ਰਾਜਕੀ ਪ੍ਰਣਾਲੀ ਦਾ ਖ਼ਾਲਸ ਸਿਥਲ ਮੈਂਬਰ ਹੋਣ ਉੱਤੇ ਸੰਤੁਸ਼ਟ ਹੈ। ਜਰਮਨੀ ਵਿੱਚ ਸਵਿਟਜ਼ਰਲੈਂਡ ਦੇ ਨਮੂਨੇ ਅਨੁਸਾਰ ਸੰਘੀਕਰਣ ਪਿੱਛੇ ਵੱਲ ਇੱਕ ਬਹੁਤ ਵੱਡਾ ਕਦਮ ਹੋਵੇਗਾ। ਦੋ ਨੁਕਤੇ ਇੱਕ ਏਕੇ ਦੇ ਰਾਜ ਨੂੰ ਪੂਰੀ ਤਰ੍ਹਾਂ ਇੱਕ-ਮੁੱਠ ਰਾਜ ਨਾਲ਼ੋਂ ਨਿਖੇੜਦੇ ਹਨ : ਪਹਿਲੇ, ਕਿ ਏਕੇ ਦਾ ਹਿਸਾ ਬਣਨ ਵਾਲ਼ੇ ਹਰ ਰਾਜ, ਹਰ ਕੈਨਟਨ ਦਾ ਆਪਣਾ ਦੀਵਾਨੀ ਅਤੇ ਫ਼ੌਜਦਾਰੀ ਕਾਨੂੰਨ-ਘੜਨਾ ਅਤੇ ਅਦਾਲਤੀ ਪ੍ਰਬੰਧ ਹੁੰਦਾ ਹੈ ਅਤੇ ਦੂਜੇ ਇਹ ਕਿ ਲੋਕਾਂ ਵੱਲੋਂ ਚੁਣੇ ਸਦਨ ਦੇ ਨਾਲ਼ ਹੀ ਨਾਲ਼ ਇੱਕ ਸੰਘੀ ਸਦਨ ਵੀ ਹੁੰਦਾ ਹੈ ਜਿਸ ਵਿੱਚ ਹਰ ਛੋਟੀ ਵੱਡੀ ਕੈਨਟਨ, ਕੈਨਟਨ ਦੇ ਤੌਰ 'ਤੇ ਵੋਟ ਦੇਂਦੀ ਹੈ।" ਜਰਮਨੀ ਵਿੱਚ ਏਕੇ ਦਾ ਰਾਜ ਪੂਰੀ ਤਰ੍ਹਾਂ ਇੱਕ-ਮੁੱਠ ਰਾਜ ਵੱਲ ਤਬਦੀਲੀ ਦੇ ਪੜਾਅ ਵਿੱਚ ਹੈ ਅਤੇ 1866 ਅਤੇ 1870 ਦੇ "ਉਪਰੋਂ ਇਨਕਲਾਬ" ਦੀ ਧਾਰਾ ਉਲਟਾਈ ਨਾ ਜਾਵੇ ਸਗੋਂ ਇਸ ਵਿੱਚ "ਹੇਠੋਂ ਲਹਿਰ" ਦਾ ਵਾਧਾ ਹੋਣਾ ਚਾਹੀਦਾ ਹੈ।

ਰਾਜ ਦੇ ਰੂਪਾਂ ਵੱਲ ਲਾਪ੍ਰਵਾਹੀ ਵਰਤਣਾ ਤਾਂ ਇੱਕ ਪਾਸੇ ਰਿਹਾ, ਇਹਦੇ ਉਲਟ ਏਂਗਲਜ਼ ਨੇ ਪੂਰੇ ਵਿਸਥਾਰ ਨਾਲ਼ ਅੰਤਰਕਾਲੀਨ ਸਮੇਂ ਦੇ ਰੂਪਾਂ ਦਾ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਤਾਂ ਜੁ ਹਰ ਵੱਖੋ ਵੱਖਰੇ ਮਾਮਲੇ ਵਿੱਚ ਠੋਸ, ਇਤਿਹਾਸਕ, ਵਿਸ਼ੇਸ਼ ਲੱਛਣਾਂ ਅਨੁਸਾਰ ਇਹ ਸਾਬਤ ਕੀਤਾ ਜਾਵੇ ਕਿ ਕੋਈ ਅੰਤਰਕਾਲੀਨ ਰੂਪ **ਕਿਸ ਤੋਂ ਕਿਸ ਵਿੱਚ** ਤਬਦੀਲ ਹੋ ਰਿਹਾ ਹੈ।

ਮਾਮਲੇ ਵੱਲ ਪ੍ਰੋਲਤਾਰੀ ਅਤੇ ਪ੍ਰੋਲਤਾਰੀ ਇਨਕਲਾਬ ਦੇ ਨਜ਼ਰੀਏ ਤੋਂ ਪਹੁੰਚ ਅਪਣਾਉਂਦੇ ਹੋਏ ਮਾਰਕਸ ਵਾਂਗ ਏਂਗਲਜ਼ ਨੇ ਵੀ ਜਮਹੂਰੀ ਕੇਂਦਰੀਵਾਦ, ਗਣ-ਰਾਜ—ਇੱਕ ਅਤੇ ਅਵੰਡ—ਦੀ ਹਮਾਇਤ ਕੀਤੀ। ਉਹਨਾਂ ਸੰਘੀ ਗਣ-ਰਾਜ ਨੂੰ ਜਾਂ ਤਾਂ ਇੱਕ ਛੋਟ ਅਤੇ ਵਿਕਾਸ ਵਿੱਚ ਇੱਕ ਰੋਕ ਸਮਝਿਆ ਜਾਂ ਬਾਦਸ਼ਾਹੀ ਤੋਂ ਕੇਂਦਰਿਤ ਗਣ-ਰਾਜ ਵੱਲ ਤਬਦੀਲੀ ਦਾ ਇੱਕ ਅੰਤਰਕਾਲੀਨ ਰੂਪ, ਜਿਹੜਾ ਕੁੱਝ ਵਿਸ਼ੇਸ਼ ਹਾਲਤਾਂ ਵਿੱਚ ਇੱਕ "ਅੱਗੇ ਵੱਲ ਕਦਮ" ਹੈ ਅਤੇ ਇਹਨਾਂ ਵਿਸ਼ੇਸ਼ ਹਾਲਤਾਂ ਵਿੱਚ ਕੌਮੀ ਮਸਲਾ ਮੂਹਰੇ ਆਉਂਦਾ ਹੈ।

ਭਾਵੇਂ ਉਹਨਾਂ ਛੋਟੇ ਰਾਜਾਂ ਦੇ ਪਿੱਛੇ-ਖਿੱਚੂ ਖ਼ਾਸੇ ਅਤੇ ਕੁੱਝ ਠੋਸ ਹਾਲਤਾਂ ਵਿੱਚ ਕੌਮੀ ਮਸਲੇ ਰਾਹੀਂ ਇਹਦੇ ਉੱਤੇ ਪਰਦਾ ਪਾਉਣ ਉੱਤੇ ਬੇਕਿਰਕ ਪੜਚੋਲ ਕੀਤੀ, ਮਾਰਕਸ ਵਾਂਗ ਏਂਗਲਜ਼ ਨੇ ਵੀ ਕੌਮੀ ਮਸਲੇ ਨੂੰ ਇੱਕ ਪਾਸੇ ਸੁੱਟ ਦੇਣ ਦੀ ਇੱਛਾ ਰੰਚਕ ਮਾਤਰ ਵੀ ਪ੍ਰਗਟ ਨਾ ਕੀਤੀ—ਇੱਕ ਇੱਛਾ ਜਿਸਦੇ ਸਾਡੇ ਹਾਲੈਂਡ ਦੇ ਅਤੇ ਪੋਲਿਸਤਾਨੀ ਮਾਰਕਸਵਾਦੀ "ਆਪਣੀ" ਨਿੱਕੇ ਰਾਜਾਂ ਦੀ ਤੰਗ-ਨਜ਼ਰ ਕੌਮ-ਪ੍ਰਸਤੀ ਦੇ ਉੱਕਾ ਹੀ ਹੱਕੀ ਵਿਰੋਧ ਕਾਰਨ ਅਕਸਰ ਕਸੂਰਵਾਰ ਹੁੰਦੇ ਹਨ।

ਇੰਗਲੈਂਡ ਸੰਬੰਧੀ ਵੀ, ਜਿਥੇ ਇਉਂ ਜਾਪਦਾ ਹੈ ਕਿ ਭੂਗੋਲਕ ਹਾਲਤਾਂ, ਇੱਕ ਸਾਂਝੀ ਬੋਲੀ ਅਤੇ ਕਈ ਸਦੀਆਂ ਦੇ ਇਤਿਹਾਸ ਨੇ ਇੰਗਲੈਂਡ ਦੇ ਵੱਖ ਵੱਖ ਨਿੱਕੇ ਹਿੱਸਿਆਂ ਵਿੱਚ ਕੌਮੀ ਮਸਲੇ ਦਾ "ਅੰਤ ਕਰ ਦਿੱਤਾ" ਹੋਣਾ ਹੈ—ਉਸ ਦੇਸ਼ ਸਬੰਧੀ ਵੀ ਏਂਗਲਜ਼ ਨੇ

ਇਸ ਸਪਸ਼ਟ ਤੱਥ ਨੂੰ ਮੰਨਿਆ ਕਿ ਅਜੇ ਕੌਮੀ ਮਸਲਾ ਬੀਤੇ ਦੀ ਗੱਲ ਨਹੀਂ ਹੈ ਅਤੇ ਇਹਦੇ ਸਿੱਟੇ ਵਜੋਂ ਇਹ ਪ੍ਰਵਾਨ ਕੀਤਾ ਕਿ ਇੱਕ ਸੰਘੀ ਗਣ–ਰਾਜ ਦੀ ਸਥਾਪਤੀ ਇੱਕ "ਅੱਗੇ ਵੱਲ ਕਦਮ" ਹੋਵੇਗਾ। ਨਿਰਸੰਦੇਹ ਇਥੇ ਏਂਗਲਜ਼ ਦੇ ਸੰਘੀ ਗਣ–ਰਾਜ ਦੀਆਂ ਊਣਤਾਈਆਂ ਦੀ ਪੜਚੋਲ ਤਿਆਗ ਦੇਣ ਦਾ ਜਾਂ ਉਹਦੇ ਇੱਕ–ਮੁੱਠ ਅਤੇ ਕੇਂਦਰਿਤ ਜਮਹੂਰੀ ਗਣ–ਰਾਜ ਲਈ ਅਤਿ–ਅੰਤ ਦ੍ਰਿੜ੍ਹ ਪ੍ਰਚਾਰ ਅਤੇ ਘੋਲ਼ ਤਿਆਗ ਦੇਣ ਦਾ ਰੰਚਕ ਮਾਤਰ ਵੀ ਇਸ਼ਾਰਾ ਨਹੀਂ ਮਿਲਦਾ।

ਪਰ ਏਂਗਲਜ਼ ਨੂੰ ਉਨ੍ਹਾਂ ਨੌਕਰਸ਼ਾਹੀ ਅਰਥਾਂ ਵਿੱਚ ਜਿਨ੍ਹਾਂ ਵਿੱਚ ਬੁਰਜੂਆਜ਼ੀ ਅਤੇ ਨਿੱਕ–ਬੁਰਜੂਆ ਵਿਚਾਰਧਾਰਕਾਂ ਵੱਲੋਂ, ਜਿਨ੍ਹਾਂ ਵਿੱਚੋਂ ਪਿਛਲੇਰਿਆਂ ਵਿੱਚ ਅਰਾਜਕਤਾਵਾਦੀ ਵੀ ਸ਼ਾਮਲ ਹੈ, ਜਮਹੂਰੀ ਕੇਂਦਰੀਵਾਦ ਦੇ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ, ਇਸ ਦੀ ਉੱਕਾ ਹੀ ਸਮਝ ਨਹੀਂ ਸੀ। ਉਹਨਾਂ ਦਾ ਕੇਂਦਰਵਾਦ ਦਾ ਵਿਚਾਰ ਕਿਸੇ ਵੀ ਤਰ੍ਹਾਂ ਅਜਿਹੀ ਵਿਸ਼ਾਲ ਸਥਾਨਕ ਖ਼ੁਦ–ਅਖ਼ਤਿਆਰੀ ਨੂੰ ਨਹੀਂ ਸੀ ਤਿਆਗਦਾ, ਜਿਸ ਵਿੱਚ "ਕਮਿਊਨਾਂ" ਅਤੇ ਜ਼ਿਲ੍ਹਿਆਂ ਵੱਲੋਂ ਰਾਜ ਦੇ ਏਕੇ ਦੀ ਰੱਖਿਆ ਨੂੰ ਨੌਕਰਸ਼ਾਹੀ ਦੇ ਮੁਕੰਮਲ ਅੰਤ ਅਤੇ ਉੱਪਰ ਵੱਲੋਂ "ਹੁਕਮ" ਦੇਣ ਦੇ ਅੰਤ ਨਾਲ਼ ਮੇਲ਼ਿਆ ਜਾਵੇਗਾ। ਰਾਜ ਸਬੰਧੀ ਮਾਰਕਸਵਾਦ ਵਲੋਂ ਚਿਤਵੇ ਪ੍ਰੋਗਰਾਮ ਦੇ ਵਿਚਾਰਾਂ ਦਾ ਵਿਸਥਾਰ ਕਰਦੇ ਹੋਏ ਏਂਗਲਜ਼ ਨੇ ਲਿਖਿਆ :

> "... ਸੋ, ਇਸ ਲਈ ਇੱਕ ਇੱਕ–ਮੁਠ ਗਣ–ਰਾਜ — ਪਰ ਅਜੋਕੇ ਫ਼ਰਾਂਸੀਸੀ ਗਣ–ਰਾਜ ਦੇ ਅਰਥਾਂ ਵਿੱਚ ਨਹੀਂ, ਜਿਹੜਾ ਸ਼ਹਿਨਸ਼ਾਹ ਤੋਂ ਬਗ਼ੈਰ 1798 ਵਿੱਚ ਸਥਾਪਤ ਕੀਤੀ ਸਲਤਨਤ ਤੋਂ ਬਿਨਾਂ ਕੁੱਝ ਨਹੀਂ। 1792 ਤੋਂ 1798 ਤੱਕ ਫ਼ਰਾਂਸ ਦੇ ਹਰ ਸੂਬੇ, ਹਰ ਕਮਿਊਨ (Gemeinde) ਨੂੰ ਅਮਰੀਕੀ ਨਮੂਨੇ ਅਨੁਸਾਰ ਪੂਰਨ ਖ਼ੁਦ–ਅਖ਼ਤਿਆਰੀ ਪ੍ਰਾਪਤ ਸੀ ਅਤੇ ਸਾਨੂੰ ਵੀ ਜ਼ਰੂਰ ਇਹੋ ਕੁੱਝ ਪ੍ਰਾਪਤ ਕਰਨਾ ਚਾਹੀਦਾ ਹੈ। ਖ਼ੁਦ–ਅਖ਼ਤਿਆਰੀ ਕਿਵੇਂ ਜਥੇਬੰਦ ਕੀਤੀ ਜਾਣੀ ਹੈ ਅਤੇ ਨੌਕਰਸ਼ਾਹੀ ਤੋਂ ਬਿਨਾਂ ਕਿਵੇਂ ਪ੍ਰਬੰਧ ਕੀਤਾ ਜਾ ਸਕਦਾ ਹੈ, ਸਾਨੂੰ ਇਹ ਅਮਰੀਕਾ ਅਤੇ ਪਹਿਲੇ ਫ਼ਰਾਂਸੀਸੀ ਗਣਰਾਜ ਨੇ ਵਿਖਾ ਦਿੱਤਾ ਅਤੇ ਹੁਣ ਕੈਨੇਡਾ, ਆਸਟਰੇਲੀਆ ਅਤੇ ਹੋਰ ਅੰਗਰੇਜ਼ੀ ਬਸਤੀਆਂ ਵਿਖਾ ਰਹੀਆਂ ਹਨ। ਅਤੇ ਇਹੋ ਜਿਹੀ ਸੂਬਾਈ ਅਤੇ ਸਥਾਨਕ ਖ਼ੁਦ–ਅਖ਼ਿਤਿਆਰੀ, ਮਿਸਾਲ ਵਜੋਂ, ਸਵਿਟਜ਼ਰਲੈਂਡ ਦੇ ਸੰਘਵਾਦ ਤੋਂ, ਜਿਸਦੇ ਅਧੀਨ, ਇਹ ਠੀਕ ਹੈ, ਪਰ ਕੈਨਟਨ ਸੰਘ ਦੇ ਸੰਬੰਧ ਵਿੱਚ", (ਅਰਥਾਤ ਸਮੁੱਚੇ ਤੌਰ 'ਤੇ ਸੰਘੀਕ੍ਰਿਤ ਰਾਜ ਦੇ ਸੰਬੰਧ ਵਿੱਚ) "ਬਹੁਤ ਆਜ਼ਾਦ ਹੈ ਸਗੋਂ ਜ਼ਿਲ੍ਹੇ ਅਤੇ ਕਮਿਊਨ ਦੇ ਸੰਬੰਧ ਵਿੱਚ ਵੀ ਆਜ਼ਾਦ ਹੈ। ਕੈਨਟਨਾਂ ਦੀਆਂ ਹਕੂਮਤਾਂ ਜ਼ਿਲ੍ਹਿਆਂ ਦੇ ਗਵਰਨਰਾਂ (Bezirksstatthalter) ਅਤੇ ਪ੍ਰੀਫ਼ੈਕਟਾਂ ਦੀ ਨਿਯੁਕਤੀ ਕਰਦੀਆਂ ਹਨ—ਇਹ ਇੱਕ ਅਜਿਹਾ ਲੱਛਣ ਹੈ ਜਿਹੜਾ ਅੰਗ੍ਰੇਜ਼ੀ–ਬੋਲਣ ਵਾਲ਼ੇ ਦੇਸ਼ਾਂ ਵਿੱਚ ਨਹੀਂ ਮਿਲਦਾ ਅਤੇ ਜਿਸਦਾ ਸਾਨੂੰ ਭਵਿੱਖ ਵਿੱਚ ਪਰੂਸ਼ੀਅਨ Landräte ਅਤੇ Regierungsräte (ਕਮਿਸ਼ਨਰਾਂ, ਜ਼ਿਲ੍ਹੇ ਦੇ ਪੁਲੀਸ ਦੇ ਮੁਖੀਆਂ, ਗਵਰਨਰਾਂ

ਅਤੇ ਆਮ ਤੌਰ 'ਤੇ ਉੱਪਰੋਂ ਕਾਇਮ ਕੀਤੇ ਸਭਨਾਂ ਅਧਿਕਾਰੀਆਂ ਵਾਂਗ) "ਭਵਿੱਖ ਵਿੱਚ ਦ੍ਰਿੜ੍ਹਤਾ ਨਾਲ਼ ਅੰਤ ਕਰਨਾ ਪਵੇਗਾ।" ਇਸੇ ਲਈ ਏਂਗਲਜ਼ ਇਹ ਤਜਵੀਜ਼ ਰਕਦੇ ਹਨ ਕਿ ਪ੍ਰੋਗਰਾਮ ਵਿੱਚ ਖ਼ੁਦ-ਅਖ਼ਤਿਆਰੀ ਸੰਬੰਧੀ ਧਾਰਾ : "ਸੂਬਿਆਂ" (ਗੁਬੇਰਨੀਆਂ ਅਤੇ ਪ੍ਰਦੇਸ਼ਾਂ) "ਲਈ ਮੁਕੰਮਲ ਖ਼ੁਦ-ਅਖ਼ਤਿਆਰੀ ਤੋਂ ਪਿੱਛੋਂ ਹਰ ਇੱਕ ਲਈ ਵੋਟ ਦੇ ਹੱਕ ਦੇ ਆਧਾਰ ਉੱਤੇ ਚੁਣੇ ਅਧਿਕਾਰੀਆਂ ਰਾਹੀਂ ਜ਼ਿਲ੍ਹਿਆਂ ਅਤੇ ਇਲਾਕਿਆਂ ਲਈ"; "ਰਾਜ ਵੱਲੋਂ ਨਿਯੁਕਤ ਕੀਤੀਆਂ ਸਭਨਾਂ ਸਥਾਨਕ ਅਤੇ ਸੂਬਾਈ ਅਧਿਕਾਰਤਾਵਾਂ ਦਾ ਅੰਤ।"

ਮੈਂ ਪਹਿਲਾਂ ਹੀ — "ਪਰਾਵਦਾ"[31] (ਅੰਕ 68, 28 ਮਈ 1917) ਵਿੱਚ, ਜਿਸਨੂੰ ਕੇਰੇਂਸਕੀ ਅਤੇ ਹੋਰ "ਸੋਸ਼ਲਿਸਟ" ਵਜ਼ੀਰਾਂ ਨੇ ਜ਼ਬਤ ਕਰ ਲਿਆ—ਦੱਸ ਚੁੱਕਾ ਹਾਂ ਕਿ ਕਿਵੇਂ ਇਸ ਨੁਕਤੇ ਉੱਤੇ (ਨਿਸ਼ਚੇ ਹੀ, ਕਿਸੇ ਵੀ ਤਰ੍ਹਾਂ ਕੇਵਲ ਇਸ ਨੁਕਤੇ ਉੱਤੇ ਹੀ ਨਹੀਂ) ਨਕਲੀ ਇਨਕਲਾਬੀ ਨਕਲੀ ਜਮਹੂਰੀਅਤ ਦੇ ਨਕਲੀ ਸੋਸ਼ਲਿਸਟ ਪ੍ਰਤਿਨਿਧ **ਜਮਹੂਰੀਅਤ ਤੋਂ** ਪਰ੍ਹਾਂ ਹਟ ਗਏ। ਸੁਭਾਵਕ ਹੀ ਜਿਨ੍ਹਾਂ ਲੋਕਾਂ ਨੇ ਆਪਣੇ ਆਪ ਨੂੰ ਸਾਮਰਾਜੀ ਬੁਰਜੂਆਜ਼ੀ ਨਾਲ਼ "ਕੁਲੀਸ਼ਨ" ਵਿੱਚ ਬੰਨ੍ਹ ਲਿਆ ਹੈ, ਉਹ ਇਸ ਪੜਚੋਲ ਵੱਲੋਂ ਬੋਲ਼ੇ ਰਹੇ।

ਇਹ ਗੱਲ ਧਿਆਨ ਵਿੱਚ ਰੱਖਣਾ ਕਿ ਤੱਥਾਂ ਨਾਲ਼ ਲੈਸ ਏਂਗਲਜ਼ ਅਤਿ-ਅੰਤ ਸ਼ੁੱਧ ਮਿਸਾਲ ਨਾਲ਼ ਉਸ ਭਰਮ ਨੂੰ ਤੋੜਦੇ ਹਨ, ਜਿਹੜਾ ਬਹੁਤ ਵਿਸ਼ਾਲ ਪੱਧਰ ਉੱਤੇ, ਵਿਸ਼ੇਸ਼ ਤੌਰ 'ਤੇ ਨਿੱਕ-ਬੁਰਜੂਆ ਜਮਹੂਰੀਅਤ-ਪਸੰਦਾਂ ਵਿੱਚ ਕਾਇਮ ਹੈ, ਕਿ ਇੱਕ ਸੰਘੀ ਗਣ-ਰਾਜ ਦੇ ਅਰਥ ਲਾਜ਼ਮੀ ਤੌਰ 'ਤੇ ਇੱਕ ਕੇਂਦਰਿਤ ਗਣ-ਰਾਜ ਨਾਲ਼ੋਂ ਵਧੇਰੇ ਅਜ਼ਾਦੀ ਹੈ। ਇਹ ਗੱਲ ਠੀਕ ਨਹੀਂ। ਇਹ ਗੱਲ ਏਂਗਲਜ਼ ਵੱਲੋਂ 1792-1798 ਦੇ ਕੇਂਦਰਿਤ ਫ਼ਰਾਂਸੀਸੀ ਗਣ-ਰਾਜ ਅਤੇ ਸਵਿਟਜ਼ਰਲੈਂਡ ਦੇ ਸੰਘੀ ਗਣ-ਰਾਜ ਸਬੰਧੀ ਦਿੱਤੇ ਤੱਥਾਂ ਤੋਂ ਸਪਸ਼ਟ ਹੋ ਜਾਂਦੀ ਹੈ। ਸਚਮੁਚ ਜਮਹੂਰੀ ਕੇਂਦਰਿਤ ਗਣ-ਰਾਜ ਨੇ ਲੋਕਾਂ ਨੂੰ ਸੰਘੀ ਗਣ-ਰਾਜ ਨਾਲ਼ੋਂ **ਵਧੇਰੇ** ਅਜ਼ਾਦੀ ਦਿੱਤੀ। ਦੂਜੇ ਸ਼ਬਦਾਂ ਵਿੱਚ **ਵੱਧ ਤੋਂ ਵੱਧ** ਸਥਾਨਕ, ਸੂਬਾਈ ਅਤੇ ਹੋਰ ਆਜ਼ਾਦੀ ਜਿਸਦਾ ਇਤਿਹਾਸ ਵਿੱਚ ਜ਼ਿਕਰ ਮਿਲਦਾ ਹੈ ਸੰਘੀ ਗਣ-ਰਾਜ ਵੱਲੋਂ ਨਹੀਂ ਸਗੋਂ **ਕੇਂਦਰਿਤ** ਗਣ-ਰਾਜ ਵੱਲੋਂ ਦਿੱਤੀ ਜਾਂਦੀ ਹੈ।

ਸਾਡੀ ਪਾਰਟੀ ਦੇ ਪ੍ਰਚਾਰ ਅਤੇ ਐਜੀਟੇਸ਼ਨ ਵਿੱਚ ਇਸ ਤੱਥ ਵੱਲ ਨਾਕਾਫ਼ੀ ਧਿਆਨ ਦਿੱਤਾ ਗਿਆ ਹੈ ਅਤੇ ਦਿੱਤਾ ਜਾ ਰਿਹਾ ਹੈ, ਸੱਚ ਮੁਚ ਐਨ ਉਸੇ ਤਰ੍ਹਾਂ ਜਿਵੇਂ ਸੰਘੀ ਅਤੇ ਕੇਂਦਰਿਤ ਗਣ-ਰਾਜ ਅਤੇ ਸਥਾਨਕ ਖ਼ੁਦ-ਅਖ਼ਤਿਆਰੀ ਵੱਲ ਦਿੱਤਾ ਜਾ ਰਿਹਾ ਹੈ।

## 5. ਮਾਰਕਸ ਦੀ 'ਫ਼ਰਾਂਸ ਵਿੱਚ ਖ਼ਾਨਾ-ਜੰਗੀ' ਦਾ 1891 ਦਾ ਮੁੱਖ-ਬੰਧ

'ਫ਼ਰਾਂਸ ਵਿੱਚ ਖ਼ਾਨਾ-ਜੰਗੀ' ਦੀ ਤੀਜੀ ਛਾਪ ਦੇ ਮੁਖਬੰਦ ਵਿੱਚ (ਮੁਖਬੰਧ ਉੱਤੇ 18 ਮਾਰਚ 1891 ਦੀ ਤਾਰੀਖ਼ ਹੈ ਅਤੇ ਇਹ ਪਹਿਲਾਂ «Neue Zeit» ਵਿੱਚ ਛਾਪਿਆ ਗਿਆ) ਏਂਗਲਜ਼ ਨੇ ਰਾਜ ਵੱਲ ਵਤੀਰੇ ਸਬੰਧੀ ਕੁੱਝ ਲਾਗਵੀਆਂ ਰੌਚਕ ਗੱਲਾਂ ਕਹਿਣ ਤੋਂ ਬਿਨਾਂ ਕਮਿਊਨ[32] ਦੇ ਸਬਕਾਂ ਦਾ ਇੱਕ ਬੜਾ ਸੋਹਣਾ ਸਾਰ ਪੇਸ਼ ਕੀਤਾ ਹੈ। ਇਸ ਸਾਰ ਨੂੰ,

ਜਿਸਨੂੰ ਉਹਨਾਂ ਵੀਹਾਂ ਵਰ੍ਹਿਆਂ ਦੇ ਸਮੁੱਚੇ ਤਜਰਬੇ ਨੇ ਜਿਹੜਾ ਲੇਖਕ ਨੂੰ ਕਮਿਊਨ ਤੋਂ ਵੱਖ ਕਰਦਾ ਸੀ ਅਤੇ ਜਿਸ ਦਾ ਰੁਖ ਵਿਸ਼ੇਸ਼ ਤੌਰ ਉੱਤੇ ਜਰਮਨੀ ਵਿੱਚ ਏਨੇ ਵਿਸ਼ਾਲ ਪੈਮਾਨੇ ਉੱਤੇ ਫੈਲੇ "ਰਾਜ ਵਿੱਚ ਵਹਿਮੀ ਭਰੋਸੇ" ਵੱਲ ਹੈ, ਹੱਕੀ ਤੌਰ 'ਤੇ ਵਿਚਾਰੇ ਜਾ ਰਹੇ ਮਾਮਲੇ ਸਬੰਧੀ ਮਾਰਕਸਵਾਦ ਦੀ **ਅਖੀਰੀ ਗੱਲ** ਸਮਝਿਆ ਜਾਣਾ ਚਾਹੀਦਾ ਹੈ।

> ਫ਼ਰਾਂਸ ਵਿੱਚ, ਏਂਗਲਜ਼ ਕਹਿੰਦੇ ਹਨ, ਮਜ਼ਦੂਰ ਹਰ ਇਨਕਲਾਬ ਵਿੱਚੋਂ ਹਥਿਆਰ ਲੈ ਕੇ ਨਿਕਲੇ; "ਇਸ ਲਈ ਮਜ਼ਦੂਰਾਂ ਨੂੰ ਨਿਹੱਥਾ ਕਰਨਾ ਬੁਰਜੂਆਜ਼ੀ ਲਈ, ਜਿਸ ਹੱਥ ਰਾਜ ਦੀ ਵਾਗ ਡੋਰ ਸੀ, ਪਹਿਲਾ ਹਜ਼ੂਰੀ ਹੁਕਮ ਸੀ! ਇਸੇ ਲਈ ਮਜ਼ਦੂਰਾਂ ਵੱਲੋਂ ਜਿੱਤੇ ਹਰ ਇਨਕਲਾਬ ਤੋਂ ਪਿੱਛੋਂ ਇੱਕ ਨਵਾਂ ਘੋਲ਼ ਹੁੰਦਾ ਹੈ, ਜਿਸ ਦਾ ਅੰਤ ਮਜ਼ਦੂਰਾਂ ਦੀ ਹਾਰ ਹੁੰਦਾ ਹੈ।..."

ਬੁਰਜੂਆ ਇਨਕਲਾਬਾਂ ਦੇ ਤਜਰਬੇ ਦਾ ਇਹ ਸਾਰ ਜਿੰਨਾਂ ਪ੍ਰਗਟਾਊ ਹੈ ਉੱਨਾਂ ਸੰਖੇਪ ਵੀ ਹੈ। ਮਾਮਲੇ ਦਾ ਤੱਤ — ਹਾਂ ਸੱਚ, ਰਾਜ ਦੇ ਸਵਾਲ ਬਾਰੇ ਵੀ (**ਕੀ ਲੁਟੀਂਦੀ ਜਮਾਤ ਕੋਲ਼ ਹਥਿਆਰ ਹਨ ?**) — ਇਥੇ ਬਹੁਤ ਹੀ ਸੋਹਣੀ ਤਰ੍ਹਾਂ ਪਕੜ ਵਿੱਚ ਲਿਆ ਗਿਆ ਹੈ। ਬੁਰਜੂਆ ਵਿਚਾਰਧਾਰਾ ਤੋਂ ਪ੍ਰਭਾਵਤ ਪ੍ਰੋਫ਼ੈਸਰ ਅਤੇ ਨਿੱਕ-ਬੁਰਜੂਆ ਜਮਹੂਰੀਅਤ-ਪਸੰਦ ਸਭ ਤੋਂ ਵੱਧ ਵਾਰ ਇਸੇ ਤੱਥ ਨੂੰ ਅੱਖੋਂ ਓਹਲੇ ਕਰ ਦੇਂਦੇ ਹਨ। 1917 ਦੇ ਰੂਸੀ ਇਨਕਲਾਬ ਤੋਂ ਪਿੱਛੋਂ ਬੁਰਜੂਆ ਇਨਕਲਾਬ ਦੇ ਇਸ ਭੇਤ ਸਬੰਧੀ ਬਕ ਪੈਣ ਦਾ ਮਾਣ (ਕਾਵੇਨਿਆਕ ਦਾ ਮਾਣ) "ਮੈਨਸ਼ਵਿਕ", "ਮਾਰਕਸਵਾਦੀ-ਵੀ" ਤਸੇਰੇਤੇਲੀ ਨੂੰ ਪ੍ਰਾਪਤ ਹੋਇਆ। ਆਪਣੀ 11 ਜੂਨ ਦੀ "ਇਤਿਹਾਸਕ ਤਕਰੀਰ" ਵਿੱਚ ਉਹਨੇ ਇਹ ਬਕ ਦਿੱਤਾ ਕਿ ਬੁਰਜੂਆਜ਼ੀ ਨੇ ਪੀਤਰੋਗਰਾਦ ਦੇ ਮਜ਼ਦੂਰਾਂ ਨੂੰ ਨਿਹੱਥਾ ਕਰਨ ਦਾ ਫ਼ੈਸਲਾ ਕਰ ਲਿਆ ਹੋਇਆ ਹੈ — ਨਿਰਸੰਦੇਹ ਉਹਨੇ ਇਹ ਵਿਚਾਰ ਆਪਣੇ ਵਿਚਾਰ ਦੇ ਤੌਰ 'ਤੇ ਅਤੇ "ਰਾਜ" ਲਈ ਆਮ ਤੌਰ 'ਤੇ[33] ਲਾਜ਼ਮੀ ਮਾਮਲੇ ਵਜੋਂ ਪੇਸ਼ ਕੀਤਾ।

ਤਸੇਰੇਤੇਲੀ ਦੀ 11 ਜੂਨ ਦੀ ਇਤਿਹਾਸਕ ਤਕਰੀਰ ਨਿਰਸੰਦੇਹ 1917 ਦੇ ਇਨਕਲਾਬ ਦੇ ਹਰ ਇਤਿਹਾਸਕਾਰ ਨੂੰ ਇਸ ਗੱਲ ਦੀਆਂ ਅਤਿ-ਅੰਤ ਉੱਘੜਵੀਆਂ ਮਿਸਾਲਾਂ ਵਿੱਚੋਂ ਇੱਕ ਦਾ ਕੰਮ ਦੇਵੇਗੀ ਕਿ ਕਿਵੇਂ, ਸ਼੍ਰੀ ਤਸੇਰੇਤੇਲੀ ਦੀ ਅਗਵਾਈ ਹੇਠ ਸੋਸ਼ਲਿਸਟ-ਇਨਕਲਾਬੀ ਅਤੇ ਮੈਨਸ਼ਵਿਕ ਭਗੌੜੇ ਬਣਕੇ ਇਨਕਲਾਬੀ ਪ੍ਰੋਲਤਾਰੀ **ਵਿਰੁੱਧ** ਬੁਰਜੂਆਜ਼ੀ ਵੱਲ ਚਲੇ ਗਏ।

ਏਂਗਲਜ਼ ਦੀ ਕਹੀ ਇੱਕ ਹੋਰ ਲਾਗਵੀਂ ਗੱਲ ਦਾ ਸਬੰਧ ਵੀ ਰਾਜ ਦੇ ਮਾਮਲਿਆਂ ਨਾਲ਼ ਹੈ, ਇਹਦਾ ਸਬੰਧ ਧਰਮ ਨਾਲ਼ ਹੈ। ਜਿਹਾ ਕਿ ਚੰਗੀ ਤਰ੍ਹਾਂ ਪਤਾ ਹੈ, ਜਦੋਂ ਜਰਮਨ ਸੋਸ਼ਲ-ਡੈਮੋਕਰੈਸੀ ਨਿੱਘਰੀ ਅਤੇ ਸਦਾ ਵਧੇਰੇ ਮੌਕਾ-ਪ੍ਰਸਤ ਬਣਦੀ ਗਈ ਤਾਂ ਇਹ ਪ੍ਰਸਿੱਧ ਗੁਰ : "ਧਰਮ ਦੇ ਨਿੱਜੀ ਮਾਮਲਾ ਹੋਣ ਦਾ ਐਲਾਨ ਕੀਤਾ ਜਾਵੇਗਾ" ਦੀ ਤੰਗ-ਨਜ਼ਰ ਗ਼ਲਤ ਵਿਆਖਿਆ ਵਿੱਚ ਫਸਦੀ ਗਈ। ਅਰਥਾਤ ਇਸ ਗੁਰ ਨੂੰ ਇਉਂ ਤੋੜਿਆ-ਮਰੋੜਿਆ ਗਿਆ ਕਿ ਇਹਦੇ ਅਰਥ ਇਹ ਨਿਕਲਣ ਕਿ ਧਰਮ ਇਨਕਲਾਬੀ ਪ੍ਰੋਲਤਾਰੀ ਦੀ **ਪਾਰਟੀ ਲਈ ਵੀ** ਨਿੱਜੀ ਮਸਲਾ ਹੈ!! ਪ੍ਰੋਲੇਤਾਰੀ ਦੇ ਇਨਕਲਾਬੀ ਪ੍ਰੋਗਰਾਮ ਨਾਲ਼ ਇਸ ਪੂਰੀ ਗ਼ੱਦਾਰੀ

ਵਿਰੁੱਧ ਹੀ ਏਂਗਲਜ਼ ਨੇ ਰੋਸ ਪ੍ਰਗਟ ਕੀਤਾ। 1891 ਵਿੱਚ ਉਹਨਾਂ ਨੂੰ ਆਪਣੀ ਪਾਰਟੀ ਵਿੱਚ ਮੌਕਾ-ਪ੍ਰਸਤੀ ਦਾ **ਬਹੁਤ ਕਮਜ਼ੋਰ** ਮੁੱਢ ਦਿੱਸਿਆ ਅਤੇ ਇਸੇ ਲਈ ਉਹਨਾਂ ਅਤਿ-ਅੰਤ ਸੋਘਵਾਨੀ ਨਾਲ਼ ਗੱਲ ਕੀਤੀ:

"ਕਿਉਂਕਿ ਕਮਿਊਨ ਵਿੱਚ ਕੇਵਲ ਮਜ਼ਦੂਰ ਜਾਂ ਉਹਨਾਂ ਦੇ ਪ੍ਰਵਾਨਤ ਪ੍ਰਤਿਨਿਧ ਹੀ ਬੈਠਦੇ ਸਨ, ਇਸੇ ਲਈ ਇਹਦੇ ਫ਼ੈਸਲਿਆਂ ਉੱਤੇ ਪ੍ਰਤੱਖ ਪ੍ਰੋਲਤਾਰੀ ਛਾਪ ਸੀ। ਜਾਂ ਤਾਂ ਇਹ ਫ਼ੈਸਲੇ ਅਜਿਹੇ ਸੁਧਾਰਾਂ ਸਬੰਧੀ ਫ਼ਰਮਾਨ ਜਾਰੀ ਕਰਦੇ ਸਨ ਜਿਨ੍ਹਾਂ ਸਬੰਧੀ ਬੁਰਜੂਆਜ਼ੀ ਨਿਰੋਲ ਕਾਇਰਤਾ ਕਾਰਨ ਫੈਸਲੇ ਕਰਨੋਂ ਅਸਮਰੱਥ ਰਹੀ ਸੀ ਪਰ ਜਿਹੜੇ ਮਜ਼ਦੂਰ ਜਮਾਤ ਦੀ ਆਜ਼ਾਦ ਸਰਗਰਮੀ ਲਈ ਆਧਾਰ ਪੇਸ਼ ਕਰਦੇ ਸਨ — ਜਿਹਾ ਕਿ ਇਸ ਅਸੂਲ ਦੀ ਪ੍ਰਾਪਤੀ ਕਿ **ਰਾਜ ਦੇ ਸਬੰਧ ਵਿੱਚ** ਧਰਮ ਇੱਕ ਨਿੱਜੀ ਮਾਮਲਾ ਹੈ। ਜਾਂ ਕਮਿਊਨ ਨੇ ਅਜਿਹੇ ਫ਼ਰਮਾਨ ਜਾਰੀ ਕੀਤੇ ਜਿਹੜੇ ਸਿੱਧੀ ਤਰ੍ਹਾਂ ਮਜ਼ਦੂਰ ਜਮਾਤ ਦੇ ਹਿੱਤ ਵਿੱਚ ਸਨ ਅਤੇ ਕਿਸੇ ਹੱਦ ਤੱਕ ਪੁਰਾਣੀ ਪ੍ਰਣਾਲੀ ਵਿੱਚ ਦੂਰ ਤੱਕ ਕਾਟ ਕਰਦੇ ਸਨ।..."

ਏਂਗਲਜ਼ ਨੇ ਜਾਣ ਬੁੱਝ ਕੇ ਜਰਮਨ ਮੌਕਾ-ਪ੍ਰਸਤੀ ਵਿਰੁੱਧ ਇੱਕ ਚੋਟ ਵਜੋਂ "ਰਾਜ ਦੇ ਸਬੰਧ ਵਿੱਚ" ਸ਼ਬਦਾਂ ਉੱਤੇ ਜ਼ੋਰ ਦਿੱਤਾ, ਮੌਕਾ-ਪ੍ਰਸਤੀ ਜਿਸਨੇ ਧਰਮ ਦੇ **ਪਾਰਟੀ ਦੇ ਸਬੰਧ ਵਿੱਚ** ਨਿੱਜੀ ਮਾਮਲਾ ਹੋਣ ਦਾ ਐਲਾਨ ਕਰ ਦਿੱਤਾ ਸੀ ਅਤੇ ਇਨਕਲਾਬੀ ਪ੍ਰੋਲੇਤਾਰੀ ਦੀ ਪਾਰਟੀ ਨੂੰ "ਅਜ਼ਾਦ-ਖ਼ਿਆਲ" ਤੰਗ-ਨਜ਼ਰ ਲੋਕਾਂ ਦੀ ਹੱਦ ਤੱਕ ਡੇਗ ਦਿੱਤਾ ਸੀ, ਜਿਹੜੇ ਗ਼ੈਰ-ਸੰਪ੍ਰਦਾਇਕ ਦਰਜੇ ਦੀ ਆਗਿਆ ਦੇਣ ਲਈ ਤਾਂ ਤਿਆਰ ਸਨ ਪਰ ਜਿਹੜੇ ਲੋਕਾਂ ਨੂੰ ਮੁਗਧ ਕਰਨ ਵਾਲ਼ੇ ਮੁਗਧਕਾਰੀ ਧਰਮ ਵਿਰੁੱਧ **ਪਾਰਟੀ ਦੇ** ਘੋਲ਼ ਨੂੰ ਤਿਆਗ ਦੇਂਦੇ ਹਨ।

ਜਰਮਨ ਸੋਸ਼ਲ-ਡੈਮੋਕਰੈਸੀ ਦੇ ਭਵਿੱਖ ਦੇ ਇਤਿਹਾਸਕਾਰ ਨੂੰ, ਜਿਹੜਾ 1914 ਵਿੱਚ ਇਹਦੇ ਸ਼ਰਮਨਾਕ ਦੀਵਾਲੀਆਪੁਣੇ ਦੇ ਬੁਨਿਆਦੀ ਕਾਰਨ ਲੱਭ ਰਿਹਾ ਹੋਵੇਗਾ, ਇਸ ਸਵਾਲ ਸਬੰਧੀ ਚੋਖੀ ਰੌਚਕ ਸਮੱਗਰੀ ਮਿਲੇਗੀ, ਜਿਨ੍ਹਾਂ ਦਾ ਮੁੱਢ ਪਾਰਟੀ ਦੇ ਵਿਚਾਰਧਾਰਕ ਨੇਤਾ ਕਾਊਟਸਕੀ ਦੀ ਮੌਕਾ-ਪ੍ਰਸਤੀ ਲਈ ਰਾਹ ਖੋਲ੍ਹ ਦੇਣ ਵਾਲ਼ੇ ਲੇਖਾਂ ਵਿੱਚ ਘੁਸਾਊ ਐਲਾਨਾਂ ਨਾਲ਼ ਬੱਝਦਾ ਹੈ, ਅਤੇ ਅੰਤ 1913 ਵਿੱਚ «Los-von-Kirche-Bewegung»[34] ("ਗਿਰਜਾ ਛੱਡੋ ਲਹਿਰ") ਵੱਲ ਪਾਰਟੀ ਦੇ ਵਤੀਰੇ ਤੋਂ ਹੁੰਦਾ ਹੈ।

ਪਰ ਆਓ ਅਸੀਂ ਵੇਖੀਏ ਕਿ ਕਮਿਊਨ ਤੋਂ ਵੀਹ ਵਰ੍ਹੇ ਪਿੱਛੋਂ ਏਂਗਲਜ਼ ਨੇ ਲੜਾਕੂ ਪ੍ਰੋਲਤਾਰੀ ਲਈ ਇਹਦੇ ਸਬਕਾਂ ਦਾ ਕੀ ਸਾਰ ਪੇਸ਼ ਕੀਤਾ।

ਇਹ ਹਨ ਉਹ ਸਬਕ ਜਿਨ੍ਹਾਂ ਨੂੰ ਏਂਗਲਜ਼ ਮੁੱਢਲੀ ਮਹੱਤਤਾ ਦਿੰਦੇ ਸਨ :

"... ਪਹਿਲੀਆਂ ਦੀ ਕੇਂਦਰਿਤ ਹਕੂਮਤ, ਫ਼ੌਜ, ਰਾਜਸੀ ਪੁਲਸ, ਨੌਕਰਸ਼ਾਹੀ ਦੀ ਐਨ ਇਹੋ ਜਾਬਰ ਸ਼ਕਤੀ, ਜਿਹੜੀ ਨੈਪੋਲੀਅਨ ਨੇ 1798 ਵਿੱਚ ਕਾਇਮ ਕੀਤੀ ਸੀ ਅਤੇ ਜਿਹੜੀ ਉਸ ਤੋਂ ਪਿੱਛੋਂ ਹਰ ਨਵੀਂ ਹਕੂਮਤ ਨੇ ਇੱਕ ਸੁਖਾਵੇਂ ਸੰਦ ਵਜੋਂ ਆਪਣੇ ਹੱਥ ਵਿੱਚ ਲੈ ਲਈ ਸੀ ਅਤੇ ਆਪਣੇ ਵਿਰੋਧੀਆਂ ਵਿਰੁੱਧ ਵਰਤੀ ਸੀ — ਐਨ ਇਸ ਤਾਕਤ ਨੇ ਹਰ ਥਾਂ ਗੱਦੀਉਂ ਲਹਿ ਜਾਣਾ ਸੀ,

ਜਿਵੇਂ ਇਹ ਪੈਰਿਸ ਵਿੱਚ ਲਹਿ ਗਈ ਸੀ।

"ਐਨ ਮੁੱਢ ਤੋਂ ਹੀ ਕਮਿਊਨ ਇਹ ਪ੍ਰਵਾਨ ਕਰਨ 'ਤੇ ਮਜਬੂਰ ਹੀ ਗਿਆ ਕਿ ਜਦੋਂ ਇੱਕ ਵਾਰ ਉਹ ਹਾਕਮ ਬਣ ਗਿਆ ਤਾਂ ਮਜ਼ਦੂਰ ਜਮਾਤ ਰਾਜ ਦੀ ਪੁਰਾਣੀ ਬਣਤਰ ਨਾਲ਼ ਕੰਮ ਨਹੀਂ ਸੀ ਚਲਾ ਸਕਦੀ; ਕਿ ਜਿਹੜੀ ਸੱਤਾ ਉਹਨੇ ਹੁਣੇ ਹੁਣੇ ਪ੍ਰਾਪਤ ਕੀਤੀ ਹੈ ਉਹਨੂੰ ਮੁੜ ਗੁਆਣੋਂ ਬਚਣ ਲਈ ਇਹ ਲਾਜ਼ਮੀ ਹੈ ਕਿ ਉਹ ਇੱਕ ਹੱਥ ਉਸ ਸਾਰੀ ਪੁਰਾਣੀ ਜਾਬਰ ਬਣਤਰ ਨੂੰ ਖ਼ਤਮ ਕਰ ਦੇਵੇ ਜਿਹੜੀ ਪਹਿਲੀਆਂ ਵਿੱਚ ਇਹਦੇ ਆਪਣੇ ਵਿਰੁੱਧ ਵਰਤੀ ਜਾਂਦੀ ਸੀ ਅਤੇ ਦੂਜੇ ਹੱਥ, ਇਹ ਐਲਾਨ ਕਰਕੇ ਕਿ ਉਹ ਬਿਨਾਂ ਛੋਟ ਕਿਸੇ ਵੀ ਸਮੇਂ ਵੋਟਾਂ ਰਾਹੀਂ ਆਪਣੀਆਂ ਪਦਵੀਆਂ ਤੋਂ ਹਟਾਏ ਜਾ ਸਕਦੇ ਹਨ, ਆਪਣੇ ਪ੍ਰਤਿਨਿਧਾਂ ਅਤੇ ਅਧਿਕਾਰੀਆਂ ਵਿਰੁੱਧ ਆਪਣੀ ਰੱਖਿਆ ਕਰੇ..."

ਏਂਗਲਜ਼ ਨੇ ਘੜੀ-ਮੁੜੀ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਕੇਵਲ ਬਾਦਸ਼ਾਹੀ ਅਧੀਨ ਹੀ ਨਹੀਂ ਸਗੋਂ **ਜਮਹੂਰੀ** ਗਣ-ਰਾਜ ਅਧੀਨ ਵੀ ਰਾਜ ਰਾਜ ਹੀ ਰਹਿੰਦਾ ਹੈ, ਅਰਥਾਤ, ਇਹ ਅਧਿਕਾਰੀਆਂ, "ਸਮਾਜ ਦੇ ਸੇਵਕਾਂ", ਇਹਦੇ ਅੰਗਾਂ, ਨੂੰ ਸਮਾਜ ਦੇ **ਮਾਲਕਾਂ** ਵਿੱਚ ਤਬਦੀਲ ਕਰਨ ਦਾ ਆਪਣਾ ਬੁਨਿਆਦੀ ਲੱਛਣ ਕਾਇਮ ਰੱਖਦਾ ਹੈ।

"... ਰਾਜ ਅਤੇ ਰਾਜ ਦੇ ਅੰਗਾਂ ਦੇ ਇਉਂ ਸਮਾਜ ਦੇ ਸੇਵਕਾਂ ਤੋਂ ਸਮਾਜ ਦੇ ਮਾਲਕਾਂ ਵਿੱਚ ਇਸ ਤਬਦੀਲੀ ਵਿਰੁੱਧ — ਜਿਹੜੀ ਪਿਛਲੇ ਰਾਜਾਂ ਵਿੱਚ ਅਟੱਲ ਤਬਦੀਲੀ ਰਹੀ ਹੈ — ਕਮਿਊਨ ਨੇ ਦੋ ਅਚੁੱਕ ਸਾਧਨਾਂ ਦੀ ਵਰਤੋਂ ਕੀਤੀ। ਪਹਿਲੇ ਇਹਨੇ ਸਭ ਪਦਵੀਆਂ — ਪ੍ਰਬੰਧਕ, ਅਦਾਲਤੀ ਅਤੇ ਵਿਦਿਅਕ — ਸਭਨਾਂ ਲਈ ਵੋਟਾਂ ਦੇ ਅਧਾਰ ਉੱਤੇ ਅਤੇ ਉਨ੍ਹਾਂ ਹੀ ਚੋਣਕਾਰਾਂ ਵੱਲੋਂ ਕਿਸੇ ਵੀ ਸਮੇਂ ਪਦਵੀ ਤੋਂ ਹਟਾਏ ਜਾਣ ਦੇ ਅਧਾਰ ਉੱਤੇ, ਭਰੀਆਂ ਅਤੇ ਦੂਜੇ, ਸਭਨਾਂ ਉੱਚੇ ਅਤੇ ਨੀਵੇਂ ਅਧਿਕਾਰੀਆਂ ਨੂੰ ਮਜ਼ਦੂਰਾਂ ਨੂੰ ਮਿਲਦੀ ਉਜਰਤ ਜਿੰਨੀ ਹੀ ਤਨਖ਼ਾਹ ਦਿੱਤੀ ਗਈ। ਕਮਿਊਨ ਵਿੱਚ ਕਿਸੇ ਨੂੰ ਵੀ 6,000 ਫ਼ਰਾਂਕ ਤੋਂ ਵੱਧ ਤਨਖ਼ਾਹ ਨਾ ਦਿੱਤੀ ਗਈ।* ਇਉਂ ਪ੍ਰਤਿਨਿਧ ਸੰਸਥਾਵਾਂ ਲਈ ਚੁਣੇ ਪ੍ਰਤਿਨਿਧਾਂ ਨੂੰ ਦਿੱਤੀਆਂ ਗਈਆਂ ਲਾਜ਼ਮੀ ਹਦਾਇਤਾਂ ਤੋਂ ਬਿਨਾਂ ਅਹੁਦਿਆਂ ਪਿੱਛੇ ਨੱਠਣ ਅਤੇ ਹਰ ਸਾਧਨ ਵਰਤ ਕੇ ਅੱਗੇ ਵਧਣ ਦੇ ਯਤਨਾਂ ਵਿਰੁੱਧ ਇੱਕ ਰੋਕ ਖੜੀ ਕਰ ਦਿੱਤੀ ਗਈ..."

ਏਂਗਲਜ਼ ਇੱਥੇ ਉਸ ਰੋਚਕ ਹੱਦ-ਰੇਖਾ ਦੇ ਕੋਲ ਅੱਪੜ ਰਹੇ ਹਨ ਜਿੱਥੇ ਨਿਰੰਤਰ ਜਮਹੂਰੀਅਤ ਇੱਕ ਹੱਥ ਸੋਸ਼ਲਿਜ਼ਮ ਵਿੱਚ **ਤਬਦੀਲ ਹੋ ਜਾਂਦੀ ਹੈ** ਅਤੇ ਦੂਜੇ ਹੱਥ ਸੋਸ਼ਲਿਜ਼ਮ

---

* ਕਹਿਣ ਨੂੰ ਲਗ ਭਗ 2,400 ਰੂਬਲ; ਤਬਾਦਲੇ ਦੀ ਅਜੋਕੀ ਦਰ ਅਨੁਸਾਰ ਲਗ ਭਗ 6,000 ਰੂਬਲ। ਜਿਹੜੇ ਬਾਲਸ਼ਵਿਕ, ਮਿਸਾਲ ਵਜੋਂ, ਇਹ ਕਹਿੰਦੇ ਹਨ ਕਿ **ਸਾਰੇ ਰਾਜ ਲਈ** ਮਿਉਂਸਪਲ ਕੌਂਸਲਾਂ ਦੇ ਮੈਂਬਰਾਂ ਨੂੰ 6,000 ਰੂਬਲ ਦੀ ਥਾਂ — ਜਿਹੜੀ ਬਹੁਤ ਕਾਫ਼ੀ ਰਕਮ[35] ਹੈ — 9,000 ਰੂਬਲ ਤਨਖ਼ਾਹ ਦਿੱਤੀ ਜਾਵੇ, ਉਹ ਮਾਫ਼ ਨਾ ਕੀਤੇ ਜਾਣ ਵਾਲ਼ੇ ਢੰਗ ਨਾਲ਼ ਅਮਲ ਕਰ ਰਹੇ ਹਨ।

ਦੀ **ਮੰਗ ਕਰਦੀ ਹੈ** ਕਿਉਂਕਿ ਰਾਜ ਦਾ ਅੰਤ ਕਰਨ ਲਈ ਇਹ ਲਾਜ਼ਮੀ ਹੈ ਕਿ ਪ੍ਰਬੰਧਕਾਂ ਦੇ ਕੰਮ ਨਿਗਰਾਨੀ ਅਤੇ ਹਿਸਾਬ-ਕਿਤਾਬ ਦੇ ਅਜਿਹੇ ਸਾਦੇ ਅਮਲਾਂ ਵਿੱਚ ਤਬਦੀਲ ਕਰ ਦਿੱਤੇ ਜਾਣ ਜਿਹੜੇ ਵਸੋਂ ਦੀ ਵੱਡੀ ਬਹੁ-ਗਿਣਤੀ ਦੀ ਅਤੇ ਪਿੱਛੋਂ ਜਾ ਕੇ ਹਰ ਇੱਕ ਵਿਅਕਤੀ ਦੀ ਸਮਰੱਥਾ ਅਤੇ ਯੋਗਤਾ ਦੇ ਅੰਦਰ ਹੋਣ ਅਤੇ ਹਰ ਹਥਿਆਰ ਵਰਤ ਕੇ ਅੱਗੇ ਵਧਣ ਦੇ ਯਤਨਾਂ ਦਾ ਅੰਤ ਕਰਨ ਲਈ ਇਹ ਲਾਜ਼ਮੀ ਹੈ ਕਿ ਜਨਤਕ ਸੇਵਾ ਵਿੱਚ "ਮਾਣਯੋਗ" ਪਰ ਨਫ਼ਾ-ਹੀਣ ਪਦਵੀਆਂ ਨੂੰ ਬੈਂਕਾਂ ਅਤੇ ਲਿਮਟਿਡ ਕੰਪਨੀਆਂ ਵਿੱਚ ਅਤਿ-ਅੰਤ ਲਾਹੇਵੰਦੀਆਂ ਪਦਵੀਆਂ ਲਈ ਪੜੁਲ ਦੇ ਤੌਰ 'ਤੇ ਵਰਤਣਾ **ਅਸੰਭਵ** ਬਣਾ ਦਿੱਤਾ ਜਾਵੇ ਜਿਹਾ ਕਿ ਸਭਨਾਂ ਸਭ ਤੋਂ ਵੱਧ ਅਜ਼ਾਦ ਸਰਮਾਏਦਾਰ ਦੇਸ਼ਾਂ ਵਿੱਚ ਵੀ **ਲਗਾਤਾਰ** ਹੁੰਦਾ ਰਹਿੰਦਾ ਹੈ।

ਪਰ ਏਂਗਲਜ਼ ਨੇ ਉਹ ਗ਼ਲਤੀ ਨਾ ਕੀਤੀ ਜਿਹੜੀ ਕੁੱਝ ਮਾਰਕਸਵਾਦੀ, ਮਿਸਾਲ ਵਜੋਂ, ਕੌਮਾਂ ਦੇ ਆਤਮ-ਨਿਰਣੇ ਦੇ ਹੱਕ ਨਾਲ਼ ਨਿਬੜਦੇ ਹੋਏ ਕਰਦੇ ਹਨ ਜਦੋਂ ਉਹ ਦਲੀਲ ਦੇਂਦੇ ਹਨ ਕਿ ਇਹ ਸਰਮਾਏਦਾਰੀ ਅਧੀਨ ਅਸੰਭਵ ਹੈ ਅਤੇ ਸੋਸ਼ਲਿਜ਼ਮ ਅਧੀਨ ਵਾਧੂ ਹੋ ਜਾਵੇਗਾ। ਅਜਿਹਾ ਵੇਖਣ ਨੂੰ ਚੁਸਤ ਪਰ ਅਸਲ ਵਿੱਚ ਅਸ਼ੁੱਧ ਬਿਆਨ, ਅਧਿਕਾਰੀਆਂ ਲਈ ਨੀਵੀਆਂ ਤਨਖ਼ਾਹਾਂ ਸਮੇਤ **ਕਿਸੇ ਵੀ** ਜਮਹੂਰੀ ਸੰਸਥਾ ਸਬੰਧੀ ਦਿੱਤਾ ਜਾ ਸਕਦਾ ਹੈ ਕਿਉਂਕਿ ਸਰਮਾਏਦਾਰੀ ਅਧੀਨ ਪੂਰੀ ਤਰ੍ਹਾਂ ਇਕਸਾਰ ਜਮਹੂਰੀਅਤ ਅਸੰਭਵ ਹੈ ਅਤੇ ਸੋਸ਼ਲਿਜ਼ਮ ਅਧੀਨ ਹਰ ਤਰ੍ਹਾਂ ਦੀ ਜਮਹੂਰੀਅਤ **ਹੌਲੀ ਹੌਲੀ ਖ਼ਤਮ ਹੋ ਜਾਂਦੀ ਹੈ।**

ਇਹ ਇਸ ਪੁਰਾਣੇ ਮਖ਼ੌਲ ਵਾਂਗ ਕਿ ਜੇ ਮਿਸਾਲ ਵਜੋਂ ਕਿਸੇ ਮਨੁੱਖ ਦਾ ਇੱਕ ਹੋਰ ਵਾਲ਼ ਝੜ ਜਾਵੇ ਤਾਂ ਕੀ ਉਹ ਗੰਜਾ ਹੋ ਜਾਵੇਗਾ ਇੱਕ ਭੁਲਾਂਦਰਾਵਾਦ ਹੈ।

ਜਮਹੂਰੀਅਤ ਦਾ ਇਹਦੀ **ਅਤਿ-ਅੰਤ ਹੱਦ ਤੱਕ** ਵਿਕਾਸ ਕਰਨਾ, ਇਹਦੇ ਵਿਕਾਸ ਦੇ **ਰੂਪ** ਭਾਲਣਾ, **ਅਮਲ ਵਿੱਚ** ਉਹਨਾਂ ਦੀ ਪਰਖ ਕਰਨਾ, ਇਤਿ-ਆਦਿ — ਇਹ ਸਭ ਕੁੱਝ ਸਮਾਜੀ ਇਨਕਲਾਬ ਲਈ ਘੋਲ਼ ਦੇ ਬਣਤਰੀ ਕੰਮਾਂ ਵਿੱਚੋਂ ਇੱਕ ਹੈ। ਵੱਖਰੇ ਤੌਰ 'ਤੇ ਲਿਆਂ ਕਿਸੇ ਕਿਸਮ ਦੀ ਜਮਹੂਰੀਅਤ ਸੋਸ਼ਲਿਜ਼ਮ ਨਹੀਂ ਲਿਆ ਸਕਦੀ। ਪਰ ਯਥਾਰਥਕ ਜੀਵਨ ਵਿੱਚ ਜਮਹੂਰੀਅਤ ਨੂੰ "ਵੱਖ ਤਰ੍ਹਾਂ" ਨਹੀਂ ਲਿਆ ਜਾ ਸਕਦਾ; ਇਹਨੂੰ ਹੋਰਨਾਂ ਗੱਲਾਂ ਦੇ "ਨਾਲ਼ ਹੀ" ਲਿਆ ਜਾਵੇਗਾ, ਇਹ ਆਰਥਕ ਜੀਵਨ ਉੱਤੇ ਆਪਣਾ ਪ੍ਰਭਾਵ ਪਾਵੇਗੀ, **ਇਹਦੀ** ਕਾਇਆ-ਪਲਟ ਨੂੰ ਉਤੇਜਤ ਕਰੇਗੀ ਅਤੇ ਆਪਣੀ ਵਾਰੀ ਇਹ ਆਰਥਕ ਵਿਕਾਸ ਤੋਂ ਪ੍ਰਭਾਵਤ ਹੋਵੇਗੀ, ਇਤਿ-ਆਦਿ। ਇਹ ਹੈ ਜਿਉਂਦੇ ਇਤਿਹਾਸ ਦਾ ਦਵੰਦਵਾਦ।

ਏਂਗਲਜ਼ ਆਪਣੀ ਗੱਲ ਜਾਰੀ ਰੱਖਦੇ ਹਨ :

> "... ਪੁਰਾਣੀ ਰਾਜ ਸੱਤਾ ਦਾ ਤੋੜਿਆ ਜਾਣਾ (Sprengung) ਅਤੇ ਇਹਦੀ ਥਾਂ ਇੱਕ ਨਵੀਂ ਅਤੇ ਸੱਚ ਮੁੱਚ ਜਮਹੂਰੀ ਰਾਜ ਸੱਤਾ ਵੱਲੋਂ ਲਏ ਜਾਣ ਨੂੰ "ਖ਼ਾਨਾ-ਜੰਗੀ" ਦੇ ਤੀਜੇ ਭਾਗ ਵਿੱਚ ਵਿਸਥਾਰ ਨਾਲ਼ ਬਿਆਨ ਕੀਤਾ ਗਿਆ ਹੈ। ਪਰ ਇਥੇ ਇਹਦੇ ਕੁੱਝ ਲੱਛਣਾਂ ਨਾਲ਼ ਸੰਖੇਪ ਤੌਰ 'ਤੇ ਨਿਬੜਨਾ ਲਾਜ਼ਮੀ ਹੈ ਕਿਉਂਕਿ ਜਰਮਨੀ ਵਿੱਚ ਰਾਜ ਵਿੱਚ ਵਹਿਮੀ ਨਿਸ਼ਚਾ ਵਿਸ਼ੇਸ਼ ਤੌਰ 'ਤੇ ਦਰਸ਼ਨ

ਤੋਂ ਬੁਰਜੂਆਜ਼ੀ ਦੀ ਆਮ ਚੇਤੰਨਤਾ ਵਿੱਚ ਅਤੇ ਇਥੋਂ ਤੱਕ ਕਿ ਬਹੁਤ ਸਾਰੇ ਮਜ਼ਦੂਰਾਂ ਦੀ ਚੇਤੰਨਤਾ ਵਿੱਚ ਚਲਾ ਗਿਆ ਹੈ। ਦਾਰਸ਼ਨਕ ਸੰਕਲਪ ਅਨੁਸਾਰ ਰਾਜ ਧਰਤੀ ਉੱਤੇ ਰੱਬ ਦੀ ਹਕੂਮਤ ਦੇ 'ਵਿਚਾਰ ਦਾ' ਦਾਰਸ਼ਨਿਕ ਇਸਤਲਾਹਾਂ ਵਿੱਚ ਤਬਦੀਲ ਹੋਕੇ "ਰੂਪਮਾਨ ਹੋਣਾ" ਹੈ, ਜਿਸ ਵਿੱਚ ਸਦੀਵੀ ਸੱਚ ਅਤੇ ਇਨਸਾਫ਼ ਪ੍ਰਾਪਤ ਕੀਤੇ ਜਾਂਦੇ ਹਨ ਜਾਂ ਪ੍ਰਾਪਤ ਹੋਣੇ ਚਾਹੀਦੇ ਹਨ ਅਤੇ ਇਸ ਤੋਂ ਰਾਜ ਅਤੇ ਇਹਦੇ ਨਾਲ਼ ਸਬੰਧਤ ਹਰ ਗੱਲ ਲਈ ਇੱਕ ਵਹਿਮੀ ਸਤਿਕਾਰ ਪੈਦਾ ਹੁੰਦਾ ਹੈ, ਜਿਹੜਾ ਇਸ ਕਾਰਨ ਹੋਰ ਵੀ ਛੇਤੀ ਜੜ੍ਹ ਪਕੜ ਲੈਂਦਾ ਹੈ ਕਿ ਲੋਕਾਂ ਨੂੰ ਬਚਪਨ ਤੋਂ ਇਹ ਸੋਚਣ ਦੀ ਆਦਤ ਹੁੰਦੀ ਹੈ ਕਿ ਸਮੁੱਚੇ ਸਮਾਜ ਦੇ ਸਾਂਝੇ ਮਾਮਲਿਆਂ ਅਤੇ ਹਿੱਤਾਂ ਦਾ ਬੀਤੇ ਤੋਂ ਵੱਖਰੇ ਕਿਸੇ ਹੋਰ ਢੰਗ ਨਾਲ਼, ਪ੍ਰਬੰਧ ਨਹੀਂ ਕੀਤਾ ਜਾ ਸਕਦਾ, ਅਰਥਾਤ, ਰਾਜ ਅਤੇ ਇਹਦੇ ਮੋਟੀਆਂ ਤਨਖ਼ਾਹਾਂ ਵਾਲ਼ੀਆਂ ਪਦਵੀਆਂ ਉੱਤੇ ਲੱਗੇ ਅਧਿਕਾਰੀਆਂ ਰਾਹੀਂ ਅਤੇ ਜਦੋਂ ਲੋਕ ਜੱਦੀ ਬਾਦਸ਼ਾਹੀ ਦੇ ਵਿਚਾਰ ਤੋਂ ਛੁਟਕਾਰਾ ਪਾ ਲੈਂਦੇ ਹਨ ਅਤੇ ਜਮਹੂਰੀ ਗਣ-ਰਾਜ ਦੀ ਸੌਂਹ ਖਾਣ ਲੱਗ ਪੈਂਦੇ ਹਨ ਤਾਂ ਉਹ ਸਮਝਦੇ ਹਨ ਕਿ ਉਹਨਾਂ ਅੱਗੇ ਵੱਲ ਇੱਕ ਬਹੁਤ ਵੱਡਾ ਕਦਮ ਚੁੱਕਿਆ ਹੈ। ਪਰ ਯਥਾਰਥ ਵਿੱਚ ਰਾਜ ਇੱਕ ਜਮਾਤ ਵੱਲੋਂ ਦੂਜੀ ਜਮਾਤ ਨੂੰ ਕੁਚਲਣ ਲਈ ਬਣਤਰ ਤੋਂ ਬਿਨਾਂ ਕੁੱਝ ਨਹੀਂ ਅਤੇ ਜਮਹੂਰੀ ਗਣ-ਰਾਜ ਵਿੱਚ ਇਹ ਕਿਸੇ ਤਰ੍ਹਾਂ ਬਾਦਸ਼ਾਹੀ ਨਾਲ਼ੋਂ ਘੱਟ ਅਜਿਹਾ ਨਹੀਂ ਹੋ ਜਾਂਦਾ ਅਤੇ ਘੱਟ ਤੋਂ ਘੱਟ ਹੁੰਦੇ ਵੀ ਇੱਕ ਅਜਿਹੀ ਬੁਰਾਈ ਰਹਿ ਜਾਂਦੀ ਹੈ ਜਿਹੜੀ ਜਮਾਤੀ ਪ੍ਰਮੁੱਖਤਾ ਲਈ ਆਪਣੇ ਘੋਲ਼ ਵਿੱਚ ਪ੍ਰੋਲਤਾਰੀ ਨੂੰ ਵਿਰਸੇ ਵਿੱਚ ਮਿਲਦੀ ਹੈ ਅਤੇ ਕਮਿਊਨ ਵਾਂਗ ਹੀ, ਜੇਤੂ ਪ੍ਰੋਲੇਤਾਰੀ ਇਹਦੇ ਸਭ ਤੋਂ ਭੈੜੇ ਪੱਖ ਇੱਕ ਦਮ ਅਤੇ ਵੱਧ ਤੋਂ ਵੱਧ ਸੰਭਵ ਹੱਦ ਤੱਕ ਇੱਕ ਦਮ ਕੱਟਣੋਂ ਨਹੀਂ ਰਹਿ ਸਕਦਾ, ਉਸ ਸਮੇਂ ਤੱਕ ਜਦੋਂ ਤੱਕ ਕਿ ਆਜ਼ਾਦ ਸਮਾਜੀ ਹਾਲਤਾਂ ਵਿੱਚ ਪ੍ਰਵਾਨ ਚੜ੍ਹੀ ਇੱਕ ਪੀੜ੍ਹੀ ਰਾਜ ਦੇ ਸਾਰੇ ਕਾਠ-ਕਬਾੜ ਨੂੰ ਕੂੜੇ ਦੇ ਢੇਰ ਉੱਤੇ ਨਹੀਂ ਸੁੱਟ ਦੇਂਦੀ।"

ਏਂਗਲਜ਼ ਨੇ ਜਰਮਨਾਂ ਨੂੰ ਚੇਤਾਵਨੀ ਦਿੱਤੀ ਕਿ ਉਹ ਬਾਦਸ਼ਾਹੀ ਦੀ ਥਾਂ ਗਣ-ਰਾਜ ਨੂੰ ਦੇਣ ਦੇ ਸਬੰਧ ਵਿੱਚ ਆਮ ਤੌਰ 'ਤੇ ਸੋਸ਼ਲਿਜ਼ਮ ਦੇ ਸਵਾਲ ਬਾਰੇ ਬੁਨਿਆਦੀ ਗੱਲਾਂ ਨੂੰ ਨਾ ਭੁੱਲਣ। ਉਨ੍ਹਾਂ ਦੀ ਚੇਤਾਵਨੀ ਹੁਣ ਤਸੇਰੇਤੇਲੀਆਂ ਅਤੇ ਚੇਰਨੋਵਾਂ ਲਈ ਸਬਕ ਹੈ, ਜਿਨ੍ਹਾਂ ਆਪਣੇ "ਕੁਲੀਸ਼ਨ" ਦੇ ਅਮਲ ਵਿੱਚ ਰਾਜ ਵਿੱਚ ਵਹਿਮੀ ਨਿਸ਼ਚਾ ਅਤੇ ਵਹਿਮੀ ਸਤਿਕਾਰ ਪ੍ਰਗਟ ਕੀਤਾ!

ਦੋ ਹੋਰ ਗੱਲਾਂ : 1. ਇਹ ਤੱਥ ਦੇ ਕੇ ਏਂਗਲਜ਼ ਨੇ ਇਹ ਕਿਹਾ ਕਿ ਜਮਹੂਰੀ ਗਣ-ਰਾਜ ਵਿੱਚ ਰਾਜ ਬਾਦਸ਼ਾਹੀ "ਨਾਲ਼ੋਂ ਘੱਟ" "ਇੱਕ ਜਮਾਤ ਵੱਲੋਂ ਦੂਜੀ ਜਮਾਤ ਨੂੰ ਕੁਚਲਣ ਲਈ ਬਣਤਰ" "ਨਹੀਂ" ਰਹਿੰਦੀ, ਅਰਥ ਇਹ ਨਹੀਂ ਕਿ ਪ੍ਰੋਲਤਾਰੀ ਲਈ ਜਬਰ ਦੇ **ਰੂਪ** ਦੇ ਕੋਈ ਅਰਥ ਨਹੀਂ, ਜਿਹਾ ਕਿ ਕੁੱਝ ਅਰਾਜਕਤਾਵਾਦੀ "ਸਿਖਾਉਂਦੇ" ਹਨ। ਜਮਾਤੀ ਘੋਲ ਅਤੇ ਜਮਾਤੀ ਜਬਰ ਦਾ ਇੱਕ ਵਧੇਰੇ ਵਿਸ਼ਾਲ, ਵਧੇਰੇ ਅਜ਼ਾਦ ਅਤੇ ਵਧੇਰੇ ਖੁੱਲ੍ਹਾ **ਰੂਪ** ਆਮ

ਤੌਰ ’ਤੇ ਜਮਾਤਾਂ ਦੇ ਅੰਤ ਲਈ ਉਹਦੇ ਘੋਲ ਵਿੱਚ ਪ੍ਰੋਲੇਤਾਰੀ ਦੀ ਧੜਵੈਲ ਸਹਾਇਤਾ ਕਰਦੇ ਹਨ।

2. ਇੱਕ ਨਵੀਂ ਪੀੜ੍ਹੀ ਹੀ ਰਾਜ ਦੇ ਸਾਰੇ ਕਾਠ-ਕਬਾੜ ਨੂੰ ਕੂੜੇ ਦੇ ਢੇਰ ਉੱਤੇ ਸੁੱਟਣ ਵਿੱਚ ਸਫ਼ਲ ਹੋਵੇਗੀ ? ਇਸ ਸਵਾਲ ਦਾ ਸਬੰਧ ਜਮਹੂਰੀਅਤ ਉੱਤੇ ਕਾਬੂ ਪਾਉਣ ਨਾਲ਼ ਹੈ, ਜਿਸਨੂੰ ਅਸੀਂ ਹੁਣ ਹੱਥ ਵਿੱਚ ਲੈਂਦੇ ਹਾਂ।

## 6. ਜਮਹੂਰੀਅਤ ਉੱਤੇ ਕਾਬੂ ਪਾਉਣ ਸਬੰਧੀ ਏਂਗਲਜ਼ ਦੇ ਵਿਚਾਰ

ਏਂਗਲਜ਼ ਨੂੰ ਇਸ ਵਿਸ਼ੇ ਬਾਰੇ ਆਪਣੇ ਵਿਚਾਰ ਇਸ ਤੱਥ ਦੇ ਸਬੰਧ ਵਿੱਚ ਪ੍ਰਗਟ ਕਰਨ ਦਾ ਮੌਕਾ ਮਿਲਿਆ ਕਿ “ਸੋਸ਼ਲ-ਡੈਮੋਕਰੈਟ” ਦੀ ਇਸਤਲਾਹ **ਵਿਗਿਆਨਕ ਤੌਰ ’ਤੇ** ਗ਼ਲਤ ਹੈ।

ਵੱਖ ਵੱਖ ਵਿਸ਼ਿਆਂ, ਵਿਸ਼ੇਸ਼ ਤੌਰ ’ਤੇ “ਕੌਮਾਂਤਰੀ” ਸਵਾਲਾਂ ਸਬੰਧੀ ਆਪਣੇ ਲੇਖਾਂ ਦੇ ਇੱਕ ਸੰਗ੍ਰਹਿ («Internationales aus dem ‘Volkasstaat’»*) ਦੇ ਮੁੱਖਬੰਦ ਵਿੱਚ, ਜਿਸ ਉੱਤੇ 3 ਜਨਵਰੀ 1894 ਦੀ ਤਾਰੀਖ਼ ਹੈ, ਅਰਥਾਤ, ਜੋ ਉਹਨਾ ਦੀ ਮੌਤ ਤੋਂ ਡੇਢ ਵਰ੍ਹਾ ਪਹਿਲਾਂ ਲਿਖਿਆ ਗਿਆ, ਏਂਗਲਜ਼ ਨੇ ਲਿਖਿਆ ਕਿ ਆਪਣੇ ਸਾਰੇ ਲੇਖਾਂ ਵਿੱਚ ਉਹਨਾਂ “ਸੋਸ਼ਲ-ਡੈਮੋਕਰੈਟ” **ਨਹੀਂ** ਸਗੋਂ “ਕਮਿਊਨਿਸਟ” ਸ਼ਬਦ ਵਰਤਿਆ ਹੈ ਕਿਉਂਕਿ ਉਸ ਸਮੇਂ ਫ਼ਰਾਂਸ ਵਿੱਚ ਪਰੂਦੋਂਵਾਦੀ ਅਤੇ ਜਰਮਨੀ ਵਿੱਚ ਲਾਸਾਲਵਾਦੀ[36] ਆਪਣੇ ਆਪ ਨੂੰ ਸੋਸ਼ਲ-ਡੈਮੋਕਰੈਟ ਕਹਿੰਦੇ ਸਨ।

> “... ਮਾਰਕਸ ਅਤੇ ਮੇਰੇ ਲਈ”, ਏਂਗਲਜ਼ ਗੱਲ ਜਾਰੀ ਰੱਖਦੇ ਹੋਏ ਕਹਿੰਦੇ ਹਨ, “ਸਾਡੇ ਵਿਸ਼ੇਸ਼ ਨਜ਼ਰੀਏ ਦੇ ਲੱਛਣੀਕਰਣ ਲਈ ਅਜਿਹੀ ਲਚਕਦਾਰ ਇਸਤਲਾਹ ਵਰਤਣਾ ਅਸੰਭਵ ਸੀ। ਅੱਜ ਮਾਮਲਾ ਵੱਖਰਾ ਹੈ, ਅਤੇ ਹੋ ਸਕਦਾ ਹੈ ਕਿ ਉਸ ਪਾਰਟੀ ਲਈ ਜਿਸਦਾ ਆਰਥਕ ਪ੍ਰੋਗਰਾਮ ਨਾ ਕੇਵਲ ਆਮ ਤੌਰ ’ਤੇ ਸੋਸ਼ਲਿਸਟ ਸਗੋਂ ਸਿੱਧੀ ਤਰ੍ਹਾਂ ਕਮਿਊਨਿਸਟ ਹੈ ਅਤੇ ਜਿਸਦਾ ਅੰਤਮ ਆਸ਼ਾ ਸਮੁੱਚੇ ਰਾਜ ਉੱਤੇ ਅਤੇ ਇਹਦੇ ਸਿੱਟੇ ਵੱਜੋਂ ਜਮਹੂਰੀਅਤ ਉੱਤੇ ਵੀ ਕਾਬੂ ਪਾਉਣਾ ਹੈ, ਇਹ ਸ਼ਬਦ (“ਸੋਸ਼ਲ—ਡੈਮੋਕਰੈਟ”) ਕੰਮ ਦੇ ਜਾਵੇ (mag passieren), ਭਾਵੇਂ ਇਹ ਕਿੰਨਾ ਅਸ਼ੁੱਧ (unpassend— ਅਯੋਗ) ਹੈ। ਪਰ **ਅਸਲੀ** (ਸ਼ਬਦ ਉੱਤੇ ਜ਼ੋਰ ਏਂਗਲਜ਼ ਨੇ ਦਿੱਤਾ ਹੈ) ਰਾਜਸੀ ਪਾਰਟੀਆਂ ਦੇ ਨਾਂ ਕਦੇ ਵੀ ਪੂਰੀ ਤਰ੍ਹਾਂ ਯੋਗ ਨਹੀਂ ਹੁੰਦੇ; ਪਾਰਟੀ ਵਿਕਸਤ ਹੋ ਜਾਂਦੀ ਹੈ ਪਰ ਨਾਂ ਕਾਇਮ ਰਹਿੰਦਾ ਹੈ।”

ਦਵੰਦਵਾਦੀ ਏਂਗਲਜ਼ ਆਪਣੇ ਜੀਵਨ ਦੇ ਅੰਤ ਤੱਕ ਦਵੰਦਵਾਦ ਉੱਤੇ ਕਾਇਮ ਰਹੇ। ਮਾਰਕਸ ਅਤੇ ਮੇਰੇ ਕੋਲ਼, ਉਹ ਕਹਿੰਦੇ ਹਨ, ਪਾਰਟੀ ਲਈ ਇੱਕ ਸ਼ਾਨਦਾਰ, ਵਿਗਿਆਨਕ ਤੌਰ ’ਤੇ ਸ਼ੁੱਧ ਨਾਂ ਸੀ ਪਰ ਕੋਈ ਅਸਲੀ ਪਾਰਟੀ, ਅਰਥਾਤ, ਵਿਸ਼ਾਲ ਪ੍ਰੋਲਤਾਰੀ ਪਾਰਟੀ

---

* “ ‘ਲੋਕਾਂ ਦੇ ਰਾਜ’ ਤੋਂ ਕੌਮਾਂਤਰੀ ਵਿਸ਼ਿਆਂ ਸਬੰਧੀ”। **—ਸੰਪਾ.**

ਨਹੀਂ ਸੀ। ਹੁਣ (ਉਨ੍ਹੀਵੀਂ ਸਦੀ ਦੇ ਅੰਤ 'ਤੇ) ਇੱਕ ਅਸਲੀ ਪਾਰਟੀ ਹੈ ਪਰ ਇਹਦਾ ਨਾਂ ਵਿਗਿਆਨਕ ਤੌਰ 'ਤੇ ਅਸ਼ੁੱਧ ਹੈ। ਪਰ ਕੋਈ ਗੱਲ ਨਹੀਂ, ਜੇ ਪਾਰਟੀ **ਵਿਕਸਤ ਹੋ ਜਾਵੇ**, ਜੇ ਇਹਦੇ ਨਾਂ ਦੀ ਅਸ਼ੁੱਧਤਾ ਇਹਦੀਆਂ ਅੱਖਾਂ ਤੋਂ ਗੁੱਝੀ ਨਾ ਰਹੇ ਅਤੇ ਠੀਕ ਸੇਧ ਵਿੱਚ ਇਹਦੇ ਵਿਕਾਸ ਵਿੱਚ ਰੋਕ ਨਾ ਪਾਵੇ ਤਾਂ ਇਹ "ਕੰਮ ਦੇ ਜਾਵੇਗਾ"।

ਸ਼ਾਇਦ ਕੋਈ ਮੌਜੀ ਬੰਦਾ ਏਂਗਲਜ਼ ਦੇ ਰੌਂ ਵਿੱਚ ਸਾਨੂੰ ਬਾਲਸ਼ਵਿਕਾਂ ਨੂੰ ਤਸੱਲੀ ਦੇਵੇਗਾ : ਸਾਡੇ ਕੋਲ਼ ਇੱਕ ਅਸਲੀ ਪਾਰਟੀ ਹੈ, ਇਹ ਬੜੀ ਸ਼ਾਨ ਨਾਲ਼ ਵਿਕਸਤ ਹੋ ਰਹੀ ਹੈ; ਇਥੋਂ ਤੱਕ ਕਿ "ਬਾਲਸ਼ਵਿਕ" ਜਿਹਾ ਅਰਥ-ਹੀਣ ਅਤੇ ਭੱਦਾ ਨਾਂ ਵੀ "ਕੰਮ ਦੇ ਜਾਵੇਗਾ", ਭਾਵੇਂ ਇਹ ਇਸ ਗੱਲ ਤੋਂ ਵੱਧ ਕਿਸੇ ਸਬੰਧੀ ਗੱਲ ਦਾ ਸੂਚਕ ਨਹੀਂ ਕਿ 1903 ਦੀ ਬਰਸੇਲਜ਼-ਲੰਡਨ ਕਾਂਗਰਸ ਵਿੱਚ ਅਸੀਂ ਬਹੁ-ਗਿਣਤੀ[37] ਵਿੱਚ ਸਾਂ।...* ਸ਼ਾਇਦ ਹੁਣ ਜਦੋਂ ਜੁਲਾਈ ਅਤੇ ਅਗਸਤ ਵਿੱਚ ਗਣ-ਰਾਜੀਆਂ ਅਤੇ "ਇਨਕਲਾਬੀ" ਨਿੱਕ-ਬੁਰਜੂਆ ਜਮਹੂਰੀਅਤ ਵੱਲੋਂ ਜਬਰ ਨੇ ਸ਼ਬਦ "ਬਾਲਸ਼ਵਿਕ" ਲਈ ਏਨਾ ਵਿਆਪਕ ਸਤਿਕਾਰ ਜਿੱਤ ਲਿਆ ਹੈ, ਹੁਣ ਜਦੋਂ, ਇਸ ਤੋਂ ਵੱਧ, ਇਹ ਜਬਰ ਉਸ ਅਥਾਹ ਇਤਿਹਾਸਕ ਉੱਨਤੀ ਦੀ ਸ਼ਾਹਦੀ ਭਰਦਾ ਹੈ ਜਿਹੜੀ ਸਾਡੀ ਪਾਰਟੀ ਨੇ **ਅਸਲੀ** ਵਿਕਾਸ ਵਿੱਚ ਕੀਤੀ ਹੈ, ਸ਼ਾਇਦ ਹੁਣ ਮੈਨੂੰ ਉਸ ਤਜਵੀਜ਼ ਉੱਤੇ ਜੋਰ ਦੇਣੋਂ ਸੰਕੋਚ ਕਰਨਾ ਚਾਹੀਦਾ ਹੈ ਜਿਹੜੀ ਮੈਂ ਅਪ੍ਰੈਲ ਵਿੱਚ ਪਾਰਟੀ ਦੇ ਨਾਂ ਵਿੱਚ ਤਬਦੀਲੀ ਸਬੰਧੀ ਪੇਸ਼ ਕੀਤੀ ਸੀ। ਸ਼ਾਇਦ ਮੈਨੂੰ ਆਪਣੇ ਸਾਥੀਆਂ ਲਈ ਇੱਕ "ਸਮਝੌਤਾ" ਤਜਵੀਜ਼ ਕਰਨਾ ਚਾਹੀਦਾ ਹੈ, ਅਰਥਾਤ, ਕਿ ਅਸੀਂ ਆਪਣੇ ਆਪ ਨੂੰ ਕਮਿਊਨਿਸਟ ਪਾਰਟੀ ਕਹੀਏ ਪਰ ਬ੍ਰੈਕਟਾਂ ਵਿੱਚ ਸ਼ਬਦ "ਬਾਲਸ਼ਵਿਕ" ਵਰਤਣਾ ਜਾਰੀ ਰੱਖੀਏ...

ਪਰ ਪਾਰਟੀ ਦੇ ਨਾਂ ਦਾ ਸਵਾਲ ਰਾਜ ਦੇ ਸਵਾਲ ਵੱਲ ਇਨਕਲਾਬੀ ਪ੍ਰੋਲਤਾਰੀ ਦੇ ਵਤੀਰੇ ਨਾਲ਼ੋਂ ਅਤਿ-ਅੰਤ ਘੱਟ ਮਹੱਤਤਾ ਰੱਖਦਾ ਹੈ।

ਰਾਜ ਸਬੰਧੀ ਆਮ ਦਲੀਲਾਂ ਵਿੱਚ ਉਹ ਗ਼ਲਤੀ ਲਗਾਤਾਰ ਕੀਤੀ ਜਾਂਦੀ ਹੈ ਜਿਸ ਵਿਰੁੱਧ ਇਥੇ ਏਂਗਲਜ਼ ਨੇ ਚੇਤਾਵਨੀ ਦਿੱਤੀ ਅਤੇ ਜਿਸਦਾ ਅਸੀਂ ਉੱਪਰ ਚਲਦੇ ਚਲਦੇ ਜ਼ਿਕਰ ਕੀਤਾ ਹੈ, ਅਰਥਾਤ, ਇਹ ਗੱਲ ਲਗਾਤਾਰ ਭੁਲਾ ਦਿੱਤੀ ਜਾਂਦੀ ਹੈ ਕਿ ਰਾਜ ਦੇ ਅੰਤ ਦੇ ਅਰਥ ਜਮਹੂਰੀਅਤ ਦਾ ਅੰਤ ਵੀ ਹੈ; ਕਿ ਰਾਜ ਦੇ ਹੌਲੀ ਹੌਲੀ ਖ਼ਤਮ ਹੋ ਜਾਣ ਦੇ ਅਰਥ ਹਨ ਜਮਹੂਰੀਅਤ ਦਾ ਵੀ ਹੌਲੀ ਹੌਲੀ ਖ਼ਤਮ ਹੋ ਜਾਣਾ।

ਪਹਿਲੀ ਨਜ਼ਰੇ ਇਹ ਕਥਨ ਬੜਾ ਅਜੀਬ ਅਤੇ ਸਮਝ ਨਾ ਆਉਣ ਵਾਲ਼ਾ ਜਾਪਦਾ ਹੈ; ਨਿਰਸੰਦੇਹ, ਕੋਈ ਇਹ ਤੌਖਲਾ ਵੀ ਕਰਨ ਲੱਗ ਪੈ ਸਕਦਾ ਹੈ ਕਿ ਅਸੀਂ ਸਮਾਜ ਦੇ ਇੱਕ ਅਜਿਹੇ ਪ੍ਰਬੰਧ ਦੀ ਆਸ ਕਰ ਰਹੇ ਹਾਂ ਜਿਸ ਵਿੱਚ ਘੱਟ-ਗਿਣਤੀ ਦੇ ਬਹੁ-ਗਿਣਤੀ ਦੇ ਅਧੀਨ ਹੋਣ ਦੇ ਨਿਯਮ ਉੱਤੇ ਹੁਣ ਅਮਲ ਨਹੀਂ ਕੀਤਾ ਜਾਵੇਗਾ — ਕਿਉਂਕਿ ਜਮਹੂਰੀਅਤ ਦੇ ਅਰਥ ਇਸ ਅਸੂਲ ਦੀ ਕਬੂਲੀ ਹਨ।

---

* ਰੂਸੀ ਵਿੱਚ ਬਹੁ-ਗਿਣਤੀ ਨੂੰ "ਬਾਲਸ਼ਿੰਸਤਵੋ" ਕਹਿੰਦੇ ਹਨ; ਇਸੇ ਤੋਂ ਨਾਂ "ਬਾਲਸ਼ਵਿਕ" ਬਣਿਆ। **—ਅਨੁ.**

ਨਹੀਂ। ਜਮਹੂਰੀਅਤ ਘੱਟ-ਗਿਣਤੀ ਦੀ ਬਹੁ-ਗਿਣਤੀ ਦੀ ਅਧੀਨਤਾ ਨਾਲ਼ ਸਗਵੀਂ **ਨਹੀਂ**। ਜਮਹੂਰੀਅਤ ਇੱਕ **ਰਾਜ** ਹੈ ਜਿਹੜਾ ਘੱਟ-ਗਿਣਤੀ ਦੇ ਬਹੁ-ਗਿਣਤੀ ਦੇ ਅਧੀਨ ਹੋਣ ਨੂੰ ਕਬੂਲ ਕਰਦਾ ਹੈ, ਅਰਥਾਤ, ਇੱਕ ਜਮਾਤ ਵੱਲੋਂ ਦੂਜੀ ਵਿਰੁੱਧ, ਵਸੋਂ ਦੇ ਇੱਕ ਹਿੱਸੇ ਵੱਲੋਂ ਦੂਜੇ ਵਿਰੁੱਧ **ਹਿੰਸਾ** ਦੀ ਨੇਮ-ਬੱਧ ਵਰਤੋਂ ਲਈ ਇੱਕ ਜਥੇਬੰਦੀ ਹੈ।

ਅਸੀਂ ਆਪਣੇ ਸਾਹਮਣੇ ਰਾਜ ਦਾ ਅੰਤ ਕਰਨ ਦਾ, ਅਰਥਾਤ, ਹਿੰਸਾ ਦੀ ਕੁੱਲ ਜਥੇਬੰਦੀ ਅਤੇ ਨੇਮ-ਬੱਧ ਵਰਤੋਂ, ਆਮ ਤੌਰ 'ਤੇ ਲੋਕਾਂ ਵਿਰੁੱਧ ਹਿੰਸਾ ਦੀ ਵਰਤੋਂ ਖ਼ਤਮ ਕਰਨ ਦਾ, ਅੰਤਮ ਆਸ਼ਾ ਰੱਖਿਆ ਹੈ। ਅਸੀਂ ਸਮਾਜ ਦੀ ਅਜਿਹੀ ਬਣਤਰ ਦੀ ਆਉਂਦ ਦੀ ਆਸ ਨਹੀਂ ਕਰਦੇ ਜਿਸ ਵਿੱਚ ਘੱਟ-ਗਿਣਤੀ ਦੇ ਬਹੁ-ਗਿਣਤੀ ਦੀ ਅਧੀਨਤਾ ਮੰਨਣ ਦਾ ਅਸੂਲ ਲਾਗੂ ਨਹੀਂ ਕੀਤਾ ਜਾਵੇਗਾ। ਪਰ ਸੋਸ਼ਲਿਜ਼ਮ ਲਈ ਘੋਲ਼ ਕਰਦੇ ਹੋਏ ਸਾਨੂੰ ਨਿਸ਼ਚਾ ਹੈ ਕਿ ਇਹ ਵਿਕਾਸ ਕਰਕੇ ਕਮਿਊਨਿਜ਼ਮ ਬਣ ਜਾਵੇਗਾ ਅਤੇ ਇਸੇ ਲਈ, ਆਮ ਤੌਰ 'ਤੇ ਲੋਕਾਂ ਵਿਰੁੱਧ ਹਿੰਸਾ ਦੀ ਵਰਤੋਂ ਦੀ, ਇੱਕ ਮਨੁੱਖ ਦੇ ਦੂਜੇ ਦੇ ਅਤੇ ਵਸੋਂ ਦੇ ਇੱਕ ਹਿੱਸੇ ਦੇ ਦੂਜੇ ਹਿੱਸੇ ਦੇ **ਅਧੀਨ ਹੋਣ** ਦੀ ਲੋੜ ਉੱਕਾ ਖ਼ਤਮ ਹੋ ਜਾਵੇਗੀ ਕਿਉਂਕਿ ਲੋਕਾਂ ਨੂੰ ਸਮਾਜੀ ਜੀਵਨ ਦੀਆਂ ਬੁਨਿਆਦੀ ਗੱਲਾਂ **ਹਿੰਸਾ ਤੋਂ ਬਿਨਾਂ ਅਤੇ ਅਧੀਨਗੀ ਤੋਂ ਬਿਨਾਂ** ਪੂਰੀਆਂ ਕਰਨ ਦੀ **ਆਦਤ ਪੈ ਜਾਵੇਗੀ।**

ਅਤੇ ਆਦਤ ਦੇ ਇਸ ਅੰਸ਼ 'ਤੇ ਜ਼ੋਰ ਦੇਣ ਲਈ ਏਂਗਲਜ਼ ਨਵੀਂ **ਪੀੜ੍ਹੀ** ਦੀ ਗੱਲ ਕਰਦੇ ਹਨ, ਜਿਹੜੀ "ਨਵੀਆਂ ਅਤੇ ਆਜ਼ਾਦ ਸਮਾਜੀ ਹਾਲਤਾਂ ਵਿੱਚ ਪ੍ਰਵਾਨ ਚੜ੍ਹੇਗੀ, ਜਿਹੜੀ ਰਾਜ ਦਾ ਸਾਰਾ ਕਾਠ-ਕਬਾੜ ਕੂੜੇ ਦੇ ਢੇਰ ਉੱਤੇ ਸੁੱਟ ਸਕੇਗੀ" — ਹਰ ਤਰ੍ਹਾਂ ਦੇ ਰਾਜ ਦਾ, ਜਿਸ ਵਿੱਚ ਜਮਹੂਰੀ-ਗਣ-ਰਾਜੀ ਰਾਜ ਵੀ ਸ਼ਾਮਲ ਹੈ।

ਇਸਦੀ ਵਿਆਖਿਆ ਕਰਨ ਲਈ ਰਾਜ ਦੇ ਹੌਲੀ ਹੌਲੀ ਖ਼ਤਮ ਹੋਣ ਦੇ ਆਰਥਕ ਆਧਾਰ ਦੇ ਸਵਾਲ ਨੂੰ ਵਿਚਾਰਨਾ ਜ਼ਰੂਰੀ ਹੈ।

## ਕਾਂਡ ਪੰਜ

# ਰਾਜ ਦੇ ਹੌਲੀ ਹੌਲੀ ਖ਼ਤਮ ਹੋਣ ਦੇ ਆਰਥਕ ਅਧਾਰ

ਮਾਰਕਸ 'ਗੋਥਾ ਪ੍ਰੋਗਰਾਮ ਦੀ ਪੜਚੋਲ' ਵਿੱਚ (ਬਰਾਕੇ ਦੇ ਨਾਂ 5 ਮਈ 1875 ਦਾ ਖ਼ਤ ਜਿਹੜਾ 1891 ਤੱਕ ਨਾ ਛਪਿਆ, ਜਦੋਂ ਇਹ «Neue Zeit» ਸੈਂਚੀ 9, 1 ਵਿੱਚ ਛਾਪਿਆ ਗਿਆ ਅਤੇ ਜਿਹੜਾ ਇੱਕ ਵਿਸ਼ੇਸ਼ ਛਾਪ ਵਿੱਚ ਰੂਸੀ ਵਿੱਚ ਛਪਿਆ ਹੈ) ਇਸ ਸਵਾਲ ਦੀ ਅਤਿ-ਅੰਤ ਵਿਸਥਾਰ ਨਾਲ਼ ਵਿਆਖਿਆ ਕਰਦੇ ਹਨ। ਇਹ ਕਿਹਾ ਜਾ ਸਕਦਾ ਹੈ ਕਿ ਇਸ ਸ਼ਾਨਦਾਰ ਕਿਰਤ ਦੇ ਵਿਵਾਦੀ ਹਿੱਸੇ ਨੇ, ਜਿਸ ਵਿੱਚ ਲਾਸਾਲਵਾਦ ਦੀ ਪੜਚੋਲ ਹੈ, ਇਹਦੇ ਹਾਂ-ਪੱਖੀ ਹਿੱਸੇ ਨੂੰ, ਅਰਥਾਤ ਕਮਿਊਨਿਜ਼ਮ ਦੇ ਵਿਕਾਸ ਅਤੇ ਰਾਜ ਦੇ ਹੌਲੀ ਹੌਲੀ ਖ਼ਤਮ ਹੋ ਜਾਣ ਵਿਚਕਾਰ ਸਬੰਧ ਨੂੰ ਦਬਾ ਦਿੱਤਾ ਹੈ।

## 1. ਮਾਰਕਸ ਵੱਲੋਂ ਸਵਾਲ ਦੀ ਪੇਸ਼ਕਾਰੀ

5 ਮਈ 1875 ਦੇ ਮਾਰਕਸ ਦੇ ਬਰਾਕੇ ਦੇ ਨਾਂ ਖ਼ਤ ਅਤੇ 28 ਮਾਰਚ 1875 ਦੇ ਏਂਗਲਜ਼ ਦੇ ਬੇਬਲ ਦੇ ਨਾਂ ਖ਼ਤ, ਜਿਸ ਨੂੰ ਅਸੀਂ ਪਿੱਛੇ ਵੇਖਿਆ, ਵਿਚਕਾਰ ਓਪਰੇ ਮੁਕਾਬਲੇ ਤੋਂ ਜਾਪਦਾ ਹੈ ਕਿ ਮਾਰਕਸ ਏਂਗਲਜ਼ ਤੋਂ ਕਿਤੇ ਵਧੇਰੇ "ਰਾਜ ਦੇ ਹਾਮੀ" ਸਨ ਅਤੇ ਦੋਹਾਂ ਲੇਖਕਾਂ ਵਿਚਕਾਰ ਰਾਜ ਦੇ ਸਵਾਲ ਉੱਤੇ ਮੱਤ-ਭੇਦ ਚੋਖਾ ਸੀ।

ਏਂਗਲਜ਼ ਨੇ ਬੇਬਲ ਨੂੰ ਤਜਵੀਜ਼ ਪੇਸ਼ ਕੀਤੀ ਕਿ ਰਾਜ ਸਬੰਧੀ ਸਾਰੀ ਬੜ ਬੜ ਖ਼ਤਮ ਕਰ ਦਿੱਤੀ ਜਾਵੇ, ਕਿ ਪ੍ਰੋਗਰਾਮ ਵਿੱਚੋਂ ਰਾਜ ਦਾ ਸ਼ਬਦ ਉੱਕਾ ਹੀ ਕੱਢ ਦਿੱਤਾ ਜਾਵੇ ਅਤੇ ਇਹਦੀ ਥਾਂ ਸ਼ਬਦ "ਭਾਈਚਾਰਾ" ਵਰਤਿਆ ਜਾਵੇ। ਏਂਗਲਜ਼ ਨੇ ਤਾਂ ਇਥੋਂ ਤੱਕ ਕਿਹਾ ਕਿ ਸ਼ਬਦ ਦੇ ਠੀਕ ਅਰਥਾਂ ਵਿੱਚ ਕਮਿਊਨ ਇੱਕ ਰਾਜ ਨਹੀਂ ਸੀ ਰਿਹਾ। ਇਹਦੇ ਬਾਵਜੂਦ ਮਾਰਕਸ ਨੇ "ਕਮਿਊਨਿਸਟ ਸਮਾਜ ਵਿੱਚ ਭਵਿੱਖ ਦੇ ਰਾਜ" ਦੀ ਗੱਲ ਕੀਤੀ, ਅਰਥਾਤ ਜਿਵੇਂ ਉਹ ਕਮਿਊਨਿਜ਼ਮ ਅਧੀਨ ਵੀ ਰਾਜ ਦੀ ਲੋੜ ਨੂੰ ਕਬੂਲ ਕਰਦੇ ਸਨ।

ਪਰ ਅਜਿਹਾ ਵਿਚਾਰ ਬੁਨਿਆਦੀ ਤੌਰ 'ਤੇ ਗ਼ਲਤ ਹੈ। ਨੇੜਵੀਂ ਪਰਖ ਇਹ ਵਿਖਾਉਂਦੀ ਹੈ ਕਿ ਰਾਜ ਅਤੇ ਇਹਦੇ ਹੌਲੀ ਹੌਲੀ ਖ਼ਤਮ ਹੋਣ ਸਬੰਧੀ ਮਾਰਕਸ ਅਤੇ ਏਂਗਲਜ਼ ਦੇ ਵਿਚਾਰ ਸਗਵੇਂ ਸਨ ਅਤੇ ਉੱਪਰ ਮਾਰਕਸ ਦੇ ਜਿਸ ਵਾਕ ਦੀ ਟੂਕ ਦਿੱਤੀ ਗਈ ਹੈ ਉਹ **ਹੌਲੀ ਹੌਲੀ ਖ਼ਤਮ ਹੋਣ ਦੇ** ਅਮਲ ਦੇ ਦੌਰਾਨ ਐਨ ਇਸੇ ਰਾਜ ਦੀ ਗੱਲ ਕਰਦੀ ਹੈ।

ਸਪਸ਼ਟ ਤੌਰ 'ਤੇ **ਭਵਿੱਖ ਵਿੱਚ** "ਹੌਲੀ ਹੌਲੀ ਖ਼ਤਮ ਹੋ ਜਾਣ" ਦੀ ਠੀਕ ਘੜੀ ਮਿੱਥਣਾ ਅਸੰਭਵ ਹੈ—ਇਸ ਲਈ ਹੋਰ ਵੀ ਵੱਧ ਕਿ ਇਹ ਸਪਸ਼ਟ ਤੌਰ 'ਤੇ ਲੰਮਾ ਅਮਲ

ਹੋਵੇਗਾ। ਮਾਰਕਸ ਅਤੇ ਏਂਗਲਜ਼ ਵਿਚਕਾਰ ਜਾਪਦੇ ਮੱਤ-ਭੇਦ ਦਾ ਕਾਰਨ ਇਹ ਤੱਥ ਹੈ ਕਿ ਉਹ ਵੱਖ ਵੱਖ ਵਿਸ਼ਿਆਂ ਬਾਰੇ ਲਿਖ ਰਹੇ ਸਨ ਅਤੇ ਉਹਨਾਂ ਦੇ ਆਸ਼ੇ ਵੱਖ ਵੱਖ ਸਨ। ਏਂਗਲਜ਼ ਨੇ ਬੜੀ ਸਪਸ਼ਟਤਾ, ਤੀਖਣਤਾ ਨਾਲ਼ ਅਤੇ ਮੋਟੇ ਤੌਰ 'ਤੇ ਰਾਜ ਸਬੰਧੀ ਪ੍ਰਚਲਤ ਤਅਸਬਾਂ ਨੂੰ ਬੇਬਲ (ਜਿਨ੍ਹਾਂ ਵਿੱਚ ਲਾਸਾਲ ਕੋਈ ਘੱਟ ਭਿਆਲ ਨਹੀਂ ਸੀ) ਦੀ ਮੁਕੰਮਲ ਵਾਹਯਾਤੀ ਦਰਸਾਉਣੀ ਸੀ। ਮਾਰਕਸ ਨੇ **ਇਸ** ਸਵਾਲ ਨੂੰ ਚਲਦੇ ਚਲਦੇ ਹੀ ਛੂਹਿਆ ਕਿਉਂਕਿ ਉਹਨਾਂ ਨੂੰ ਇੱਕ ਹੋਰ ਵਿਸ਼ੇ, ਅਰਥਾਤ, ਕਮਿਊਨਿਸਟ ਸਮਜਾ ਦੇ **ਵਿਕਾਸ** ਵਿੱਚ ਦਿਲਚਸਪੀ ਸੀ।

ਮਾਰਕਸ ਦਾ ਸਾਰਾ ਸਿਧਾਂਤ — ਇਹਦੇ ਅਤਿ-ਅੰਤ ਇਕਸਾਰ, ਮੁਕੰਮਲ, ਸੋਚੇ-ਵਿਚਾਰੇ ਅਤੇ ਭਾਵ-ਪੂਰਨ ਢੰਗ ਨਾਲ਼—ਵਿਕਾਸ ਦੇ ਸਿਧਾਂਤ ਨੂੰ ਨਵੀਨ ਸਰਮਾਏਦਾਰੀ ਉੱਤੇ ਲਾਗੂ ਕਰਨਾ ਸੀ। ਸੁਭਾਵਕ ਹੀ ਮਾਰਕਸ ਦੇ ਸਾਹਮਣੇ ਸਰਮਾਏਦਾਰੀ ਦਾ **ਆਉਂਦਾ** ਪਤਨ ਵੀ ਸੀ ਅਤੇ **ਭਵਿੱਖ ਦੇ** ਕਮਿਊਨਿਜ਼ਮ ਦਾ **ਭਵਿੱਖ ਦਾ** ਵਿਕਾਸ ਵੀ ਸੀ।

ਤਾਂ ਫੇਰ ਕਿਸ **ਸਮੱਗਰੀ** ਦੇ ਆਧਾਰ ਉੱਤੇ ਭਵਿੱਖ ਦੇ ਕਮਿਊਨਿਜ਼ਮ ਦੇ ਭਵਿੱਖ ਦੇ ਵਿਕਾਸ ਨੂੰ ਵੇਖਿਆ ਜਾ ਸਕਦਾ ਹੈ ?

ਇਸ ਤੱਥ ਦੇ ਅਧਾਰ ਉੱਤੇ ਕਿ ਸਰਮਾਏਦਾਰੀ ਵਿੱਚੋਂ ਇਹਦੀ **ਉਤਪਤੀ ਹੋਈ**, ਇਹ ਇਤਿਹਾਸਕ ਤੌਰ 'ਤੇ ਸਰਮੋਦਾਰੀ ਵਿੱਚੋਂ ਵਿਕਸਤ ਹੁੰਦਾ ਹੈ, ਕਿ ਇਹ ਇੱਕ ਅਜਿਹੀ ਸਮਾਜੀ ਸ਼ਕਤੀ ਦੇ ਅਮਲ ਦਾ ਸਿੱਟਾ ਹੈ ਜਿਸਨੂੰ ਸਰਮਾਏਦਾਰੀ ਨੇ **ਜਨਮ ਦਿੱਤਾ**। ਮਾਰਕਸ ਵੱਲੋਂ ਇੱਕ ਕਾਲਪਨਿਕ ਸਮਾਜ ਘੜਨ, ਜਿਸ ਸਬੰਧੀ ਕੁੱਝ ਪਤਾ ਨਹੀਂ, ਉਸ ਸਬੰਧੀ ਵਿਹਲੇ ਕਿਆਸ ਲਾਉਣ ਦਾ ਕੋਈ ਯਤਨ ਨਹੀਂ। ਮਾਰਕਸ ਕਮਿਊਨਿਜ਼ਮ ਦੇ ਸਵਾਲ ਨੂੰ ਐਨ ਉਸੇ ਤਰ੍ਹਾਂ ਹੱਥ ਵਿੱਚ ਲੈਂਦੇ ਹਨ ਜਿਵੇਂ ਕੋਈ ਪ੍ਰਕਿਰਤੀ ਮਾਹਰ ਇੱਕ ਵਾਰ ਇਹ ਪਤਾ ਲੱਗ ਜਾਣ 'ਤੇ ਕਿ ਉਹਦਾ ਆਦਿ ਅਮਕਾ ਅਤੇ ਅਮਕਾ ਹੈ ਅਤੇ ਜਿਸ ਸੇਧ ਵਿੱਚ ਉਹ ਤਬਦੀਲ ਹੋ ਰਹੀ ਹੈ ਉਹ ਅਮਕੀ ਅਤੇ ਅਮਕੀ ਹੈ, ਕਿਸੇ ਨਵੀਂ ਜੀਵ-ਵਿਗਿਆਨਕ ਕਿਸਮ ਦੇ ਵਿਕਾਸ ਨੂੰ ਲਵੇਗਾ।

ਮਾਰਕਸ ਸਭ ਤੋਂ ਪਹਿਲਾਂ ਉਸ ਗੜਬੜ ਦਾ ਹੂੰਝਾ ਫੇਰਦੇ ਹਨ ਜਿਹੜੀ ਗੋਥਾ ਪ੍ਰੋਗਰਾਮ ਰਾਜ ਅਤੇ ਸਮਾਜ ਦੇ ਸਬੰਧ ਵਿੱਚ ਪੈਦਾ ਕਰਦਾ ਹੈ। ਉਹ ਲਿਖਦੇ ਹਨ:

> " ...'ਅਜੋਕਾ ਸਮਾਜ' ਇੱਕ ਸਰਮਾਏਦਾਰ ਸਮਾਜ ਹੈ, ਜਿਹੜਾ ਘੱਟ ਜਾਂ ਵੱਧ ਮੱਧ-ਕਾਲੀਨ ਮਿਸ਼ਰਣ ਤੋਂ ਮੁਕਤ, ਘੱਟ ਜਾਂ ਵੱਧ ਹਰ ਦੇਸ਼ ਦੇ ਵਿਸ਼ੇਸ਼ ਇਤਿਹਾਸਕ ਵਿਕਾਸ ਕਾਰਨ ਤਬਦੀਲ ਹੋਇਆ, ਘੱਟ ਜਾਂ ਵੱਧ ਵਿਕਸਤ, ਸਭਨਾਂ ਸਭਿਆ ਦੇਸ਼ਾਂ ਵਿੱਚ ਹੋਂਦ ਵਿੱਚ ਹੈ। ਪਰ ਦੂਜੇ ਹੱਥ 'ਅਜੋਕਾ ਰਾਜ' ਹਰ ਦੇਸ਼ ਦੀ ਹੱਦ ਨਾਲ਼ ਤਬਦੀਲ ਹੋ ਜਾਂਦਾ ਹੈ। ਇਹ ਪਰੂਸ਼ੀਅਨ-ਜਰਮਨ ਸਲਤਨਤ ਵਿੱਚ ਇਹਦੇ ਸਵਿਟਜ਼ਰਲੈਂਡ ਦੇ ਰੂਪ ਨਾਲ਼ੋਂ ਵੱਖਰਾ ਹੈ। ਇਹ ਇੰਗਲੈਂਡ ਵਿੱਚ ਅਮਰੀਕਾ ਨਾਲ਼ੋਂ ਵੱਖਰਾ ਹੈ। ਇਸ ਲਈ 'ਅਜੋਕਾ ਰਾਜ' ਇੱਕ ਘਾੜਤ ਹੈ।
>
> "ਪਰ, ਵੱਖ ਵੱਖ ਸਭਿਆ ਦੇਸ਼ਾਂ ਦੇ ਵੱਖ ਵੱਖ ਰਾਜਾਂ ਵਿੱਚ, ਉਹਨਾਂ ਦੇ

ਰੂਪ ਦੀ ਬਹੁ-ਰੂਪ ਭਿੰਨਤਾ ਦੇ ਬਾਵਜੂਦ ਇਹ ਗੱਲ ਸਾਂਝੀ ਹੈ, ਕਿ ਉਹ ਸਾਰੇ ਨਵੀਨ ਬੁਰਜੂਆ ਸਮਾਜ ਉੱਤੇ ਅਧਾਰਤ ਹਨ, ਕੇਵਲ ਇੱਕ ਦੂਜੇ ਤੋਂ ਸਰਮੋਦਾਰ ਤੌਰ 'ਤੇ ਘੱਟ ਜਾਂ ਵੱਧ ਵਿਕਸਤ ਹੈ। ਇਸੇ ਲਈ ਉਹਨਾਂ ਵਿੱਚ ਕੁੱਝ ਜ਼ਰੂਰੀ ਲੱਛਣ ਸਾਂਝੇ ਹਨ। ਇਹਨਾਂ ਅਰਥਾਂ ਵਿੱਚ ਭਵਿੱਖ ਦੇ ਮੁਕਾਬਲੇ 'ਤੇ, ਜਿਸ ਵਿੱਚ ਅਜੋਕਾ ਆਧਾਰ, ਬੁਰਜੂਆ ਸਮਾਜ ਖ਼ਤਮ ਹੋ ਚੁੱਕਾ ਹੋਵੇਗਾ, 'ਅਜੋਕੇ ਰਾਜ' ਦੀ ਗੱਲ ਕਰਨਾ ਸੰਭਵ ਹੈ।

"ਤਾਂ ਇਹ ਸਵਾਲ ਉੱਠਦਾ ਹੈ : ਕਮਿਊਨਿਸਟ ਸਮਾਜ ਵਿੱਚ ਰਾਜ ਦੀ ਕੀ ਕਾਇਆ-ਕਲਪ ਹੋਵੇਗੀ ? ਦੂਜੇ ਸ਼ਬਦਾਂ ਵਿੱਚ ਉਸ ਵਿੱਚ ਕਿਹੜੇ ਸਮਾਜੀ ਕਰਤੱਵ ਅਜਿਹੇ ਰਹਿ ਜਾਣਗੇ ਜਿਹੜੇ ਰਾਜ ਦੇ ਅਜੋਕੇ ਕਾਰਜਾਂ ਨਾਲ਼ ਮੇਲ ਖਾਂਦੇ ਹਨ ? ਇਸ ਸਵਾਲ ਦਾ ਕੇਵਲ ਵਿਗਿਆਨਕ ਤੌਰ 'ਤੇ ਉੱਤਰ ਦਿੱਤਾ ਜਾ ਸਕਦਾ ਹੈ ਅਤੇ ਮਨੁੱਖ ਹਜ਼ਾਰ ਵਾਰ ਸ਼ਬਦ "ਲੋਕ" ਨੂੰ ਸ਼ਬਦ "ਰਾਜ" ਨਾਲ਼ ਮਿਲਾਕੇ ਇੱਕ ਪਿੱਸੂ-ਛਾਲ ਵੀ ਅੱਗੇ ਨਹੀਂ ਵੱਧਦਾ...

ਇਉਂ ਇੱਕ "ਲੋਕ ਰਾਜ" ਸਬੰਧੀ ਸਾਰੀ ਗੱਲ ਬਾਤ ਦਾ ਠੱਠਾ ਉਡਾਕੇ ਮਾਰਕਸ ਸਵਾਲ ਨੂੰ ਸੂਤਰ-ਬੱਧ ਕਰਦੇ ਹਨ ਅਤੇ ਇਉਂ ਜਾਪਦਾ ਹੈ ਕਿ ਉਹ ਸਾਨੂੰ ਚੇਤਾਵਨੀ ਦਿੰਦੇ ਹਨ ਕਿ ਇਹਦਾ ਵਿਗਿਆਨਕ ਉੱਤਰ ਪੱਕੀ ਤਰ੍ਹਾਂ ਅਧਾਰਤ ਵਿਗਿਆਨਕ ਸਮੱਗਰੀ ਵਰਤ ਕੇ ਹੀ ਦਿੱਤਾ ਜਾ ਸਕਦਾ ਹੈ।

ਪਹਿਲਾ ਤੱਥ ਜਿਸਨੂੰ ਵਿਕਾਸ ਦੇ ਸਮੁੱਚੇ ਸਿਧਾਂਤ ਨੇ, ਸਮੁੱਚੇ ਤੌਰ 'ਤੇ ਵਿਗਿਆਨ ਨੇ ਪੂਰੀ ਸ਼ੁੱਧਤਾ ਨਾਲ਼ ਸਿੱਧ ਕੀਤਾ ਹੈ — ਇੱਕ ਤੱਥ ਜਿਸਨੂੰ ਯੂਟੋਪਿਆਈ ਭੁੱਲ ਗਏ ਅਤੇ ਜਿਸਨੂੰ ਸੋਸ਼ਲਿਸਟ ਇਨਕਲਾਬ ਤੋਂ ਡਰਨ ਵਾਲ਼ੇ ਅਜੋਕੇ ਮੌਕਾ-ਪ੍ਰਸਤ ਭੁੱਲ ਜਾਂਦੇ ਹਨ — ਉਹ ਇਹ ਹੈ ਕਿ ਇਤਿਹਾਸਕ ਤੌਰ 'ਤੇ ਨਿਰਸੰਦੇਹ ਸਰਮਾਏਦਾਰੀ ਤੋਂ ਕਮਿਊਨਿਜ਼ਮ ਵੱਲ **ਤਬਦੀਲੀ** ਦਾ ਇੱਕ ਵਿਸ਼ੇਸ਼ ਪੜਾਅ ਜਾਂ ਵਿਸ਼ੇਸ਼ ਦੌਰ ਹੋਣਾ ਲਾਜ਼ਮੀ ਹੈ।

## 2. ਸਰਮਾਏਦਾਰੀ ਤੋਂ ਕਮਿਊਨਿਜ਼ਮ ਵੱਲ ਤਬਦੀਲੀ

ਮਾਰਕਸ ਗੱਲ ਜਾਰੀ ਰੱਖਦੇ ਹਨ :

"...ਸਰਮਾਏਦਾਰੀ ਅਤੇ ਕਮਿਊਨਿਸਟ ਸਮਾਜ ਦੇ ਦਰਮਿਆਨ ਇੱਕ ਦੀ ਦੂਜੇ ਵਿੱਚ ਇਨਕਲਾਬੀ ਤਬਦੀਲੀ ਦਾ ਸਮਾਂ ਵੀ ਹੁੰਦਾ ਹੈ। ਇਹਦੇ ਅਨੁਸਾਰੀ ਹੀ ਇੱਕ ਰਾਜਸੀ ਤਬਦੀਲੀ ਹੁੰਦੀ ਹੈ ਜਿਸ ਵਿੱਚ ਰਾਜ **ਪ੍ਰੋਲਤਾਰੀ ਦੀ ਇਨਕਲਾਬੀ ਤਾਨਾਸ਼ਾਹੀ** ਤੋਂ ਬਿਨਾਂ ਕੁੱਝ ਨਹੀਂ ਹੋ ਸਕਦਾ..."

ਮਾਰਕਸ ਨਵੀਨ ਸਰਮਾਏਦਾਰੀ ਸਮਾਜ ਵਿੱਚ ਪ੍ਰੋਲਤਾਰੀ ਦੇ ਰੋਲ, ਇਸ ਸਮਾਜ ਦੇ ਵਿਕਾਸ ਸਬੰਧੀ ਸਮੱਗਰੀ ਅਤੇ ਪ੍ਰੋਲਤਾਰੀ ਅਤੇ ਬੁਰਜੂਆਜ਼ੀ ਦੇ ਵਿਰੋਧਾਂ ਦੀ ਸਮਝੌਤਾ-ਰਹਿਤਤਾ ਨੂੰ ਇਸ ਸਿੱਟੇ ਦਾ ਆਧਾਰ ਬਣਾਉਂਦੇ ਹਨ।

ਇਸ ਤੋਂ ਪਹਿਲਾਂ ਇਹ ਸਵਾਲ ਇਉਂ ਪੇਸ਼ ਕੀਤਾ ਜਾਂਦਾ ਸੀ : ਇਹ ਲਾਜ਼ਮੀ ਹੈ

ਕਿ ਆਪਣੀ ਮੁਕਤੀ ਪ੍ਰਾਪਤ ਕਰਨ ਲਈ ਪ੍ਰੋਲਤਾਰੀ ਬੁਰਜੂਆਜ਼ੀ ਦਾ ਤਖ਼ਤਾ ਉਲਟਾਏ, ਰਾਜਸੀ ਸੱਤਾ ਜਿੱਤੇ ਅਤੇ ਆਪਣੀ ਇਨਕਲਾਬੀ ਤਾਨਾਸ਼ਾਹੀ ਸਥਾਪਤ ਕਰੇ।

ਹੁਣ ਸਵਾਲ ਕੁੱਝ ਵੱਖਰੀ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ : ਸਰਮਾਏਦਾਰ ਸਮਾਜ ਤੋਂ — ਜਿਹੜਾ ਕਮਿਊਨਿਜ਼ਮ ਵੱਲ ਵਿਕਸਤ ਹੋ ਰਿਹਾ ਹੈ — ਕਮਿਊਨਿਸਟ ਸਮਾਜ ਵੱਲ ਵਿਕਾਸ "ਇੱਕ ਰਾਜਸੀ ਵਿਚਕਾਰਲੇ ਸਮੇਂ" ਤੋਂ ਬਿਨਾਂ ਅਸੰਭਵ ਹੈ ਅਤੇ ਇਸ ਸਮੇਂ ਵਿੱਚ ਰਾਜ ਕੇਵਲ ਪ੍ਰੋਲਤਾਰੀ ਦੀ ਇਨਕਲਾਬੀ ਤਾਨਾਸ਼ਾਹੀ ਹੋ ਸਕਦਾ ਹੈ।

ਸੋ, ਇਸ ਤਾਨਾਸ਼ਾਹੀ ਦਾ ਜਮਹੂਰੀਅਤ ਨਾਲ਼ ਕੀ ਸਬੰਧ ਹੈ ?

ਅਸੀਂ ਵੇਖਿਆ ਹੈ ਕਿ "ਕਮਿਊਨਿਸਟ ਮੈਨੀਫ਼ੈਸਟੋ" ਇਹਨਾਂ ਦੋ ਸੰਕਲਪਾਂ ਨੂੰ ਬਸ ਨਾਲ਼ ਹੀ ਨਾਲ਼ ਰੱਖਦਾ ਹੈ : "ਪ੍ਰੋਲਤਾਰੀ ਨੂੰ ਹਾਕਮ ਜਮਾਤ ਦੀ ਸਥਿਤੀ ਤੱਕ ਉਠਾਉਣਾ" ਅਤੇ "ਜਮਹੂਰੀਅਤ ਦੀ ਲੜਾਈ ਜਿੱਤਣਾ।" ਉੱਪਰ ਜੋ ਕੁੱਝ ਕਿਹਾ ਗਿਆ ਹੈ ਉਹਦੇ ਆਧਾਰ ਉੱਤੇ ਵਧੇਰੇ ਸ਼ੁੱਧਤਾ ਨਾਲ਼ ਇਹ ਮਿੱਥਣਾ ਸੰਭਵ ਹੈ ਕਿ ਸਰਮਾਏਦਾਰੀ ਤੋਂ ਕਮਿਊਨਿਜ਼ਮ ਵਿੱਚ ਤਬਦੀਲੀ ਦੇ ਦੌਰਾਨ ਜਮਹੂਰੀਅਤ ਕਿਵੇਂ ਤਬਦੀਲ ਹੁੰਦੀ ਹੈ।

ਜੇ ਉਹ ਵੱਧ ਤੋਂ ਵੱਧ ਸੁਖਾਵੀਆਂ ਹਾਲਤਾਂ ਅਧੀਨ ਵਿਕਾਸ ਕਰੇ ਤਾਂ ਸਰਮਾਏਦਾਰ ਸਮਾਜ ਵਿੱਚ ਜਮਹੂਰੀ ਗਣ-ਰਾਜ ਵਿੱਚ ਘੱਟ ਜਾਂ ਵੱਧ ਮੁਕੰਮਲ ਜਮਹੂਰੀਅਤ ਹੁੰਦੀ ਹੈ। ਪਰ ਇਹ ਜਮਹੂਰੀਅਤ ਸਰਮਾਏਦਾਰ ਲੁੱਟ-ਚੋਂਘ ਵੱਲੋਂ ਮਿੱਥੀਆਂ ਸੌੜੀਆਂ ਹੱਦਾਂ ਦੇ ਅੰਦਰ ਸੀਮਤ ਰਹਿੰਦੀ ਹੈ ਅਤੇ ਇਹਦੇ ਸਿੱਟੇ ਵੱਜੋਂ ਅਸਲ ਵਿੱਚ ਸਦਾ ਘੱਟ-ਗਿਣਤੀ ਲਈ, ਜਾਇਦਾਦ ਦੀਆਂ ਮਾਲਕ ਜਮਾਤਾਂ ਲਈ, ਧਨੀਆਂ ਲਈ ਜਮਹੂਰੀਅਤ ਰਹਿ ਜਾਂਦੀ ਹੈ। ਸਰਮਾਏਦਾਰ ਸਮਾਜ ਵਿੱਚ ਅਜ਼ਾਦੀ ਲੱਗ ਭਗ ਉਸੇ ਪੜਾਅ ਉੱਤੇ ਰਹਿੰਦੀ ਹੈ ਜਿਸ ਉੱਤੇ ਇਹ ਪ੍ਰਾਚੀਨ ਯੂਨਾਨੀ ਗਣ-ਰਾਜਾਂ ਵਿੱਚ ਸੀ : ਗ਼ੁਲਾਮਾਂ ਦੇ ਮਾਲਕਾਂ ਲਈ ਆਜ਼ਾਦੀ। ਸਰਮਾਏਦਾਰਾ ਲੁੱਟ-ਚੋਂਘ ਦੀਆਂ ਹਾਲਤਾਂ ਕਾਰਨ ਨਵੀਨ ਉਜਰਤੀ ਗ਼ੁਲਾਮ ਥੁੜ ਅਤੇ ਗ਼ਰੀਬੀ ਕਾਰਨ ਏਨੇ ਕੁਚਲੇ ਹੋਏ ਰਹਿੰਦੇ ਹਨ ਕਿ ਉਹ "ਜਮਹੂਰੀਅਤ ਦੀ ਪ੍ਰਵਾਹ ਨਹੀਂ ਕਰ ਸਕਦੇ", "ਰਾਜ-ਨੀਤੀ ਦੀ ਪ੍ਰਵਾਹ ਨਹੀਂ ਕਰ ਸਕਦੇ"; ਘਟਨਾਵਾਂ ਦੇ ਸਾਧਾਰਨ ਅਮਨ-ਭਰੇ ਦੌਰ ਵਿੱਚ ਵਸੋਂ ਦੀ ਬਹੁ-ਗਿਣਤੀ ਸਰਵਜਨਕ ਅਤੇ ਰਾਜਸੀ ਜੀਵਨ ਵਿੱਚ ਹਿੱਸਾ ਲੈਣੋਂ ਵਾਂਝੇ ਰਹਿੰਦੀ ਹੈ।

ਇਸ ਬਿਆਨ ਦੀ ਸ਼ੁੱਧਤਾ ਦੀ ਸ਼ਾਇਦ ਜਰਮਨੀ ਵਿੱਚ ਸਭ ਤੋਂ ਵੱਧ ਪ੍ਰੋੜ੍ਹਤਾ ਹੁੰਦੀ ਹੈ। ਐਨ ਇਸ ਲਈ ਕਿ ਉਸ ਦੇਸ਼ ਵਿੱਚ ਵਿਧਾਨਕ ਕਾਨੂੰਨੀ ਹਾਲਤ ਲਗਾਤਾਰ ਬਹੁਤ ਲੰਮੇ ਸਮੇਂ —ਲਗ ਭਗ ਅੱਧੀ ਸਦੀ (1871 ਤੋਂ 1914) — ਤੱਕ ਜਾਰੀ ਰਹੀ ਅਤੇ ਇਸ ਸਮੇਂ ਵਿੱਚ ਸੋਸ਼ਲ-ਡੈਮੋਕਰੇਸੀ "ਕਾਨੂੰਨੀ ਹਾਲਤ" ਨੂੰ ਵਰਤਣ ਵਿੱਚ ਹੋਰਨਾਂ ਦੇਸ਼ਾਂ ਨਾਲ਼ੋਂ ਕਿਤੇ ਵਧੇਰੇ ਪ੍ਰਾਪਤੀ ਕਰ ਸਕੀ ਅਤੇ ਇਹਨੇ ਦੁਨੀਆਂ ਦੇ ਹੋਰ ਕਿਸੇ ਹਿੱਸੇ ਨਾਲ਼ੋਂ ਵੱਝ ਮਜ਼ਦੂਰਾਂ ਦੀ ਨਿਸਬਤ ਨੂੰ ਇੱਕ ਰਾਜਸੀ ਪਾਰਟੀ ਵਿੱਚ ਜਥੇਬੰਦ ਕਰ ਲਿਆ।

ਸਰਮਾਏਦਾਰ ਸਮਾਜ ਵਿੱਚ ਰਾਜਸੀ ਪੱਖੋਂ ਚੇਤੰਨ ਅਤੇ ਸਰਗਰਮ ਉਜਰਤੀ ਗ਼ੁਲਾਮਾਂ ਦੀ ਇਹ ਹੁਣ ਤੱਕ ਵੇਖੀ ਗਈ ਸਭ ਤੋਂ ਵੱਡੀ ਨਿਸਬਤ ਕੀ ਹੈ ? ਸੋਸ਼ਲ-ਡੈਮੋਕਰੈਟਿਕ

ਪਾਰਟੀ ਦੇ ਦਸ ਲੱਖ ਮੈਂਬਰ —ਕੁੱਲ ਇੱਕ ਕਰੋੜ ਪੰਜਾਹ ਲੱਖ ਉਜਰਤੀ ਕਾਮਿਆਂ ਵਿੱਚ! ਤੀਹ ਲੱਖ ਟਰੇਡ ਯੂਨੀਅਨਾਂ ਵਿੱਚ ਜਥੇਬੰਦ— ਇੱਕ ਕਰੋੜ ਪੰਜਾਹ ਲੱਖ ਵਿੱਚੋਂ!

ਇੱਕ ਨਿਗੂਣੀ ਘੱਟ-ਗਿਣਤੀ ਲਈ ਜਮਹੂਰੀਅਤ, ਧਨੀਆਂ ਲਈ ਜਮਹੂਰੀਅਤ —ਇਹ ਹੈ ਸਰਮਾਏਦਾਰ ਸਮਾਜ ਦੀ ਜਮਹੂਰੀਅਤ। ਜੇ ਅਸੀਂ ਸਰਮਾਏਦਾਰ ਜਮਹੂਰੀਅਤ ਦੀ ਬਣਤਰ ਨੂੰ ਵਧੇਰੇ ਗਹੁ ਨਾਲ਼ ਵੇਖੀਏ, ਅਸੀਂ ਹਰ ਥਾਂ ਵੋਟਾਂ ਦੇ ਹੱਕ ਦੇ "ਨਿਗੂਣੇ" —ਜਾਪਣ ਨੂੰ ਨਿਗੂਣੇ— ਵਿਸਥਾਰਾਂ (ਰਿਹਾਇਸ਼ੀ ਸ਼ਰਤਾਂ, ਇਸਤਰੀਆਂ ਨੂੰ ਵੱਖ ਰੱਖਣਾ ਆਦਿ) ਵਿੱਚ ਪ੍ਰਤਿਨਿਧ ਸੰਸਥਾਵਾਂ ਦੇ ਟੈਕਨੀਕ ਵਿੱਚ, ਜਲਸੇ ਕਰਨ ਦੇ ਹੱਕ ਦੇ ਰਾਹ ਵਿੱਚ ਖੜੀਆਂ ਕੀਤੀਆਂ ਯਥਾਰਥਕ ਰੋਕਾਂ ਵਿੱਚ (ਸਰਵਜਨਕ ਇਮਾਰਤਾਂ "ਮੰਗਤਿਆਂ" ਲਈ ਨਹੀਂ ਹੁੰਦੀਆਂ!), ਰੋਜ਼ਾਨਾ ਅਖ਼ਬਾਰਾਂ ਦੀ ਨਿਰੋਲ ਸਰਮਾਏਦਾਰ ਜਥੇਬੰਦੀ ਵਿੱਚ, ਇਤਿ-ਆਦਿ ਵਿੱਚ — ਸਾਨੂੰ ਜਮਹੂਰੀਅਤ ਉੱਤੇ ਇੱਕ ਤੋਂ ਪਿੱਛੋਂ ਦੂਜੀ ਹੱਦ ਦਿਸੇਗੀ। ਇਹ ਰੋਕਾਂ, ਛੋਟਾਂ, ਗ਼ਰੀਬਾਂ ਲਈ ਔਕੜਾਂ ਨਿਗੂਣੀਆਂ ਜਾਪਦੀਆਂ ਹਨ, ਵਿਸ਼ੇਸ਼ ਤੌਰ 'ਤੇ ਅਜਿਹੇ ਲੋਕਾਂ ਲਈ ਜਿਨ੍ਹਾਂ ਕਦੇ ਥੁੜ ਨਹੀਂ ਵੇਖੀ ਅਤੇ ਉਹਨਾਂ ਦੇ ਸਮੂਹਕ ਜੀਵਨ ਵਿੱਚ ਕਦੇ ਲੁਟੀਂਦਿਆਂ ਜਮਾਤਾਂ ਦੇ ਨੇੜਵੇਂ ਸਬੰਧ ਵਿੱਚ ਨਹੀਂ ਆਏ (ਅਤੇ ਬੁਰਜੂਆ ਪ੍ਰਚਾਰਕਾਂ ਅਤੇ ਰਾਜਸੀ ਆਗੂਆਂ ਦੇ ਜੇ ਸੌ ਵਿੱਚੋਂ ਨੜਿਨਵੇਂ ਨਹੀਂ ਤਾਂ ਦਸਾਂ ਵਿੱਚੋਂ ਨੌਂ ਅਜਿਹੇ ਹਨ), ਪਰ ਆਪਣੇ ਜੋੜ ਤੋਂ ਇਹ ਰੋਕਾਂ ਗ਼ਰੀਬਾਂ ਨੂੰ ਰਾਜ-ਨੀਤੀ ਵਿੱਚੋਂ, ਜਮਹੂਰੀਅਤ ਵਿੱਚ ਸਰਗਰਮ ਹਿੱਸਾ ਲੈਣ ਤੋਂ ਵੱਖ ਕਰ ਦੇਂਦੀਆਂ ਹਨ, ਬਾਹਰ ਕੱਢ ਦੇਂਦੀਆਂ ਹਨ।

ਜਦੋਂ ਕਮਿਊਨ ਦੇ ਤਜਰਬੇ ਦਾ ਵਿਸ਼ਲੇਸ਼ਣ ਕਰਦੇ ਹੋਏ ਉਹਨਾਂ ਇਹ ਕਿਹਾ ਕਿ ਹਰ ਕੁੱਝ ਵਰ੍ਹਿਆਂ ਤੋਂ ਪਿੱਛੋਂ ਲੁਟੀਂਦੇ ਲੋਕਾਂ ਨੂੰ ਇਹ ਫ਼ੈਸਲਾ ਕਰਨ ਦਾ ਹੱਕ ਦਿੱਤਾ ਜਾਂਦਾ ਹੈ ਕਿ ਜਾਬਰ ਜਮਾਤਾਂ ਦੇ ਕਿਹੜੇ ਪ੍ਰਤਿਨਿਧ ਉਹਨਾਂ ਦੀ ਪ੍ਰਤਿਨਿਧਤਾ ਕਰਨਗੇ ਅਤੇ ਉਹਨਾਂ ਉੱਤੇ ਜਬਰ ਕਰਨਗੇ[38] ਤਾਂ ਮਾਰਕਸ ਨੇ ਸਰਮਾਏਦਾਰ ਜਮਹੂਰੀਅਤ ਦਾ ਤੱਤ ਬੜੀ ਸੋਹਣੀ ਤਰ੍ਹਾਂ ਸਮਝ ਲਿਆ ਸੀ!

ਪਰ ਇਸ ਸਰਮਾਏਦਾਰ ਜਮਹੂਰੀਅਤ ਤੋਂ — ਜੋ ਅਟੱਲ ਤੌਰ 'ਤੇ ਤੰਗ ਅਤੇ ਬੜੀ ਚੁੱਪ ਚਾਪ ਗਰੀਬਾਂ ਨੂੰ ਇੱਕ ਪਾਸੇ ਧੱਕ ਦੇਂਦੀ ਹੈ ਅਤੇ ਇਸੇ ਲਈ ਪੂਰੀ ਤਰ੍ਹਾਂ ਦੰਭੀ ਅਤੇ ਝੂਠੀ ਹੈ — ਅੱਗੇ ਵੱਲ ਵਿਕਾਸ ਸਾਦੇ, ਸਿੱਧੇ ਅਤੇ ਸਵਾਹਰੇ ਢੰਗ ਨਾਲ਼ ਨਹੀਂ ਹੁੰਦਾ, ਜਿਹਾ ਕਿ ਉਦਾਰਪੰਥੀ ਪ੍ਰੋਫ਼ੈਸਰ ਅਤੇ ਨਿਕ-ਬੁਰਜੂਆ ਮੌਕਾ-ਪ੍ਰਸਤ ਸਾਨੂੰ ਯਕੀਨ ਦਿਵਾਉਣ ਦਾ ਯਤਨ ਕਰਦੇ ਹਨ। ਨਹੀਂ, ਅੱਗੇ ਵੱਲ, ਅਰਥਾਤ, ਕਮਿਊਨਿਜ਼ਮ ਵੱਲ, ਵਿਕਾਸ ਪ੍ਰੋਲਤਾਰੀ ਦੀ ਤਾਨਾਸ਼ਾਹੀ ਰਾਹੀਂ ਹੁੰਦਾ ਹੈ ਅਤੇ ਹੋਰ ਕਿਸੇ ਤਰ੍ਹਾਂ ਹੋ ਵੀ ਨਹੀਂ ਸਕਦਾ ਕਿਉਂਕਿ ਸਰਮਾਏਦਾਰ ਲੋਟੂਆਂ ਦਾ **ਵਿਰੋਧ** ਕੋਈ ਹੋਰ ਜਾਂ ਕਿਸੇ ਹੋਰ ਢੰਗ ਨਾਲ਼ **ਤੋੜ** ਨਹੀਂ ਸਕਦਾ।

ਅਤੇ ਪ੍ਰੋਲੇਤਾਰੀ ਦੀ ਤਾਨਾਸ਼ਾਹੀ, ਅਰਥਾਤ, ਜਾਬਰਾਂ ਨੂੰ ਕੁਚਲਣ ਲਈ ਲੁਟੀਂਦਿਆਂ ਦੇ ਮੂਹਰੈਲ ਨੂੰ ਹਾਕਮ ਜਮਾਤ ਦੇ ਤੌਰ 'ਤੇ ਜਥੇਬੰਦ ਕਰਨ ਦਾ ਸਿੱਟਾ ਕੇਵਲ ਜਮਹੂਰੀਅਤ ਦਾ ਵਿਸ਼ਾਲਣਾ ਨਹੀਂ ਹੁੰਦਾ। ਜਮਹੂਰੀਅਤ ਦੇ, ਜਿਹੜੀ **ਪਹਿਲੀ ਵਾਰ** ਗਰੀਬਾਂ ਲਈ ਜਮਹੂਰੀਅਤ ਬਣਦੀ ਹੈ, ਲੋਕਾਂ ਲਈ ਜਮਹੂਰੀਅਤ ਅਤੇ ਥੈਲੀ-ਸ਼ਾਹਾਂ ਲਈ ਜਮਹੂਰੀਅਤ

ਨਹੀਂ ਬਣਦੀ ਹੈ, ਅਥਾਹ ਵਿਸ਼ਾਲ ਹੋਣ **ਦੇ ਨਾਲ਼ ਹੀ ਨਾਲ਼** ਪ੍ਰੋਲਤਾਰੀ ਦੀ ਤਾਨਾਸ਼ਾਹੀ ਜਾਬਰਾਂ ਦੀ, ਲੋਟੂਆਂ ਦੀ, ਸਰਮਾਏਦਾਰਾਂ ਦੀ ਅਜ਼ਾਦੀ ਉੱਤੇ ਰੋਕਾਂ ਦੀ ਪੂਰੀ ਲੜੀ ਲਾਉਂਦੀ ਹੈ। ਇਹ ਲਾਜ਼ਮੀ ਹੈ ਕਿ ਮਨੁੱਖਜਾਤੀ ਨੂੰ ਉਜਰਤੀ ਗ਼ੁਲਾਮੀ ਤੋਂ ਛੁਟਕਾਰਾ ਦਿਵਾਉਣ ਲਈ ਅਸੀਂ ਉਹਨਾਂ ਨੂੰ ਕੁਚਲੀਏ; ਇਹ ਲਾਜ਼ਮੀ ਹੈ ਕਿ ਉਹਨਾਂ ਦਾ ਵਿਰੋਧ ਤਾਕਤ ਨਾਲ਼ ਕੁਚਲਿਆ ਜਾਵੇ; ਇਹ ਸਪਸ਼ਟ ਹੈ ਕਿ ਜਿਥੇ ਜਬਰ ਹੁੰਦਾ ਹੈ, ਜਿਥੇ ਹਿੰਸਾ ਹੁੰਦੀ ਹੈ, ਉਥੇ ਕੋਈ ਅਜ਼ਾਦੀ, ਕੋਈ ਜਮਹੂਰੀਅਤ ਨਹੀਂ ਹੋ ਸਕਦੀ।

ਜਿਹਾ ਕਿ ਪਾਠਕ ਨੂੰ ਯਾਦ ਹੋਵੇਗਾ ਏਂਗਲਜ਼ ਨੇ ਬੇਬਲ ਦੇ ਨਾਂ ਖ਼ਤ ਵਿੱਚ ਇਹ ਗੱਲ ਬੜੇ ਸ਼ਾਨਦਾਰ ਢੰਗ ਨਾਲ਼ ਕਹੀ ਜਦੋਂ ਉਹਨਾ ਕਿਹਾ ਕਿ, "ਪ੍ਰੋਲਤਾਰੀ ਰਾਜ ਨੂੰ ਅਜ਼ਾਦੀ ਦੇ ਹਿੱਤ ਵਿੱਚ ਨਹੀਂ ਸਗੋਂ ਆਪਣੇ ਵਿਰੋਧੀਆਂ ਨੂੰ ਦਬਾ ਕੇ ਰੱਖਣ ਲਈ ਵਰਤਦਾ ਹੈ ਅਤੇ ਜਿਉਂ ਹੀ ਆਜ਼ਾਦੀ ਦੀ ਗੱਲ ਕਰਨਾ ਸੰਭਵ ਹੁੰਦਾ ਹੈ, ਰਾਜ ਦੇ ਤੌਰ 'ਤੇ ਰਾਜ ਦੀ ਹੋਂਦ ਖ਼ਤਮ ਹੋ ਜਾਂਦੀ ਹੈ।"

ਲੋਕਾਂ ਦੀ ਵੱਡੀ ਬਹੁ-ਗਿਣਤੀ ਲਈ ਜਮਹੂਰੀਅਤ ਅਤੇ ਲੋਟੂਆਂ ਅਤੇ ਲੋਕਾਂ ਉੱਤੇ ਜਬਰ ਕਰਨ ਵਾਲ਼ਿਆਂ ਨੂੰ ਤਾਕਤ ਨਾਲ਼ ਕੁਚਲਣਾ, ਅਰਥਾਤ, ਉਹਨਾਂ ਨੂੰ ਜਮਹੂਰੀਅਤ ਤੋਂ ਬਾਹਰ ਰੱਖਣਾ —ਸਰਮਾਏਦਾਰੀ ਤੋਂ ਕਮਿਊਨਿਜ਼ਮ ਵੱਲ **ਤਬਦੀਲੀ** ਦੇ ਦੌਰਾਨ ਜਮਹੂਰੀਅਤ ਵਿੱਚ ਹੀ ਤਬਦੀਲੀ ਹੁੰਦੀ ਹੈ।

ਕੇਵਲ ਕਮਿਊਨਿਸਟ ਸਮਾਜ ਵਿੱਚ, ਜਦੋਂ ਸਰਮਾਏਦਾਰਾਂ ਦਾ ਵਿਰੋਧ ਉੱਕਾ ਹੀ ਕੁਚਲ ਦਿੱਤਾ ਜਾਂਦਾ ਹੈ, ਜਦੋਂ ਸਰਮਾਏਦਾਰਾਂ ਦਾ ਅੰਤ ਹੋ ਜਾਂਦਾ ਹੈ, ਜਦੋਂ ਕੋਈ ਜਮਾਤਾਂ ਨਹੀਂ ਰਹਿੰਦੀਆਂ (ਅਰਥਾਤ, ਜਦੋਂ ਉਤਪਾਦਨ ਦੇ ਸਮਾਜੀ ਸਾਧਨਾਂ ਦੇ ਸਬੰਧ ਵਿੱਚ ਸਮਾਜ ਦੇ ਮੈਂਬਰਾਂ ਵਿੱਚ ਕੋਈ ਫ਼ਰਕ ਨਹੀਂ ਰਹਿ ਜਾਂਦਾ), **ਕੇਵਲ** ਤਾਂ ਹੀ "ਰਾਜ ਦਾ ਅੰਤ ਹੋ ਜਾਂਦਾ ਹੈ, ਅਤੇ **ਅਜ਼ਾਦੀ ਦੀ ਗੱਲ ਕਰਨਾ ਸੰਭਵ ਹੁੰਦਾ ਹੈ।**" ਤਾਂ ਹੀ ਸੱਚ ਮੁੱਚ ਮੁਕੰਮਲ ਜਮਹੂਰੀਅਤ ਦੀ, ਹਰ ਤਰ੍ਹਾਂ ਦੀਆਂ ਰੋਕਾਂ ਤੋਂ ਬਿਨਾਂ ਜਮਹੂਰੀਅਤ ਦੀ ਪ੍ਰਾਪਤੀ ਸੰਭਵ ਹੋਵੇਗੀ ਅਤੇ ਤਾਂ ਹੀ ਇਸ ਸਾਦੇ ਤੱਥ ਕਾਰਨ ਕਿ ਸਰਮਾਏਦਾਰ ਗ਼ੁਲਾਮੀ ਤੋਂ, ਸਰਮਾਏਦਾਰੀ ਦੀ ਲੁੱਟ-ਚੋਂਘ ਦੇ ਅਕੱਥ ਜ਼ੁਲਮਾਂ, ਵਹਿਸ਼ੀਪੁਣੇ, ਵਾਹਯਾਤੀਆਂ ਅਤੇ ਖ਼ੁਆਰੀਆਂ ਤੋਂ ਆਜ਼ਾਦ ਹੋ ਕੇ ਲੋਕ ਹੌਲੀ ਹੌਲੀ ਸਮਾਜੀ ਵਰਤਾਉ ਦੇ ਉਹਨਾਂ ਬੁਨਿਆਦੀ ਅਸੂਲਾਂ ਉੱਤੇ ਅਮਲ ਕਰਨ ਦੇ ਹੌਲੀ ਹੌਲੀ **ਆਦੀ ਹੋ ਜਾਣਗੇ**, ਜਿਨ੍ਹਾਂ ਦਾ ਸਦੀਆਂ ਤੋਂ ਪਤਾ ਹੈ ਅਤੇ ਜਿਹੜੇ ਹਜ਼ਾਰਾਂ ਵਰ੍ਹਿਆਂ ਤੋਂ ਸਭਨਾਂ ਪ੍ਰਸਿੱਧ ਗੁਰਾਂ ਵਿੱਚ ਦੁਹਰਾਏ ਜਾਂਦੇ ਹਨ, ਜਮਹੂਰੀਅਤ **ਹੌਲੀ ਹੌਲੀ ਖ਼ਤਮ ਹੋਣੀ** ਸ਼ੁਰੂ ਹੋ ਜਾਵੇਗੀ; ਲੋਕ ਉਹਨਾਂ ਅਸੂਲਾਂ ਨੂੰ ਜਬਰ ਤੋਂ ਬਿਨਾਂ, ਅਧੀਨਗੀ ਤੋਂ ਬਿਨਾਂ, ਦਾਬੇ ਦੇ ਉਸ **ਵਿਸ਼ੇਸ ਸਾਧਨ ਤੋਂ ਬਿਨਾਂ** ਜਿਸਨੂੰ ਰਾਜ ਕਿਹਾ ਜਾਂਦਾ ਹੈ ਉਹਨਾਂ ਉੱਤੇ ਅਮਲ ਕਰਨ ਦੇ **ਆਦੀ ਹੋ ਜਾਣਗੇ।**

ਇਹ ਕਥਨ "ਰਾਜ ਦਾ **ਹੌਲੀ ਹੌਲੀ ਅੰਤ ਹੋ ਜਾਂਦਾ ਹੈ**" ਬਹੁਤ ਸੁਹਣੀ ਤਰ੍ਹਾਂ ਚੁਣਿਆ ਗਿਆ ਹੈ ਕਿਉਂਕਿ ਇਹ ਅਮਲ ਦੇ ਦਰਜੇਵਾਰ ਹੋਣ ਅਤੇ ਆਪ ਮੁਹਾਰੇ ਖ਼ਾਸੇ ਦੋਹਾਂ ਨੂੰ ਪ੍ਰਗਟ ਕਰਦਾ ਹੈ। ਕੇਵਲ ਆਦਤ ਹੀ ਅਜਿਹਾ ਅਸਰ ਪੈਦਾ ਕਰ ਸਕਦੀ ਹੈ ਅਤੇ

ਨਿਰਸੰਦੇਹ ਪੈਦਾ ਕਰੇਗੀ ਕਿਉਂਕਿ ਅਸੀਂ ਆਪਣੇ ਆਲੇ ਦਵਾਲੇ ਲਖੂਖਾ ਵਾਰੀ ਵੇਖਦੇ ਹਾਂ ਕਿ ਕਿਵੇਂ ਲੋਕ ਉਸ ਸਮੇਂ ਸਮਾਜੀ ਵਰਤਾਰੇ ਦੇ ਜ਼ਰੂਰੀ ਅਸੂਲਾਂ ਉੱਤੇ ਅਮਲ ਕਰਨ ਦੇ ਆਦੀ ਹੋ ਜਾਂਦੇ ਹਨ ਜਦੋਂ ਲੁੱਟ-ਚੋਂਘ ਨਹੀਂ ਹੁੰਦੀ, ਜਦੋਂ ਕੋਈ ਅਜਿਹੀ ਗੱਲ ਨਹੀਂ ਹੁੰਦੀ ਜਿਹੜੀ ਗੁੱਸਾ ਜਗਾਵੇ, ਕੋਈ ਅਜਿਹੀ ਗੱਲ ਨਹੀਂ ਹੁੰਦੀ ਜਿਹੜੀ ਰੋਸ ਅਤੇ ਬਗ਼ਾਵਤ ਪੈਦਾ ਕਰੇ ਅਤੇ **ਦਬਾਉਣ** ਦੀ ਲੋੜ ਪੈਦਾ ਕਰੇ।

ਇਉਂ ਸਰਮਾਏਦਾਰ ਸਮਾਜ ਵਿੱਚ ਇੱਕ ਅਜਿਹੀ ਜਮਹੂਰੀਅਤ ਹੁੰਦੀ ਹੈ ਜਿਹੜੀ ਛਾਂਗੀ ਹੋਈ, ਨਖਿੱਧ, ਝੂਠੀ ਹੁੰਦੀ ਹੈ; ਇੱਕ ਜਮਹੂਰੀਅਤ ਜਿਹੜੀ ਕੇਵਲ ਅਮੀਰਾਂ ਲਈ, ਘੱਟ-ਗਿਣਤੀ ਲਈ ਹੈ। ਪ੍ਰੋਲੇਤਾਰੀ ਦੀ ਤਾਨਾਸ਼ਾਹੀ, ਕਮਿਊਨਿਜ਼ਮ ਵੱਲ ਤਬਦੀਲੀ ਦਾ ਸਮਾਂ, ਪਹਿਲੀ ਵਾਰ ਲੋਕਾਂ ਲਈ, ਬਹੁ-ਗਿਣਤੀ ਲਈ ਜਮਹੂਰੀਅਤ ਸਿਰਜੇਗਾ ਅਤੇ ਨਾਲ਼ ਹੀ ਨਾਲ਼ ਘੱਟ-ਗਿਣਤੀ ਨੂੰ —ਲੋਟੂਆਂ ਨੂੰ ਕੁਚਲੇਗਾ। ਕੇਵਲ ਕਮਿਊਨਿਜ਼ਮ ਹੀ ਸੱਚ ਮੁੱਚ ਮੁਕੰਮਲ ਜਮਹੂਰੀਅਤ ਦੇਣ ਯੋਗ ਹੈ ਅਤੇ ਜਿੰਨਾ ਵਧੇਰੇ ਮੁਕੰਮਲ ਇਹ ਹੋਵੇਗੀ, ਓਨੀ ਵਧੇਰੇ ਤੇਜ਼ੀ ਨਾਲ਼ ਇਹ ਬੇਲੋੜੀ ਹੋ ਜਾਵੇਗੀ ਅਤੇ ਆਪਣੇ ਆਪ ਹੌਲੀ ਹੌਲੀ ਖ਼ਤਮ ਹੋ ਜਾਵੇਗੀ।

ਦੂਜੇ ਸ਼ਬਦਾਂ ਵਿੱਚ : ਸਰਮਾਇਦਾਰੀ ਅਧੀਨ ਸ਼ਬਦ ਦੇ ਠੀਕ ਅਰਥਾਂ ਵਿੱਚ ਰਾਜ ਦੀ ਹੋਂਦ ਹੈ, ਅਰਥਾਤ, ਇੱਕ ਜਮਾਤ ਵੱਲੋਂ ਦੂਜੀ ਨੂੰ ਕੁਚਲਣ ਲਈ ਇੱਕ ਵਿਸ਼ੇਸ਼ ਬਣਤਰ ਅਤੇ ਇਸ ਤੋਂ ਵੀ ਵੱਧ, ਘੱਟ-ਗਿਣਤੀ ਵੱਲੋਂ ਬਹੁ-ਗਿਣਤੀ ਨੂੰ ਕੁਚਲਣ ਲਈ ਬਣਤਰ। ਸੁਭਾਵਕ ਹੀ ਸਫ਼ਲ ਹੋਣ ਲਈ ਲੁਟੀਂਦੀ ਬਹੁ-ਗਿਣਤੀ ਨੂੰ ਲੋਟੂ ਘੱਟ-ਗਿਣਤੀ ਵੱਲੋਂ ਨੇਮ-ਬੱਧ ਢੰਗ ਨਾਲ਼ ਕੁਚਲਣ ਜਿਹੇ ਕੰਮ ਲਈ ਅਤਿ-ਅੰਤ ਵਹਿਸ਼ਤ ਅਤੇ ਜ਼ੁਲਮ ਦੀ ਲੋੜ ਹੈ, ਇਸ ਲਈ ਖ਼ੂਨ ਦੇ ਦਰਿਆਵਾਂ ਦੀ ਲੋੜ ਹੈ ਜਿਨ੍ਹਾਂ ਵਿੱਚੋਂ ਮਨੁੱਖਜਾਤੀ ਗ਼ੁਲਾਮੀ, ਖੇਤ-ਗ਼ੁਲਾਮੀ ਅਤੇ ਉਜਰਤੀ ਕਿਰਤ ਦੇ ਸਮਿਆਂ ਵਿੱਚ ਲੰਘੀ।

ਇਸ ਤੋਂ ਵੱਧ, ਸਰਮਾਏਦਾਰੀ ਤੋਂ ਕਮਿਊਨਿਜ਼ਮ ਵੱਲ **ਤਬਦੀਲੀ ਦੇ ਸਮੇਂ** ਜਬਰ ਦੀ **ਅਜੇ** ਲੋੜ ਹੈ; ਪਰ ਇਹ ਲੋਟੂ ਘੱਟ-ਗਿਣਤੀ ਵੱਲੋਂ ਲੁਟੀਂਦੀ ਬਹੁ-ਗਿਣਤੀ ਉੱਤੇ ਜਬਰ ਨਹੀਂ। ਇੱਕ ਵਿਸ਼ੇਸ਼ ਬਣਤਰ, ਜਬਰ ਲਈ ਕਿ ਵਿਸ਼ੇਸ਼ ਬਣਤਰ, ਰਾਜ, ਦੀ **ਅਜੇ** ਲੋੜ ਹੈ, ਪਰ ਇਹ ਵਿਚਕਾਰਲੇ ਸਮੇਂ ਦਾ ਰਾਜ ਹੈ, ਇਹ ਠੀਕ ਅਰਥਾਂ ਵਿੱਚ ਰਾਜ ਨਹੀਂ, ਕਿਉਂਕਿ **ਕੱਲ** ਦੇ ਉਜਰਤੀ ਗ਼ੁਲਾਮਾਂ ਦੀ ਬਹੁ-ਗਿਣਤੀ ਵੱਲੋਂ ਲੋਟੂਆਂ ਦੀ ਘੱਟ-ਗਿਣਤੀ ਨੂੰ ਕੁਚਲਣਾ ਮੁਕਾਬਲੇ ਉੱਤੇ ਏਨਾ ਅਸਾਨ, ਸਾਦਾ ਅਤੇ ਸੁਭਾਵਕ ਕੰਮ ਹੈ ਕਿ ਇਸ ਵਿੱਚ ਉਸ ਨਾਲ਼ੋਂ ਕਿਤੇ ਘੱਟ ਲਹੂ ਵਗੇਗਾ ਜਿੰਨਾਂ ਗ਼ੁਲਾਮਾਂ, ਖ਼ੇਤ-ਗ਼ੁਲਾਮਾਂ ਅਤੇ ਉਜਰਤੀ ਮਜ਼ਦੂਰਾਂ ਦੀਆਂ ਬਗ਼ਾਵਤਾਂ ਨੂੰ ਕੁਚਲਣ ਸਮੇਂ ਵਗਿਆ ਅਤੇ ਮਨੁੱਖਜਾਤੀ ਨੂੰ ਇਹਦਾ ਕਿਤੇ ਘੱਟ ਮੁੱਲ ਤਾਰਨਾ ਪਵੇਗਾ। ਅਤੇ ਇਹ ਲੋਕਾਂ ਦੀ ਏਨੀ ਭਾਰੂ ਬਹੁ-ਗਿਣਤੀ ਤੱਕ ਜਮਹੂਰੀਅਤ ਦੇ ਵਾਧੇ ਨਾਲ਼ ਏਨੀ ਚੰਗੀ ਤਰ੍ਹਾਂ ਮੇਲ ਖਾਂਦਾ ਹੈ ਕਿ ਜਬਰ ਲਈ **ਵਿਸ਼ੇਸ਼ ਬਣਤਰ** ਦੀ ਲੋੜ ਖ਼ਤਮ ਹੋਣੀ ਸ਼ੁਰੂ ਹੋ ਜਾਵੇਗੀ। ਸੁਭਾਵਕ ਹੀ ਲੋਟੂ ਇਹ ਕੰਮ ਕਰਨ ਲਈ ਇੱਕ ਅਤਿ-ਅੰਤ ਪੇਚਦਾਰ ਬਣਤਰ ਤੋਂ ਬਿਨਾਂ ਲੋਕਾਂ ਨੂੰ ਦਬਾ ਨਹੀਂ ਸਕਦੇ : ਪਰ **ਲੋਕ** ਲੋਟੂਆਂ ਨੂੰ ਇੱਕ ਬੜੀ ਸਾਦੀ "ਬਣਤਰ" ਰਾਹੀਂ, ਲਗਭਗ "ਬਣਤਰ" ਤੋਂ ਬਿਨਾਂ, ਵਿਸ਼ੇਸ਼ ਢਾਂਚੇ ਤੋਂ ਬਿਨਾਂ,

**ਹਥਿਆਰਬੰਦ ਲੋਕਾਂ** ਦੀ ਵਧੇਰੇ ਸਾਦੀ ਜਥੇਬੰਦੀ (ਜਿਵੇਂ ਕਿ ਅਸੀਂ ਮਾਮਲੇ ਨੂੰ ਅਗਾਊਂ ਵੇਖਦੇ ਹੋਏ ਕਹਿ ਸਕਦੇ ਹਾਂ ਮਜ਼ਦੂਰਾਂ ਅਤੇ ਫ਼ੌਜੀਆਂ ਦੇ ਪ੍ਰਤਿਨਿਧਾਂ ਦੀਆਂ ਸੋਵੀਅਤਾਂ) ਰਾਹੀਂ ਕੁਚਲ ਸਕਦੀ ਹੈ।

ਅੰਤ ਵਿੱਚ, ਕੇਵਲ ਕਮਿਊਨਿਜ਼ਮ ਰਾਜ ਨੂੰ ਉੱਕਾ ਬੇਲੋੜਾ ਬਣਾ ਦਿੰਦਾ ਹੈ ਕਿਉਂਕਿ ਕੁਚਲਣ ਲਈ **ਕੋਈ ਨਹੀਂ —ਜਮਾਤ** ਦੇ ਅਰਥਾਂ ਵਿੱਚ, ਵਸੋਂ ਦੇ ਸਪਸ਼ਟ ਹਿੱਸਿਆਂ ਵਿਚਕਾਰ ਨੇਮ-ਬੱਧ ਘੋਲ਼ ਦੇ ਅਰਥਾਂ ਵਿੱਚ "ਕੋਈ ਨਹੀਂ"— ਰਹਿ ਜਾਂਦਾ।ਅਸੀਂ ਯੂਟੋਪੀਆਈ ਨਹੀਂ ਅਤੇ **ਵਿਅਕਤੀਗਤ ਲੋਕਾਂ** ਵੱਲੋਂ ਵਧੀਕੀਆਂ ਦੀ ਸੰਭਾਵਨਾ ਅਤੇ ਅਟੱਲਤਾ ਅਤੇ **ਅਜਿਹੀਆਂ** ਵਧੀਕੀਆਂ ਨੂੰ ਦਬਾਉਣ ਦੀ ਲੋੜ ਤੋਂ ਇਨਕਾਰ ਨਹੀਂ ਕਰਦੇ। ਪਰ ਪਹਿਲੀ ਗੱਲ ਤਾਂ ਇਹ ਕਿ, ਇਸ ਲਈ ਕੁਚਲਣ ਦੀ ਕਿਸੇ ਵਿਸ਼ੇਸ਼ ਬਣਤਰ ਦੀ, ਕਿਸੇ ਵਿਸ਼ੇਸ਼ ਢਾਂਚੇ ਦੀ ਲੋੜ ਨਹੀਂ; ਇਹ ਕੰਮ ਹਥਿਆਰਬੰਦ ਲੋਕ ਖ਼ੁਦ ਕਰਨਗੇ, ਐਨ ਉਸੇ ਸਾਦਗੀ ਅਤੇ ਐਨ ਉਸੇ ਤੱਤਪਰਤਾ ਨਾਲ਼ ਜਿਸ ਨਾਲ਼ ਨਵੀਨ ਸਮਾਜ ਵਿੱਚ ਵੀ ਸਭਿਅਕ ਲੋਕ ਹੱਥੋਪਾਈ ਰੋਕਣ ਜਾਂ ਕਿਸੇ ਇਸਤਰੀ ਦੀ ਪੱਤ ਲਹਿਣੋਂ ਬਚਾਉਣ ਲਈ ਦਖਲ ਦੇਂਦੇ ਹਨ।ਅਤੇ ਦੂਜੇ, ਅਸੀਂ ਜਾਣਦੇ ਹਾਂ ਕਿ ਵਧੀਕੀਆਂ ਦਾ, ਜੋ ਸਮਾਜੀ ਵਰਤਾਰੇ ਦੀ ਉਲੰਘਣਾ ਹਨ, ਬੁਨਿਆਦੀ ਸਮਾਜੀ ਕਾਰਨ ਲੋਕਾਂ ਦੀ ਲੁੱਟ-ਚੋਂਘ, ਉਹਨਾਂ ਦੀ ਥੁੜ ਅਤੇ ਗਰੀਬੀ ਹੈ। ਇਸ ਮੁੱਖ ਕਾਰਨ ਦੇ ਹਟਾਏ ਜਾਣ ਤੋਂ ਪਿੱਛੋਂ ਵਧੀਕੀਆਂ ਲਾਜ਼ਮੀ ਤੌਰ 'ਤੇ "**ਖ਼ਤਮ ਹੋਣੀਆਂ**" ਸ਼ੁਰੂ ਹੋ ਜਾਂਦੀਆਂ ਹਨ।ਅਸੀਂ ਇਹ ਨਹੀਂ ਜਾਣਦੇ ਕਿ ਉਹ ਕਿੰਨੀ ਛੇਤੀ ਜਾਂ ਕਿਸ ਕ੍ਰਮ ਨਾਲ਼ ਖ਼ਤਮ ਹੋਣਗੀਆਂ ਪਰ ਅਸੀਂ ਜਾਣਦੇ ਹਾਂ ਕਿ ਉਹ ਖ਼ਤਮ ਹੋ ਜਾਣਗੀਆਂ। ਉਹਨਾਂ ਦੇ ਖ਼ਤਮ ਹੋਣ ਨਾਲ਼ ਰਾਜ ਵੀ **ਹੌਲੀ ਹੌਲ ਖ਼ਤਮ ਹੋ ਜਾਵੇਗਾ।**

ਕਾਲਪਨਿਕ ਦੁਨੀਆਂ ਵਿੱਚ ਰਹੇ ਬਿਨਾਂ ਮਾਰਕਸ ਨੇ ਉਸ ਕੁੱਝ ਨੂੰ ਪੂਰੇ ਵਿਸਥਾਰ ਨਾਲ਼ ਉਲੀਕਿਆਂ ਜੋ ਕੁੱਝ ਇਸ ਭਵਿੱਖ ਸਬੰਧੀ **ਹੁਣ** ਉਲੀਕਿਆ ਜਾ ਸਕਦਾ ਹੈ, ਅਰਥਾਤ, ਕਮਿਊਨਿਸਟ ਸਮਾਜ ਦੇ ਨੀਂਵੇਰੇ ਅਤੇ ਉਚੇਰੇ ਰੂਪਾਂ (ਪੱਧਰਾਂ, ਪੜਾਵਾਂ) ਵਿੱਚ ਫ਼ਰਕ ਨੂੰ।

## 3. ਕਮਿਊਨਿਸਟ ਸਮਾਜ ਦਾ ਪਹਿਲਾ ਰੂਪ

'ਗੋਥਾ ਪ੍ਰੋਗਰਾਮ ਦੀ ਪੜਚੋਲ' ਵਿੱਚ ਮਾਰਕਸ ਲਾਸਾਲ ਦੇ ਇਸ ਵਿਚਾਰ ਨੂੰ ਗ਼ਲਤ ਸਾਬਤ ਕਰਨ ਲਈ ਵਿਸਥਾਰ ਵਿੱਚ ਜਾਂਦੇ ਹਨ ਕਿ ਸੋਸ਼ਲਿਜ਼ਮ ਅਧੀਨ ਮਜ਼ਦੂਰ ਨੂੰ "ਉਹਦੀ ਕਿਰਤ ਦੀ ਪੂਰੀ" ਜਾਂ "ਬਿਨਾਂ-ਘਟਾਈ ਉਪਜ" ਮਿਲੇਗੀ।ਮਾਰਕਸ ਵਿਖਾਉਂਦੇ ਹਨ ਕਿ ਸਮਾਜ ਦੀ ਸਮੁੱਚੀ ਸਮਾਜੀ ਕਿਰਤ ਵਿੱਚੋਂ ਇੱਕ ਰਾਖਵੀਂ ਨਿਧੀ, ਉਤਪਾਦਨ ਦੇ ਵਾਧੇ ਲਈ ਨਿਧੀ, ਮਸ਼ੀਨਾਂ ਦੀ "ਘਸਾਈ ਅਤੇ ਟੁੱਟ ਫੁੱਟ" ਪੂਰੀ ਕਰਨ ਲਈ ਨਿਧੀ, ਇਤਿ-ਆਦ ਲਈ ਨਿਧੀ ਕੱਢਣੀ ਲਾਜ਼ਮੀ ਹੈ; ਫੇਰ ਖਪਤ ਦੇ ਸਾਧਨਾਂ ਵਿੱਚੋਂ ਪ੍ਰਬੰਧਕ ਖ਼ਰਚੇ ਲਈ, ਸਕੂਲਾਂ ਲਈ, ਹਸਪਤਾਲਾਂ, ਬੁੱਢਿਆਂ ਦੇ ਘਰਾਂ, ਇਤਿ-ਆਦਿ ਲਈ ਨਿਧੀ ਕੱਢੀ ਜਾਵੇਗੀ।

ਲਾਸਾਲ ਦੇ ਧੁੰਦਲੇ, ਅਸਪਸ਼ਟ ਅਤੇ ਆਮ ਵਾਕੰਸ਼ ("ਉਹਦੀ ਕਿਰਤ ਦੀ ਪੂਰੀ

ਉਪਜ ਮਜ਼ਦੂਰ ਨੂੰ") ਦੀ ਥਾਂ ਮਾਰਕਸ ਇਸ ਗੱਲ ਦਾ ਹੋਸ਼ਮੰਦ ਅੰਦਾਜ਼ਾ ਲਾਉਂਦੇ ਹਨ ਕਿ ਸੋਸ਼ਲਿਸਟ ਸਮਾਜ ਨੂੰ ਠੀਕ ਠੀਕ ਆਪਣੇ ਮਾਮਲਿਆਂ ਦਾ ਪ੍ਰਬੰਧ ਕਿਵੇਂ ਕਰਨਾ ਪਵੇਗਾ। ਮਾਰਕਸ ਉਸ ਸਮਾਜ ਦੇ **ਠੋਸ** ਵਿਸ਼ਲੇਸ਼ਣ ਤੋਂ ਮੁੱਢ ਬੰਨ੍ਹਦੇ ਹਨ ਜਿਸ ਵਿੱਚ ਸਰਮਾਏਦਾਰੀ ਨਹੀਂ ਹੋਵੇਗੀ ਅਤੇ ਕਹਿੰਦੇ ਹਨ :

> "ਅਸਾਂ ਇਥੇ ਜਿਸ ਗੱਲ ਨਾਲ਼ ਨਿਬੜਨਾ ਹੈ", (ਮਜ਼ਦੂਰਾਂ ਦੀ ਪਾਰਟੀ ਦਾ ਪ੍ਰੋਗਰਾਮ ਦੇ ਵਿਸ਼ਲੇਸ਼ਣ ਕਰਦੇ ਹੋਏ) "ਉਹ ਇੱਕ ਕਮਿਊਨਿਸਟ ਸਮਾਜ ਹੈ, ਉਸ ਰੂਪ ਵਿੱਚ ਨਹੀਂ ਜਿਸ ਵਿੱਚ ਇਹ ਆਪਣੀਆਂ ਨੀਹਾਂ ਉੱਤੇ **ਵਿਕਸਤ ਹੁੰਦਾ ਹੈ** ਸਗੋਂ ਇਹਦੇ ਉਲਟ ਉਸ ਰੂਪ ਵਿੱਚ ਜਿਸ ਵਿੱਚ ਇਹ ਸਰਮਾਏਦਾਰ ਸਮਾਜ ਵਿੱਚੋਂ **ਉਭਰਦਾ ਹੈ**; ਅਤੇ ਜਿਸ ਉੱਤੇ ਅਜੇ ਆਰਥਕ, ਸਦਾਚਾਰਕ ਅਤੇ ਬੌਧਕ, ਹਰ ਪੱਖ ਤੋਂ ਪੁਰਾਣੇ ਸਮਾਜ ਦੇ, ਜਿਸ ਦੇ ਗਰਭ ਵਿੱਚੋਂ ਇਹ ਉੱਤਪਨ ਹੁੰਦਾ ਹੈ, ਜਨਮ-ਚਿੰਨ੍ਹ ਅਜੇ ਮੌਜੂਦ ਹਨ।"

ਅਤੇ ਇਸੇ ਕਮਿਊਨਿਸਟ ਸਮਾਜ ਨੂੰ — ਇੱਕ ਅਜਿਹਾ ਸਮਾਜ ਜਿਹੜਾ ਸਰਮਾਏਦਾਰੀ ਦੇ ਗਰਭ ਵਿੱਚੋਂ ਦਿਨ ਦੀ ਲੋਅ ਵਿੱਚ ਉਤਪਨ ਹੋਇਆ ਹੀ ਹੈ ਅਤੇ ਜਿਸ ਉੱਤੇ ਅਜੇ ਹਰ ਪੱਖ ਤੋਂ ਪੁਰਾਣੇ ਸਮਾਜ ਦੇ ਜਨਮ-ਚਿੰਨ੍ਹ ਮੌਜੂਦ ਹਨ — ਮਾਰਕਸ ਕਮਿਊਨਿਸਟ ਸਮਾਜ ਦਾ "ਪਹਿਲਾ" ਜਾਂ ਨੀਵਾਂ ਰੂਪ ਕਹਿੰਦੇ ਹਨ।

ਉਤਾਪਦਨ ਦੇ ਸਾਧਨ ਹੁਣ ਵਿਅਕਤੀਆਂ ਦੀ ਨਿੱਜੀ ਮਲਕੀਅਤ ਨਹੀਂ ਰਹੇ। ਉਤਪਾਦਨ ਦੇ ਸਾਧਨ ਸਮੁੱਚੇ ਸਮਾਜ ਦੀ ਮਾਲਕੀ ਹਨ। ਸਮਾਜ ਦੇ ਹਰ ਵਿਅਕਤੀ ਨੂੰ, ਜਿਹੜਾ ਸਮਾਜਕ ਤੌਰ 'ਤੇ ਲੋੜੀਂਦੇ ਕੰਮ ਦਾ ਇੱਕ ਹਿੱਸਾ ਪੂਰਾ ਕਰਦਾ ਹੈ, ਸਮਾਜ ਤੋਂ ਇਸ ਮਤਲਬ ਦੀ ਇੱਕ ਸਨਦ ਮਿਲਦੀ ਹੈ ਕਿ ਉਹਨੇ ਅਮਕੀ ਅਤੇ ਢਮਕੀ ਮਾਤਰਾ ਦਾ ਕੰਮ ਕੀਤਾ ਹੈ ਅਤੇ ਇਸ ਸਨਦ ਦੇ ਬਦਲੇ ਉਹਨੂੰ ਖਪਤ ਦੀਆਂ ਵਸਤਾਂ ਦੇ ਸਰਵਜਨਕ ਭੰਡਾਰ ਵਿੱਚੋਂ ਉਪਜਾਂ ਦੀ ਇੱਕ ਅਨੁਸਾਰੀ ਮਾਤਰਾ ਮਿਲਦੀ ਹੈ। ਜਦੋਂ ਕਿਰਤ ਦੀ ਉਸ ਮਾਤਰਾ ਦੀ ਕਾਟ ਕਰ ਲਈ ਜਾਂਦੀ ਹੈ ਜਿਹੜੀ ਸਰਵਜਨਕ ਨਿਧੀ ਵਿੱਚ ਜਾਂਦੀ ਹੈ, ਤਾਂ, ਹਰ ਮਜ਼ਦੂਰ ਨੂੰ ਸਮਾਜ ਤੋਂ ਉਨ੍ਹਾਂ ਹੀ ਮਿਲ ਜਾਂਦਾ ਹੈ ਜਿੰਨਾਂ ਉਹਨੇ ਦਿੱਤਾ ਹੁੰਦਾ ਹੈ।

ਜਾਪਦਾ ਹੈ ਕਿ "ਬਰਾਬਰੀ" ਸਰਵ-ਉੱਚ ਹੋ ਕੇ ਵਿਚਰਦੀ ਹੈ।

ਪਰ ਜਦੋਂ ਅਜਿਹੀ ਸਮਾਜੀ ਪ੍ਰਣਾਲੀ ਨੂੰ ਮੁੱਖ ਰੱਖਦੇ ਹੋਏ (ਜਿਸਨੂੰ ਆਮ ਤੌਰ ਉੱਤੇ ਸੋਸ਼ਲਿਜ਼ਮ ਕਿਹਾ ਜਾਂਦਾ ਹੈ ਪਰ ਜਿਸਨੂੰ ਮਾਰਕਸ ਕਮਿਊਨਿਜ਼ਮ ਦਾ ਪਹਿਲਾ ਰੂਪ ਕਹਿੰਦੇ ਹਨ) ਲਾਸਾਲ ਕਹਿੰਦਾ ਹੈ ਕਿ ਇਹ "ਨਿਆਂ-ਪੂਰਨ ਵੰਡ" ਹੈ ਕਿ ਇਹ "ਸਮਾਜ ਦੇ ਸਭਨਾਂ ਵਿਅਕਤੀਆਂ ਦਾ ਕਿਰਤ ਦੀ ਉਪਜ ਦਾ ਸਾਵਾਂ ਹਿੱਸਾ ਲੈਣ ਦਾ ਹੱਕ" ਹੈ, ਤਾਂ ਲਾਸਾਲ ਗ਼ਲਤੀ ਕਰ ਰਿਹਾ ਹੈ ਅਤੇ ਮਾਰਕਸ ਇਸ ਗ਼ਲਤੀ ਨੂੰ ਉਘੇੜਦੇ ਹਨ।

"ਸਾਵਾਂ ਹੱਕ" —ਮਾਰਕਸ ਕਹਿੰਦੇ ਹਨ— ਨਿਰਸੰਦੇਹ ਸਾਨੂੰ ਪ੍ਰਾਪਤ ਹੈ, ਪਰ ਇਹ **ਅਜੇ** ਇੱਕ "ਬੁਰਜੂਆ ਹੱਕ" ਹੈ, ਜਿਸ ਵਿੱਚ ਹਰ ਹੱਕ ਵਾਂਗ **ਅਸਮਾਨਤਾ ਜ਼ਰੂਰੀ** ਹੈ। ਹਰ ਹੱਕ ਇੱਕ **ਸਾਵੇਂ** ਨਾਪ ਦਾ **ਵੱਖ ਵੱਖ** ਲੋਕਾਂ ਉੱਤੇ ਲਾਗੂ ਕੀਤਾ ਜਾਣਾ ਹੈ, ਜਿਹੜੇ ਇੱਕ

ਦੂਜੇ ਨਾਲ਼ ਸਗਵੇਂ ਨਹੀਂ, ਇੱਕ ਦੂਜੇ ਦੇ ਸਾਵੇਂ ਨਹੀਂ ਇਸੇ ਲਈ "ਸਾਵਾਂ ਹੱਕ" ਅਸਲ ਵਿੱਚ ਸਮਾਨਤਾ ਦੀ ਉਲੰਘਣਾ ਅਤੇ ਇੱਕ ਬੇਇਨਸਾਫ਼ੀ ਹੈ। ਨਿਰੰਸਦੇਹ, ਹਰ ਮਨੁੱਖ ਕਿਸੇ ਹੋਰ ਜਿੰਨੀ ਹੀ ਸਮਾਜੀ ਕਿਰਤ ਕਰਨ ਪਿੱਛੋਂ (ਉਪ੍ਰੋਕਤ ਕਾਟਾਂ ਤੋਂ ਪਿੱਛੋਂ) ਸਮਾਜੀ ਉਪਜ ਦਾ ਸਾਵਾਂ ਹਿੱਸਾ ਪ੍ਰਾਪਤ ਕਰਦਾ ਹੈ।

ਪਰ ਲੋਕ ਇੱਕੋ ਜਿਹੇ ਨਹੀਂ ਹੁੰਦੇ; ਇੱਕ ਤਕੜਾ ਹੁੰਦਾ ਹੈ, ਦੂਜਾ ਮਾੜਾ; ਇੱਕ ਵਿਆਹਿਆ ਹੈ, ਦੂਜਾ ਨਹੀਂ ਵਿਆਹਿਆ; ਇੱਕ ਦੇ ਬਹੁਤ ਬੱਚੇ ਹਨ ਦੂਜੇ ਦੇ ਥੋੜੇ, ਇਤਿ-ਆਦਿ ਅਤੇ ਮਾਰਕਸ ਜਿਹੜਾ ਸਿੱਟਾ ਕੱਢਦੇ ਹਨ ਉਹ ਇਹ ਹੈ :

> "... ਸਾਵੀਂ ਕਿਰਤ ਕਰਕੇ ਅਤੇ ਇਹਦੇ ਸਿੱਟੇ ਵਜੋਂ ਸਮਾਜੀ ਖਪਤ ਨਿਧੀ ਵਿੱਚ ਸਾਵਾਂ ਹਿੱਸਾ ਪ੍ਰਾਪਤ ਕਰਕੇ, ਅਸਲ ਵਿੱਚ ਇੱਕ ਨੂੰ ਦੂਜੇ ਨਾਲ਼ੋਂ ਵਧੇਰੇ ਮਿਲੇਗਾ, ਇੱਕ ਦੂਜੇ ਨਾਲ਼ੋਂ ਵਧੇਰੇ ਅਮੀਰ ਹੋਵੇਗਾ, ਇਤਿ-ਆਦਿ। ਇਹ ਸਭ ਊਣਤਾਈਆਂ ਦੂਰ ਕਰਨ ਲਈ ਅਸਲ ਵਿੱਚ ਹੱਕ ਸਾਵਾਂ ਹੋਣ ਦੀ ਥਾਂ ਅਸਾਵਾਂ ਹੋਵੇਗਾ..."

ਸੋ, ਕਮਿਊਨਿਜ਼ਮ ਦਾ ਪਹਿਲਾ ਰੂਪ ਅਜੇ ਇਨਸਾਫ਼ ਅਤੇ ਬਰਾਬਰੀ ਨਹੀਂ ਲਿਆ ਸਕਦਾ : ਦੌਲਤ ਦੇ ਫ਼ਰਕ, ਅਤੇ ਨਿਹੱਕੀ ਫ਼ਰਕ, ਅਜੇ ਕਾਇਮ ਰਹਿਣਗੇ ਪਰ ਮਨੁੱਖ ਹੱਥੋਂ ਮਨੁੱਖ ਦੀ **ਲੁੱਟ-ਚੋਂਘ** ਅਸੰਭਵ ਹੋ ਗਈ ਹੋਵੇਗੀ ਕਿਉਂਕਿ **ਉਤਪਾਦਨ ਦੇ ਸਾਧਨਾਂ**, ਕਾਰਖ਼ਾਨਿਆਂ, ਮਸ਼ੀਨਾਂ, ਜ਼ਮੀਨ ਆਦਿ, ਉੱਤੇ ਨਿੱਜੀ ਜਾਇਦਾਦ ਵਜੋਂ ਕਬਜ਼ਾ ਕਰਨਾ ਅਸੰਭਵ ਹੋਵੇਗਾ। **ਆਮ ਤੌਰ 'ਤੇ** "ਬਰਾਬਰੀ" ਅਤੇ "ਇਨਸਾਫ਼" ਸਬੰਧੀ ਲਾਸਾਲ ਦੇ ਨਿੱਕ-ਬੁਰਜੂਆ ਗੰਧਲੇ ਵਾਕੰਸ਼ਾਂ ਨੂੰ ਖੇਰੂੰ ਖੇਰੂੰ ਕਰਦੇ ਹੋਏ ਮਾਰਕਸ ਕਮਿਊਨਿਸਟ ਸਮਾਜ ਦੇ **ਵਿਕਾਸ ਦਾ ਰਾਹ** ਵਿਖਾਉਂਦੇ ਹਨ, ਜੋ ਪਹਿਲਾਂ **ਕੇਵਲ** ਉਤਪਾਦਨ ਦੇ ਸਾਧਨ ਵਿਅਕਤੀਆਂ ਵੱਲੋਂ ਕਬਜ਼ੇ ਵਿੱਚ ਲੈ ਲੈਣ ਦੀ "ਬੇਇਨਸਾਫ਼ੀ" ਦੂਰ ਕਰਨ ਉੱਤੇ **ਮਜਬੂਰ ਹੈ** ਅਤੇ ਹੋਰ ਬੇਇਨਸਾਫ਼ੀ, ਜਿਹੜੀ ਖਪਤ ਦੀਆਂ ਵਸਤਾਂ "ਕੀਤੀ ਕਿਰਤ ਦੀ ਮਾਤਰਾ ਅਨੁਸਾਰ" ਵੰਡਣਾ ਹੈ (ਅਤੇ ਲੋੜਾਂ ਅਨੁਸਾਰ ਵੰਡਣਾ ਨਹੀਂ) ਇੱਕਦਮ ਦੂਰ ਕਰਨ ਦੇ **ਨਿਰਯੋਗ** ਹੈ।

ਗੰਵਾਰੂ ਅਰਥ-ਸ਼ਾਸਤਰੀ, ਜਿਨ੍ਹਾਂ ਵਿੱਚ ਬੁਰਜੂਆ ਪ੍ਰੋਫ਼ੈਸਰ ਅਤੇ "ਸਾਡਾ" ਤੂਗਾਨ ਵੀ ਸ਼ਾਮਲ ਹਨ, ਲਗਾਤਾਰ ਸੋਸ਼ਲਿਸਟਾਂ ਨੂੰ ਲੋਕਾਂ ਦੀ ਅਸਮਾਨਤਾ ਭੁੱਲ ਜਾਣ ਦਾ ਅਤੇ ਇਹ ਅਸਮਾਨਤਾ ਦੂਰ ਕਰਨ ਦੇ "ਸੁਪਨੇ ਲੈਣ" ਦੇ ਮਿਹਣੇ ਦੇਂਦੇ ਹਨ। ਜਿਹਾ ਕਿ ਅਸੀਂ ਵੇਖਦੇ ਹਾਂ ਅਜਿਹਾ ਮਿਹਣਾ ਸ਼੍ਰੀਮਾਨ ਬੁਰਜੂਆ ਵਿਚਾਰਧਾਰਕਾਂ ਦੀ ਅਤਿ ਦੀ ਅਗਿਆਨਤਾ ਹੀ ਦਰਸਾਉਂਦਾ ਹੈ।

ਮਾਰਕਸ ਨਾ ਕੇਵਲ ਅਤਿ-ਅੰਤ ਸੋਘਵਾਨੀ ਨਾਲ਼ ਮਨੁੱਖਾਂ ਦੀ ਅਟੱਲ ਨਾਬਰਾਬਰੀ ਨੂੰ ਹੀ ਮੁੱਖ ਰੱਖਦੇ ਹਨ, ਸਗੋਂ ਇਸ ਗੱਲ ਨੂੰ ਵੀ ਮੁੱਖ ਰੱਖਦੇ ਹਨ ਕਿ ਵੰਡ ਵਿੱਚ ਊਣਤਾਈਆਂ ਅਤੇ "ਬੁਰਜੂਆ ਹੱਕ" ਦੀ ਅਸਮਾਨਤਾ, ਜਿਹੜੀ ਉਸ ਸਮੇਂ ਤੱਕ **ਪ੍ਰਚਲਤ ਰਹਿੰਦੀ ਹੈ** ਜਦੋਂ ਤੱਕ ਕੀਤੀ "ਕਿਰਤ ਦੀ ਮਾਤਰਾ" ਅਨੁਸਾਰ ਵਸਤਾਂ ਦੀ ਵੰਡ ਕੀਤੀ ਜਾਂਦੀ ਹੈ, ਕੇਵਲ ਉਤਪਾਦਨ ਦੇ ਸਾਧਨਾਂ ਦੇ ਸਮੁੱਚੇ ਸਮਾਜ ਦੀ ਸਾਂਝੀ ਮਾਲਕੀ ਬਣ ਜਾਣ ਨਾਲ਼ (ਜਿਸਨੂੰ

ਆਮ ਤੌਰ 'ਤੇ "ਸੋਸ਼ਲਿਜ਼ਮ" ਕਿਹਾ ਜਾਂਦਾ ਹੈ), **ਦੂਰ ਨਹੀਂ ਹੋ ਜਾਂਦੀਆਂ**। ਗੱਲ ਜਾਰੀ ਰੱਖਦੇ ਹੋਏ ਮਾਰਕਸ ਕਹਿੰਦੇ ਹਨ :

"... ਪਰ ਕਮਿਊਨਿਸਟ ਸਮਾਜ ਦੇ ਉਸ ਪਹਿਲੇ ਰੂਪ ਵਿੱਚ ਇਹ ਊਣਤਾਈਆਂ ਅਟੱਲ ਹਨ, ਜਿਸ ਵਿੱਚ ਉਹ ਲੰਮੀਆਂ ਜਨਮ-ਪੀੜਾਂ ਤੋਂ ਪਿੱਛੋਂ ਸਰਮਾਏਦਾਰ ਸਮਾਜ ਵਿੱਚੋਂ ਪੈਦਾ ਹੋਇਆ ਹੈ। ਹੱਕ ਕਦੇ ਸਮਾਜ ਦੀ ਆਰਥਕ ਬਣਤਰ ਅਤੇ ਉਸ ਅਨੁਸਾਰ ਹੋਏ ਇਹਦੇ ਸਭਿਆਚਾਰਕ ਵਿਕਾਸ ਤੋਂ ਉੱਚਾ ਨਹੀਂ ਹੋ ਸਕਦਾ..."

ਅਤੇ ਸੋ, ਕਮਿਊਨਿਸਟ ਸਮਾਜ ਦੇ ਪਹਿਲੇ ਰੂਪ ਵਿੱਚ (ਜਿਸਨੂੰ ਆਮ ਤੌਰ 'ਤੇ ਸੋਸ਼ਲਿਜ਼ਮ ਕਿਹਾ ਜਾਂਦਾ ਹੈ), "ਬੁਰਜੂਆ ਹੱਕ" ਸਮੁੱਚੇ ਤੌਰ 'ਤੇ ਖ਼ਤਮ **ਨਹੀਂ** ਕੀਤਾ ਜਾਂਦਾ, ਸਗੋਂ ਜੁਜ਼ਵੀ ਤੌਰ 'ਤੇ, ਉਸੇ ਸਮੇਂ ਤੱਕ ਪ੍ਰਾਪਤ ਕੀਤੇ ਆਰਥਕ ਇਨਕਲਾਬ ਦੀ ਨਿਸਬਤ ਨਾਲ਼ ਹੀ, ਅਰਥਾਤ, ਕੇਵਲ ਉਤਪਾਦਨ ਦੇ ਸਾਧਨਾਂ ਦੇ ਸਬੰਧ ਵਿੱਚ ਹੀ, ਖ਼ਤਮ ਕੀਤਾ ਜਾਂਦਾ ਹੈ। "ਬੁਰਜੂਆ ਹੱਕ" ਇਹਨਾਂ ਨੂੰ ਵਿਅਕਤੀਆਂ ਦੀ ਨਿੱਜੀ ਮਾਲਕੀ ਵਜੋਂ ਪ੍ਰਵਾਨ ਕਰਦਾ ਹੈ। ਸੋਸ਼ਲਿਜ਼ਮ ਉਹਨਾਂ ਨੂੰ **ਸਾਂਝੀ** ਜਾਇਦਾਦ ਬਣਾ ਦੇਂਦਾ ਹੈ। **ਉਸ ਹੱਦ ਤੱਕ** —ਅਤੇ ਕੇਵਲ ਉਸੇ ਹੱਦ ਤੱਕ— "ਬੁਰਜੂਆ ਹੱਕ" ਲੋਪ ਹੋ ਜਾਂਦਾ ਹੈ।

ਪਰ ਜਿੱਥੋਂ ਤੱਕ ਇਹਦੇ ਦੂਜੇ ਹਿੱਸੇ ਦਾ ਸਬੰਧ ਹੈ ਇਹਦੀ ਹੋਂਦ ਕਾਇਮ ਰਹਿੰਦੀ ਹੈ, ਸਮਾਜ ਦੇ ਵਿਅਕਤੀਆਂ ਵਿੱਚ ਉਪਜਾਂ ਦੀ ਵੰਡ ਅਤੇ ਕਿਰਤ ਦੀ ਵੰਡ ਦੇ ਨਿਯਮਿਕ (ਮਿੱਥਣ ਵਾਲ਼ੇ ਅੰਸ਼) ਵਜੋਂ ਇਹਦੀ ਹੋਂਦ ਬਾਕੀ ਰਹਿੰਦੀ ਹੈ। "ਜਿਹੜਾ ਕੰਮ ਨਹੀਂ ਕਰੇਗਾ ਉਹ ਖਾਵੇਗਾ ਵੀ ਨਹੀਂ" ਦਾ ਸੋਸ਼ਲਿਸਟ ਅਸੂਲ **ਪਹਿਲਾਂ ਹੀ** ਪ੍ਰਾਪਤ ਕਰ ਲਿਆ ਗਿਆ ਹੈ; ਦੂਜਾ ਸੋਸ਼ਲਿਸਟ ਅਸੂਲ : "ਕੰਮ ਦੀ ਸਾਵੀਂ ਮਾਤਰਾ ਲਈ ਉਪਜਾਂ ਦੀ ਸਾਵੀਂ ਮਾਤਰਾ" ਵੀ **ਪਹਿਲਾਂ ਹੀ** ਪ੍ਰਾਪਤ ਕਰ ਲਿਆ ਗਿਆ ਹੈ। ਪਰ ਇਹ ਕਮਿਊਨਿਜ਼ਮ ਨਹੀਂ ਅਤੇ ਇਹ ਅਜੇ "ਬੁਰਜੂਆ ਹੱਕ" ਨੂੰ ਖ਼ਤਮ ਨਹੀਂ ਕਰਦਾ ਜਿਹੜਾ ਅਸਾਵੇਂ ਵਿਅਕਤੀਆਂ ਨੂੰ, ਅਸਾਵੀਂ (ਸੱਚ ਮੁੱਚ ਅਸਾਵੀਂ) ਕਿਰਤ ਦੇ ਬਦਲੇ, ਉਪਜਾਂ ਦੀ ਸਾਵੀਂ ਮਾਤਰਾ ਦੇਂਦਾ ਹੈ।

ਮਾਰਕਸ ਕਹਿੰਦੇ ਹਨ ਕਿ ਇਹ ਇੱਕ "ਊਣਤਾਈ" ਹੈ ਅਤੇ ਕਮਿਊਨਿਜ਼ਮ ਦੇ ਪਹਿਲੇ ਰੂਪ ਵਿੱਚ ਇਸ ਤੋਂ ਬਚਿਆ ਨਹੀਂ ਜਾ ਸਕਦਾ; ਕਿਉਂਕਿ ਜੇ ਅਸਾਂ ਕਲਪਨਾ ਦੇ ਸੰਸਾਰ ਵਿੱਚ ਨਹੀਂ ਪੈ ਜਾਣਾ ਤਾਂ ਸਾਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਸਰਮਾਏਦਾਰੀ ਦਾ ਤਖ਼ਤਾ ਉਲਟ ਕੇ ਲੋਕ **ਹੱਕ ਦੀ ਕਿਸੇ ਪੱਧਰ ਤੋਂ ਬਿਨਾਂ** ਸਮਾਜ ਲਈ ਕੰਮ ਕਰਨਾ ਸਿੱਖ ਜਾਣਗੇ; ਅਤੇ ਨਿਸ਼ਚੇ ਹੀ ਸਰਮਾਏਦਾਰੀ ਦਾ ਅੰਤ **ਅਜਿਹੀ** ਤਬਦੀਲੀ ਲਈ ਆਰਥਕ ਪੂਰਵ ਲੋੜਾਂ **ਫੌਰੀ ਤੌਰ 'ਤੇ ਤਿਆਰ ਨਹੀਂ ਕਰਦਾ।**

ਅਤੇ "ਬੁਰਜੂਆ ਹੱਕ" ਤੋਂ ਬਿਨਾਂ ਹੋਰ ਕੋਈ ਪੱਧਰ ਹੈ ਨਹੀਂ। ਇਸ ਲਈ ਉਸ ਹੱਦ ਤੱਕ ਰਾਜ ਦੀ ਲੋੜ ਰਹਿੰਦੀ ਹੈ, ਜਿਹੜੀ ਉਤਪਾਦਨ ਦੇ ਸਾਧਨਾਂ ਦੀ ਸਰਵਜਨਕ ਮਾਲਕੀ ਦੀ ਰੱਖਿਆ ਕਰਦੇ ਹੋਏ ਕਿਰਤ ਵਿੱਚ ਬਰਾਬਰੀ ਅਤੇ ਉਪਜਾਂ ਦੀ ਵੰਡ ਵਿੱਚ ਬਰਾਬਰੀ ਦੀ ਰੱਖਿਆ ਕਰੇਗਾ।

ਰਾਜ ਇਸ ਹੱਦ ਤੱਕ ਖ਼ਤਮ ਹੋ ਜਾਂਦਾ ਹੈ ਕਿ ਹੁਣ ਕੋਈ ਸਰਮਾਏਦਾਰ, ਕੋਈ ਜਮਾਤਾਂ ਨਹੀਂ ਰਹੀਆਂ ਅਤੇ ਇਹਦੇ ਸਿੱਟੇ ਵਜੋਂ ਕਿਸੇ **ਜਮਾਤ ਨੂੰ ਕੁਚਲਿਆ** ਨਹੀਂ **ਜਾ ਸਕਦਾ।**

ਪਰ ਰਾਜ ਪੂਰੀ ਤਰ੍ਹਾਂ ਖ਼ਤਮ ਨਹੀਂ ਹੋ ਗਿਆ ਕਿਉਂਕਿ ਅਜੇ "ਬੁਰਜੂਆ ਹੱਕ" ਦੀ ਰੱਖਿਆ ਬਾਕੀ ਹੈ, ਜਿਹੜਾ ਯਥਾਰਥਕ ਅਸਮਾਨਤਾ ਨੂੰ ਪਵਿੱਤਰ ਬਣਾਉਂਦਾ ਹੈ। ਰਾਜ ਦੇ ਪੂਰੀ ਤਰ੍ਹਾਂ ਖ਼ਤਮ ਹੋ ਜਾਣ ਲਈ ਪੂਰਾ ਕਮਿਊਨਿਜ਼ਮ ਲਾਜ਼ਮੀ ਹੈ।

## 4. ਕਮਿਊਨਿਸਟ ਸਮਾਜ ਦਾ ਉਚੇਰਾ ਰੂਪ

ਮਾਰਕਸ ਗੱਲ ਜਾਰੀ ਰੱਖਦੇ ਹਨ :

"... ਕਮਿਊਨਿਸਟ ਸਮਾਜ ਦੇ ਉਚੇਰੇ ਰੂਪ ਵਿੱਚ, ਜਦੋਂ ਵਿਅਕਤੀ ਦੀ ਕਿਰਤ ਦੀ ਵੰਡ ਦੀ ਗ਼ੁਲਾਮ-ਬਣਾਊ ਅਧੀਨਗੀ ਅਤੇ ਉਹਦੇ ਸਿੱਟੇ ਵਜੋਂ ਦਿਮਾਗ਼ੀ ਅਤੇ ਸਰੀਰਕ ਕਿਰਤ ਵਿਚਕਾਰ ਵਿਰੋਧ ਖ਼ਤਮ ਹੋ ਜਾਵੇਗਾ; ਜਦੋਂ ਕਿਰਤ ਕੇਵਲ ਜੀਵਨ ਦਾ ਸਾਧਨ ਨਹੀਂ ਸਗੋਂ ਜੀਵਨ ਦੀ ਮੁੱਖ ਲੋੜ ਬਣ ਜਾਵੇਗੀ; ਜਦੋਂ ਉਤਪਾਦਕ ਸ਼ਕਤੀਆਂ ਵੀ ਵਿਅਕਤੀ ਦੇ ਸਰਬ-ਪੱਖੀ ਵਿਕਾਸ ਦੇ ਨਾਲ਼ ਨਾਲ਼ ਵੱਧ ਚੁੱਕੀਆਂ ਹੋਣਗੀਆਂ ਅਤੇ ਸਹਿਕਾਰ ਦੌਲਤ ਦੇ ਸਭ ਸੋਮੇ ਵਧੇਰੇ ਬਹੁਲਤਾ ਨਾਲ਼ ਵਹਿਣਗੇ— ਤਾਂ ਹੀ ਬਰੁਜੂਆ ਹੱਕ ਦਾ ਤੰਗ ਦਿਸ-ਹੱਦਾ ਇਹਦੀ ਸਮੁੱਚਤਾ ਵਿੱਚ ਪਾਰ ਕੀਤਾ ਜਾ ਸਕਦਾ ਹੈ ਅਤੇ ਸਮਾਜ ਆਪਣੇ ਝੰਡਿਆਂ ਉੱਤੇ ਅੰਕਤ ਕਰ ਸਕਦਾ ਹੈ : "ਹਰ ਇੱਕ ਤੋਂ ਉਹਦੀ ਯੋਗਤਾ ਅਨੁਸਾਰ, ਹਰ ਇੱਕ ਨੂੰ ਉਹਦੀਆਂ ਲੋੜਾਂ ਅਨੁਸਾਰ!"

ਕੇਵਲ ਹੁਣ ਹੀ ਅਸੀਂ ਏਂਗਲਜ਼ ਦੀ ਉਸ ਗੱਲ ਦੀ ਪੂਰੀ ਸ਼ੁੱਧਤਾ ਸਮਝ ਸਕਦੇ ਹਾਂ, ਜਿਸ ਵਿੱਚ ਉਹਨਾਂ ਏਨੀ ਬੇਕਿਰਕੀ ਨਾਲ਼ "ਅਜ਼ਾਦੀ" ਅਤੇ "ਰਾਜ" ਦੇ ਸ਼ਬਦਾਂ ਨੂੰ ਮਿਲਾਉਣ ਦੀ ਵਾਹਯਾਤੀ ਦਾ ਠੱਠਾ ਉਡਾਇਆ। ਜਿੰਨਾਂ ਚਿਰ ਰਾਜ ਕਾਇਮ ਹੈ ਕੋਈ ਆਜ਼ਾਦੀ ਨਹੀਂ ਹੋ ਸਕਦੀ। ਜਦੋਂ ਅਜ਼ਾਦੀ ਹੋਵੇਗੀ ਤਾਂ ਕੋਈ ਰਾਜ ਨਹੀਂ ਹੋਵੇਗਾ।

ਰਾਜ ਦੇ ਮੁਕੰਮਲ ਖ਼ਤਮ ਹੋ ਜਾਣ ਦਾ ਆਰਥਕ ਅਧਾਰ ਕਮਿਊਨਿਜ਼ਮ ਦੇ ਵਿਕਾਸ ਦੀ ਏਨੀ ਉੱਚੀ ਪੱਧਰ ਹੈ ਜਦੋਂ ਦਿਮਾਗ਼ੀ ਅਤੇ ਸਰੀਰਕ ਕਿਰਤ ਵਿੱਚ ਵਿਰੋਧ ਖ਼ਤਮ ਹੋ ਜਾਂਦਾ ਹੈ, ਅਤੇ ਜਦੋਂ, ਇਹਦੇ ਸਿੱਟੇ ਵੱਜੋਂ, ਵਰਤਮਾਨ ਯੁੱਗ ਦੀ **ਸਮਾਜੀ** ਅਸਮਾਨਤਾ ਦਾ ਇੱਕ ਮੁੱਖ ਸੋਮਾ ਖ਼ਤਮ ਹੋ ਜਾਂਦਾ ਹੈ —ਨਾਲ਼ੇ, ਇੱਕ ਅਜਿਹਾ ਸੋਮਾ ਜਿਹੜਾ ਕੇਵਲ ਉਤਪਾਦਨ ਦੇ ਸਾਧਨਾਂ ਨੂੰ ਸਰਵਜਨਕ ਜਾਇਦਾਦ ਬਣਾਕੇ, ਕੇਵਲ ਸਰਮਾਏਦਾਰਾਂ ਦੀ ਜ਼ਬਤੀ ਕਰਕੇ ਹੀ ਕਿਸੇ ਵੀ ਤਰ੍ਹਾਂ ਦੂਰ ਨਹੀਂ ਕੀਤਾ ਜਾ ਸਕਦਾ।

ਇਹ ਜ਼ਬਤੀ ਉਤਪਾਦਕ ਸ਼ਕਤੀਆਂ ਦੇ ਅਥਾਹ ਵਿਕਾਸ ਦੀ **ਸੰਭਾਵਨਾ** ਸਿਰਜੇਗੀ ਅਤੇ ਜਦੋਂ ਅਸੀਂ ਵੇਖਦੇ ਹਾਂ ਕਿ ਕਿਵੇਂ ਸਰਮਾਏਦਾਰੀ ਅਣਮੰਨਵੀਂ ਹੱਦ ਤੱਕ ਹੁਣੇ ਹੀ ਇਸ ਵਿਕਾਸ ਵਿੱਚ **ਰੋਕ ਪਾ ਰਹੀ ਹੈ**, ਜਦੋਂ ਅਸੀਂ ਇਹ ਵੇਖਦੇ ਹਾਂ ਕਿ ਇਸ ਸਮੇਂ ਤੱਕ ਤੈਕਨੀਕ ਦੀ

ਜਿਹੜੀ ਪੱਧਰ ਪ੍ਰਾਪਤ ਕਰ ਲਈ ਗਈ ਹੈ ਕਿਵੇਂ ਉਹਦੇ ਅਧਾਰ ਉੱਤੇ ਹੀ ਕਿੰਨੀ ਉੱਨਤੀ ਹੋ ਸਕਦੀ ਹੈ, ਤਾਂ ਸਾਨੂੰ ਪੂਰੇ ਭਰੋਸੇ ਨਾਲ਼ ਇਹ ਕਹਿਣ ਦਾ ਹੱਕ ਹੈ ਕਿ ਸਰਮਾਏਦਾਰਾਂ ਦੀ ਜ਼ਬਤੀ ਦਾ ਲਾਜ਼ਮੀ ਸਿੱਟਾ ਮਨੁੱਖੀ ਸਮਾਜ ਦੀਆਂ ਉਤਪਾਦਕ ਸ਼ਕਤੀਆਂ ਦਾ ਅਥਾਹ ਵਿਕਾਸ ਹੋਵੇਗਾ। ਪਰ ਇਹ ਵਿਕਾਸ ਕਿੰਨੀ ਤੇਜ਼ੀ ਨਾਲ਼ ਹੋਵੇਗਾ, ਕਿੰਨੀ ਛੇਤੀ ਇਹ ਕਿਰਤ ਦੀ ਵੰਡ ਤੋਂ ਤੋੜ-ਵਿਛੋੜੇ ਦੀ ਹੱਦ ਤੱਕ, ਦਿਮਾਗ਼ੀ ਅਤੇ ਸਰੀਰਕ ਕਿਰਤ ਵਿਚਕਾਰ ਵਿਰੋਧ ਦੂਰ ਕਰਨ ਦੀ ਹੱਦ ਤੱਕ, ਕਿਰਤ ਨੂੰ "ਜੀਵਨ ਦੀ ਮੁੱਖ ਲੋੜ" ਵਿੱਚ ਬਦਲਣ ਦੀ ਹੱਦ ਤੱਕ ਅੱਪੜੇਗਾ —ਅਸੀਂ ਨਹੀਂ ਜਾਣਦੇ ਅਤੇ **ਨਹੀਂ ਜਾਣ ਸਕਦੇ।**

ਇਸੇ ਲਈ ਸਾਨੂੰ ਇਹ ਹੱਕ ਹੈ ਕਿ ਅਸੀਂ ਕੇਵਲ ਰਾਜ ਦੇ ਅਟੱਲ ਤੌਰ 'ਤੇ ਖ਼ਤਮ ਹੋਣ ਦੀ ਗੱਲ ਕਰੀਏ ਅਤੇ ਇਸ ਅਮਲ ਦੇ ਲੰਮੇ ਸਮੇਂ ਦੇ ਖ਼ਾਸੇ ਅਤੇ ਇਹਦੇ ਕਮਿਊਨਿਜ਼ਮ ਦੇ **ਉਚੇਰੇ ਰੂਪ** ਦੇ ਵਿਕਾਸ ਦੀ ਤਿੱਖੀ ਗਤੀ ਉੱਤੇ ਨਿਰਭਰ ਹੋਣ ਉੱਤੇ ਜ਼ੋਰ ਦੇਈਏ ਅਤੇ ਇਸ ਅੰਤ ਲਈ ਲੋੜੀਂਦੇ ਸਮੇਂ, ਜਾਂ ਇਸਦੇ ਠੋਸ ਰੂਪਾਂ ਦੇ ਸਵਾਲ ਨੂੰ ਖੁੱਲ੍ਹਾ ਰਹਿਣ ਦੇਈਏ ਕਿਉਂਕਿ ਇਹਨਾਂ ਸਵਾਲਾਂ ਦਾ ਜਵਾਬ ਦੇਣ ਲਈ ਕੋਈ ਸਮੱਗਰੀ **ਨਹੀਂ**।

ਰਾਜ ਲਈ ਪੂਰੇ ਤੌਰ 'ਤੇ ਖ਼ਤਮ ਹੋ ਜਾਣਾ ਉਦੋਂ ਸੰਭਵ ਹੋਵੇਗਾ ਜਦੋਂ ਸਮਾਜ ਇਹ ਨਿਯਮ ਅਪਣਾ ਲੈਂਦਾ ਹੈ : "ਹਰ ਇੱਕ ਤੋਂ ਉਹਦੀ ਯੋਗਤਾ ਅਨੁਸਾਰ, ਹਰ ਇੱਕ ਨੂੰ ਉਹਦੀ ਲੋੜ ਅਨੁਸਾਰ", ਅਰਥਾਤ, ਜਦੋਂ ਲੋਕ ਸਮਾਜੀ ਵਿਹਾਰ ਦੇ ਬੁਨਿਆਦੀ ਨਿਯਮਾਂ ਉੱਤੇ ਅਮਲ ਕਰਨ ਦੇ ਏਨੇ ਆਦੀ ਹੋ ਜਾਣਗੇ ਅਤੇ ਉਹਨਾਂ ਦੀ ਕਿਰਤ ਏਨੀ ਉਪਜਾਊ ਜੋ ਜਾਵੇਗੀ ਕਿ ਉਹ ਸਵੈ-ਇੱਛਾ ਨਾਲ਼ **ਆਪਣੀ ਯੋਗਤਾ ਅਨੁਸਾਰ** ਕੰਮ ਕਰਨਗੇ। "ਬੁਰਜੂਆ ਹੱਕ ਦਾ ਤੰਗ ਦਿਸ-ਹੱਦਾ" ਜਿਹੜਾ ਇੱਕ ਸ਼ਾਈਲਾਕ[39] ਦੀ ਨਿਰਦਾਇਤਾ ਨਾਲ਼ ਮਨੁੱਖ ਨੂੰ ਇਹ ਹਿਸਾਬ ਕਰਨ ਉੱਤੇ ਮਜਬੂਰ ਕਰਦਾ ਹੈ ਕਿ ਉਹਨੇ ਕਿਸੇ ਹੋਰ ਨਾਲ਼ੋਂ ਅੱਧਾ ਘੰਟਾ ਵੱਧ ਤਾਂ ਕੰਮ ਨਹੀਂ ਕੀਤਾ, ਕਿੱਧਰੇ ਉਹਨੂੰ ਕਿਸੇ ਹੋਰ ਨਾਲ਼ੋਂ ਘੱਟ ਤਨਖ਼ਾਹ ਤਾਂ ਨਹੀਂ ਮਿਲ ਰਹੀ —ਫੇਰ ਇਹ ਤੰਗ ਦਿਸ-ਹੱਦਾ ਪਾਰ ਕਰ ਲਿਆ ਜਾਵੇਗਾ। ਫੇਰ ਸਮਾਜ ਲਈ ਹਰ ਇੱਕ ਨੂੰ ਮਿਲਣ ਵਾਲ਼ੀਆਂ ਵਸਤਾਂ ਦੀ ਮਾਤਰਾ ਨੇਮ-ਬੱਧ ਕਰਨ ਦੀ ਲੋੜ ਨਹੀਂ ਰਹੇਗੀ; ਹਰ ਇੱਕ ਅਜ਼ਾਦੀ ਨਾਲ਼ "ਆਪਣੀਆਂ ਲੋੜਾਂ ਅਨੁਸਾਰ" ਲਵੇਗਾ।

ਬੁਰਜੂਆ ਨਜ਼ਰੀਏ ਤੋਂ ਇਹ ਐਲਾਨ ਕਰਨਾ ਕਿ ਅਜਿਹੀ ਸਮਾਜੀ ਪ੍ਰਣਾਲੀ "ਨਿਰੋਲ ਕਲਪਨਾ" ਹੈ ਅਤੇ ਸੋਸ਼ਲਿਸਟਾਂ ਦੇ ਵਿਅਕਤੀਆਂ ਦੀ ਕਿਰਤ ਉੱਤੇ ਕਿਸੇ ਕੰਟਰੋਲ ਤੋਂ ਬਿਨਾਂ, ਹਰ ਇੱਕ ਦੇ ਸਮਾਜ ਤੋਂ ਕਿਸੇ ਵੀ ਮਾਤਰਾ ਵਿੱਚ ਗੁੱਛੀਆਂ, ਢਿੰਗਰੀ, ਮੋਟਰਾਂ, ਪਿਆਨੋ, ਆਦਿ ਪ੍ਰਾਪਤ ਕਰ ਸਕਣ ਦੇ ਹੱਕ ਦੇ ਇਕਰਾਰ ਦਾ ਠੱਠਾ ਉਡਾਉਣਾ ਸੌਖਾ ਹੈ। ਅੱਜ ਤੱਕ ਵਧੇਰੇ ਬੁਰਜੂਆ "ਵਿਦਵਾਨ" ਆਪਣੇ ਆਪ ਨੂੰ ਇਸ ਢੰਗ ਨਾਲ਼ ਟਿਚਕਰਾਂ ਕਰਨ ਉੱਤੇ ਹੀ ਸੀਮਤ ਰੱਖਦੇ ਹਨ ਅਤੇ ਇਉਂ ਆਪਣੀ ਅਗਿਆਨਤਾ ਅਤੇ ਆਪਣੀ ਸਰਮਾਏਦਾਰੀ ਦੀ ਭਾੜੇ ਦੀ ਹਮਾਇਤ ਦੋਵੇਂ ਪ੍ਰਗਟ ਕਰਦੇ ਹਨ।

ਅਗਿਆਨਤਾ —ਕਿਉਂਕਿ ਇਹ ਕਦੇ ਕਿਸੇ ਸੋਸ਼ਲਿਸਟ ਦੇ ਮਨ ਵਿੱਚ ਨਹੀਂ ਆਇਆ ਕਿ ਉਹ ਇਹ "ਇਕਰਾਰ" ਕਰੇ ਕਿ ਕਮਿਊਨਿਜ਼ਮ ਦਾ ਇਹ ਉਚੇਰਾ ਰੂਪ ਆ

ਜਾਵੇਗਾ; ਜਿਥੇ ਕਿ ਇਹ ਗੱਲ **ਅਗਾਊਂ ਵੇਖਦੇ ਹੋਏ** ਕਿ ਇਹ ਆਵੇਗਾ, ਮਹਾਨ ਸੋਸ਼ਲਿਸਟ ਨਾ ਤਾਂ ਕਿਰਤ ਦੀ ਅਜੋਕੀ ਉਪਜਾਇਕਤਾ ਅਤੇ **ਨਾ ਹੀ ਅਜੋਕੇ** ਸਾਧਾਰਨ ਪ੍ਰਕਾਰ ਦੇ ਲੋਕ ਚਿਤਵਦੇ ਹਨ, ਜਿਹੜੇ ਪੋਮਯਾਲੋਵਸਕੀ ਦੀਆਂ ਕਹਾਣੀਆਂ ਵਿਚਲੇ ਧਾਰਮਕ ਵਿਦਿਆਲੇ ਦੇ ਵਿਦਿਆਰਥੀਆਂ[40] ਵਾਂਗ "ਬਸ ਮੌਜ ਮੇਲੇ ਲਈ" ਸਰਵਜਨਕ ਦੌਲਤ ਦੇ ਭੰਡਾਰਾਂ ਨੂੰ ਤਬਾਹ ਕਰਨ ਅਤੇ ਅਸੰਭਵ ਦੀ ਮੰਗ ਕਰਨ ਦੇ ਯੋਗ ਹਨ।

ਜਿੰਨਾਂ ਚਿਰ ਕਮਿਊਨਿਜ਼ਮ ਦਾ ਉਚੇਰਾ ਰੂਪ ਨਹੀਂ ਆ ਜਾਂਦਾ ਸੋਸ਼ਲਿਸਟ ਮੰਗ ਕਰਦੇ ਹਨ ਕਿ ਸਮਾਜ ਅਤੇ **ਰਾਜ ਰਾਹੀਂ** ਕਿਰਤ ਅਤੇ ਖਪਤ ਦੀ ਮਾਤਰਾ ਉੱਤੇ **ਅਤਿ-ਅੰਤ ਕਰੜਾ** ਕੰਟਰੋਲ ਕੀਤਾ ਜਾਵੇ; ਪਰ ਇਹ ਲਾਜ਼ਮੀ ਹੈ ਕਿ ਇਹ ਕੰਟਰੋਲ ਸਰਮਾਏਦਾਰਾਂ ਦੀ ਜ਼ਬਤੀ ਨਾਲ਼, ਸਰਮਾਏਦਾਰਾਂ ਉੱਤੇ ਕਿਰਤੀਆਂ ਦੇ ਕੰਟਰੋਲ ਦੀ ਸਥਾਪਤੀ ਨਾਲ਼, **ਸ਼ੁਰੂ ਹੋਵੇ** ਅਤੇ ਨੌਕਰਸ਼ਾਹਾਂ ਦੇ ਰਾਜ ਰਾਹੀਂ ਨਹੀਂ ਸਗੋਂ **ਹਥਿਆਰਬੰਦ ਕਿਰਤੀਆਂ** ਦੇ ਰਾਜ ਰਾਹੀਂ ਲਾਗੂ ਕੀਤਾ ਜਾਵੇ।

ਬੁਰਜੂਆ ਵਿਚਾਰਧਾਰਕਾਂ (ਅਤੇ ਸਰਵਸ਼੍ਰੀ ਤਸੇਰੇਤੇਲੀਆਂ, ਚੇਰਨੋਵਾਂ ਅਤੇ ਉਹਨਾਂ ਦੇ ਸਾਥੀਆਂ ਜਿਹੇ ਉਹਨਾਂ ਦੇ ਪਿਛ-ਲੱਗਾਂ) ਵੱਲੋਂ ਸਰਮਾਏਦਾਰੀ ਦੀ ਭਾੜੇ ਦੀ ਹਮਾਇਤ ਇਸ ਗੱਲ ਵਿੱਚ ਹੈ ਕਿ ਉਹ ਦੁਰਾਡੇ ਭਵਿੱਖ ਸਬੰਧੀ ਵਿਚਾਰਾਂ ਅਤੇ ਬਹਿਸਾਂ ਨੂੰ **ਅਜੋਕੀ** ਰਾਜ-ਨੀਤੀ ਦੇ ਫੌਰੀ ਮਸਲਿਆਂ ਅਰਥਾਤ, ਸਰਮਾਏਦਾਰਾਂ ਦੀ ਜ਼ਬਤੀ, ਅਤੇ **ਸਭਨਾਂ** ਸ਼ਹਿਰੀਆਂ ਦੇ **ਇੱਕ** ਧੜਵੈਲ "ਸੰਘ" —ਸਮੁੱਚੇ ਰਾਜ ਦੇ— ਕਾਮੇ ਅਤੇ ਮੁਲਾਜ਼ਮ ਬਣ ਜਾਣ— ਅਤੇ ਇਸ ਸੰਘ ਦੇ ਸਮੁੱਚੇ ਕੰਮ ਦੇ ਇੱਕ ਸੱਚੇ ਜਮਹੂਰੀ ਰਾਜ, **ਕਿਰਤੀਆਂ ਅਤੇ ਫੌਜੀਆਂ ਦੇ ਪ੍ਰਤਿਨਿਧਾਂ ਦੀਆਂ ਸੋਵੀਅਤਾਂ ਦੇ ਰਾਜ ਦੇ** ਅਧੀਨ ਹੋਣ, **ਦੀ ਥਾਂ ਦੇ ਦੇਂਦੇ ਹਨ।**

ਅਸਲ ਵਿੱਚ ਜਦੋਂ ਇੱਕ ਵਿਦਵਾਨ ਪ੍ਰੋਫ਼ੈਸਰ ਅਤੇ ਉਸ ਤੋਂ ਪਿੱਛੋਂ ਤੰਗ-ਨਜ਼ਰ ਬੰਦਾ ਅਤੇ ਉਸ ਤੋਂ ਪਿੱਛੋਂ ਸਰਵਸ਼੍ਰੀ ਤਸੇਰੇਤੇਲੀ ਅਤੇ ਚੇਰਨੋਵ ਅਣ-ਉੱਚਿਤ ਕਲਪਨਾ ਦੀ, ਬਾਲਸ਼ਵਿਕਾਂ ਦੇ ਧੋਖੇਬਾਜ਼ ਇਕਰਾਰਾਂ ਦੀ, ਸੋਸ਼ਲਿਜ਼ਮ "ਲਾਗੂ ਕਰਨ" ਦੀ ਅਸੰਭਵਕਤਾ ਦੀ ਗੱਲ ਕਰਦੇ ਹਨ ਤਾਂ ਉਹਨਾਂ ਦੇ ਮਨ ਵਿੱਚ ਕਮਿਊਨਿਜ਼ਮ ਦਾ ਉਚੇਰਾ ਰੂਪ ਹੁੰਦਾ ਹੈ ਜਿਸ ਨੂੰ "ਲਾਗੂ ਕਰਨ" ਸਬੰਧੀ ਕਦੇ ਕਿਸੇ ਨੇ ਇਕਰਾਰ ਜਾਂ ਇੱਥੋਂ ਤੱਕ ਕਿ ਵਿਚਾਰ ਵੀ ਨਹੀਂ ਕੀਤਾ ਕਿਉਂਕਿ ਇਹ ਆਮ ਤੌਰ 'ਤੇ "ਲਾਗੂ" ਨਹੀਂ "ਕੀਤਾ ਜਾ ਸਕਦਾ"।

ਅਤੇ ਇਥੇ ਅਸੀਂ ਸੋਸ਼ਲਿਜ਼ਮ ਅਤੇ ਕਮਿਊਨਿਜ਼ਮ ਵਿੱਚ ਵਿਗਿਆਨਕ ਫ਼ਰਕ ਦੇ ਸਵਾਲ ਤੱਕ ਅਪੜਦੇ ਹਾਂ ਜਿਸ ਨੂੰ ਏਂਗਲਜ਼ ਨੇ "ਸੋਸ਼ਲ-ਡੈਮੋਕਰੈਟ" ਨਾਂ ਦੇ ਗ਼ਲਤ ਹੋਣ ਸਬੰਧੀ ਉੱਪਰ ਦਿੱਤੀ ਦਲੀਲ ਵਿੱਚ ਛੂਹਿਆ ਸੀ। ਰਾਜਸੀ ਤੌਰ 'ਤੇ ਕਮਿਊਨਿਜ਼ਮ ਦੇ ਪਹਿਲੇ ਜਾਂ ਨੀਵੇਂ ਅਤੇ ਉਚੇਰੇ ਰੂਪ ਵਿੱਚ ਫ਼ਰਕ, ਸ਼ਾਇਦ, ਸਮਾਂ ਪਾ ਕੇ ਅਥਾਹ ਹੋਵੇਗਾ; ਪਰ ਇਸ ਫ਼ਰਕ ਨੂੰ ਹੁਣੇ ਹੀ, ਸਰਮਾਏਦਾਰੀ ਅਧੀਨ ਸਾਹਮਣੇ ਰੱਖਣਾ ਵਾਹਯਾਤ ਹੋਵੇਗਾ ਅਤੇ ਸ਼ਾਇਦ ਵਿਅਕਤੀਗਤ ਅਰਾਜਕਤਾਵਾਦੀ ਹੀ ਇਹਨੂੰ ਬੁਨਿਆਦੀ ਮਹੱਤਤਾ ਦੇ ਸਕਦੇ ਹਨ (ਜੇ ਅਜੇ ਤੱਕ ਅਰਾਜਕਤਾਵਾਦੀਆਂ ਵਿੱਚ ਅਜਿਹੇ ਲੋਕ ਬਾਕੀ ਰਹਿ ਗਏ ਹਨ ਜਿਨ੍ਹਾਂ ਨੇ, ਜਿਵੇਂ ਘੇ ਨੇ, ਜਿਹੜਾ ਉਹਨਾਂ ਅਰਾਜਕਤਾਵਾਦੀਆਂ ਵਿੱਚੋਂ ਇੱਕ ਹੈ ਜਿਨ੍ਹਾਂ ਵਿੱਚ ਲਾਜ ਦਾ

ਅਨੁਭਵ ਅਤੇ ਸ਼ਰਮ ਬਾਕੀ ਰਹਿ ਗਈ ਹੈ, ਕਿਹਾ ਹੈ, ਕਰੋਪੋਤਕਿਨਾਂ, ਗਰਾਵਾਂ, ਕਾਰਨੇਲੀਸੇਨਾਂ ਅਤੇ ਅਰਾਜਕਤਾਵਾਦ ਦੇ ਹੋਰਨਾਂ "ਸਿਤਾਰਿਆਂ ਦੀ ਸਮਾਜੀ-ਸ਼ਾਵਨਵਾਦੀ ਜਾਂ ਅਰਾਜਕਤਾਵਾਦੀ-ਖੰਦਕਵਾਦੀਆਂ) ਵਿੱਚ "ਪਲੈਖ਼ਾਨੋਵਵਾਦੀ" ਤਬਦੀਲੀ ਤੋਂ ਕੁੱਝ ਨਹੀਂ ਸਿੱਖਿਆ।

ਪਰ ਸੋਸ਼ਲਿਸਜ਼ਮ ਅਤੇ ਕਮਿਊਨਿਜ਼ਮ ਵਿਚਕਾਰ ਵਿਗਿਆਨਕ ਫ਼ਰਕ ਬਿਲਕੁਲ ਸਪਸ਼ਟ ਹੈ। ਜਿਸਨੂੰ ਸੋਸ਼ਲਿਜ਼ਮ ਕਿਹਾ ਜਾਂਦਾ ਹੈ ਮਾਰਕਸ ਨੇ ਉਹਨੂੰ ਕਮਿਊਨਿਜ਼ਮ ਦਾ ਪਹਿਲਾ ਜਾਂ ਨੀਵਾਂ ਰੂਪ ਕਿਹਾ। ਕਿਉਂਕਿ ਉਤਪਾਦਨ ਦੇ ਸਾਧਨ **ਸਾਂਝੀ** ਜਾਇਦਾਦ ਬਣ ਜਾਂਦੇ ਹਨ, "ਕਮਿਊਨਿਜ਼ਮ" ਦਾ ਸ਼ਬਦ ਇਥੇ ਵੀ ਲਾਗੂ ਕੀਤਾ ਜਾ ਸਕਦਾ ਹੈ ਜੇ ਅਸੀਂ ਇਹ ਨਾ ਭੁੱਲੀਏ ਕਿ ਇਹ ਪੂਰਾ ਕਮਿਊਨਿਜ਼ਮ **ਨਹੀਂ**। ਮਾਰਕਸ ਦੀ ਵਿਆਖਿਆ ਦੀ ਮਹਾਨ ਮਹੱਤਤਾ ਇਸ ਗੱਲ ਵਿੱਚ ਹੈ ਕਿ ਇਥੇ ਵੀ ਉਹ ਪਦਾਰਥਾਵਦੀ ਦਵੰਦਵਾਦ ਨੂੰ, ਵਿਕਾਸ ਦੇ ਸਿਧਾਂਤ ਨੂੰ ਇਕਸਾਰ ਤੌਰ 'ਤੇ ਲਾਗੂ ਕਰਦੇ ਹਨ ਅਤੇ ਕਮਿਊਨਿਜ਼ਮ ਨੂੰ ਇੱਕ ਅਜਿਹੀ ਵਸਤ ਸਮਝਦੇ ਹਨ ਜਿਹੜੀ ਸਰਮਾਏਦਾਰੀ **ਵਿੱਚੋਂ** ਵਿਕਸਤ ਹੁੰਦੀ ਹੈ। ਪੰਡਤਾਊ ਢੰਗ ਨਾਲ਼ ਤਿਆਗ ਕੀਤੀਆਂ, "ਘੜੀਆਂ" ਤਾਰੀਫ਼ਾਂ ਅਤੇ ਸ਼ਬਦਾਂ ਸਬੰਧੀ ਵਿਅਰਥ ਬਹਿਸਾਂ (ਸੋਸ਼ਲਿਜ਼ਮ ਕੀ ਹੈ ? ਕਮਿਊਨਿਜ਼ਮ ਕੀ ਹੈ ?) ਦੀ ਥਾਂ ਮਾਰਕਸ ਉਸ ਗੱਲ ਦਾ ਇੱਕ ਵਿਸ਼ਲੇਸ਼ਣ ਪੇਸ਼ ਕਰਦੇ ਹਨ ਜਿਸਨੂੰ ਕਮਿਊਨਿਜ਼ਮ ਦੀ ਆਰਥਕ ਪਕਿਆਈ ਦਾ ਪੜਾਅ ਕਿਹਾ ਜਾ ਸਕਦਾ ਹੈ।

ਆਪਣੇ ਪਹਿਲੇ ਰੂਪ ਜਾਂ ਪਹਿਲੇ ਪੜਾਅ ਵਿੱਚ, ਕਮਿਊਨਿਜ਼ਮ ਅਜੇ ਪੂਰੀ ਤਰ੍ਹਾਂ ਪੱਕਾ ਅਤੇ ਸਰਮਾਏਦਾਰੀ ਦੀਆਂ ਰਵਾਇਤਾਂ ਅਤੇ ਨਿਸ਼ਾਨਾਂ ਤੋਂ ਆਜ਼ਾਦ **ਨਹੀਂ** ਹੋ ਸਕਦਾ। ਇਸੇ ਲਈ ਇਹ ਰੌਚਕ ਵਰਤਾਰਾ ਸਾਹਮਣੇ ਆਉਂਦਾ ਹੈ ਕਿ ਆਪਣੇ ਪਹਿਲੇ ਰੂਪ ਵਿੱਚ ਕਮਿਊਨਿਜ਼ਮ "**ਬੁਰਜੂਆ** ਹੱਕ ਦੇ ਤੰਗ ਦਿਸ-ਹੱਦੇ" ਕਾਇਮ ਰੱਖਦਾ ਹੈ। ਨਿਰਸੰਦੇਹ **ਖਪਤ** ਦੀਆਂ ਵਸਤਾਂ ਦੀ ਵੰਡ ਸਬੰਧੀ ਬੁਰਜੂਆ ਹੱਕ ਅਟੱਲ ਤੌਰ 'ਤੇ **ਬੁਰਜੂਆ ਰਾਜ** ਦੀ ਹੋਂਦ ਪਹਿਲਾਂ ਹੀ ਮਿੱਥ ਲੈਂਦਾ ਹੈ ਕਿਉਂਕਿ ਹਕ ਦੀਆਂ ਪੱਧਰਾਂ ਮਨਵਾਉਣ ਨੂੰ ਜ਼ੋਰ ਨਾਲ਼ ਲਾਗੂ ਕਰਨ ਦੇ ਯੋਗ ਢਾਂਚੇ ਤੋਂ ਬਿਨਾਂ ਹੱਕ ਕੁੱਝ ਵੀ ਨਹੀਂ।

ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਕਮਿਊਨਿਜ਼ਮ ਅਧੀਨ ਕੁੱਝ ਸਮੇਂ ਲਈ ਨਾ ਕੇਵਲ ਬੁਰਜੂਆ ਹੱਕ ਰਹਿੰਦਾ ਹੈ ਸਗੋਂ ਬੁਰਜੂਆਜ਼ੀ ਤੋਂ ਬਿਨਾਂ ਬੁਰਜੂਆ ਰਾਜ ਵੀ ਰਹਿੰਦਾ ਹੈ!

ਇਹ ਗੱਲ ਇੱਕ ਵਿਰੋਧਾਭਾਸ ਜਾਪ ਸਕਦੀ ਹੈ ਜਾਂ ਅਜਿਹੀ ਦਵੰਦਾਤਮਕ ਅੜਾਉਣੀ ਜਿਸ ਬਾਰੇ ਉਹ ਲੋਕ ਮਾਰਕਸਵਾਦ ਉੱਤੇ ਅਕਸਰ ਦੋਸ਼ ਲਾਉਂਦੇ ਹਨ ਜਿਨ੍ਹਾਂ ਇਹਦੇ ਅਸਾਧਾਰਨ ਤੌਰ ਉੱਤੇ ਡੂੰਘੇ ਤੱਤ ਦਾ ਅਧਿਐਨ ਕਰਨ ਦੀ ਕਦੇ ਖੇਚਲ ਨਹੀਂ ਕੀਤੀ।

ਪਰ ਅਸਲੀਅਤ ਤਾਂ ਇਹ ਹੈ ਕਿ ਨਵੇਂ ਵਿੱਚ ਪੁਰਾਣੇ ਦੀ ਰਹਿੰਦ-ਖੂੰਹਦ ਸਾਨੂੰ ਜੀਵਨ ਵਿੱਚ, ਪ੍ਰਕ੍ਰਿਤੀ ਵਿੱਚ ਵੀ ਅਤੇ ਸਮਾਜ ਵਿੱਚ ਪੈਰ ਪੈਰ 'ਤੇ ਮਿਲਦੀ ਹੈ ਅਤੇ ਮਾਰਕਸ

ਨੇ ਆਪਹੁਦਰੇ ਢੰਗ ਨਾਲ਼ "ਬੁਰਜੂਆ" ਦਾ ਇੱਕ ਟੋਟਾ ਐਨ ਕਮਿਊਨਿਜ਼ਮ ਦੇ ਵਿੱਚ ਨਹੀਂ ਸੀ ਘੁਸੇੜ ਦਿੱਤਾ ਸਗੋਂ ਉਹ ਸਭ ਕੁੱਝ ਲੈ ਲਿਆ ਜੋ ਸਰਮਾਏਦਾਰੀ ਦੇ **ਗਰਭ ਵਿੱਚੋਂ** ਨਿਕਲ ਰਹੇ ਸਮਾਜ ਸਬੰਧੀ ਆਰਥਕ ਅਤੇ ਰਾਜਸੀ ਤੌਰ ਉੱਤੇ ਅਟੱਲ ਸੀ।

ਆਪਣੀ ਮੁਕਤੀ ਲਈ ਸਰਮਾਏਦਾਰੀ ਵਿਰੁੱਧ ਘੋਲ ਵਿੱਚ ਮਜ਼ਦੂਰ ਜਮਾਤ ਲਈ ਜਮਹੂਰੀਅਤ ਦੀ ਅਥਾਹ ਮਹੱਤਤਾ ਹੈ। ਪਰ ਜਮਹੂਰੀਅਤ ਕਿਸੇ ਵੀ ਤਰ੍ਹਾਂ ਅਜਿਹੀ ਹੱਦ ਨਹੀਂ ਜਿਸਨੂੰ ਟੱਪਿਆ ਨਹੀਂ ਜਾ ਸਕਦਾ; ਇਹ ਜਗੀਰਦਾਰੀ ਤੋਂ ਸਰਮਾਏਦਾਰੀ ਅਤੇ ਸਰਮਾਏਦਾਰੀ ਤੋਂ ਕਮਿਊਨਿਜ਼ਮ ਵੱਲ ਰਾਹ ਉੱਤੇ ਬਸ ਇੱਕ ਪੜਾਅ ਹੀ ਹੈ।

ਜਮਹੂਰੀਅਤ ਦੇ ਅਰਥ ਹਨ ਬਰਾਬਰੀ। ਬਰਾਬਰੀ ਲਈ ਪ੍ਰੋਲਤਾਰੀ ਦੇ ਘੋਲ ਦੀ ਅਤੇ ਇੱਕ ਨਾਹਰੇ ਵਜੋਂ ਬਰਾਬਰੀ ਦੀ ਮਹਾਨ ਮਹੱਤਤਾ ਸਪਸ਼ਟ ਹੋ ਜਾਵੇਗੀ ਜੇ ਅਸੀਂ ਇਹਦੇ ਅਰਥ **ਜਮਾਤਾਂ** ਦੇ ਅੰਤ ਵਜੋਂ ਲਈਏ। ਪਰ ਜਮਹੂਰੀਅਤ ਦੇ ਅਰਥ ਕੇਵਲ **ਰਸਮੀ** ਬਰਾਬਰੀ ਹਨ। ਜਿਉਂ ਹੀ ਸਮਾਜ ਦੇ ਸਭਨਾਂ ਵਿਅਕਤੀਆਂ ਲਈ ਉਤਪਾਦਨ ਦੇ ਸਾਧਨਾਂ ਦੇ **ਸਬੰਧ ਵਿੱਚ** ਅਰਥਾਤ ਕਿਰਤ ਦੀ ਬਾਰਬਰੀ ਅਤੇ ਉਜਰਤਾਂ ਦੀ ਬਰਾਬਰੀ ਪ੍ਰਾਪਤ ਕਰ ਲਈ ਜਾਂਦੀ ਹੈ, ਮਨੁੱਖਜਾਤੀ ਸਾਹਮਣੇ ਅਟੱਲ ਤੌਰ 'ਤੇ ਰਸਮੀ ਬਰਾਬਰੀ ਤੋਂ ਅਸਲੀ ਬਰਾਬਰੀ ਵੱਲ ਵਧਣ, ਅਰਥਾਤ, "ਹਰ ਇੱਕ ਤੋਂ ਉਹਦੀ ਯੋਗਤਾ ਅਨੁਸਾਰ, ਹਰ ਇੱਕ ਨੂੰ ਉਹਦੀ ਲੋੜ ਅਨੁਸਾਰ" ਦੇ ਨਿਯਮ ਦੇ ਅਮਲ ਵੱਲ ਵੱਧਣ ਦਾ ਸਵਾਲ ਖੜਾ ਹੋ ਜਾਵੇਗਾ। ਪਰ ਕਿਹੜੇ ਪੜਾਵਾਂ ਵਿੱਚੋਂ ਲੰਘ ਕੇ, ਕਿਹੜੇ ਅਮਲੀ ਅਮਲਾਂ ਰਾਹੀਂ ਮਨੁੱਖਜਾਤੀ ਇਸ ਸਰਵਉੱਚ ਆਸ਼ੇ ਵੱਲ ਵਧੇਗੀ —ਅਸੀਂ ਨਹੀਂ ਜਾਣਦੇ ਅਤੇ ਨਹੀਂ ਜਾਣ ਸਕਦੇ। ਪਰ ਇਹ ਗੱਲ ਸਮਝਣਾ ਕਿ ਇੱਕ ਨਿਰਜਿੰਦ, ਪਥਰਾਏ, ਸਦਾ ਲਈ ਮਿੱਥੇ ਗਏ ਵਜੋਂ ਸੋਸ਼ਲਿਜ਼ਮ ਸਬੰਧੀ ਸਾਧਾਰਨ ਬੁਰਜੂਆ ਸੰਕਲਪ ਕਿੰਨਾ ਝੂਠਾ ਹੈ, ਜਦੋਂ ਕਿ **ਕੇਵਲ** ਸੋਸ਼ਲਿਜ਼ਮ ਅਧੀਨ ਹੀ ਸਰਵਜਨਕ ਅਤੇ ਨਿੱਜੀ ਜੀਵਨ ਦੇ ਸਭਨਾਂ ਖੇਤਰਾਂ ਵਿੱਚ ਇੱਕ ਤਿੱਖਾ, ਸੱਚਾ ਅਤੇ ਸੱਚ ਮੁੱਚ ਵਿਸ਼ਾਲ ਅੱਗੇ ਵੱਲ ਵਾਧਾ ਸ਼ੁਰੂ ਹੋਵੇਗਾ, ਜਿਹੜਾ ਪਹਿਲਾਂ **ਬਹੁ-ਗਿਣਤੀ** ਅਤੇ ਫੇਰ ਸਮੁੱਚੀ ਵਸੋਂ ਨੂੰ ਆਪਣੀ ਵਲਗਣ ਵਿੱਚ ਲੈ ਲਵੇਗਾ।

ਜਮਹੂਰੀਅਤ ਰਾਜ ਦਾ ਇੱਕ ਰੂਪ, ਇਹਦੀ ਇੱਕ ਵੰਨਗੀ ਹੈ। ਇਸ ਲਈ, ਕਿਸੇ ਵੀ ਹੋਰ ਰਾਜ ਵਾਂਗ ਇਹ, ਇੱਕ ਹੱਥ, ਵਿਅਕਤੀਆਂ ਵਿਰੁੱਧ ਹਿੰਸਾ ਦੀ ਜਥੇਬੰਦ, ਨੇਮ-ਬੱਧ ਵਰਤੋਂ ਹੈ; ਪਰ ਦੂਜੇ ਹੱਥ ਇਹ ਸ਼ਹਿਰੀਆਂ ਦੀ ਬਰਾਬਰੀ ਦੀ, ਸਭਨਾਂ ਦੇ ਰਾਜ ਦੀ ਬਣਤਰ ਨੂੰ ਮਿੱਥਣ ਅਤੇ ਇਹਦਾ ਪ੍ਰਬੰਧ ਕਰਨ ਦੇ ਹੱਕ ਦੀ ਰਸਮੀ ਪ੍ਰਵਾਨਗੀ ਦੀ ਲਖਾਇਕ ਹੈ। ਆਪਣੀ ਵਾਰੀ ਇਹਦਾ ਸਿੱਟਾ ਇਹ ਨਿਕਲਦਾ ਹੈ ਕਿ ਜਮਹੂਰੀਅਤ ਦੇ ਵਿਕਾਸ ਵਿੱਚ ਇੱਕ ਖਾਸ ਪੜਾਅ ਉੱਤੇ ਇਹ ਉਸ ਜਮਾਤ ਨੂੰ ਜਿਹੜੀ ਸਰਮਾਏਦਾਰੀ ਵਿਰੁੱਧ ਇਨਕਲਾਬੀ ਘੋਲ਼ ਕਰਦੀ ਹੈ — ਪ੍ਰੋਲਤਾਰੀ ਨੂੰ ਇੱਕ-ਜਾਨ ਕਰਦੀ ਹੈ ਅਤੇ ਉਹਨੂੰ ਇਸ ਯੋਗ ਬਣਾਉਂਦੀ ਹੈ ਕਿ ਉਹ ਬੁਰਜੂਆ, ਇਥੋਂ ਤੱਕ ਕਿ ਗਣ-ਰਾਜੀ-ਬੁਰਜੂਆ ਰਾਜ ਬਣਤਰ, ਸਥਾਈ ਫ਼ੌਜ, ਪੁਲਸ ਅਤੇ ਨੌਕਰਸ਼ਾਹੀ ਨੂੰ, ਟੋਟੇ ਟੋਟੇ ਕਰ ਦੇਵੇ, ਚੀਨਾ ਚੀਨਾ ਕਰ ਦੇਵੇ ਅਤੇ ਧਰਤੀ ਤੋਂ ਮਲੀਆਮੇਟ ਕਰ ਦੇਵੇ ਅਤੇ ਉਹਨਾਂ ਦੀ ਥਾਂ ਮਜ਼ਦੂਰਾਂ ਦੀ ਹਥਿਆਰਬੰਦ ਲੋਕਾਂ ਦੇ ਰੂਪ ਵਿੱਚ,

ਜਿਹੜੀ ਅਜਿਹੀ ਮਿਲੀਸ਼ੀਆ ਵਿੱਚ ਵਿਕਸਤ ਹੋ ਜਾਂਦੀ ਹੈ ਜਿਸ ਵਿੱਚ ਸਮੁੱਚੀ ਵਸੋਂ ਹਿੱਸਾ ਲੈਂਦੀ ਹੈ, ਇਹ **ਵਧੇਰੇ** ਜਮਹੂਰੀ ਰਾਜ-ਬਣਤਰ, ਪਰ ਹਰ ਹਾਲਤ ਵਿੱਚ ਰਾਜ-ਬਣਤਰ, ਸਥਾਪਤ ਕਰੇ।

ਇਥੇ "ਮਾਤਰਾ ਸਿਫ਼ਤ ਵਿੱਚ ਤਬਦੀਲ ਹੋ ਜਾਂਦੀ ਹੈ" : ਜਮਹੂਰੀਅਤ ਦੀ **ਅਜਿਹੀ** ਪੱਧਰ ਦੇ ਅਰਥ ਹਨ ਬੁਰਜੂਆ ਸਮਾਜ ਦੀਆਂ ਹੱਦਾਂ ਟੱਪ ਜਾਣਾ, ਇਹਦੀ ਸੋਸ਼ਲਿਸਟ ਮੁੜ-ਉਸਾਰੀ ਦਾ ਆਰੰਭ। ਜੇ **ਸਭੇ** ਸੱਚ ਮੁੱਚ ਰਾਜ ਦੇ ਪ੍ਰਬੰਧ ਵਿੱਚ ਹਿੱਸਾ ਲੈਂਦੇ ਹਨ ਤਾਂ ਸਰਮਾਏਦਾਰੀ ਆਪਣੀ ਪਕੜ ਕਾਇਮ ਨਹੀਂ ਰੱਖ ਸਕਦੀ ਅਤੇ ਸਰਮਾਏਦਾਰੀ ਦਾ ਵਿਕਾਸ ਖ਼ੁਦ ਅਜਿਹੀਆਂ **ਪੂਰਵ ਲੋੜਾਂ** ਸਿਰਜਦਾ ਹੈ ਜਿਹੜੀਆਂ ਸੱਚ ਮੁਚ "ਸਭਨਾਂ" ਨੂੰ ਇਸ ਯੋਗ ਬਣਾਉਂਦੀਆਂ ਹਨ ਕਿ ਉਹ ਰਾਜ ਦੇ ਪ੍ਰਬੰਧ ਵਿੱਚ ਹਿੱਸਾ **ਲੈ ਸਕਣ**। ਇਹਨਾਂ ਵਿੱਚੋਂ ਕੁੱਝ ਪੂਰਵ ਲੋੜਾਂ ਹਨ : ਵਿਆਪਕ ਪੜ੍ਹਤਾ, ਜਿਹੜੀ ਬਹੁਤ ਸਾਰੇ ਅਤਿ-ਅੰਤ ਉਨੱਤ ਸਰਮਾਏਦਾਰ ਦੇਸ਼ਾਂ ਵਿੱਚ ਪਹਿਲਾਂ ਹੀ ਪ੍ਰਾਪਤ ਕਰ ਲਈ ਗਈ ਹੈ ਅਤੇ ਫੇਰ ਡਾਕ ਸੇਵਾ, ਰੇਲਾਂ, ਵੱਡੇ ਕਾਰਖ਼ਾਨਿਆਂ, ਵੱਡੀ-ਪੱਧਰ ਦੇ ਵਪਾਰ, ਬੈਂਕਾਂ, ਇਤਿ-ਆਦ ਦੇ ਧੜਵੈਲ ਪੇਚਦਾਰ ਸਮਾਜੀ-ਕੀਤੇ ਢਾਂਚੇ ਰਾਹੀਂ ਲਖੂਖਾ ਮਜ਼ਦੂਰਾਂ ਦੀ "ਸਿੱਖਿਆ ਅਤੇ ਡਸਿਪਲਿਨ"।

ਜੇ ਇਹ **ਆਰਥਕ** ਪੂਰਵ ਲੋੜਾਂ ਮੌਜੂਦ ਹੋਣ ਤਾਂ ਇਹ ਐਨ ਸੰਭਵ ਹੈ ਕਿ ਸਰਮਾਏਦਾਰਾਂ ਅਤੇ ਨੌਕਰਸ਼ਾਹਾਂ ਦਾ ਤਖ਼ਤਾ ਉਲਟਣ ਤੋਂ ਪਿੱਛੋਂ ਅਤੇ ਇੱਕਦਮ, ਰਾਤੋ-ਰਾਤ ਉਹਨਾਂ ਦੀ ਥਾਂ ਉਤਪਾਦਨ ਅਤੇ ਵੰਡ ਦੇ **ਕੰਟਰੋਲ** ਵਿੱਚ ਅਤੇ ਕਿਰਤ ਅਤੇ ਵੰਡ ਵਿੱਚ **ਹਿਸਾਬ-ਕਿਤਾਬ** ਰੱਖਣ ਦੇ ਕੰਮ ਵਿੱਚ ਹਥਿਆਰਬੰਦ ਮਜ਼ਦੂਰਾਂ ਨੂੰ, ਸਮੁੱਚੀ ਹਥਿਆਰਬੰਦ ਵਸੋਂ ਨੂੰ ਦੇਣ ਦਾ ਕੰਮ ਸ਼ੁਰੂ ਕੀਤਾ ਜਾਵੇ। (ਕੰਟਰੋਲ ਅਤੇ ਹਿਸਾਬ-ਕਿਤਾਬ ਰੱਖਣ ਦੇ ਕੰਮ ਨੂੰ ਇੰਜੀਨੀਅਰਾਂ, ਖੇਤੀ ਮਾਹਰਾਂ, ਆਦਿ ਦੇ ਵਿਗਿਆਨਕ ਤੌਰ 'ਤੇ ਸਿੱਖਿਆ-ਪ੍ਰਾਪਤ ਅਮਲੇ ਨਾਲ਼ ਗਡ-ਮਡ ਨਹੀਂ ਕਰਨਾ ਚਾਹੀਦਾ; ਇਹ ਭੱਦਰ-ਪੁਰਸ਼ ਅੱਜ ਸਰਮਾਏਦਾਰਾਂ ਦੀਆਂ ਇੱਛਾਵਾਂ ਅਨੁਸਾਰ ਕੰਮ ਕਰ ਰਹੇ ਹਨ; ਉਹ ਭਲਕੇ ਹਥਿਆਰਬੰਦ ਮਜ਼ਦੂਰਾਂ ਅਧੀਨ ਹੋਰ ਵੀ ਚੰਗਾ ਕੰਮ ਕਰਨਗੇ)।

ਹਿਸਾਬ-ਕਿਤਾਬ ਅਤੇ ਕੰਟਰੋਲ—ਕਮਿਊਨਿਸਟ ਸਮਾਜ ਦੇ **ਪਹਿਲੇ ਰੂਪ** ਦੇ ਸਵਾਹਰੇ ਤੌਰ 'ਤੇ ਕੰਮ ਕਰਨ ਅਤੇ ਠੀਕ ਚੱਲਣ ਦਾ "ਪ੍ਰਬੰਧ ਕਰਨ" ਲਈ ਇਸੇ **ਮੁੱਖ ਗੱਲ** ਦੀ ਲੋੜ ਹੈ। ਇਥੇ **ਸਭੇ** ਸ਼ਹਿਰੀ ਰਾਜ ਦੇ, ਜੋ ਹਥਿਆਰਬੰਦ ਮਜ਼ਦੂਰਾਂ ਤੋਂ ਬਣਦਾ ਹੈ, ਉਜਰਤੀ ਮੁਲਾਜ਼ਮ ਬਣ ਜਾਂਦੇ ਹਨ। **ਸਭੇ** ਸ਼ਹਿਰੀ **ਇੱਕੋ ਇੱਕ** ਕੌਮ-ਵਿਆਪੀ "ਸੰਘ" ਦੇ ਮੁਲਾਜ਼ਮ ਅਤੇ ਕਾਮੇ ਬਣ ਜਾਂਦੇ ਹਨ। ਲੋੜ ਬਸ ਇਸ ਗੱਲ ਦੀ ਹੈ ਕਿ ਉਹ ਸਾਵੀਂ ਤਰ੍ਹਾਂ ਕੰਮ ਕਰਨ, ਆਪਣਾ ਕੰਮ ਦਾ ਹਿੱਸਾ ਯੋਗ ਢੰਗ ਨਾਲ਼ ਕਰਨ ਅਤੇ ਸਾਵੀਂ ਉਜਰਤ ਲੈਣ। ਇਸ ਲਈ ਹਿਸਾਬ-ਕਿਤਾਬ ਰੱਖਣਾ ਅਤੇ ਕੰਟਰੋਲ ਸਰਮਾਏਦਾਰੀ ਨੇ ਅਤਿ-ਅੰਤ **ਸਾਦੇ** ਬਣਾ ਦਿੱਤੇ ਹਨ ਅਤੇ ਨਿਗਰਾਨੀ ਕਰਨ ਅਤੇ ਅੰਗਤ ਕਰਨ, ਗਣਿਤ ਦੇ ਚਾਰ ਗੁਰਾਂ ਦੇ ਗਿਆਨ ਅਤੇ ਯੋਗ ਰਸੀਦਾਂ ਜਾਰੀ ਕਰਨ ਦੇ ਅਤਿ-ਅੰਤ ਸਾਦੇ ਅਮਲਾਂ ਤੱਕ ਪੁਚਾ ਦਿੱਤੇ ਹਨ, ਜਿਹੜੇ

ਕੋਈ ਵੀ ਪੜ੍ਹਿਆ ਲਿਖਿਆ ਮਨੁੱਖ ਕਰ ਸਕਦਾ ਹੈ।*

ਜਦੋਂ ਵਸੋਂ ਦੀ **ਬਹੁ-ਗਿਣਤੀ** ਸੁਤੰਤਰ ਤੌਰ 'ਤੇ ਅਤੇ ਹਰ ਥਾਂ ਅਜਿਹਾ ਹਿਸਾਬ-ਕਿਤਾਬ ਰੱਖਣ ਲੱਗ ਪਵੇਗੀ ਅਤੇ ਸਰਮਾਏਦਾਰਾਂ ਉੱਤੇ (ਜਿਹੜੇ ਹੁਣ ਮੁਲਾਜ਼ਮਾਂ ਵਿੱਚ ਤਬਦੀਲ ਕਰ ਦਿੱਤੇ ਗਏ ਹੋਣਗੇ) ਅਤੇ ਬੁੱਧੀਮਾਨ ਭੱਦਰ ਪੁਰਸ਼ਾਂ ਉੱਤੇ, ਜਿਨ੍ਹਾਂ ਦੀਆਂ ਸਰਮਾਏਦਾਰ ਆਦਤਾਂ ਕਾਇਮ ਰਹਿੰਦੀਆਂ ਹਨ, ਅਜਿਹਾ ਕੰਟਰੋਲ ਕਰਨ ਲੱਗ ਪਵੇਗੀ, ਤਾਂ ਅਜਿਹਾ ਕੰਟਰੋਲ ਸੱਚ-ਮੁਚ ਵਿਆਪਕ, ਆਮ, ਜਨਤਕ ਬਣ ਜਾਵੇਗਾ ਅਤੇ ਇਸ ਤੋਂ ਬਚਣ ਦਾ ਕੋਈ ਰਾਹ ਨਹੀਂ ਹੋਵੇਗਾ ਕਿਉਂਕਿ "ਕਿਧਰੇ ਕੋਈ ਠਾਹਰ ਨਹੀਂ ਮਿਲੇਗੀ।"

ਸਮੁੱਚਾ ਸਮਾਜ ਇੱਕੋ ਇੱਕ ਦਫ਼ਤਰ ਅਤੇ ਇੱਕੋ ਇੱਕ ਕਾਰਖ਼ਾਨਾ ਬਣ ਚੁੱਕਾ ਹੋਵੇਗਾ ਜਿਸ ਵਿੱਚ ਕਿਰਤ ਅਤੇ ਉਜਰਤ ਦੀ ਬਰਾਬਰੀ ਹੋਵੇਗੀ।

ਪਰ ਇਹ "ਕਾਰਖ਼ਾਨੇ ਦਾ" ਡਸਿਪਲਿਨ, ਜਿਹੜਾ ਪ੍ਰੋਲਤਾਰੀ ਸਰਮਾਏਦਾਰਾਂ ਨੂੰ ਹਰਾਉਣ ਪਿੱਛੋਂ, ਲੋਟੂਆਂ ਉੱਤੇ ਕਾਬੂ ਪਾਉਣ ਪਿੱਛੋਂ ਸਮੁੱਚੇ ਸਮਾਜ ਉੱਤੇ ਲਾਗੂ ਕਰੇਗਾ, ਕਿਸੇ ਵੀ ਤਰ੍ਹਾਂ ਸਾਡਾ ਆਸ਼ਾ, ਸਾਡਾ ਅੰਤਮ ਨਿਸ਼ਾਨਾ ਨਹੀਂ। ਇਹ ਤਾਂ ਸਮਾਜ ਨੂੰ ਸਰਮਾਏਦਾਰੀ ਲੁੱਟ-ਚੋਂਘ ਦੀਆਂ ਸਭਨਾਂ ਖੁਆਰੀਆਂ ਕਾਲੀਆਂ ਕਰਤੂਤਾਂ ਤੋਂ ਪੂਰੀ ਤਰ੍ਹਾਂ ਮੁਕਤ ਕਰਨ ਲਈ **ਅਤੇ ਹੋਰ** ਉਨਤੀ ਲਈ ਇੱਕ ਲੋੜੀਂਦਾ **ਕਦਮ** ਹੈ।

ਜਿਸ ਛਿਣ ਸਮਾਜ ਦੇ ਸਭ ਵਿਅਕਤੀ ਜਾਂ ਉਹਨਾਂ ਦੀ ਵੱਡੀ ਬਹੁਗਿਣਤੀ ਵੀ, **ਖ਼ੁਦ** ਰਾਜ ਦਾ ਪ੍ਰਬੰਧ ਕਰਨਾ ਸਿੱਖ ਲਵੇਗੀ, ਇਹ ਕੰਮ ਆਪਣੇ ਹੱਥ ਵਿੱਚ ਲੈ ਲਵੇਗੀ, ਸਰਮਾਏਦਾਰਾਂ ਦੀ ਨਿਗੂਣੀ ਜਿਹੀ ਘੱਟ-ਗਿਣਤੀ ਉੱਤੇ, ਉਹਨਾਂ ਭੱਦਰ-ਪੁਰਸ਼ਾਂ ਉੱਤੇ ਜਿਹੜੇ ਆਪਣੀਆਂ ਸਰਮਾਏਦਾਰ ਆਦਤਾਂ ਕਾਇਮ ਰੱਖਣਾ ਚਾਹੁੰਦੇ ਹਨ ਅਤੇ ਉਹਨਾਂ ਮਜ਼ਦੂਰਾਂ ਉੱਤੇ, ਜਿਨ੍ਹਾਂ ਨੂੰ ਸਰਮਾਏਦਾਰੀ ਨੇ ਉੱਕਾ ਪੂਰੀ ਤਰ੍ਹਾਂ ਭ੍ਰਿਸ਼ਟ ਕਰ ਦਿੱਤਾ ਹੈ, ਕੰਟਰੋਲ "ਚਾਲੂ ਕਰ ਦੇਵੇਗੀ" — ਉਸ ਛਿਣ ਤੋਂ ਕਿਸੇ ਵੀ ਤਰ੍ਹਾਂ ਦੀ ਹਕੂਮਤ ਦੀ ਲੋੜ ਖ਼ਤਮ ਹੋਣੀ ਸ਼ੁਰੂ ਹੋ ਜਾਂਦੀ ਹੈ। ਜਮਹੂਰੀਅਤ ਜਿੰਨੀ ਵਧੇਰੇ ਮੁਕੰਮਲ ਹੁੰਦੀ ਹੈ ਉਹਨਾਂ ਨੇੜੇ ਉਹ ਛਿਣ ਆਉਂਦਾ ਹੈ ਜਦੋਂ ਇਹ ਬੇਲੋੜੀ ਹੋ ਜਾਂਦੀ ਹੈ। ਜਿੰਨਾਂ ਵਧੇਰੇ ਉਹ "ਰਾਜ", ਜਿਸਦਾ ਅਧਾਰ ਹਥਿਆਰਬੰਦ ਮਜ਼ਦੂਰ ਹਨ ਅਤੇ ਜਿਹੜਾ "ਸ਼ਬਦ ਦੇ ਠੀਕ ਅਰਥਾਂ ਵਿੱਚ ਹੁਣ ਰਾਜ ਨਹੀਂ ਰਿਹਾ", ਜਮਹੂਰੀ ਹੁੰਦਾ ਹੈ ਓਨੀ ਹੀ ਤੇਜ਼ੀ ਨਾਲ਼ ਰਾਜ ਦਾ **ਹਰ ਰੂਪ** ਖ਼ਤਮ ਹੋਣਾ ਸ਼ੁਰੂ ਹੋ ਜਾਂਦਾ ਹੈ।

ਕਿਉਂਕਿ ਜਦੋਂ **ਸਭਨਾਂ ਨੇ** ਸਮਾਜੀ ਉਤਪਾਦਨ ਦਾ ਸੁਤੰਤਰ ਤੌਰ 'ਤੇ ਪ੍ਰਬੰਧ ਕਰਨਾ ਸਿੱਖ ਲਿਆ ਹੋਵੇਗਾ ਅਤੇ ਸੱਚ-ਮੁਚ ਅਜਿਹਾ ਕਰ ਰਹੇ ਹੋਣਗੇ, ਸੁਤੰਤਰ ਰੂਪ ਵਿੱਚ ਹਿਸਾਬ-ਕਿਤਾਬ ਰੱਖ ਰਹੇ ਹੋਣਗੇ ਅਤੇ ਵਿਹਲੜਾਂ, ਭੱਦਰ-ਪੁਰਸ਼ਾਂ, ਧੋਖੇਬਾਜ਼ਾਂ ਅਤੇ "ਸਰਮਾਏਦਾਰ

---

* ਜਦੋਂ ਰਾਜ ਦੇ ਵਧੇਰੇ ਕਾਰਜ ਖ਼ੁਦ ਕਿਰਤੀਆਂ ਵੱਲੋਂ ਹਿਸਾਬ-ਕਿਤਾਬ ਅਤੇ ਕੰਟਰੋਲ ਦੇ ਕੰਮਾਂ ਤੱਕ ਘਟਾ ਦਿੱਤੇ ਜਾਣਗੇ ਤਾਂ ਇਹ "ਰਾਜਸੀ ਰਾਜ" ਨਹੀਂ ਰਹੇਗਾ ਅਤੇ "ਸਰਵਜਨਕ ਕਾਰਜਾਂ ਦਾ ਰਾਜਸੀ ਖ਼ਾਸਾ ਖ਼ਤਮ ਹੋ ਜਾਵੇਗਾ ਅਤੇ ਉਹ ਸਾਦੇ ਪ੍ਰਬੰਧਕ ਕੰਮਾਂ ਵਿੱਚ ਤਬਦੀਲ ਹੋ ਜਾਣਗੇ" (ਵੇਖੋ ਪਿੱਛੇ, ਕਾਂਡ ਚਾਰ, ß 2, ਅਰਾਜਕਤਾਵਾਦੀਆਂ ਨਾਲ਼ ਏਂਗਲਜ਼ ਦਾ ਵਿਵਾਦ)।

ਰਵਾਇਤਾਂ ਦੇ ਹੋਰ ਅਜਿਹੇ ਰਾਖਿਆਂ" ਉੱਤੇ ਸੁਤੰਤਰ ਕੰਟਰੋਲ ਕਰ ਰਹੇ ਹੋਣਗੇ ਤਾਂ ਇਸ ਜਨਤਕ ਲੇਖਾ ਰੱਖਣ ਅਤੇ ਕੰਟਰੋਲ ਤੋਂ ਬਚਣਾ ਅਟੱਲ ਤੌਰ 'ਤੇ ਅਣਮੰਨਵੀਂ ਹੱਦ ਤੱਕ ਔਖਾ ਹੋ ਜਾਵੇਗਾ, ਏਨੀ ਵਿਰਲੀ ਛੋਟ ਹੋ ਜਾਵੇਗਾ ਅਤੇ ਇਹਦੇ ਨਾਲ਼ ਹੀ ਨਾਲ਼ ਏਨੀ ਤਿੱਖੀ ਅਤੇ, ਸਖ਼ਤ ਸਜ਼ਾ ਆਵੇਗੀ (ਕਿਉਂਕਿ ਹਥਿਆਰਬੰਦ ਮਜ਼ਦੂਰ ਅਮਲੀ ਮਨੁੱਖ ਹਨ ਅਤੇ ਭਾਵੁਕ ਬੁੱਧੀਮਾਨ ਨਹੀਂ ਅਤੇ ਕਿਸੇ ਨੂੰ ਆਪਣੇ ਨਾਲ਼ ਖੇਡਣ ਦੀ ਆਗਿਆ ਨਹੀਂ ਦੇਣਗੇ) ਕਿ ਮਨੁੱਖੀ ਵਿਹਾਰ ਦੇ ਸਾਦੇ, ਬੁਨਿਆਦੀ ਨਿਯਮਾਂ ਉੱਤੇ ਅਮਲ ਕਰਨ ਦੀ **ਲੋੜ** ਛੇਤੀ ਹੀ ਇੱਕ **ਆਦਤ** ਬਣ ਜਾਵੇਗੀ।

ਅਤੇ ਫੇਰ ਕਮਿਊਨਿਸਟ ਸਮਾਜ ਦੇ ਪਹਿਲੇ ਰੂਪ ਤੋਂ ਇਹਦੇ ਉਚੇਰੇ ਰੂਪ ਵੱਲ ਅਤੇ ਇਹਦੇ ਨਾਲ਼ ਹੀ ਨਾਲ਼ ਰਾਜ ਦੇ ਪੂਰਨ ਤੌਰ 'ਤੇ ਹੌਲੀ ਹੌਲੀ ਖ਼ਤਮ ਹੋ ਜਾਣ ਵੱਲ ਰਾਹ ਉੱਕਾ ਹੀ ਪੱਧਰਾ ਹੋ ਜਾਵੇਗਾ।

## ਕਾਂਡ ਛੇ

# ਮੌਕਾਪ੍ਰਸਤਾਂ ਵੱਲੋਂ ਮਾਰਕਸਵਾਦ ਦਾ ਬਾਜ਼ਾਰੀਕਰਨ

ਰਾਜ ਦੇ ਸਮਾਜਕ ਇਨਕਲਾਬ ਨਾਲ਼ ਸਬੰਧ ਦੇ ਸਵਾਲ ਨੇ ਅਤੇ ਸਮਾਜਕ ਇਨਕਲਾਬ ਦੇ ਰਾਜ ਨਾਲ਼ ਸਬੰਧ ਦੇ ਸਵਾਲ ਨੇ, ਆਮ ਤੌਰ ਉੱਤੇ ਇਨਕਲਾਬ ਦੇ ਸਵਾਲ ਵਾਂਗ ਦੂਜੀ ਇੰਟਰਨੈਸ਼ਨਲ (1889–1914) ਦੇ ਮੁੱਖ ਸਿਧਾਂਤਕਾਰਾਂ ਅਤੇ ਪ੍ਰਚਾਰਕਾਂ ਨੂੰ ਬਹੁਤ ਘੱਟ ਤਕਲੀਫ਼ ਪੁਚਾਈ। ਪਰ ਮੌਕਾਪ੍ਰਸਤੀ ਦੇ ਹੌਲੀ ਹੌਲੀ ਵਧਣ ਦੇ ਜਿਸ ਕਾਰਨ ਦੂਜੀ ਇੰਟਰਨੈਸ਼ਨਲ 1914 ਵਿੱਚ ਢਹਿ–ਢੇਰੀ ਹੋ ਗਈ, ਉਹਦੇ ਅਮਲ ਦੀ ਸਭ ਤੋਂ ਵੱਧ ਲਖਣਾਇਕ ਗੱਲ ਇਹ ਹੈ ਕਿ ਜਦੋਂ ਇਹ ਸਵਾਲ ਇਹਨਾਂ ਲੋਕਾਂ ਦੇ ਐਨ ਸਾਹਮਣੇ ਆ ਖੜਾ ਹੋਇਆ ਤਾਂ ਉਹਨਾਂ ਇਸ ਤੋਂ **ਕੰਨੀ ਕਤਰਾਉਣ ਦਾ** ਯਤਨ ਕੀਤਾ ਜਾਂ ਇਹਨੂੰ ਵੇਖਣੋਂ ਅਸਮਰੱਥ ਰਹੇ।

ਆਮ ਤੌਰ ’ਤੇ ਇਹ ਕਿਹਾ ਜਾ ਸਕਦਾ ਹੈ ਕਿ ਪ੍ਰੋਲੇਤਾਰੀ ਇਨਕਲਾਬ ਦੇ ਰਾਜ ਨਾਲ਼ ਸਬੰਧ ਤੋਂ **ਕੰਨੀ ਕਤਰਾਉਣ** —ਇੱਕ ਅਜਿਹਾ ਕੰਨੀ ਕਤਰਾਉਣਾ ਜਿਹੜਾ ਮੌਕਾਪ੍ਰਸਤੀ ਲਈ ਲਾਹੇਵੰਦਾ ਸੀ ਅਤੇ ਜਿਸਨੇ ਮੌਕਾਪ੍ਰਸਤੀ ਨੂੰ ਵਧਾਇਆ— ਦਾ ਸਿੱਟਾ ਮਾਰਕਸਵਾਦ ਨੂੰ **ਤੋੜਨ-ਮਰੋੜਨ** ਅਤੇ ਇਹਦੇ ਪੂਰਨ ਬਾਜ਼ਾਰੀਕਰਨ ਵਿੱਚ ਨਿਕਲਿਆ।

ਇਸ ਅਤਿ ਸੋਗੀ ਅਮਲ ਦਾ ਲਛਣੀਕਰਨ ਕਰਨ ਲਈ, ਭਾਵੇਂ ਸੰਖੇਪ ਤੌਰ ’ਤੇ ਹੀ ਅਜਿਹਾ ਕਰਨ ਲਈ — ਅਸੀਂ ਮਾਰਕਸਵਾਦ ਦੇ ਸਭ ਤੋਂ ਉੱਘੇ ਸਿਧਾਂਤਕਾਰਾਂ ਪਲੈਖ਼ਾਨੋਵ ਅਤੇ ਕਾਊਟਸਕੀ ਨੂੰ ਲਵਾਂਗੇ।

## 1. ਅਰਾਜਕਤਾਵਾਦੀਆਂ ਨਾਲ਼ ਪਲੈਖ਼ਾਨੋਵ ਦਾ ਵਿਵਾਦ

ਪਲੈਖ਼ਾਨੋਵ ਨੇ ਅਰਾਜਕਤਾਵਾਦ ਅਤੇ ਸੋਸ਼ਲਿਜ਼ਮ ਵਿਚਕਾਰ ਸਬੰਧਾਂ ਸਬੰਧੀ ‘ਅਰਾਜਕਤਾਵਾਦ ਅਤੇ ਸੋਸ਼ਲਿਜ਼ਮ’ ਦੇ ਸਿਰਲੇਖ ਹੇਠ ਇੱਕ ਵਿਸੇਸ਼ ਪੈਂਫ਼ਲਟ ਲਿਖਿਆ ਜਿਹੜਾ 1894 ਵਿੱਚ ਜਰਮਨ ਭਾਸ਼ਾ ਵਿੱਚ ਛਪਿਆ।

ਇਸੇ ਵਿਸ਼ੇ ਨੂੰ ਹੱਥ ਲੈਂਦੇ ਸਮੇਂ ਪਲੈਖ਼ਾਨੋਵ ਅਰਜਾਕਤਾਵਾਦ ਵਿਰੁੱਧ ਸਭ ਤੋਂ ਫ਼ੌਰੀ ਮਾਮਲੇ ਅਤੇ ਰਾਜਸੀ ਤੌਰ ’ਤੇ ਸਭ ਤੋਂ ਮਹੱਤਵਪੂਰਨ ਮਸਲੇ ਨੂੰ, ਅਰਥਾਤ, ਇਨਕਲਾਬ ਅਤੇ ਰਾਜ ਵਿਚਕਾਰ ਸਬੰਧ ਨੂੰ, ਆਮ ਤੌਰ ’ਤੇ ਰਾਜ ਦੇ ਸਵਾਲ ਨੂੰ ਅੱਖੋਂ ਉਹਲੇ ਕਰ ਦੇਂਦਾ ਹੈ! ਉਹਦੇ ਪੈਂਫ਼ਲਟ ਦੇ ਦੋ ਹਿੱਸੇ ਉੱਭਰ ਕੇ ਸਾਹਮਣੇ ਆਉਂਦੇ ਹਨ : ਉਨ੍ਹਾਂ ਵਿੱਚੋਂ ਇੱਕ ਇਤਿਹਾਸਕ ਅਤੇ ਸਾਹਿਤਕ ਹੈ ਅਤੇ ਇਸ ਵਿੱਚ ਸ਼ਟਿਰਨੇਰ, ਪਰੂਦੋਂ ਅਤੇ ਹੋਰਨਾਂ ਦੇ ਵਿਚਾਰਾਂ ਸਬੰਧੀ ਵੱਡਮੁਲੀ ਸਮੱਗਰੀ ਹੈ; ਦੂਜਾ ਤੰਗ–ਨਜ਼ਰ ਹੈ ਅਤੇ ਇਸ ਵਿੱਚ ਇਸ ਸਬੰਧੀ ਭੱਦਾ

ਵਿਖਿਆਨ ਹੈ ਕਿ ਇੱਕ ਅਰਾਜਕਤਾਵਾਦੀ ਨੂੰ ਇੱਕ ਡਾਕੂ ਤੋਂ ਵੱਖ ਨਹੀਂ ਕੀਤਾ ਜਾ ਸਕਦਾ।

ਵਿਸ਼ਿਆਂ ਦਾ ਅਤਿ ਲੁਭਾਉਣਾ ਅਤੇ ਅਜਿਹਾ ਮੇਲ ਅਤੇ ਇਹ ਰੂਸ ਵਿੱਚ ਇਨਕਲਾਬ ਤੋਂ ਐਨ ਪਹਿਲਾਂ ਅਤੇ ਇਨਕਲਾਬੀ ਸਮਿਆਂ ਵਿੱਚ ਪਲੈਖ਼ਾਨੋਵ ਦੀ ਸਾਰੀ ਸਰਗਰਮੀ ਦਾ ਅਤਿ-ਅੰਤ ਲਖਣਾਇਕ ਹੈ। ਨਿਰਸੰਦੇਹ 1905 ਤੋਂ 1917 ਦੇ ਵਰ੍ਹਿਆਂ ਵਿੱਚ ਪਲੈਖ਼ਾਨੋਵ ਨੇ ਆਪਣੇ ਆਪ ਨੂੰ ਅਰਧ-ਮਸਲੇਬਾਜ਼ ਅਤੇ ਅਰਧ-ਤੰਗ-ਨਜ਼ਰ ਪ੍ਰਗਟ ਕੀਤਾ ਜਿਹੜਾ ਰਾਜਨੀਤੀ ਵਿੱਚ ਬੁਰਜੂਆਜ਼ੀ ਦੇ ਪੂਰਨਿਆਂ ਉੱਤੇ ਚੱਲਦਾ ਹੈ।

ਅਸੀਂ ਵੇਖਿਆ ਹੈ ਕਿ ਅਰਾਜਕਤਾਵਾਦੀਆਂ ਨਾਲ਼ ਆਪਣੇ ਵਿਵਾਦ ਵਿੱਚ ਮਾਰਕਸ ਅਤੇ ਏਂਗਲਜ਼ ਨੇ ਇਨਕਲਾਬ ਅਤੇ ਰਾਜ ਦੇ ਆਪਸੀ ਸਬੰਧਾਂ ਸਬੰਧੀ ਆਪਣੇ ਵਿਚਾਰ ਅਤਿ-ਅੰਤ ਪੂਰਨਤਾ ਨਾਲ਼ ਪੇਸ਼ ਕੀਤੇ। 1891 ਵਿੱਚ ਮਾਰਕਸ ਦੇ 'ਗੋਥਾ ਪ੍ਰੋਗਰਾਮ ਦੀ ਪੜਚੋਲ' ਦੇ ਮੁੱਖ-ਬੰਧ ਵਿੱਚ ਏਂਗਲਜ਼ ਨੇ ਲਿਖਿਆ ਕਿ "ਅਸੀਂ" —ਅਰਥਾਤ ਏਂਗਲਜ਼ ਅਤੇ ਮਾਰਕਸ— "ਉਸ ਸਮੇਂ, ਇੰਟਰਨੈਸ਼ਨਲ ਦੀ ਹੇਗ (ਪਹਿਲੀ)[41] ਕਾਂਗਰਸ ਤੋਂ ਦੋ ਵਰ੍ਹੇ ਤੋਂ [42] ਵੀ ਘੱਟ ਸਮਾਂ ਪਿੱਛੋਂ ਬਾਕੂਨਿਨ ਅਤੇ ਉਹਦੇ ਅਰਾਜਕਤਾਵਾਦੀਆਂ ਵਿਰੁੱਧ ਅਤਿ-ਅੰਤ ਤੀਖਣ ਘੋਲ਼ ਵਿੱਚ ਰੁੱਝੇ ਹੋਏ ਸਾਂ।"

ਅਰਾਜਕਤਾਵਾਦੀਆਂ ਨੇ ਪੈਰਿਸ ਕਮਿਊਨ ਦੇ ਉਹਨਾਂ ਦੀ "ਆਪਣੀ" ਹੋਣ ਦਾ ਦਾਅਵਾ ਕਰਨ ਦਾ ਯਤਨ ਕੀਤਾ, ਕਿਹਾ ਜਾ ਸਕਦਾ ਹੈ ਕਿ ਆਪਣੇ ਸਿਧਾਂਤ ਦੀ ਪੁਸ਼ਟੀ ਹੋਣ ਦਾ ਦਾਅਵਾ ਕੀਤਾ; ਅਤੇ ਉਹ ਇਹਦੇ ਸਬਕ ਅਤੇ ਮਾਰਕਸ ਵੱਲੋਂ ਇਹਦੇ ਸਬਕਾਂ ਦੇ ਵਿਸ਼ਲੇਸ਼ਣ ਨੂੰ ਸਮਝਣੋਂ ਉੱਕਾ ਹੀ ਅਸਮਰੱਥ ਰਹੇ। ਅਰਾਜਕਤਾਵਾਦ ਠੋਸ ਰਾਜਸੀ ਮਸਲੇ ਦੇ ਸੱਚੇ ਹੱਲ ਦੇ ਨੇੜੇ ਅੱਪੜਦੀ ਕੋਈ ਗੱਲ ਵੀ ਦੱਸਣੋਂ ਅਸਮਰੱਥ ਰਿਹਾ ਹੈ, ਅਰਥਾਤ, ਕੀ ਇਹ ਲਾਜ਼ਮੀ ਹੈ ਕਿ ਰਾਜ ਦੀ ਪੁਰਾਣੀ ਬਣਤਰ ਨੂੰ **ਤੋੜ-ਫੋੜ** ਦਿੱਤਾ ਜਾਵੇ ? ਅਤੇ ਇਹਦੀ ਥਾਂ **ਕੀ** ਲਵੇ ?

ਪਰ ਰਾਜ ਦੇ ਸਵਾਲ ਨੂੰ ਅੱਖੋਂ ਉੱਕਾ ਹੀ ਉਹਲੇ ਕਰਦੇ ਹੋਏ ਅਤੇ ਕਮਿਊਨ ਤੋਂ ਪਹਿਲੋਂ ਅਤੇ ਪਿੱਛੋਂ ਮਾਰਕਸਵਾਦ ਦੇ ਸਾਰੇ ਵਿਕਾਸ ਨੂੰ **ਮੁੱਖ ਰੱਖਣੋਂ ਅਸਮਰੱਥ ਰਹਿੰਦੇ ਹੋਏ** "ਅਰਾਜਕਤਾਵਾਦ ਅਤੇ ਸੋਸ਼ਲਿਜ਼ਮ" ਦੀ ਗੱਲ ਕਰਨਾ ਅਟੱਲ ਤੌਰ 'ਤੇ ਮੌਕਾਪ੍ਰਸਤੀ ਵੱਲ ਤਿਲਕ ਜਾਣਾ ਹੈ ਕਿਉਂਕਿ ਜਿਸ ਗੱਲ ਦੀ ਮੌਕਾਪ੍ਰਸਤੀ ਨੂੰ ਸਭ ਤੋਂ ਵੱਧ ਲੋੜ ਹੈ ਉਹ ਇਹ ਹੈ ਕਿ ਜਿਨ੍ਹਾਂ ਦੋ ਸਵਾਲਾਂ ਦਾ ਹੁਣੇ ਜ਼ਿਕਰ ਕੀਤਾ ਗਿਆ ਹੈ ਉਹ ਉੱਕਾ ਹੀ **ਨਾ** ਉਠਾਏ ਜਾਣ। ਇਹ **ਆਪਣੇ ਆਪ ਵਿੱਚ** ਮੌਕਾਪ੍ਰਸਤੀ ਲਈ ਇੱਕ ਜਿੱਤ ਹੈ।

## 2. ਮੌਕਾਪ੍ਰਸਤਾਂ ਨਾਲ਼ ਕਾਊਟਸਕੀ ਦਾ ਵਿਵਾਦ

ਨਿਰੰਸਦੇਹ ਹੋਰਨਾਂ ਭਾਸ਼ਾਵਾਂ ਨਾਲ਼ੋਂ ਰੂਸੀ ਵਿੱਚ ਕਾਊਟਸਕੀ ਦੀਆਂ ਕਿਰਤਾਂ ਦੀ ਅਤਿ-ਅੰਤ ਵਧੇਰੇ ਗਿਣਤੀ ਅਨੁਵਾਦੀ ਗਈ ਹੈ। ਇਹ ਅਕਾਰਣ ਹੀ ਨਹੀਂ ਕਿ ਕੁੱਝ ਜਰਮਨ ਸੋਸ਼ਲ-ਡੈਮੋਕ੍ਰੈਟ ਠੱਠੇ ਨਾਲ਼ ਕਹਿੰਦੇ ਹਨ ਕਿ ਕਾਊਟਸਕੀ ਜਰਮਨੀ ਨਾਲ਼ੋਂ ਰੂਸ

ਵਿੱਚ ਵਧੇਰੇ ਪੜ੍ਹਿਆਂ ਜਾਂਦਾ ਹੈ (ਲੱਗੇ ਹੱਥ ਅਸੀਂ ਇਹ ਵੀ ਕਹਿ ਦਈਏ ਕਿ ਇਸ ਠੱਠੇ ਵਿੱਚ ਉਸ ਤੋਂ ਕਿਤੇ ਡੂੰਘੇਰੀ ਇਤਿਹਾਸਕ ਮਹੱਤਤਾ ਹੈ ਜਿੰਨੀ ਇਹਨੂੰ ਕਰਨ ਵਾਲ਼ਿਆਂ ਪਹਿਲੇ ਪਹਿਲ ਸਮਝੀ : 1905 ਵਿੱਚ ਸੰਸਾਰ ਦੇ ਸਰਵਉੱਤਮ ਸੋਸ਼ਲ-ਡੈਮੋਕਰੈਟਿਕ ਸਾਹਿਤ ਦੀਆਂ ਸਰਵਉੱਤਮ ਕਿਰਤਾਂ ਲਈ ਅਸਾਧਾਰਨ ਵੱਡੀ ਅਤੇ ਬੇਮਿਸਾਲ ਮੰਗ ਕਰਕੇ ਅਤੇ ਇਹਨਾਂ ਕਿਰਤਾਂ ਦੇ ਅਨੁਵਾਦ ਅਤੇ ਛਾਪਾਂ ਅਜਿਹੀਆਂ ਮਾਤਰਾਵਾਂ ਵਿੱਚ ਪ੍ਰਾਪਤ ਕਰਕੇ ਜਿਹੜੀਆਂ ਹੋਰਨਾਂ ਦੇਸ਼ਾਂ ਵਿੱਚ ਅਣਸੁਣੀਆਂ ਸਨ, ਰੂਸੀ ਮਜ਼ਦੂਰਾਂ ਨੇ, ਇਹ ਕਿਹਾ ਜਾ ਸਕਦਾ ਹੈ, ਇੱਕ ਗਵਾਂਢੀ ਵਧੇਰੇ ਉਨੱਤ ਦੇਸ਼ ਦੇ ਤਜਰਬੇ ਦੀ ਸਾਡੀ ਪ੍ਰੋਲਤਾਰੀ ਲਹਿਰ ਦੀ ਸੱਜਰੀ ਭੋਂ ਵਿੱਚ ਉਥਾਪਨਾ ਕੀਤੀ)।

ਮਾਰਕਸਵਾਦ ਨੂੰ ਹਰਮਨ-ਪਿਆਰਾ ਬਣਾਉਣ ਤੋਂ ਬਿਨਾਂ ਕਾਊਟਸਕੀ ਸਾਡੇ ਦੇਸ਼ ਵਿੱਚ ਮੌਕਾਪ੍ਰਸਤਾਂ ਨਾਲ਼, ਜਿਨ੍ਹਾਂ ਵਿੱਚ ਬਰਨਸਟਾਈਨ ਸਭ ਤੋਂ ਮੂਹਰੇ ਸੀ, ਆਪਣੇ ਵਿਵਾਦ ਲਈ ਪ੍ਰਸਿੱਧ ਹੈ। ਪਰ ਇੱਕ ਤੱਥ ਲਗ ਭਗ ਅਣਜਾਣਿਆ ਹੈ, ਇੱਕ ਅਜਿਹਾ ਤੱਥ ਜਿਸਨੂੰ ਉਸ ਹਾਲਤ ਵਿੱਚ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਜੇ ਅਸੀਂ ਆਪਣੇ ਸਾਹਮਣੇ ਇਹ ਖੋਜ ਕਰਨ ਦਾ ਕੰਮ ਰੱਖੀਏ ਕਿ 1914-15 ਦੇ ਸਰਵਉੱਚੇ ਸੰਕਟ ਸਮੇਂ ਕਾਊਟਸਕੀ ਅਣਮੰਨਵੀਂ ਹੱਦ ਤੱਕ ਨੀਚ ਰੋਲ-ਘਚੋਲੇ ਅਤੇ ਸਮਾਜੀ-ਸ਼ਾਵਾਨਵਾਦ ਦੀ ਹਮਾਇਤ ਵਿੱਚ ਕਿਵੇਂ ਤਿਲਕ ਗਿਆ। ਤੱਥ ਹੇਠ ਲਿਖੇ ਅਨੁਸਾਰ ਹੈ : ਫ਼ਰਾਂਸ ਵਿੱਚ ਮੌਕਾਪ੍ਰਸਤੀ ਦੇ ਸਭ ਤੋਂ ਉੱਘੇ ਪ੍ਰਤਿਨਿਧਾਂ (ਮਿਲੇਰਾਂਦ ਅਤੇ ਜੋਰੇਸ) ਵਿਰੁੱਧ ਅਤੇ ਜਰਮਨੀ ਵਿੱਚ (ਬਰਨਸਟਾਈਨ) ਵਿਰੁੱਧ ਨਿਤਰਨ ਤੋਂ ਪਹਿਲਾਂ ਕਾਊਟਸਕੀ ਨੇ ਚੋਖੀ ਦੁਚਿੱਤੀ ਵਿਖਾਈ। ਮਾਰਕਸਵਾਦੀ ਰਸਾਲਾ "ਜ਼ਾਰੀਆ"[43], ਜਿਹੜਾ 1901-02 ਵਿੱਚ ਸਟੁਟਗਾਰਟ ਤੋਂ ਛਪਦਾ ਰਿਹਾ, ਅਤੇ ਜਿਹੜਾ ਇਨਕਲਾਬੀ ਪ੍ਰੋਲਤਾਰੀ ਵਿਚਾਰ ਪੇਸ਼ ਕਰਦਾ ਸੀ, ਇਸ ਗੱਲ ਉੱਤੇ ਮਜਬੂਰ ਹੋਇਆ ਕਿ ਉਹ ਕਾਊਟਸਕੀ ਨਾਲ਼ ਵਿਵਾਦ **ਵਿੱਚ ਪਵੇ**, 1900 ਵਿੱਚ ਪੈਰਿਸ ਵਿਖੇ ਕੌਮਾਂਤਰੀ ਸੋਸ਼ਲਿਸਟ ਕਾਂਗਰਸ ਵਿੱਚ[44] ਕਾਊਟਸਕੀ ਵੱਲੋਂ ਪੇਸ਼ ਕੀਤੇ ਬੇਦਿਲੇ, ਘੁਸਾਊ ਮਤੇ ਨੂੰ, ਜਿਹੜਾ ਮੌਕਾਪ੍ਰਸਤਾਂ ਵੱਲ ਸਮਝੌਤੇ ਵਾਲ਼ਾ ਸੀ, "ਲਿਚਕਵਾਂ" ਕਹਿਣ 'ਤੇ ਮਜਬੂਰ ਹੋਇਆ। ਜਰਮਨੀ ਵਿੱਚ ਕਾਊਟਸਕੀ ਦੇ ਜਿਹੜੇ ਖ਼ਤ ਛਪੇ ਹਨ ਉਹ ਉਹਦੇ ਬਰਨਸਟਾਈਨ ਵਿਰੁੱਧ ਨਿਤਰਨ ਤੋਂ ਪਹਿਲਾਂ ਕੋਈ ਘੱਟ ਦੁਚਿੱਤੀ ਪ੍ਰਗਟ ਨਹੀਂ ਕਰਦੇ।

ਪਰ ਇਸ ਤੋਂ ਕਿਤੇ ਅਤਿ-ਅੰਤ ਮਹੱਤਤਾ ਵਾਲ਼ਾ ਤੱਥ ਇਹ ਹੈ ਕਿ ਐਨ ਮੌਕਾਪ੍ਰਸਤਾਂ ਵਿਰੁੱਧ ਆਪਣੇ ਵਿਵਾਦ ਵਿੱਚ ਹੀ, ਉਹਦੇ ਸਵਾਲ ਨੂੰ ਸੂਤਰਤ ਕਰਨ ਅਤੇ ਉਹਦਾ ਹੱਲ ਕਰਨ ਦੇ ਢੰਗ ਵਿੱਚ ਹੀ, ਅਸੀਂ ਹੁਣ, ਮਾਰਕਸਵਾਦ ਨਾਲ਼ ਕਾਊਟਸਕੀ ਦੇ ਅਤਿ-ਅੰਤ ਨਵੀਨ ਧਰੋਹ ਦੇ **ਇਤਿਹਾਸ** ਦੀ ਪਰਖ ਕਰਦੇ ਹੋਏ, ਉਹਦਾ ਐਨ ਰਾਜ ਦੇ ਸਵਾਲ ਉੱਤੇ ਮੌਕਾਪ੍ਰਸਤੀ ਵੱਲ ਬਾਕਾਇਦਾ ਖਿੱਚੇ ਜਾਣਾ ਵੇਖ ਸਕਦੇ ਹਾਂ।

ਆਓ ਅਸੀਂ ਮੌਕਾਪ੍ਰਸਤੀ ਵਿਰੁੱਧ ਕਾਊਟਸਕੀ ਦੀ ਪਹਿਲੀ ਮਹੱਤਵ-ਪੂਰਨ ਕਿਰਤ "ਬਰਨਸਟਾਈਨ ਅਤੇ ਸੋਸ਼ਲ-ਡੈਮੋਕਰੈਟਿਕ ਪ੍ਰੋਗਰਾਮ" ਲਈਏ। ਕਾਊਟਸਕੀ ਵਿਸਥਾਰ ਨਾਲ਼ ਬਰਨਸਟਾਈਨ ਨੂੰ ਰੱਦ ਕਰਦਾ ਹੈ, ਪਰ ਇਹ ਇੱਕ ਲਖਣਾਇਕ ਗੱਲ ਹੈ।

ਆਪਣੇ "ਸੋਸ਼ਲਿਜ਼ਮ ਦੀਆਂ ਪੂਰਵ ਲੋੜਾਂ" ਵਿੱਚ, ਜਿਸਨੂੰ ਹਿਰੋਸਟਰਾਟੀ ਪ੍ਰਸਿੱਧੀ ਪ੍ਰਾਪਤ ਹੋਈ ਹੈ, ਬਰਨਸਟਾਈਨ ਮਾਰਕਸਵਾਦ ਉੱਤੇ "ਬਲਾਂਕੀਵਾਦ" ਦਾ ਦੋਸ਼ ਲਾਉਂਦਾ ਹੈ (ਇਹ ਇੱਕ ਅਜਿਹਾ ਦੋਸ਼ ਹੈ ਜਿਹੜਾ ਰੂਸ ਵਿੱਚ ਮੌਕਾਪ੍ਰਸਤਾਂ ਅਤੇ ਉਦਾਰ-ਪੰਥੀ ਬੁਰਜੂਆਜ਼ੀ ਨੇ ਇਨਕਲਾਬੀ ਮਾਰਕਸਵਾਦ ਦੇ ਪ੍ਰਤਿਨਿਧਾਂ, ਬਾਲਸ਼ਵਿਕਾਂ ਵਿਰੁੱਧ ਹਜ਼ਾਰਾਂ ਵਾਰ ਦੁਹਰਾਇਆ ਹੈ)। ਇਸ ਸਬੰਧ ਵਿੱਚ ਬਰਨਸਟਾਈਨ ਵਿਸੇਸ਼ ਤੌਰ 'ਤੇ ਵਿਸਥਾਰ ਨਾਲ਼ ਮਾਰਕਸ ਦੀ ਰਚਨਾ 'ਫ਼ਰਾਂਸ ਵਿੱਚ ਖ਼ਾਨਾ-ਜੰਗੀ' ਦਾ ਜ਼ਿਕਰ ਕਰਦਾ ਹੈ ਅਤੇ ਜਿਹਾ ਕਿ ਅਸੀਂ ਵੇਖਿਆ ਹੈ, ਉੱਕਾ ਹੀ ਅਸਫ਼ਲ ਢੰਗ ਨਾਲ਼ ਕਮਿਊਨ ਦੇ ਸਬਕਾਂ ਸਬੰਧੀ ਮਾਰਕਸ ਦੇ ਵਿਚਾਰਾਂ ਨੂੰ ਪਰੂਦੋਂ ਦੇ ਵਿਚਾਰਾਂ ਨਾਲ਼ ਸਗਵਾਂ ਸਾਬਤ ਕਰਨ ਦਾ ਯਤਨ ਕਰਦਾ ਹੈ। ਬਰਨਸਟਾਈਨ ਉਸ ਸਿੱਟੇ ਵੱਲ ਵਿਸ਼ੇਸ਼ ਧਿਆਨ ਦੇਂਦਾ ਹੈ ਜਿਸ ਉੱਤੇ ਮਾਰਕਸ ਆਪਣੇ 'ਕਮਿਊਨਿਸਟ ਮੈਨੀਫੈਸਟੋ' ਦੇ 1872 ਦੇ ਮੁੱਖ-ਬੰਧ ਵਿੱਚ ਜ਼ੋਰ ਦਿੱਤਾ,ਅਰਥਾਤ, ਇਹ ਕਿ "ਮਜ਼ਦੂਰ ਜਮਾਤ ਬਸ ਰਾਜ ਦੀ ਬਣੀ-ਬਣਾਈ ਬਣਤਰ ਉੱਤੇ ਕਬਜ਼ਾ ਕਰਕੇ ਇਹਨੂੰ ਆਪਣੇ ਮੰਤਵਾਂ ਲਈ ਨਹੀਂ ਵਰਤ ਸਕਦੀ"।

ਇਸ ਬੋਲ ਨੇ ਬਰਨਸਟਾਈਨ ਨੂੰ ਏਨਾ "ਖ਼ੁਸ਼ ਕੀਤਾ" ਕਿ ਉਹਨੇ ਆਪਣੀ ਪੁਸਤਕ ਵਿੱਚ ਇਹਨੂੰ —ਇਹਦੇ ਅਤਿ-ਅੰਤ ਵਿਗਾੜੇ, ਮੌਕਾਪ੍ਰਸਤ ਅਰਥਾਂ ਵਿੱਚ ਵਿਆਖਿਆ ਕਰਦੇ ਹੋਏ— ਘੱਟੋ ਘੱਟ ਤਿੰਨ ਵਾਰ ਦੁਹਰਾਇਆ।

ਜਿਹਾ ਕਿ ਅਸੀਂ ਵੇਖਿਆ ਹੈ ਮਾਰਕਸ ਦੇ ਅਰਥ ਸਨ ਕਿ ਮਜ਼ਦੂਰ ਜਮਾਤ ਲਈ ਸਮੁੱਚੀ ਰਾਜਕੀ ਬਣਤਰ ਨੂੰ **ਤਬਾਹ ਕਰਨਾ, ਤੋੜਨਾ, ਟੋਟੇ ਕਰਨਾ** ਲਾਜ਼ਮੀ ਹੈ (Sprengung — ਵਿਸਫੋਟ, ਉਹ ਸ਼ਬਦ ਸੀ ਜਿਹੜਾ ਏਂਗਲਜ਼ ਨੇ ਵਰਤਿਆ)। ਪਰ ਬਰਨਸਟਾਈਨ ਅਨੁਸਾਰ ਇਉਂ ਜਾਪਦਾ ਹੈ ਜਿਵੇਂ ਮਾਰਕਸ ਨੇ ਮਜ਼ਦੂਰ ਜਮਾਤ ਨੂੰ ਸੱਤਾ ਉੱਤੇ ਕਬਜ਼ਾ ਕਰਦੇ ਹੋਏ ਹੱਦੋਂ ਵੱਧ ਇਨਕਲਾਬੀ ਜੋਸ਼ ਵਿਖਾਉਣ **ਵਿਰੁੱਧ** ਚਿਤਾਵਨੀ ਦਿੱਤੀ ਸੀ।

ਮਾਰਕਸ ਦੇ ਵਿਚਾਰਾਂ ਦੇ ਵਧੇਰੇ ਭੱਦੇ ਅਤੇ ਵਧੇਰੇ ਕੌੜੇ ਵਿਗਾੜ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਤਾਂ ਫੇਰ ਕਾਊਟਸਕੀ ਨੇ ਬਰਨਸਟਾਈਨਵਾਦ ਨੂੰ[45] ਅਤਿ-ਅੰਤ ਵਿਸਥਾਰ ਨਾਲ਼ ਰੱਦ ਕਰਦੇ ਹੋਏ ਕੀ ਕੀਤਾ ?

ਉਹਨੇ ਇਸ ਨੁਕਤੇ ਉੱਤੇ ਮਾਰਕਸਵਾਦ ਦੇ ਇਸ ਨਰੋਲ ਵਿਗਾੜ ਦਾ ਵਿਸ਼ਲੇਸ਼ਣ ਕਰਨੋਂ ਸੰਕੋਚ ਕੀਤਾ। ਉਹਨੇ ਮਾਰਕਸ ਦੀ 'ਖ਼ਾਨਾ-ਜੰਗ' ਦੇ ਏਂਗਲਜ਼ ਦੀ ਭੂਮਿਕਾ ਵਿੱਚੋਂ ਉੱਪਰ ਦਿੱਤੀ ਟੂਕ ਪੇਸ਼ ਕੀਤੀ ਅਤੇ ਕਿਹਾ ਕਿ ਮਾਰਕਸ ਅਨੁਸਾਰ ਮਜ਼ਦੂਰ ਜਮਾਤ ਰਾਜ ਦੀ **ਬਣੀ-ਬਣਾਈ** ਬਣਤਰ ਉੱਤੇ **ਬਸ** ਕਬਜ਼ਾ ਨਹੀਂ ਕਰ ਸਕਦੀ, ਪਰ ਇਹ ਕਿ ਆਮ ਤੌਰ 'ਤੇ ਗੱਲ ਕਰਦਿਆਂ —ਇਹ ਇਸ ਉੱਤੇ ਕਬਜ਼ਾ **ਕਰ ਸਕਦੀ** ਹੈ— ਅਤੇ ਬਸ ਏਨਾ ਹੀ। ਕਾਊਟਸਕੀ ਇਸ ਬਾਰੇ ਕਿ ਬਰਨਸਟਾਈਨ ਮਾਰਕਸ ਦੇ ਸਿਰ ਮਾਰਕਸ ਦੇ ਅਸਲੀ ਵਿਚਾਰਾਂ ਦਾ **ਐਨ ਉਲਟ** ਮੜ੍ਹਦਾ ਹੈ, ਇਸ ਬਾਰੇ ਕਿ 1852 ਤੋਂ ਮਾਰਕਸ ਨੇ ਪ੍ਰੋਲਤਾਰੀ ਇਨਕਲਾਬ ਦਾ ਕਾਰਜ ਰਾਜਕੀ ਬਣਤਰ ਨੂੰ[46] "ਤਬਾਹ ਕਰਨਾ" ਸੂਤਰਬੱਧ ਕੀਤਾ ਹੈ, ਇੱਕ ਸ਼ਬਦ ਵੀ

ਨਹੀਂ ਕਹਿੰਦਾ।

ਸਿੱਟਾ ਇਹ ਨਿਕਲਿਆ ਕਿ ਕਾਊਟਸਕੀ ਨੇ ਪ੍ਰੋਲਤਾਰੀ ਇਨਕਲਾਬ ਦੇ ਕਾਰਜਾਂ ਸਬੰਧੀ ਮਾਰਕਸਵਾਦ ਅਤੇ ਮੌਕਾ-ਪ੍ਰਸਤੀ ਵਿਚਕਾਰ ਸਭ ਤੋਂ ਵੱਧ ਜ਼ਰੂਰੀ ਵਿਰੋਧ ਉੱਤੇ ਪਰਦਾ ਪਾ ਦਿੱਤਾ!

> "ਅਸੀਂ ਪ੍ਰੋਲਤਾਰੀ ਦੀ ਤਾਨਾਸ਼ਾਹੀ ਦੇ ਮਸਲੇ ਦੇ ਹੱਲ ਨੂੰ ਸੌਖੇ ਹੀ ਭਵਿੱਖ ਲਈ ਛੱਡ ਸਕਦੇ ਹਾਂ", ਕਾਊਟਸਕੀ ਨੇ ਬਰਨਸਟਾਈਨ "**ਵਿਰੁੱਧ**" ਲਿਖਦੇ ਹੋਏ ਕਿਹਾ। (ਪੰਨਾ 172, ਜਰਮਨ ਛਾਪ)

ਇਹ ਬਰਨਸਟਾਈਨ **ਵਿਰੁੱਧ** ਵਿਵਾਦ ਨਹੀਂ, ਸਗੋਂ ਉਹਨੂੰ ਇੱਕ **ਰਿਆਇਤ** ਹੈ, ਮੌਕਾਪ੍ਰਸਤੀ ਅੱਗੇ ਗੋਡੇ ਟੇਕਣਾ ਹੈ; ਕਿਉਂਕਿ ਅੱਜ ਮੌਕਾਪ੍ਰਸਤ ਇਸ ਤੋਂ ਵੱਧ ਕੁੱਝ ਨਹੀਂ ਮੰਗਦੇ ਕਿ ਪ੍ਰੋਲੇਤਾਰੀ ਇਨਕਲਾਬ ਦੇ ਸਭੇ ਬੁਨਿਆਦੀ ਮਸਲੇ "ਸੌਖੇ ਹੀ ਭਵਿੱਖ" ਲਈ ਛੱਡ ਦਿੱਤੇ ਜਾਣ।

1852 ਤੋਂ 1891 ਤੱਕ, ਚਾਲ੍ਹੀ ਵਰ੍ਹੇ, ਮਾਰਕਸ ਅਤੇ ਏਂਗਲਜ਼ ਨੇ ਪ੍ਰੋਲੇਤਾਰੀ ਨੂੰ ਸਿੱਖਿਆ ਦਿੱਤੀ ਕਿ ਉਹਦੇ ਲਈ ਰਾਜ ਦੀ ਬਣਤਰ ਨੂੰ ਤਬਾਹ ਕਰਨਾ ਲਾਜ਼ਮੀ ਹੈ। ਪਰ 1899 ਵਿੱਚ, ਜਦੋਂ ਉਹਦਾ ਸਾਹਮਣਾ ਮੌਕਾਪ੍ਰਸਤਾਂ ਵੱਲੋਂ ਇਸ ਨੁਕਤੇ ਉੱਤੇ ਮੁਕੰਮਲ ਵਿਸਾਹ-ਘਾਤ ਨਾਲ਼ ਹੋਇਆ ਤਾਂ ਕਾਊਟਸਕੀ ਨੇ ਧੋਖੇਬਾਜ਼ੀ ਨਾਲ਼ ਇਸ ਸਵਾਲ ਦੀ ਕਿ ਇਸ ਬਣਤਰ ਨੂੰ ਤਬਾਹ ਕਰਨਾ ਲਾਜ਼ਮੀ ਹੈ ਦੀ ਥਾਂ ਉਹਨਾਂ ਠੋਸ ਰੂਪਾਂ ਨੂੰ **ਦੇ ਦਿੱਤੀ** ਜਿਨ੍ਹਾਂ ਵਿੱਚ ਇਹਨੂੰ ਤਬਾਹ ਕੀਤਾ ਜਾ ਸਕਦਾ ਹੈ ਅਤੇ ਫੇਰ ਇਸ "ਅਵਿਵਾਦੀ" (ਅਤੇ ਬਾਂਝ) ਤੰਗ-ਨਜ਼ਰ ਸੱਚ ਪਿੱਛੇ ਲੁਕ ਗਿਆ ਕਿ ਠੋਸ ਰੂਪ ਅਗਾਊਂ ਨਹੀਂ ਜਾਣੇ ਜਾ ਸਕਦੇ!!

ਜਿਥੋਂ ਤੱਕ ਪ੍ਰੋਲੇਤਾਰੀ ਪਾਰਟੀ ਦੇ ਮਜ਼ਦੂਰ ਜਮਾਤ ਨੂੰ ਇਨਕਲਾਬ ਲਈ ਤਿਆਰ ਕਰਨ ਦੇ ਕੰਮ ਵੱਲ ਉਹਨਾਂ ਦੇ ਵਤੀਰੇ ਦਾ ਸਬੰਧ ਹੈ ਮਾਰਕਸ ਅਤੇ ਕਾਊਟਸਕੀ ਨੂੰ ਇੱਕ ਬਹੁਤ ਵੱਡਾ ਪਾੜ ਵੱਖ ਕਰਦਾ ਹੈ।

ਆਓ ਅਸੀਂ ਕਾਊਟਸਕੀ ਦੀ ਅਗਲੀ, ਵਧੇਰੇ ਪਰਪੱਕ ਕਿਰਤ ਲਈਏ। ਚੋਖੀ ਹੱਦ ਤੱਕ ਇਹ ਵੀ ਮੌਕਾਪ੍ਰਸਤ ਗਲਤੀਆਂ ਰੱਦ ਕਰਨ ਲਈ ਲਿਖੀ ਗਈ ਸੀ। ਇਹ ਉਹਦਾ ਪੈਂਫ਼ਲਟ "ਸਮਾਜਕ ਇਨਕਲਾਬ" ਹੈ। ਇਸ ਪੈਂਫ਼ਲਟ ਵਿੱਚ ਲੇਖਕ ਨੇ ਆਪਣੇ ਵਿਸ਼ੇਸ਼ ਵਿਸ਼ੇ ਵਜੋਂ "ਪ੍ਰੋਲਤਾਰੀ ਇਨਕਲਾਬ" ਅਤੇ "ਪ੍ਰੋਲਤਾਰੀ ਹਕੂਮਤ" ਦਾ ਸਵਾਲ ਚੁਣਿਆ। ਇਸ ਨਾਲ਼ ਨਿਬੜਦੇ ਹੋਏ ਉਹਨੇ ਬਹੁਤ ਕੁੱਝ ਦਿੱਤਾ ਜਿਹੜਾ ਅਤਿ-ਅੰਤ ਵਡ-ਮੁੱਲਾ ਸੀ ਪਰ ਜਿਥੋਂ ਤੱਕ ਰਾਜ ਦਾ ਸਬੰਧ ਹੈ ਉਹਨੇ ਇਸ ਤੋਂ **ਕੰਨੀ ਕਤਰਾਈ**। ਇਸ ਪੈਂਫ਼ਲਟ ਵਿੱਚ ਲੇਖਕ ਰਾਜ ਸ਼ਕਤੀ ਜਿੱਤਣ ਦਾ ਜ਼ਿਕਰ ਕਰਦਾ ਹੈ — ਅਤੇ ਇਸ ਤੋਂ ਵੱਧ ਨਹੀਂ; ਅਰਥਾਤ ਉਹ ਇੱਕ ਅਜਿਹਾ ਗੁਰ ਚੁਣਦਾ ਹੈ, ਜਿਹੜਾ ਮੌਕਾਪ੍ਰਸਤਾਂ ਨੂੰ ਇੱਕ ਰਿਆਇਤ ਦੇਂਦਾ ਹੈ, ਕਿਉਂਕਿ ਇਹ ਰਾਜ ਦੀ ਬਣਤਰ ਤਬਾਹ ਕੀਤੇ **ਬਿਨਾਂ** ਰਾਜ ਉੱਤੇ ਕਬਜ਼ੇ ਦੀ ਸੰਭਾਵਨਾ **ਪ੍ਰਵਾਨ ਕਰਦਾ ਹੈ**। ਐਨ ਉਸੇ ਗੱਲ ਨੂੰ ਜਿਸਨੂੰ ਮਾਰਕਸ ਨੇ 1872 ਵਿੱਚ, 'ਕਮਿਊਨਿਸਟ ਮੈਨੀਫ਼ੈਸਟੋ' ਦੇ ਪ੍ਰੋਗਰਾਮ ਵਿੱਚ[47] "ਸਮਾਂ ਵਿਹਾ ਚੁੱਕੀ" ਕਹਿ ਦਿੱਤਾ ਸੀ, 1902 ਵਿੱਚ

ਕਾਊਟਸਕੀ ਵੱਲੋਂ **ਸੁਰਜੀਤ ਕੀਤਾ ਜਾਂਦਾ ਹੈ।**

ਪੈਂਫ਼ਲਟ ਵਿੱਚ ਇੱਕ ਵਿਸ਼ੇਸ਼ ਪੈਰਾ "ਸੋਸ਼ਲਿਸਟ ਇਨਕਲਾਬ ਦੇ ਰੂਪਾਂ ਅਤੇ ਹਥਿਆਰਾਂ" ਨੂੰ ਸਮਰਪਤ ਹੈ। ਇਥੇ ਕਾਊਟਸਕੀ ਵਿਸ਼ਾਲ ਰਾਜਸੀ ਹੜਤਾਲ ਦੀ, ਖ਼ਾਨਾ-ਜੰਗੀ ਦੀ ਅਤੇ "ਅਜੋਕੇ ਵੱਡੇ ਰਾਜ ਦੀ ਸ਼ਕਤੀ ਦੇ ਸਾਧਨਾਂ, ਜਿਹਾ ਕਿ ਨੌਕਰਸ਼ਾਹੀ ਅਤੇ ਫੌਜ" ਦੀ ਗੱਲ ਕਰਦਾ ਹੈ ਪਰ ਕਮਿਊਨ ਨੇ ਮਜ਼ਦੂਰਾਂ ਨੂੰ ਪਹਿਲਾਂ ਹੀ ਜਿਹੜੇ ਸਬਕ ਸਿਖਾ ਦਿੱਤੇ ਸਨ, ਉਹਨਾਂ ਸਬੰਧੀ ਉਹ ਇੱਕ ਸ਼ਬਦ ਵੀ ਨਹੀਂ ਕਹਿੰਦਾ। ਸਪਸ਼ਟ ਹੈ ਕਿ ਇਹ ਅਕਾਰਣ ਹੀ ਨਹੀਂ ਕਿ ਏਂਗਲਜ਼ ਨੇ ਰਾਜ ਲਈ "ਵਹਿਮੀ ਸਤਿਕਾਰ" ਸਬੰਧੀ ਚੇਤਾਵਨੀ ਦਿੱਤੀ ਸੀ, ਵਿਸ਼ੇਸ਼ ਤੌਰ 'ਤੇ ਜਰਮਨ ਸੋਸ਼ਲਿਸਟਾਂ ਨੂੰ।

ਕਾਊਟਸਕੀ ਮਾਮਲੇ ਨੂੰ ਇਉਂ ਹੱਥ ਵਿੱਚ ਲੈਂਦਾ ਹੈ : ਜੇਤੂ ਪ੍ਰੋਲਤਾਰੀ "ਜਮਹੂਰੀ ਪ੍ਰੋਗਰਾਮ ਨੂੰ ਪੂਰਾ ਕਰੇਗਾ" ਅਤੇ ਉਹ ਇਹਦੀਆਂ ਧਾਰਾਵਾਂ ਸੂਤਰਬੱਧ ਕਰਨਾ ਸ਼ੁਰੂ ਕਰ ਦੇਂਦਾ ਹੈ। ਪਰ 1871 ਦੇ ਵਰ੍ਹੇ ਨੇ ਬੁਰਜੂਆ ਜਮਹੂਰੀਅਤ ਦੀ ਪ੍ਰੋਲਤਾਰੀ ਜਮਹੂਰੀਅਤ ਵਿੱਚ ਤਬਦੀਲੀ ਸਬੰਧੀ ਜਿਹੜੀ ਸਮੱਗਰੀ ਦਿੱਤੀ ਹੈ ਉਹ ਉਸ ਬਾਰੇ ਇੱਕ ਸ਼ਬਦ ਵੀ ਨਹੀਂ ਕਹਿੰਦਾ। ਕਾਊਟਸਕੀ ਹੇਠ ਲਿਖੀ ਜਿਹੀਆਂ "ਠੋਸ" ਤੁੱਛਤਾਵਾਂ ਕਹਿ ਕੇ ਸਵਾਲ ਨੂੰ ਨਬੇੜ ਦੇਂਦਾ ਹੈ :

> "ਇਹਦੇ ਬਾਵਜੂਦ ਇਹ ਕਹਿਣ ਦੀ ਤਾਂ ਲੋੜ ਹੀ ਨਹੀਂ ਕਿ ਅਸੀਂ ਅਜੋਕੀਆਂ ਹਾਲਤਾਂ ਅਧੀਨ ਸਰਵਉੱਚਤਾ ਪ੍ਰਾਪਤ ਨਹੀਂ ਕਰ ਸਕਦੇ। ਇਨਕਲਾਬ ਖ਼ੁਦ ਲੰਬੇ ਅਤੇ ਦੂਰ ਰਸ ਘੋਲ਼ਾਂ ਨੂੰ ਮਿੱਥ ਕੇ ਚੱਲਦਾ ਹੈ ਜਿਹੜੇ ਖ਼ੁਦ, ਸਾਡੀ ਅਜੋਕੀ ਰਾਜਸੀ ਅਤੇ ਸਮਾਜੀ ਬਣਤਰ ਨੂੰ ਤਬਦੀਲ ਕਰ ਦੇਣਗੇ।"

ਨਿਰਸੰਦੇਹ ਇਹ "ਕਹਿਣ ਦੀ ਲੋੜ ਹੀ ਨਹੀਂ", ਜਿਵੇਂ ਇਹ ਕਹਿਣ ਦੀ ਲੋੜ ਨਹੀਂ ਕਿ ਘੋੜੇ ਜੋ ਖਾਂਦੇ ਹਨ ਅਤੇ ਦਰਿਆ ਵੋਲਗਾ ਕੈਸਪੀਅਨ ਸਾਗਰ ਵਿੱਚ ਡਿੱਗਦਾ ਹੈ। ਕੇਵਲ ਇਹ ਅਫ਼ਸੋਸ ਦੀ ਗੱਲ ਹੈ ਕਿ "ਦੂਰ-ਰਸ" ਘੋਲ਼ ਜਿਹਾ ਥੋਥਾ ਅਤੇ ਲਫ਼ੌੜੀ ਵਾਕੰਸ਼ ਇਨਕਲਾਬੀ ਪ੍ਰੋਲਤਾਰੀ ਲਈ ਬੁਨਿਆਦੀ ਦਿਲਚਸਪੀ ਵਾਲ਼ੇ ਸਵਾਲ ਤੋਂ **ਕੰਨੀ ਕਤਰਾਉਣ ਲਈ** ਵਰਤਿਆ ਗਿਆ ਹੈ, ਅਰਥਾਤ, ਪਹਿਲਾਂ ਦੇ, ਗ਼ੈਰ-ਇਨਕਲਾਬਾਂ ਤੋਂ ਨਿਖੜ ਕੇ ਰਾਜ ਦੇ ਸਬੰਧ ਵਿੱਚ, ਜਮਹੂਰੀਅਤ ਦੇ ਸਬੰਧ ਵਿੱਚ **ਇਹਦੇ** ਇਨਕਲਾਬ ਦਾ "ਦੂਰ-ਰਸ" ਖ਼ਾਸਾ **ਕਿਸ ਵਿੱਚ** ਪ੍ਰਗਟ ਹੁੰਦਾ ਹੈ।

ਇਸ ਸਵਾਲ ਤੋਂ ਕੰਨੀ ਕਤਰਾਕੇ ਕਾਊਟਸਕੀ **ਅਸਲ ਵਿੱਚ** ਇਸ ਅਤਿ-ਅੰਤ ਜ਼ਰੂਰੀ ਨੁਕਤੇ ਉੱਤੇ ਮੌਕਾਪ੍ਰਸਤੀ ਨੂੰ ਇੱਕ ਰਿਆਇਤ ਦੇਂਦਾ ਹੈ ਭਾਵੇਂ **ਸ਼ਬਦਾਂ ਵਿੱਚ** ਉਹ ਇਹਦੇ ਵਿਰੁੱਧ ਕਰੜੇ ਯੁੱਧ ਦਾ ਐਲਾਨ ਕਰਦਾ ਹੈ ਅਤੇ "ਇਨਕਲਾਬ ਦੇ ਵਿਚਾਰ ਉੱਤੇ" ਜ਼ੋਰ ਦੇਂਦਾ ਹੈ (ਇਸ "ਵਿਚਾਰ" ਦਾ ਮੁੱਲ ਕਿੰਨਾਂ ਹੈ ਜਦੋਂ ਬੰਦਾ ਮਜ਼ਦੂਰਾਂ ਨੂੰ ਇਨਕਲਾਬ ਦੇ ਠੋਸ ਸਬਕ ਸਿਖਾਉਣੋਂ ਡਰਦਾ ਹੈ), ਜਾਂ ਕਹਿੰਦਾ ਹੈ : "ਹੋਰ ਸਭ ਕੁੱਝ ਤੋਂ ਪਹਿਲਾਂ ਇਨਕਲਾਬੀ ਅਦਰਸ਼ਵਾਦ", ਜਾਂ ਐਲਾਨ ਕਰਦਾ ਹੈ ਕਿ ਬਰਤਾਨੀਆਂ ਦੇ ਮਜ਼ਦੂਰ ਹੁਣ "ਨਿੱਕ-ਬੁਰਜੂਆ ਤੋਂ ਵੱਧ ਕੁੱਝ ਨਹੀਂ ਰਹੇ।"

"ਸੋਸ਼ਲਿਸਟ ਸਮਾਜ ਵਿੱਚ ਕਾਰੋਬਾਰਾਂ ਦੇ ਅਤਿ-ਅੰਤ ਭਿੰਨ ਰੂਪ : ਨੌਕਰਸ਼ਾਹੀ ( ? ?), ਟਰੇਡ ਯੂਨੀਅਨੀ, ਸਹਿਕਾਰ ਅਤੇ ਨਿੱਜੀ।... ਨਾਲ਼ੋ ਨਾਲ਼ ਰਹਿ ਸਕਦੇ ਹਨ", ਕਾਊਟਸਕੀ ਲਿਖਦਾ ਹੈ, "... ਕੁੱਝ ਕਾਰੋਬਾਰ ਅਜਿਹੇ ਹਨ ਜਿਹੜੇ ਨੌਕਰਸ਼ਾਹ ( ? ?) ਜਥੇਬੰਦੀ ਤੋਂ ਬਿਨਾਂ ਨਹੀਂ ਰਹਿ ਸਕਦੇ, ਜਿਵੇਂ ਕਿ ਰੇਲਾਂ। ਇਥੇ ਜਮਹੂਰੀ ਪ੍ਰਬੰਧ ਹੇਠ ਲਿਖਿਆ ਰੂਪ ਧਾਰ ਸਕਦਾ ਹੈ : ਮਜ਼ਦੂਰ ਪ੍ਰਤਿਨਿਧ ਚੁਣਦੇ ਹਨ, ਜਿਹੜੇ ਇੱਕ ਤਰ੍ਹਾਂ ਦੀ ਪਾਰਲੀਮੈਂਟ ਬਣਦੇ ਹਨ, ਜਿਹੜੀ ਕੰਮ ਦੇ ਨਿਯਮ ਉਲੀਕਦੀ ਅਤੇ ਨੌਕਰਸ਼ਾਹੀ ਢਾਂਚੇ ਦੇ ਕੰਮ ਤੇ ਨਿਗਰਾਨੀ ਕਰਦੀ ਹੈ। ਹੋਰਨਾਂ ਕਾਰੋਬਾਰਾਂ ਦਾ ਪ੍ਰਬੰਧ ਟਰੇਡ ਯੂਨੀਅਨਾਂ ਦੇ ਹਵਾਲੇ ਕੀਤਾ ਜਾ ਸਕਦਾ ਹੈ ਅਤੇ ਇਹਨਾਂ ਤੋਂ ਬਿਨਾਂ ਹੋਰ ਸਹਿਕਾਰ ਕਾਰੋਬਾਰ ਬਣ ਸਕਦੇ ਹਨ।" (ਪੰਨਾ 148 ਅਤੇ 115, ਰੂਸੀ ਅਨੁਵਾਦ, ਜਨੀਵਾ ਵਿੱਚ ਛਪਿਆ, 1903)

ਇਹ ਦਲੀਲ ਗ਼ਲਤ ਹੈ, ਇਹ ਉਹਨਾਂ ਵਿਆਖਿਆਵਾਂ ਦੇ ਮੁਕਾਬਲੇ ਉੱਤੇ, ਜਿਹੜੀਆਂ ਕਮਿਊਨ ਦੇ ਸਬਕਾਂ ਨੂੰ ਇੱਕ ਮਿਸਾਲ ਵਜੋਂ ਵਰਤ ਕੇ ਮਾਰਕਸ ਅਤੇ ਏਂਗਲਜ਼ ਨੇ ਅੱਠਵੇਂ ਦਹਾਕੇ ਵਿੱਚ ਦਿੱਤੀਆਂ, ਪਿੱਛੇ ਵੱਲ ਇੱਕ ਕਦਮ ਹੈ।

ਜਿਥੋਂ ਤੱਕ ਫ਼ਰਜ਼ੀ ਤੌਰ 'ਤੇ ਜ਼ਰੂਰੀ "ਨੌਕਰਸ਼ਾਹੀ" ਜਥੇਬੰਦੀ ਦਾ ਸਬੰਧ ਹੈ ਰੇਲਾਂ ਜਾਂ ਵੱਡੀ ਪੱਧਰ ਦੀ ਮਸ਼ੀਨੀ ਸਨਅਤ, ਕਿਸੇ ਕਾਰਖ਼ਾਨੇ, ਵੱਡੀ ਦੁਕਾਨ ਜਾਂ ਵੱਡੀ ਪੱਧਰ ਦੇ ਸਰਮਾਏਦਾਰਾਨਾ ਖੇਤੀ ਕਾਰੋਬਾਰ ਵਿੱਚ ਕੋਈ ਫ਼ਰਕ ਨਹੀਂ ਪੈਂਦਾ। ਇਹਨਾਂ ਸਭਨਾਂ ਕਾਰੋਬਾਰਾਂ ਦੀ ਤਕਨੀਕ ਅਤਿ-ਅੰਤ ਕਰੜਾ ਡਸਿਪਲਿਨ, ਆਪਣੇ ਜ਼ਿੰਮੇ ਲੱਗਾ ਕੰਮ ਕਰਨ ਵਿੱਚ ਹਰ ਇੱਕ ਵੱਲੋਂ ਪੂਰਨ ਸ਼ੁੱਧਤਾ ਦੀ ਮੰਗ ਕਰਦੀ ਹੈ ਕਿਉਂਕਿ ਨਹੀਂ ਤਾਂ ਸਾਰਾ ਕਾਰੋਬਾਰ ਠੱਪ ਹੋ ਜਾਵੇਗਾ ਜਾਂ ਮਸ਼ੀਨਾਂ ਜਾਂ ਤਿਆਰ ਮਾਲ ਨੂੰ ਨੁਕਸਾਨ ਪਹੁੰਚੇਗਾ। ਨਿਰਸੰਦੇਹ ਇਹਨਾਂ ਸਭਨਾਂ ਕਾਰੋਬਾਰਾਂ ਵਿੱਚ ਕਾਮੇ "ਪ੍ਰਤਿਨਿਧ ਚੁਣਨਗੇ, ਜਿਹੜੇ **ਇੱਕ ਤਰ੍ਹਾਂ ਦੀ ਪਾਰਲੀਮੈਂਟ ਬਣਾਉਣਗੇ।"**

ਪਰ ਅਸਲ ਨੁਕਤਾ ਇਹ ਹੈ ਕਿ "ਇਹੋ ਜਿਹੀ ਪਾਰਲੀਮੈਂਟ" ਉਹਨਾਂ ਅਰਥਾਂ ਵਿੱਚ ਪਾਰਲੀਮੈਂਟ **ਨਹੀਂ** ਹੋਵੇਗੀ ਜਿਨ੍ਹਾਂ ਅਰਥਾਂ ਵਿੱਚ ਅਸੀਂ ਬੁਰਜੂਆ-ਪਾਰਲੀਮਾਨੀ ਸੰਸਥਾਵਾਂ ਨੂੰ ਸਮਝਦੇ ਹਾਂ। ਅਸਲ ਨੁਕਤਾ ਇਹ ਹੈ ਕਿ "ਇਹੋ ਜਿਹੀ ਪਾਰਲੀਮੈਂਟ" ਕੇਵਲ "ਕੰਮ ਦੇ ਨਿਯਮ ਤਿਆਰ ਕਰਨ ਅਤੇ ਨੌਕਰਸ਼ਾਹੀ ਢਾਂਚੇ ਦੀ ਨਿਗਰਾਨੀ" ਕਰਨ ਦਾ ਹੀ ਕੰਮ **ਨਹੀਂ** ਕਰੇਗੀ, ਜਿਹਾ ਕਿ ਕਾਊਟਸਕੀ, ਜਿਸਦੇ ਵਿਚਾਰ ਬੁਰਜੂਆ ਪਾਰਲੀਮਾਨੀਵਾਦ ਤੋਂ ਅੱਗੇ ਨਹੀਂ ਜਾਂਦੇ, ਚਿਤਵਦਾ ਹੈ। ਸੋਸ਼ਲਿਸਟ ਸਮਾਜ ਵਿੱਚ "ਇਹੋ ਜਿਹੀ ਪਾਰਲੀਮੈਂਟ", ਜਿਹੜੀ ਕਿਰਤੀਆਂ ਦੇ ਪ੍ਰਤਿਨਿਧਾਂ ਤੋਂ ਬਣੇਗੀ, ਨਿਰਸੰਦੇਹ, "ਕੰਮ ਦੇ ਨਿਯਮ ਤਿਆਰ ਕਰੇਗੀ ਅਤੇ ਢਾਂਚੇ" ਦੇ "ਪ੍ਰਬੰਧ ਦੀ ਨਿਗਰਾਨੀ" ਕਰੇਗੀ —**ਪਰ** ਇਹ ਢਾਂਚਾ "ਨੌਕਰਸ਼ਾਹੀ" **ਨਹੀਂ** ਹੋਵੇਗਾ। ਰਾਜਸੀ ਸੱਤਾ ਜਿੱਤ ਲੈਣ ਤੋਂ ਪਿੱਛੋਂ ਮਜ਼ਦੂਰ ਪੁਰਾਣੇ ਨੌਕਰਸ਼ਾਹੀ ਢਾਂਚੇ ਨੂੰ ਤਬਾਹ ਕਰ ਦੇਣਗੇ, ਉਹ ਇਹਨੂੰ ਨੀਹਾਂ ਤੱਕ ਤੋੜ ਦੇਣਗੇ, ਉਹ ਇਹਦੀਆਂ ਜੜ੍ਹਾਂ ਤੱਕ ਪੁੱਟ ਦੇਣਗੇ ਅਤੇ ਉਹ ਇਹਦੀ ਥਾਂ ਇੱਕ ਨਵਾਂ ਢਾਂਚਾ ਖੜਾ ਕਰਨਗੇ ਜਿਹੜਾ ਉਹਨਾਂ ਹੀ ਕਾਮਿਆਂ ਅਤੇ ਦਫ਼ਤਰੀ ਮੁਲਾਜ਼ਮਾਂ ਉੱਤੇ ਅਧਾਰਤ ਹੋਵੇਗਾ, ਜਿਨ੍ਹਾਂ ਦੇ ਨੌਕਰਸ਼ਾਹਾਂ ਵਿੱਚ

ਤਬਦੀਲ ਹੋਣ ਵਿਰੁੱਧ ਉਹ ਕਦਮ ਇੱਕ ਦਮ ਚੁੱਕੇ ਜਾਣਗੇ ਜਿਹੜੇ ਮਾਰਕਸ ਅਤੇ ਏਂਗਲਜ਼ ਨੇ ਵਿਸਥਾਰ ਨਾਲ਼ ਮਿਥੇ : 1) ਨਾ ਕੇਵਲ ਚੋਣ ਸਗੋਂ ਕਿਸੇ ਵੀ ਸਮੇਂ ਹਟਾਇਆ ਜਾ ਸਕਣਾ; 2) ਤਨਖ਼ਾਹ ਇੱਕ ਮਜ਼ਦੂਰ ਦੀ ਉਜਰਤ ਤੋਂ ਵੱਧ ਨਾ ਹੋਵੇ; 3) **ਸਭਨਾਂ** ਵੱਲੋਂ ਕੰਟਰੋਲ ਅਤੇ ਨਿਗਰਾਨੀ ਇੱਕ ਦਮ ਲਾਗੂ ਕਰਨਾ ਤਾਂ ਜੁ **ਸਭੇ** ਕੁੱਝ ਸਮੇਂ ਲਈ "ਨੌਕਰਸ਼ਾਹ" ਬਣ ਜਾਣ ਅਤੇ **ਕੋਈ ਵੀ** "ਨੌਕਰਸ਼ਾਹ" ਨਾ ਬਣ ਸਕੇ।

ਕਾਊਟਸਕੀ ਨੇ ਮਾਰਕਸ ਦੇ ਇਹਨਾਂ ਸ਼ਬਦਾਂ ਨੂੰ ਉੱਕਾ ਹੀ ਵਿਚਾਰਿਆ ਨਹੀਂ ਜਾਪਦਾ : "ਕਮਿਊਨ ਇੱਕ ਪਾਰਲੀਮਾਨੀ ਸੰਸਥਾ ਨਹੀਂ ਸਗੋਂ ਕੰਮ ਕਰਨ ਵਾਲ਼ੀ ਸੰਸਥਾ ਸੀ, ਇੱਕੋ ਸਮੇਂ ਕਾਨੂੰਨ-ਘੜਨੀ ਅਤੇ ਪ੍ਰਬੰਧਕ।"[48]

ਕਾਊਟਸਕੀ ਨੇ ਬੁਰਜੂਆ ਪਾਰਲੀਮਾਨੀਵਾਦ ਦੇ, ਜਿਹੜਾ (**ਲੋਕਾਂ ਲਈ ਨਹੀਂ**) ਜਮਹੂਰੀਅਤ ਨੂੰ (**ਲੋਕਾਂ ਵਿਰੁੱਧ**) ਨੌਕਰਸ਼ਾਹੀ ਨਾਲ਼ ਮਿਲਾਉਂਦਾ ਹੈ ਅਤੇ ਪ੍ਰੋਲੇਤਾਰੀ ਜਮਹੂਰੀਅਤ ਵਿਚਕਾਰ, ਜਿਹੜੀ ਨੌਕਰਸ਼ਾਹੀ ਦੀਆਂ ਜੜ੍ਹਾਂ ਕੱਟ ਦੇਣ ਲਈ ਫ਼ੌਰੀ ਕਦਮ ਉਠਾਏਗੀ ਅਤੇ ਜਿਹੜੀ ਇਹਨਾਂ ਕਦਮਾਂ ਨੂੰ ਅੰਤ ਤੱਕ, ਨੌਕਰਸ਼ਾਹੀ ਦੇ ਮੁਕੰਮਲ ਅੰਤ ਤੱਕ, ਜਮਹੂਰੀਅਤ ਦੀ ਸਥਾਪਤੀ ਤੱਕ ਲਿਜਾਵੇਗੀ, ਫ਼ਰਕ ਨਹੀਂ ਸਮਝ ਸਕਿਆ।

ਕਾਊਟਸਕੀ ਇਥੇ ਰਾਜ ਲਈ ਉਹੋ ਪੁਰਾਣਾ "ਵਹਿਮੀ ਸਤਿਕਾਰ" ਅਤੇ ਨੌਕਰਸ਼ਾਹੀ ਵਿੱਚ "ਵਹਿਮੀ ਯਕੀਨ" ਵਿਖਾਉਂਦਾ ਹੈ।

ਆਓ ਅਸੀਂ ਹੁਣ ਮੌਕਾਪ੍ਰਸਤਾਂ ਵਿਰੁੱਧ ਕਾਊਟਸਕੀ ਦੀ ਅਖ਼ੀਰੀ ਅਤੇ ਸਰਵਉੱਤਮ ਕਿਰਤ, ਉਹਦੇ ਪੈਂਫ਼ਲਟ "ਸੱਤਾ ਦਾ ਰਾਹ" ਵੱਲ ਆਈਏ, (ਮੇਰਾ ਖਿਆਲ ਹੈ ਕਿ ਇਹਦਾ ਰੂਸੀ ਵਿੱਚ ਅਨੁਵਾਦ ਨਹੀਂ ਕੀਤਾ ਗਿਆ ਕਿਉਂਕਿ ਇਹ 1909 ਵਿੱਚ ਛਪਿਆ ਜਦੋਂ ਇਥੇ ਪਿਛਾਖੜ ਆਪਣੀ ਸਿਖਰ ਉੱਤੇ ਸੀ)। ਇਹ ਪੈਂਫ਼ਲਟ ਅੱਗੇ ਵੱਲ ਇੱਕ ਚੋਖਾ ਵੱਡਾ ਕਦਮ ਹੈ ਕਿਉਂਕਿ ਇਹ ਆਮ ਤੌਰ 'ਤੇ ਇਨਕਲਾਬੀ ਪ੍ਰੋਗਰਾਮ ਨੂੰ ਨਹੀਂ ਲੈਂਦਾ, ਜਿਵੇਂ 1899 ਦੇ ਬਰਨਸਟਾਈਨ ਵਿਰੁੱਧ ਪੈਂਫ਼ਲਟ ਵਿੱਚ ਕੀਤਾ ਗਿਆ ਸੀ, ਜਾਂ ਉਹ ਦੇ ਹੋਣ ਦੇ ਸਮੇਂ ਦਾ ਖ਼ਿਆਲ ਕੀਤੇ ਬਿਨਾਂ ਸਮਾਜਕ ਇਨਕਲਾਬ ਦੇ ਕਾਰਜਾਂ ਨੂੰ ਨਹੀਂ ਲੈਂਦਾ, ਜਿਵੇਂ 1902 ਦੇ ਪੈਂਫ਼ਲਟ "ਸਮਾਜਕ ਇਨਕਲਾਬ" ਵਿੱਚ ਕੀਤਾ ਗਿਆ ਸੀ, ਇਹ ਠੋਸ ਹਾਲਤਾਂ ਨੂੰ ਲੈਂਦਾ ਹੈ ਜਿਹੜੀਆਂ ਸਾਨੂੰ ਇਹ ਪ੍ਰਵਾਨ ਕਰਨ 'ਤੇ ਮਜਬੂਰ ਕਰਦੀਆਂ ਹਨ ਕਿ "ਇਨਕਲਾਬਾਂ ਦਾ ਦੌਰ" **ਆ ਰਿਹਾ ਹੈ।**

ਲੇਖਕ ਸਪਸ਼ਟ ਤੌਰ 'ਤੇ ਆਮ ਤੌਰ 'ਤੇ ਜਮਾਤੀ ਵਿਰੋਧਾਂ ਦੇ ਤਿੱਖੇ ਹੋਣ ਅਤੇ ਸਾਮਰਾਜ ਵੱਲ ਸੰਕੇਤ ਕਰਦਾ ਹੈ ਜਿਹੜਾ ਇਸ ਸਬੰਧ ਵਿੱਚ ਵਿਸ਼ੇਸ਼ ਤੌਰ 'ਤੇ ਉੱਘਾ ਰੋਲ ਅਦਾ ਕਰਦਾ ਹੈ। ਉਹ ਕਹਿੰਦਾ ਹੈ ਕਿ ਪੱਛਮੀ ਯੂਰਪ ਵਿੱਚ "1789-1871 ਦੇ ਇਨਕਲਾਬੀ ਸਮੇਂ" ਤੋਂ ਪਿੱਛੋਂ 1905 ਵਿੱਚ ਪੂਰਬ ਵਿੱਚ ਅਜਿਹਾ ਹੀ ਇੱਕ ਸਮਾਂ ਸ਼ੁਰੂ ਹੋਇਆ। ਡਰਾਊਣੀ ਤੇਜ਼ੀ ਨਾਲ਼ ਇੱਕ ਸੰਸਾਰ ਯੁੱਧ ਵਧਦਾ ਆ ਰਿਹਾ ਹੈ। "ਪ੍ਰੋਲੇਤਾਰੀ ਹੁਣ ਸਮੇਂ ਤੋਂ ਪਹਿਲਾਂ ਇਨਕਲਾਬ ਦੀ ਗੱਲ ਨਹੀਂ ਕਰ ਸਕਦਾ।" "ਅਸੀਂ ਇਨਕਲਾਬੀ ਸਮੇਂ ਵਿੱਚ ਦਾਖ਼ਲ ਹੋ ਗਏ ਹਾਂ" "ਇਨਕਲਾਬੀ ਯੁੱਗ ਸ਼ੁਰੂ ਹੋ ਰਿਹਾ ਹੈ।"

ਇਹ ਐਲਾਨ ਬਿਲਕੁਲ ਸਪਸ਼ਟ ਹਨ। ਜੋ ਕੁੱਝ ਜਰਮਨ ਸੋਸ਼ਲ-ਡੈਮੋਕਰੇਸੀ ਸਮਾਜਰਾਜੀ ਯੁੱਧ ਤੋਂ ਪਹਿਲਾਂ **ਬਣਦੀ ਜਾਪਦੀ ਸੀ** ਅਤੇ ਗਿਰਾਵਟ ਦੀਆਂ ਉਹਨਾਂ ਡੂੰਘਿਆਈਆਂ ਵਿਚਕਾਰ ਜਿਸ ਵਿੱਚ —ਖ਼ੁਦ ਕਾਊਟਸਕੀ ਸਮੇਤ— ਇਹਦੇ ਸ਼ੁਰੂ ਹੋਣ ਪਿੱਛੋਂ ਡਿਗ ਪਈ, ਕਾਊਟਸਕੀ ਦਾ ਇਹ ਪੈਂਫ਼ਲਟ ਉਹਦਾ ਗਜ਼ ਬਣਨਾ ਚਾਹੀਦਾ ਹੈ। "ਵਰਤਾਮਾਨ ਹਾਲਤ", ਕਾਊਟਸਕੀ ਨੇ ਉਸ ਪੈਂਫ਼ਲਟ ਵਿੱਚ ਲਿਖਿਆ ਜਿਸਨੂੰ ਅਸੀਂ ਵੇਖ ਰਹੇ ਹਾਂ, "ਵਿੱਚ ਇਹ ਖ਼ਤਰਾ ਲੁਪਤ ਹੈ ਕਿ ਅਸੀਂ (ਅਰਥਾਤ ਜਰਮਨ ਸੋਸ਼ਲ-ਡੈਮੋਕਰੇਸੀ) ਆਪਣੇ ਅਸਲ ਤੋਂ ਵਧੇਰੇ ਉਦਾਰਪੰਥੀ ਸਾਬਤ ਹੋਵੇ।" ਯਥਾਰਥ ਵਿੱਚ ਇਹ ਪ੍ਰਗਟ ਹੋਇਆ ਕਿ ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਉਸ ਨਾਲ਼ੋਂ ਕਿਤੇ ਵੱਧ ਉਦਾਰ-ਪੰਥੀ ਅਤੇ ਮੌਕਾਪ੍ਰਸਤ ਸਾਬਤ ਹੋਈ ਜਿੰਨੀ ਇਹ ਜਾਪਦੀ ਸੀ!

ਇਸ ਲਈ ਇਸ ਤੋਂ ਵੱਧ ਲਖਣਾਇਕ ਇਹ ਗੱਲ ਹੈ ਕਿ ਭਾਵੇਂ ਕਾਊਟਸਕੀ ਨੇ ਏਨੇ ਸਪਸ਼ਟ ਢੰਗ ਨਾਲ਼ ਕਿਹਾ ਕਿ ਇਨਕਲਾਬਾਂ ਦਾ ਦੌਰ ਸ਼ੁਰੂ ਹੋ ਗਿਆ ਹੈ, ਉਸ ਪੈਂਫ਼ਲਟ ਵਿੱਚ, ਜਿਸ ਸਬੰਧੀ ਉਹਨੇ ਖ਼ੁਦ ਕਿਹਾ ਕਿ ਇਹ "**ਰਾਜਸੀ** ਇਨਕਲਾਬ" ਦੇ ਵਿਸ਼ਲੇਸ਼ਣ ਨੂੰ ਸਮਰਪਤ ਹੈ, ਉਹਨੇ ਰਾਜ ਦੇ ਸਵਾਲ ਤੋਂ ਇੱਕ ਵਾਰ ਫੇਰ ਪੂਰੀ ਤਰ੍ਹਾਂ ਕੰਨੀ ਕਤਰਾਈ।

ਸਵਾਲ ਤੋਂ ਇਹਨਾਂ ਘੁਸਾਈਆਂ, ਇਹਨਾਂ ਉਕਾਈਆਂ ਅਤੇ ਜੱਕੋ-ਤੱਕਿਆਂ ਦਾ, ਉਹਨਾਂ ਦੀ ਸਮੂਹਕਤਾ ਵਿੱਚ ਅਟੱਲ ਸਿੱਟਾ ਸੀ ਮੁਕੰਮਲ ਮੌਕਾਪ੍ਰਸਤੀ ਤੱਕ ਅੱਪੜ ਜਾਣਾ, ਜਿਸ ਨਾਲ਼ ਅਸੀਂ ਹੁਣ ਨਿੱਬੜਾਂਗੇ।

ਕਾਊਟਸਕੀ ਦੇ ਰੂਪ ਵਿੱਚ ਜਰਮਨ ਸੋਸ਼ਲ-ਡੈਮੋਕਰੈਸੀ ਐਲਾਨ ਕਰਦੀ ਜਾਪਦੀ ਹੈ : ਮੈਂ ਇਨਕਲਾਬੀ ਵਿਚਾਰਾਂ ਉੱਤੇ ਪੱਕਾ ਹਾਂ (1899)। ਵਿਸ਼ੇਸ਼ ਤੌਰ 'ਤੇ ਮੈਂ ਪ੍ਰੋਲਤਾਰੀ ਦੇ ਸਮਾਜੀ ਇਨਕਲਾਬ ਦੀ ਅਟੱਲਤਾ ਨੂੰ ਪ੍ਰਵਾਨ ਕਰਦਾ ਹਾਂ (1902)। ਮੈਂ ਇਨਕਲਾਬਾਂ ਦੇ ਨਵੇਂ ਯੁੱਗ ਦੀ ਆਉਂਦ ਨੂੰ ਕਬੂਲ ਕਰਦਾ ਹਾਂ (1909)। ਇਹਦੇ ਬਾਵਜੂਦ ਹੁਣ ਜਦੋਂ ਕਿ ਰਾਜ ਦੇ ਸਬੰਧ ਵਿੱਚ ਪ੍ਰੋਲਤਾਰੀ ਦੇ ਇਨਕਲਾਬ ਦੇ ਕਾਰਜਾਂ ਦਾ ਸਵਾਲ ਉਠਾਇਆ ਜਾ ਰਿਹਾ ਹੈ (1912) ਤਾਂ ਮੈਂ ਉਸ ਸਭ ਕੁੱਝ ਤੋਂ ਮੂੰਹ ਮੋੜਦਾ ਹਾਂ ਜੋ ਮਾਰਕਸ ਨੇ 1852 ਵਿੱਚ ਹੀ ਕਿਹਾ ਸੀ।

ਪਾਨੇਕੋਈਕ ਨਾਲ਼ ਕਾਊਟਸਕੀ ਦੇ ਵਿਵਾਦ ਵਿੱਚ ਇਹ ਸਵਾਲ ਐਨ ਇਸੇ ਰੂਪ ਵਿੱਚ ਵਿੱਚ ਪੇਸ਼ ਕੀਤਾ ਗਿਆ।

## 3. ਪਾਨੇਕੋਇਕ ਨਾਲ਼ ਕਾਊਟਸਕੀ ਦਾ ਵਿਵਾਦ

ਕਾਊਟਸਕੀ ਦਾ ਵਿਰੋਧ ਕਰਨ ਤੇ ਪਾਨੇਕੋਇਕ "ਖੱਬੇ-ਪੱਖੀ ਗਰਮ-ਖਿਆਲਾਂ" ਦਾ, ਜਿਸ ਵਿੱਚ ਰੋਜ਼ਾ ਲਕਜ਼ਮਬਰਗ ਅਤੇ ਕਾਰਲ ਰਾਡੇਕ ਅਤੇ ਹੋਰ ਸ਼ਾਮਲ ਸਨ, ਇੱਕ ਪ੍ਰਤਿਨਿਧ ਬਣਕੇ ਸਾਹਮਣੇ ਆਇਆ। ਇਨਕਲਾਬੀ ਦਾਅ-ਪੇਚਾਂ ਦੀ ਹਮਾਇਤ ਕਰਦੇ ਹੋਏ ਉਹ ਇਸ ਨਿਸ਼ਚੇ ਵਿੱਚ ਇੱਕ-ਮੁੱਠ ਸਨ ਕਿ ਕਾਊਟਸਕੀ "ਕੇਂਦਰ" ਦੀਆਂ ਪੁਜ਼ੀਸ਼ਨਾਂ ਵੱਲ ਜਾ ਰਿਹਾ ਹੈ, ਜਿਹੜੀਆਂ ਮਾਰਕਸਵਾਦ ਅਤੇ ਮੌਕਾਪ੍ਰਸਤੀ ਵਿਚਕਾਰ ਬੇਅਸੂਲੇ ਢੰਗ

ਨਾਲ਼ ਡੋਲਦੀਆਂ ਹਨ। ਇਸ ਵਿਚਾਰ ਦੀ ਸ਼ੁੱਧਤਾ ਦੀ ਯੁੱਧ ਨੇ ਪੂਰੀ ਤਰ੍ਹਾਂ ਪ੍ਰੋੜ੍ਹਤਾ ਕਰ ਦਿੱਤੀ ਜਦੋਂ ਇਸ "ਕੇਂਦਰੀ" (ਗ਼ਲਤ ਤੌਰ 'ਤੇ ਮਾਰਕਸਵਾਦੀ ਕਹੇ ਜਾਂਦੇ) ਮੁਹਾਣ ਜਾਂ ਕਾਊਟਸਕੀਵਾਦ ਨੇ ਆਪਣੇ ਆਪ ਨੂੰ ਆਪਣੀ ਸਾਰੀ ਘ੍ਰਿਣਤ ਨਖਿੱਧਤਾ ਨਾਲ਼ ਪ੍ਰਗਟ ਕਰ ਦਿੱਤਾ।

ਰਾਜ ਦੇ ਸਵਾਲ ਸਬੰਧੀ ਇੱਕ ਲੇਖ ਵਿੱਚ, ਜਿਸਦਾ ਸਿਰਲੇਖ ਸੀ "ਵਿਸ਼ਾਲ ਅਮਲ ਅਤੇ ਇਨਕਲਾਬ" («Neue Zeit», 1912, ਸੈਂਚੀ 20, 2) ਪਾਨੇਕੋਇਕ ਨੇ ਕਾਊਟਸਕੀ ਦੇ ਵਤੀਰੇ ਨੂੰ "ਬੇਹਰਕਤ ਗਰਮ-ਖ਼ਿਆਲੀ" ਦੇ ਤੌਰ 'ਤੇ, "ਗ਼ੈਰ-ਸਰਗਰਮ ਆਸਵੰਦੀ ਦੇ ਸਿਧਾਂਤ" ਦੇ ਤੌਰ 'ਤੇ ਬਿਆਨਿਆ। "ਕਾਊਟਸਕੀ ਇਨਕਲਾਬ ਦੇ ਅਮਲ ਨੂੰ ਵੇਖਣੋਂ ਇਨਕਾਰੀ ਹੈ", ਪਾਨੇਕੋਇਕ ਨੇ ਲਿਖਿਆ (ਪੰਨਾ 616)। ਮਾਮਲੇ ਨੂੰ ਇਸ ਢੰਗ ਨਾਲ਼ ਪੇਸ਼ ਕਰਦਾ ਹੋਇਆ ਪਾਨੇਕੋਇਕ ਉਸ ਵਿਸ਼ੇ 'ਤੇ ਅੱਪੜਿਆ ਜਿਸ ਨਾਲ਼ ਸਾਨੂੰ ਦਿਲਚਸਪੀ ਹੈ, ਅਰਥਾਤ, ਰਾਜ ਦੇ ਸਬੰਧ ਵਿੱਚ ਪ੍ਰੋਲੇਤਾਰੀ ਇਨਕਲਾਬ ਦੇ ਕਾਰਜ।

> "ਪ੍ਰੋਲੇਤਾਰੀ ਦਾ ਘੋਲ਼", ਉਹਨੇ ਲਿਖਿਆ, "ਰਾਜ ਸ਼ਕਤੀ **ਲਈ** ਬੁਰਜੂਆਜ਼ੀ ਵਿਰੁੱਧ ਘੋਲ਼ ਨਹੀਂ, ਸਗੋਂ ਰਾਜ ਸ਼ਕਤੀ **ਵਿਰੁੱਧ** ਘੋਲ਼ ਹੈ।... ਪ੍ਰੋਲੇਤਾਰੀ ਇਨਕਲਾਬ ਦਾ ਤੱਤ ਪ੍ਰੋਲਤਾਰੀ ਦੀ ਸੱਤਾ ਦੇ ਸੰਦਾਂ ਦੀ ਸਹਾਇਤਾ ਨਾਲ਼ ਰਾਜ ਦੀ ਸੱਤਾ ਦੇ ਸੰਦਾਂ ਦੀ ਤਬਾਹੀ ਅਤੇ ਖ਼ਾਤਮਾ (Auflösung) ਹੈ।... ਇਹ ਘੋਲ਼ ਤਾਂ ਹੀ ਖ਼ਤਮ ਹੋ ਸਕਦਾ ਹੈ ਜਦੋਂ ਇਹਦੇ ਸਿੱਟੇ ਵਜੋਂ ਰਾਜ ਦੀ ਜਥੇਬੰਦੀ ਉੱਕਾ ਹੀ ਤਬਾਹ ਕਰ ਦਿੱਤੀ ਜਾਂਦੀ ਹੈ। ਤਾਂ ਫੇਰ ਬਹੁ-ਗਿਣਤੀ ਦੀ ਜਥੇਬੰਦੀ ਨੇ ਹਾਕਮ ਘੱਟ-ਗਿਣਤੀ ਦੀ ਜਥੇਬੰਦੀ ਨੂੰ ਤਬਾਹ ਕਰ ਕੇ ਆਪਣੀ ਉਤਮਤਾ ਪ੍ਰਗਟ ਕਰ ਦਿੱਤੀ ਹੋਵੇਗੀ।" (ਪੰਨਾ 548)

ਪਾਨੇਕੋਇਕ ਜਿਸ ਢੰਗ ਨਾਲ਼ ਆਪਣੇ ਵਿਚਾਰ ਸੂਤਰਬੱਧ ਕਰਦਾ ਹੈ ਉਸ ਵਿੱਚ ਗੰਭੀਰ ਨੁਕਸ ਹਨ ਪਰ ਇਹਦੇ ਬਾਵਜੂਦ ਉਹਦਾ ਅਰਥ ਸਪਸ਼ਟ ਹੈ, ਅਤੇ ਇਹ ਵੇਖਣਾ ਰੌਚਕ ਹੈ ਕਿ ਕਾਊਟਸਕੀ ਨੇ **ਕਿਵੇਂ** ਇਹਦਾ ਮੁਕਾਬਲਾ ਕੀਤਾ।

> "ਹੁਣ ਤੱਕ", ਉਹਨੇ ਲਿਖਿਆ, "ਸੋਸ਼ਲ-ਡੈਮੋਕਰੈਟਾਂ ਅਤੇ ਅਰਾਜਕਤਾਵਾਦਈਆਂ ਵਿਚਕਾਰ ਫ਼ਰਕ ਇਹ ਸੀ ਕਿ ਪਹਿਲੇ ਰਾਜ ਸ਼ਕਤੀ ਉੱਤੇ ਕਬਜ਼ਾ ਕਰਨਾ ਚਾਹੁੰਦੇ ਹਨ ਅਤੇ ਪਿਛਲੇਰੇ ਇਹਨੂੰ ਤਬਾਹ ਕਰਨਾ ਚਾਹੁੰਦੇ ਸਨ। ਪਾਨੇਕੋਇਕ ਦੋਵੇਂ ਕੰਮ ਕਰਨਾ ਚਾਹੁੰਦਾ ਹੈ।" (ਪੰਨਾ 724)

ਭਾਵੇਂ ਪਾਨੇਕੋਇਕ ਦੀ ਵਿਆਖਿਆ ਵਿੱਚ ਸ਼ੁੱਧਤਾ ਅਤੇ ਸਥੂਲਤਾ ਦੀ ਘਾਟ ਹੈ —ਉਹਦੇ ਲੇਖ ਦੀਆਂ ਹੋਰਨਾਂ ਊਣਤਾਈਆਂ ਦੀ, ਜਿਨ੍ਹਾਂ ਦਾ ਹੱਥਲੇ ਵਿਸ਼ੇ ਨਾਲ਼ ਕੋਈ ਸਬੰਧ ਨਹੀਂ, ਗੱਲ ਹੀ ਨਾ ਕਰੋ— ਕਾਊਟਸਕੀ ਨੇ **ਅਸੂਲ ਸਬੰਧੀ** ਐਨ ਉਸ ਨੁਕਤੇ ਨੂੰ ਫੜਿਆ ਹੈ ਜਿਹੜਾ ਪੈਨੇਕੋਇਕ ਨੇ ਉਠਾਇਆ ਹੈ ਅਤੇ **ਅਸੂਲ ਦੇ ਇਸ ਬੁਨਿਆਦੀ** ਨੁਕਤੇ ਉੱਤੇ ਕਾਊਟਸਕੀ ਨੇ ਮਾਰਕਸਵਾਦੀ ਵਿਚਾਰ ਉੱਕਾ ਹੀ ਤਿਆਗ ਦਿੱਤੇ ਹਨ ਅਤੇ ਪੂਰੀ ਤਰ੍ਹਾਂ ਮੌਕਪ੍ਰਸਤੀ ਵੱਲ ਚਲਾ ਗਿਆ ਹੈ। ਉਹਦੀ ਸੋਸ਼ਲ-ਡੈਮੋਕਰੈਟਾਂ ਅਤੇ ਅਰਾਜਕਤਾਵਾਦੀਆਂ

ਵਿਚਕਾਰ ਮੱਤ-ਭੇਦਾਂ ਦੀ ਵਿਆਖਿਆ ਉੱਕਾ ਹੀ ਗ਼ਲਤ ਹੈ ਅਤੇ ਉਹ ਮਰਾਕਸਵਾਦ ਨੂੰ ਉੱਕਾ ਹੀ ਬਾਜ਼ਾਰੀ ਬਣਾਉਂਦਾ ਅਤੇ ਤੋੜਦਾ-ਮਰੋੜਦਾ ਹੈ।

ਮਾਰਕਸਵਾਦੀਆਂ ਅਤੇ ਅਰਾਜਕਤਾਵਾਦੀਆਂ ਵਿਚਕਾਰ ਫ਼ਰਕ ਇਹ ਹੈ : (1) ਪਹਿਲੇ, ਰਾਜ ਦੇ ਮੁਕੰਮਲ ਅੰਤ ਦਾ ਨਿਸ਼ਾਨਾ ਸਾਹਮਣੇ ਰੱਖਦੇ ਹੋਏ, ਇਸ ਗੱਲ ਨੂੰ ਪ੍ਰਵਾਨ ਕਰਦੇ ਹਨ ਕਿ ਇਹ ਮੰਤਵ ਉਦੋਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ਜਦੋਂ ਸੋਸ਼ਲਿਸਟ ਇਨਕਲਾਬ ਜਮਾਤਾਂ ਖ਼ਤਮ ਕਰ ਦੇਵੇ, ਜਿਸ ਦੇ ਸਿੱਟੇ ਵਜੋਂ ਸੋਸ਼ਲਿਜ਼ਮ ਸਥਾਪਤ ਹੋ ਜਾਵੇਗਾ ਜਿਸ ਕਾਰਨ ਰਾਜ ਹੌਲੀ ਹੌਲੀ ਖ਼ਤਮ ਹੋ ਜਾਂਦਾ ਹੈ; ਪਿਛਲੇਰੇ ਰਾਤੋਂ-ਰਾਤ ਰਾਜ ਦਾ ਮੁਕੰਮਲ ਅੰਤ ਕਰ ਦੇਣਾ ਚਾਹੁੰਦੇ ਹਨ ਅਤੇ ਉਹਨਾਂ ਹਾਲਤਾਂ ਨੂੰ ਸਮਝਣੋਂ ਅਸਮਰੱਥ ਹਨ ਜਿਨ੍ਹਾਂ ਅਧੀਨ ਰਾਜ ਦਾ ਅੰਤ ਕੀਤਾ ਜਾ ਸਕਦਾ ਹੈ। (2) ਪਹਿਲੇ ਇਹ ਸਮਝਦੇ ਹਨ ਕਿ ਪ੍ਰੋਲੇਤਾਰੀ ਦੇ ਰਾਜਸੀ ਸ਼ਕਤੀ ਜਿੱਤ ਲੈਣ ਪਿੱਛੋਂ ਇਹ ਲਾਜ਼ਮੀ ਹੈ ਕਿ ਉਹ ਰਾਜ ਦੀ ਪੁਰਾਣੀ ਬਣਤਰ ਨੂੰ ਉੱਕਾ ਹੀ ਤਬਾਹ ਕਰ ਦੇਵੇ ਅਤੇ ਇਹਦੀ ਥਾਂ ਹਥਿਆਰਬੰਦ ਮਜ਼ਦੂਰਾਂ ਦੀ ਜਥੇਬੰਦੀ ਉੱਤੇ ਅਧਾਰਤ, ਕਮਿਊਨ ਜਿਹੀ ਨਵੀਂ ਜਥੇਬੰਦੀ ਨੂੰ ਦੇਵੇ; ਪਿਛਲੇਰੇ ਰਾਜ ਦੀ ਬਣਤਰ ਤਬਾਹ ਕਰਨ ਉੱਤੇ ਤਾਂ ਜ਼ੋਰ ਦੇਂਦੇ ਹਨ ਪਰ ਉਹਨਾਂ ਕੋਲ਼ ਇਸ ਸਬੰਧੀ ਕੋਈ ਸਪਸ਼ਟ ਵਿਚਾਰ ਨਹੀਂ ਕਿ ਪ੍ਰੋਲਤਾਰੀ ਇਹਦੀ ਥਾਂ **ਕੀ** ਰੱਖੇਗਾ ਅਤੇ ਉਹ ਆਪਣੀ ਇਨਕਲਾਬੀ ਤਾਕਤ **ਕਿਵੇਂ** ਵਰਤੇਗਾ; ਅਰਾਜਕਤਾਵਾਦੀ ਤਾਂ ਇਸ ਗੱਲ ਤੋਂ ਵੀ ਇਨਕਾਰੀ ਹਨ ਕਿ ਇਨਕਲਾਬੀ ਪ੍ਰੋਲਤਾਰੀ ਨੂੰ ਰਾਜ ਸ਼ਕਤੀ ਵਰਤਣੀ ਚਾਹੀਦੀ ਹੈ, ਉਹ ਇਹਦੀ ਇਨਕਲਾਬੀ ਤਾਨਾਸ਼ਾਹੀ ਤੋਂ ਇਨਕਾਰੀ ਹਨ। (3) ਪਹਿਲੇ ਇਹ ਮੰਗ ਕਰਦੇ ਹਨ ਕਿ ਪ੍ਰੋਲਤਾਰੀ ਅਜੋਕੇ ਰਾਜ ਨੂੰ ਵਰਤ ਕੇ ਇਨਕਲਾਬ ਦੀ ਤਿਆਰੀ ਕਰੇ; ਅਰਾਜਕਤਾਵਾਦੀ ਇਸਨੂੰ ਰੱਦ ਕਰਦੇ ਹਨ।

ਇਸ ਵਿਵਾਦ ਵਿੱਚ ਕਾਊਟਸਕੀ ਨਹੀਂ ਸਗੋਂ ਪਾਨੇਕੋਇਕ ਮਾਰਕਸਵਾਦ ਦੀ ਪ੍ਰਤਿਨਿਧਤਾ ਕਰਦਾ ਹੈ, ਕਿਉਂਕਿ ਮਾਰਕਸ ਨੇ ਹੀ ਇਹ ਸਿੱਖਿਆ ਦਿੱਤੀ ਕਿ ਪ੍ਰੋਲਤਾਰੀ ਇਸ ਅਰਥ ਵਿੱਚ ਕੇਵਲ ਰਾਜ ਸ਼ਕਤੀ ਜਿੱਤ ਨਹੀਂ ਸਕਦਾ, ਕਿ ਪੁਰਾਣੀ ਰਾਜ ਬਣਤਰ ਨਵੇਂ ਹੱਥਾਂ ਵਿੱਚ ਆ ਜਾਂਦੀ ਹੈ, ਸਗੋਂ ਇਹ ਲਾਜ਼ਮੀ ਹੈ ਕਿ ਉਹ ਇਸ ਬਣਤਰ ਨੂੰ ਤਬਾਹ ਕਰੇ, ਤੋੜੇ ਅਤੇ ਇਹਦੀ ਥਾਂ ਇੱਕ ਨਵੀਂ ਬਣਤਰ ਖੜੀ ਕਰੇ।

ਕਾਊਟਸਕੀ ਮਾਰਕਸਵਾਦ ਨੂੰ ਮੌਕਾਪ੍ਰਸਤਾਂ ਦੇ ਧੜੇ ਲਈ ਤਿਆਗ ਦੇਂਦਾ ਹੈ ਕਿਉਂਕਿ ਰਾਜ ਬਣਤਰ ਦੀ ਇਹ ਤਬਾਹੀ ਜਿਸਨੂੰ ਮੌਕਾਪ੍ਰਸਤ ਉੱਕਾ ਹੀ ਪ੍ਰਵਾਨ ਨਹੀਂ ਕਰਦੇ, ਉਹਦੀਆਂ ਦਲੀਲਾਂ ਵਿੱਚੋਂ ਉੱਕਾ ਹੀ ਲੋਪ ਹੋ ਜਾਂਦੀ ਹੈ ਅਤੇ ਉਹ ਉਹਨਾਂ ਲਈ ਵਿਰਲ ਛੱਡ ਦੇਂਦਾ ਹੈ ਕਿਉਂਕਿ "ਜਿੱਤ" ਦੇ ਅਰਥ ਸਾਧਾਰਨ ਬਹੁ-ਮਤ ਪ੍ਰਾਪਤ ਕਰਨਾ ਹੈ।

ਮਾਰਕਸਵਾਦ ਦੇ ਇਸ ਵਿਗਾੜ 'ਤੇ ਪਰਦਾ ਪਾਉਣ ਲਈ ਕਾਊਟਸਕੀ ਇੱਕ ਕੱਟੜਪੰਥੀ ਵਾਂਗ ਵਿਚਰਦਾ ਹੈ : ਉਹ ਖ਼ੁਦ ਮਾਰਕਸ ਤੋਂ ਇੱਕ "ਟੂਕ" ਪੇਸ਼ ਕਰਦਾ ਹੈ। 1850 ਵਿੱਚ ਮਾਰਕਸ ਨੇ ਲਿਖਿਆ ਕਿ "ਰਾਜ ਸ਼ਕਤੀ ਦੇ ਹੱਥ ਵਿੱਚ ਸੱਤਾ ਦਾ ਦ੍ਰਿੜ੍ਹ ਕੇਂਦਰੀਕਰਣ"[49] ਲਾਜ਼ਮੀ ਹੈ ਅਤੇ ਕਾਊਟਸਕੀ ਬੜੇ ਮਾਣ ਨਾਲ਼ ਪੁੱਛਦਾ ਹੈ: ਕੀ ਪਾਨੇਕੋਇਕ "ਕੇਂਦਰਵਾਦ" ਨੂੰ ਤਬਾਹ ਕਰਨਾ ਚਾਹੁੰਦਾ ਹੈ ?

ਇਹ ਤਾਂ ਬਸ ਇੱਕ ਚਾਲ ਹੈ, ਜਿਹੜੀ ਬਰਨਸਟਾਈਨ ਦੇ ਕੇਂਦਰਵਾਦ ਦੇ ਵਿਰੁੱਧ ਸੰਘਵਾਦ ਦੇ ਵਿਸ਼ੇ ਉੱਤੇ ਮਾਰਕਵਾਦ ਅਤੇ ਪਰੂਦੋਂਵਾਦ ਦੇ ਵਿਚਾਰਾਂ ਨੂੰ ਸਗਵਾਂ ਬਣਾਉਣ ਜਿਹੀ ਹੀ ਹੈ।

ਕਾਊਟਸਕੀ ਦੀ "ਟੂਕ" ਨਾ ਇਧਰ ਹੈ ਨਾ ਉੱਧਰ। ਕੇਂਦਰਵਾਦ ਪੁਰਾਣੀ ਅਤੇ ਨਵੀਂ ਦੋਹਾਂ ਰਾਜ ਬਣਤਰਾਂ ਨਾਲ਼ ਸੰਭਵ ਹੈ। ਜੇ ਮਜ਼ਦੂਰ ਸਵੈ-ਇੱਛਾ ਨਾਲ਼ ਆਪਣੀਆਂ ਹਥਿਆਰਬੰਦ ਸ਼ਕਤੀਆਂ ਇੱਕ-ਮੁਠ ਕਰ ਲੈਂਦੇ ਹਨ ਤਾਂ ਇਹ ਕੇਂਦਰਵਾਦ ਹੈ ਪਰ ਇਹ ਕੇਂਦਰਿਤ ਰਾਜਕੀ ਬਣਤਰ —ਸਥਾਈ ਫ਼ੌਜ, ਪੁਲਸ ਅਤੇ ਨੌਕਰਸ਼ਾਹੀ— ਦੀ "ਮੁਕੰਮਲ ਤਬਾਹੀ" ਉੱਤੇ ਅਧਾਰਤ ਹੋਵੇਗਾ। ਜਦੋਂ ਉਹ ਕਮਿਊਨ ਸਬੰਧੀ ਮਾਰਕਸ ਅਤੇ ਏਂਗਲਜ਼ ਦੀਆਂ ਪ੍ਰਸਿੱਧ ਦਲੀਲਾਂ ਨੂੰ ਅੱਖੋਂ ਉਹਲੇ ਕਰਦਾ ਹੈ ਅਤੇ ਇੱਕ ਅਜਿਹੀ ਟੂਕ ਕੱਢ ਲੈਂਦਾ ਹੈ ਜਿਸਦਾ ਮਾਮਲੇ ਨਾਲ਼ ਕੋਈ ਸਬੰਧ ਨਹੀਂ ਤਾਂ ਉਹ ਇੱਕ ਖ਼ਾਲਸ ਠੱਗ ਵਾਂਗ ਵਿਚਰ ਰਿਹਾ ਹੈ।

> "... ਸ਼ਾਇਦ ਪਾਨੇਕੋਇਕ", ਕਾਊਟਸਕੀ ਗੱਲ ਜਾਰੀ ਰੱਖਦਾ ਹੈ, "ਅਧਿਕਾਰੀਆਂ ਦੇ ਰਾਜਕੀ ਕੰਮ ਖ਼ਤਮ ਕਰਨਾ ਚਾਹੁੰਦਾ ਹੈ ? ਪਰ ਰਾਜ ਪ੍ਰਬੰਧ ਦੀ ਤਾਂ ਗੱਲ ਹੀ ਛੱਡੋ, ਪਾਰਟੀ ਅਤੇ ਟਰੇਡ ਯੂਨੀਅਨਾਂ ਵਿੱਚ ਵੀ ਸਾਡਾ ਅਧਿਕਾਰੀਆਂ ਤੋਂ ਬਿਨਾਂ ਗੁਜ਼ਾਰਾ ਨਹੀਂ। ਸਾਡਾ ਪ੍ਰੋਗਰਾਮ ਇਹ ਮੰਗ ਨਹੀਂ ਕਰਦਾ ਕਿ ਰਾਜ ਅਧਿਕਾਰੀਆਂ ਨੂੰ ਖ਼ਤਮ ਕਰ ਦਿੱਤਾ ਜਾਵੇ, ਉਹ ਤਾਂ ਬਸ ਇਹ ਮੰਗ ਕਰਦਾ ਹੈ ਕਿ ਉਹਨਾਂ ਨੂੰ ਲੋਕ ਚੁਣਨ... ਇੱਥੇ ਅਸੀਂ ਉਸ ਰੂਪ ਉੱਤੇ ਵਿਚਾਰ ਨਹੀਂ ਕਰ ਰਹੇ ਜਿਹੜਾ "ਭਵਿੱਖ ਦੇ ਰਾਜ" ਦਾ ਪ੍ਰਬੰਧਕ ਢਾਂਚਾ ਅਖ਼ਤਿਆਰ ਕਰੇਗਾ, ਸਗੋਂ ਇਹ ਵਿਚਾਰ ਕਰ ਰਹੇ ਹਾਂ ਕਿ **ਸਾਡੇ ਇਹਦੇ ਉੱਤੇ ਕਬਜ਼ਾ ਕਰ ਲੈਣ ਤੋਂ ਪਹਿਲਾਂ** ਰਾਜਸੀ ਘੋਲ਼ ਰਾਜ ਸੱਤਾ ਨੂੰ ਖ਼ਤਮ (ਸ਼ਬਦਾਂਤਕ ਅਰਥ ਤੋੜ ਦੇਣਾ —auflöst) ਕਰ ਦੇਂਦਾ ਹੈ। (ਸ਼ਬਦਾਂ ਉੱਤੇ ਜ਼ੋਰ ਕਾਊਟਸਕੀ ਨੇ ਦਿੱਤਾ ਹੈ)। ਕਿਹੜੀ ਵਜ਼ਾਰਤ ਆਪਣੇ ਅਧਿਕਾਰੀਆਂ ਸਮੇਤ ਖ਼ਤਮ ਕੀਤੀ ਜਾ ਸਕਦੀ ਹੈ ?" ਇਸ ਤੋਂ ਪਿੱਛੋਂ ਵਿਦਿਆ, ਇਨਸਾਫ਼, ਖਜ਼ਾਨਾ ਅਤੇ ਯੁੱਧ ਦੀਆਂ ਵਜ਼ਾਰਤਾਂ ਦੀ ਗਿਣਤੀ ਆਉਂਦੀ ਹੈ। "ਹਕੂਮਤ ਵਿਰੁੱਧ ਸਾਡਾ ਰਾਜਸੀ ਘੋਲ਼ ਅਜੋਕੀਆਂ ਵਜ਼ਾਰਤਾਂ ਵਿੱਚੋਂ ਕਿਸੇ ਇੱਕ ਦਾ ਵੀ ਅੰਤ ਨਹੀਂ ਕਰੇਗਾ... ਭੁਲੇਖੇ ਤੋਂ ਬਚਣ ਲਈ ਮੈਂ ਦੁਹਰਾਉਂਦਾ ਹਾਂ : ਅਸੀਂ ਇਸ ਗੱਲ ਉੱਤੇ ਵਿਚਾਰ ਨਹੀਂ ਕਰ ਰਹੇ ਕਿ ਜੇਤੂ ਸੋਸ਼ਲ-ਡੈਮੋਕਰੇਸੀ 'ਭਵਿੱਖ ਦੇ ਰਾਜ' ਨੂੰ ਕੀ ਰੂਪ ਦੇਵੇਗੀ ਸਗੋਂ ਇਹ ਵਿਚਾਰ ਰਹੇ ਹਾਂ ਕਿ ਸਾਡਾ ਵਿਰੋਧ ਅਜੋਕੇ ਰਾਜ ਨੂੰ ਕਿਵੇਂ ਤਬਦੀਲ ਕਰਦਾ ਹੈ।" (ਪੰਨਾ 725)

ਇਹ ਇੱਕ ਬੜੀ ਸਪਸ਼ਟ ਚਾਲ ਹੈ : ਪਾਨੇਕੋਇਕ ਨੇ **ਇਨਕਲਾਬ** ਦਾ ਮਸਲਾ ਖੜਾ ਕੀਤਾ। ਉਹਦੇ ਲੇਖ ਦਾ ਸਿਰਲੇਖ ਅਤੇ ਉੱਪਰ ਜਿਹੜੀਆਂ ਟੂਕਾਂ ਦਿੱਤੀਆਂ ਗਈਆਂ ਹਨ ਉਹ ਦੋਵੇਂ ਸਾਫ਼ ਇਸ ਵੱਲ ਇਸ਼ਾਰਾ ਕਰਦੀਆਂ ਹਨ। "ਵਿਰੋਧ" ਦੇ ਸਵਾਲ ਉੱਤੋਂ ਲੰਘ

ਜਾਣ ਰਾਹੀਂ ਕਾਊਟਸਕੀ ਇਨਕਲਾਬੀ ਨਜ਼ਰੀਏ ਦੀ ਥਾਂ ਮੌਕਾਪ੍ਰਸਤ ਨਜ਼ਰੀਏ ਨੂੰ ਦੇਂਦਾ ਹੈ। ਉਹਦੀ ਗੱਲ ਦਾ ਅਰਥ ਇਹ ਹੈ : ਇਸ ਸਮੇਂ ਅਸੀਂ ਵਿਰੋਧ ਵਿੱਚ ਹਾਂ, **ਜਦੋਂ** ਅਸੀਂ ਸੱਤਾ ਉੱਤੇ ਕਬਜ਼ਾ ਕਰ ਲਵਾਂਗੇ ਤਾਂ ਅਸੀਂ ਕੀ ਕਰਾਂਗੇ, ਇਹ ਗੱਲ ਅਸੀਂ ਉਸ ਸਮੇਂ ਵੇਖਾਂਗੇ। **ਇਨਕਲਾਬ ਲੋਪ ਹੋ ਗਿਆ !** ਅਤੇ ਐਨ ਇਹੋ ਕੁੱਝ ਮੌਕਾਪ੍ਰਸਤ ਚਾਹੁੰਦੇ ਸਨ।

ਬਹਿਸ ਨਾ ਤਾਂ ਵਿਰੋਧ ਸਬੰਧੀ ਹੋ ਰਹੀ ਹੈ ਅਤੇ ਨਾ ਆਮ ਤੌਰ 'ਤੇ ਰਾਜਸੀ ਘੋਲ਼ ਸਬੰਧੀ ਸਗੋਂ **ਇਨਕਲਾਬ** ਸਬੰਧੀ। ਇਨਕਲਾਬ ਦਾ ਅਰਥ ਹੈ ਪ੍ਰੋਲੇਤਾਰੀ ਵੱਲੋਂ "ਪ੍ਰਬੰਧਕ ਢਾਂਚੇ" ਨੂੰ ਅਤੇ **ਸਮੁੱਚੀ** ਰਾਜ ਬਣਤਰ ਨੂੰ **ਤਬਾਹ ਕਰ ਦੇਣਾ**, ਇਹਦੀ ਥਾਂ ਇੱਕ ਨਵੀਂ ਬਣਤਰ ਖੜੀ ਕਰਨਾ ਜੋ ਹਥਿਆਰਬੰਦ ਮਜ਼ਦੂਰਾਂ ਤੋਂ ਬਣੀ ਹੋਵੇ। ਕਾਊਟਸਕੀ "ਵਜ਼ਾਰਤਾਂ" ਲਈ "ਵਹਿਮੀ ਸਤਿਕਾਰ" ਵਿਖਾਉਂਦਾ ਹੈ; ਪਰ, ਮਿਸਾਲ ਵਜੋਂ, ਉਹਨਾਂ ਦੀ ਥਾਂ ਖ਼ੁਦ-ਮੁਖ਼ਤਾਰ, ਸਰਬ ਸ਼ਕਤੀਮਾਨ ਮਜ਼ਦੂਰਾਂ ਅਤੇ ਫ਼ੌਜੀਆਂ ਦੀਆਂ ਸੋਵੀਅਤਾਂ ਅਧੀਨ ਮਾਹਿਰਾਂ ਦੀਆਂ ਕਮੇਟੀਆਂ ਨੂੰ ਕਿਉਂ ਨਹੀਂ ਦਿੱਤੀ ਜਾ ਸਕਦੀ ?

ਨੁਕਤਾ ਇਹ ਨਹੀਂ ਕਿ "ਵਜ਼ਾਰਤਾਂ" ਅਜੇ ਵੀ ਕਾਇਣ ਰਹਿਣਗੀਆਂ ਜਾਂ ਇਹ ਕਿ ਉਹਨਾਂ ਦੀ ਥਾਂ "ਮਾਹਿਰਾਂ ਦੀਆਂ ਕਮੇਟੀਆਂ" ਜਾਂ ਹੋਰ ਸੰਸਥਾਵਾਂ ਸਥਾਪਤ ਕੀਤੀਆਂ ਜਾਣਗੀਆਂ; ਇਹ ਗੱਲ ਮਹੱਤਵ-ਪੂਰਨ ਨਹੀਂ। ਨੁਕਤਾ ਇਹ ਹੈ ਕਿ ਕੀ ਪੁਰਾਣੀ ਰਾਜ ਬਣਤਰ (ਜਿਹੜੀ ਹਜ਼ਾਰਾਂ ਤਾਰਾਂ ਰਾਹੀਂ ਬੁਰਜੂਆਜ਼ੀ ਨਾਲ਼ ਜੁੜੀ ਹੈ ਅਤੇ ਪੂਰੀ ਤਰ੍ਹਾਂ ਨਿਤਾਕ੍ਰਮ ਅਤੇ ਸਿਥਲਤਾ ਨਾਲ਼ ਗੜੁੱਚੀ ਹੋਈ ਹੈ) ਕਾਇਮ ਰਹੇਗੀ ਜਾਂ ਇਹ **ਤਬਾਹ ਕਰ ਦਿੱਤੀ ਜਾਵੇਗੀ** ਅਤੇ ਇਹਦੀ ਥਾਂ ਇੱਕ **ਨਵੀਂ** ਬਣਤਰ ਲਵੇਗੀ। ਇਨਕਲਾਬ ਦੇ ਅਰਥ ਪੁਰਾਣੀ ਰਾਜ ਬਣਤਰ ਦੀ ਸਹਾਇਤਾ ਨਾਲ਼ ਨਵੀਂ ਜਮਾਤ ਦਾ ਸੱਤਾ-ਪ੍ਰਧਾਨ ਹੋ ਜਾਣਾ, ਹਕੂਮਤ ਕਰਨਾ ਨਹੀਂ ਸਗੋਂ ਇਸ ਜਮਾਤ ਵੱਲੋਂ ਇਸ ਬਣਤਰ ਨੂੰ **ਤਬਾਹ ਕਰਨਾ** ਅਤੇ **ਨਵੀਂ** ਬਣਤਰ ਦੀ ਸਹਾਇਤਾ ਨਾਲ਼ ਸੱਤਾ-ਪ੍ਰਧਾਨ ਹੋਣਾ ਅਤੇ ਹਕੂਮਤ ਕਰਨਾ ਹੈ। ਕਾਊਟਸਕੀ ਮਾਰਕਸਵਾਦ ਦੇ ਇਸ **ਬੁਨਿਆਦੀ** ਵਿਚਾਰ ਉੱਤੇ ਪਰਦਾ ਪਾ ਦੇਂਦਾ ਹੈ ਜਾਂ ਉਹ ਇਹਨੂੰ ਸਮਝਣੋਂ ਅਸਮਰੱਥ ਰਿਹਾ ਹੈ।

ਅਧਿਕਾਰੀਆਂ ਸਬੰਧੀ ਉਹਦਾ ਸਵਾਲ ਸਪਸ਼ਟ ਤੌਰ 'ਤੇ ਪ੍ਰਗਟ ਕਰਦਾ ਹੈ ਕਿ ਉਹਨੇ ਕਮਿਊਨ ਦੇ ਸਬਕ ਜਾਂ ਮਾਰਕਸ ਦੀ ਸਿੱਖਿਆ ਨੂੰ ਨਹੀਂ ਸਮਝਿਆ। "ਪਾਰਟੀ ਅਤੇ ਟਰੇਡ ਯੂਨੀਅਨਾਂ ਵਿੱਚ ਵੀ ਸਾਡਾ ਅਧਿਕਾਰੀਆਂ ਤੋਂ ਬਿਨਾਂ ਗੁਜ਼ਾਰਾ ਨਹੀਂ।..."

ਸਾਡਾ **ਸਰਮਾਏਦਾਰੀ ਅਧੀਨ ਬੁਰਜੂਆਜ਼ੀ ਦੀ ਹਕੂਮਤ** ਅਧੀਨ ਅਧਿਕਾਰੀਆਂ ਤੋਂ ਬਿਨਾਂ ਗੁਜ਼ਾਰਾ ਨਹੀਂ। ਸਰਮਾਏਦਾਰੀ ਪ੍ਰੋਲੇਤਾਰੀ ਉੱਤੇ ਜਬਰ ਕਰਦੀ ਹੈ, ਕਿਰਤੀ ਲੋਕਾਂ ਨੂੰ ਗ਼ੁਲਾਮ ਬਣਾਉਂਦੀ ਹੈ। ਸਰਮਾਏਦਾਰੀ ਅਧੀਨ ਉਜਰਤੀ ਗ਼ੁਲਾਮੀ ਅਤੇ ਲੋਕਾਂ ਦੀ ਗ਼ਰੀਬੀ ਅਤੇ ਦੁਰਦਸ਼ਾ ਕਾਰਨ ਜਮਹੂਰੀਅਤ ਸੀਮਤ, ਸੁੰਗੜੀ, ਰੋਕਾਂ ਲੱਗੀ ਅਤੇ ਵਿਗੜੀ ਹੁੰਦੀ ਹੈ। ਇਸੇ ਲਈ ਇਹੋ ਅਤੇ ਕੇਵਲ ਇਹੋ ਹੀ ਕਾਰਨ ਹੈ ਕਿ ਸਾਡੀਆਂ ਰਾਜਸੀ ਜਥੇਬੰਦੀਆਂ ਅਤੇ ਟਰੇਡ ਯੂਨੀਅਨਾਂ ਦੇ ਅਧਿਕਾਰੀ ਸਰਮਾਏਦਾਰੀ ਦੀਆਂ ਹਾਲਤਾਂ ਕਾਰਨ ਭ੍ਰਿਸ਼ਟ ਹੋ ਜਾਂਦੇ ਹਨ (ਜਾਂ ਵਧੇਰੇ ਸ਼ੁੱਧ ਅਰਥਾਂ ਵਿੱਚ ਭ੍ਰਿਸ਼ਟ ਹੋ ਜਾਣ ਦਾ ਮੁਹਾਣ ਰੱਖਦੇ ਹਨ) ਅਤੇ ਨੌਕਰਸ਼ਾਹ,

ਅਰਥਾਤ, ਲੋਕਾਂ ਨਾਲ਼ੋਂ ਨਿਖੜੇ ਹੋਏ ਅਤੇ ਲੋਕਾਂ **ਦੇ ਉੱਪਰ** ਖੜੇ ਵਿਸ਼ੇਸ਼ ਅਧਿਕਾਰਾਂ ਵਾਲ਼ੇ ਵਿਅਕਤੀ ਬਣਨ ਵੱਲ ਝੁਕਦੇ ਹਨ।

ਇਹ ਨੌਕਰਸ਼ਾਹੀ ਦਾ **ਤੱਤ** ਹੈ; ਅਤੇ ਜਦੋਂ ਤੱਕ ਸਰਮਾਏਦਾਰਾਂ ਨੂੰ ਜ਼ਬਤ ਨਹੀਂ ਕਰ ਲਿਆ ਜਾਂਦਾ ਅਤੇ ਬੁਰਜੂਆਜ਼ੀ ਦਾ ਤਖ਼ਤਾ ਨਹੀਂ ਉਲਟਾ ਦਿੱਤਾ ਜਾਂਦਾ ਪ੍ਰੋਲਤਾਰੀ ਅਧਿਕਾਰੀ **ਵੀ** ਲਾਜ਼ਮੀ ਤੌਰ 'ਤੇ ਕੁੱਝ ਹੱਦ ਤੱਕ "ਨੌਕਰਸ਼ਾਹ ਬਣ ਜਾਣਗੇ"।

ਕਾਊਟਸਕੀ ਅਨੁਸਾਰ : ਕਿਉਂਕਿ ਸੋਸ਼ਲਿਜ਼ਮ ਅਧੀਨ ਚੁਣੇ ਹੋਏ ਕਾਰਜਕਾਰ ਕਾਇਮ ਰਹਿਣਗੇ, ਅਧਿਕਾਰੀ ਕਾਇਮ ਰਹਿਣਗੇ, ਨੌਕਰਸ਼ਾਹੀ ਕਾਇਮ ਰਹੇਗੀ! ਉਹ ਐਨ ਇਥੇ ਹੀ ਗ਼ਲਤੀ ਕਰਦਾ ਹੈ। ਮਾਰਕਸ ਨੇ ਐਨ ਕਮਿਊਨ ਦੀ ਮਿਸਾਲ ਇਹ ਵਿਖਾਉਣ ਲਈ ਵਰਤੀ ਸੀ ਕਿ ਸੋਸ਼ਲਿਜ਼ਮ ਅਧੀਨ ਕਾਰਕੁਨਾਂ ਦਾ "ਨੌਕਰਸ਼ਾਹ" ਹੋਣਾ, "ਅਧਿਕਾਰੀ" ਹੋਣਾ ਖ਼ਤਮ ਹੋ ਜਾਵੇਗਾ, ਉਹਨਾਂ ਦਾ ਅਜਿਹਾ ਹੋਣਾ **ਉਸ ਨਿਸਬਤ** ਨਾਲ਼ ਖ਼ਤਮ ਹੋ ਜਾਵੇਗਾ ਜਿਸ ਨਿਸਬਤ ਨਾਲ਼ ਅਧਿਕਾਰੀਆਂ ਦੀ ਚੋਣ ਦੇ ਅਸੂਲ ਦੇ ਨਾਲ਼ ਹੀ ਨਾਲ਼ ਉਹਨਾਂ ਦੇ ਕਿਸੇ ਵੀ ਸਮੇਂ ਹਟਾਏ ਜਾਣ ਦਾ ਅਸੂਲ **ਵੀ** ਲਾਗੂ ਕੀਤਾ ਜਾਂਦਾ ਹੈ **ਅਤੇ** ਤਨਖ਼ਾਹਾਂ ਔਸਤ ਮਜ਼ਦੂਰ ਦੀ ਉਜਰਤ ਤੱਕ ਘਟਾ ਦਿੱਤੀਆਂ ਜਾਂਦੀਆਂ ਹਨ **ਅਤੇ**, ਇਹ ਵੀ ਕਿ, ਜਿਉਂ ਜਿਉਂ ਪਾਰਲੀਮਾਨੀ ਸੰਸਥਾਵਾਂ ਦੀ ਥਾਂ "ਕੰਮ ਕਰਨ ਵਾਲ਼ੀਆਂ ਜਥੇਬੰਦੀਆਂ, ਇੱਕੋ ਸਮੇਂ ਕਾਨੂੰਨ-ਘੜਨੀਆਂ ਅਤੇ ਪ੍ਰਬੰਧਕ"[50], ਲੈਂਦੀਆਂ ਹਨ।

ਇਹਦੇ ਤੱਤ ਵਿੱਚ ਪਾਨੇਕੋਇਕ ਦੇ ਵਿਰੁੱਧ ਕਾਊਟਸਕੀ ਦੀ ਸਮੁੱਚੀ ਦਲੀਲ ਅਤੇ ਵਿਸ਼ੇਸ਼ ਤੌਰ 'ਤੇ ਕਾਊਟਸਕੀ ਦਾ ਇਹ ਸ਼ਾਨਦਾਰ ਨਕੁਤਾ ਕਿ ਆਪਣੀਆਂ ਪਾਰਟੀ ਅਤੇ ਟਰੇਡ ਯੂਨੀਅਨ ਜਥੇਬੰਦੀਆਂ ਵਿੱਚ ਵੀ ਸਾਡਾ ਅਧਿਕਾਰੀਆਂ ਤੋਂ ਬਿਨਾਂ ਗੁਜ਼ਾਰਾ ਨਹੀਂ, ਆਮ ਤੌਰ 'ਤੇ ਮਾਰਕਸਵਾਦ ਵਿਰੁੱਧ ਬਰਨਸਟਾਈਨ ਦੀਆਂ ਪੁਰਾਣੀਆਂ "ਦਲੀਲਾਂ" ਨੂੰ ਦੁਹਰਾਉਣਾ ਹੀ ਹੈ। ਆਪਣੀ ਭਗੌੜੀ ਪੁਸਤਕ "ਸੋਸ਼ਲਿਜ਼ਮ ਦੀਆਂ ਪੂਰਵ ਲੋੜਾਂ" ਵਿੱਚ ਬਰਨਸਟਾਈਨ "ਆਦਿ-ਕਾਲੀਨ" ਜਮਹੂਰੀਅਤ ਦਾ ਮੁਕਾਬਲਾ ਕਰਦਾ ਹੈ, ਉਸਦਾ ਮੁਕਾਬਲਾ ਕਰਦਾ ਹੈ ਜਿਸਨੂੰ ਉਹ "ਮਸਲੇਬਾਜ਼" ਜਮਹੂਰੀਅਤ ਕਹਿੰਦਾ ਹੈ; ਲਾਜ਼ਮੀ ਹੁਕਮਾਂ, ਬਗ਼ੈਰ ਤਨਖ਼ਾਹ ਅਧਿਕਾਰੀਆਂ, ਖੱਸੀ ਕੇਂਦਰੀ ਪ੍ਰਤਿਨਿਧ ਸੰਸਥਾਵਾਂ, ਆਦਿ ਦਾ ਮੁਕਾਬਲਾ ਕਰਦਾ ਹੈ। ਇਹ ਸਾਬਤ ਕਰਨ ਲਈ ਕਿ "ਆਦਿ-ਕਾਲੀਨ ਜਮਹੂਰੀਅਤ" ਠੀਕ ਨਹੀਂ, ਬਰਨਸਟਾਈਨ ਵੈਬਾਂ ਦੀ ਵਿਆਖਿਆ ਅਨੁਸਾਰ[51] ਬਰਤਾਨਵੀ ਟਰੇਡ ਯੂਨੀਅਨਾਂ ਦੀ ਮਿਸਾਲ ਦੇਂਦਾ ਹੈ। ਸੱਤਰ ਵਰ੍ਹੇ "ਮੁਕੰਮਲ ਅਜ਼ਾਦੀ" ਵਿੱਚ ਵਿਕਸਤ ਹੋਣ ਪਿੱਛੋਂ, ਉਹ ਕਹਿੰਦਾ ਹੈ (ਪੰਨਾ 137, ਜਰਮਨ ਛਾਪ), ਟਰੇਡ ਯੂਨੀਅਨਾਂ ਨੂੰ ਨਿਸ਼ਚਾ ਹੋ ਗਿਆ ਕਿ ਆਦਿ-ਕਾਲੀਨ ਜਮਹੂਰੀਅਤ ਵਿਅਰਥ ਹੈ ਅਤੇ ਉਹਨਾਂ ਇਹਦੀ ਥਾਂ ਸਾਧਾਰਨ ਜਮਹੂਰੀਅਤ ਨੂੰ ਦੇ ਦਿੱਤੀ, ਅਰਥਾਤ, ਨੌਰਕਸ਼ਾਹੀ ਨਾਲ਼ ਮਿਲੇ ਪਾਰਲੀਮਾਨੀਵਾਦ ਨੂੰ।

ਤੱਥ ਤਾਂ ਇਹ ਹੈ ਕਿ ਟਰੇਡ ਯੂਨੀਅਨਾਂ "ਮੁਕੰਮਲ ਅਜ਼ਾਦੀ" ਵਿੱਚ ਵਿਕਸਤ ਨਾ ਹੋਈਆਂ **ਸਗੋਂ ਮੁਕੰਮਲ ਸਰਮਾਏਦਾਰ ਗ਼ੁਲਾਮੀ ਵਿੱਚ** ਵਿਕਸਤ ਹੋਈਆਂ, ਜਿਸ ਅਧੀਨ, ਇਹ ਕਹਿਣ ਦੀ ਲੋੜ ਹੀ ਨਹੀਂ, ਪ੍ਰਚਲਤ ਬੁਰਾਈ, ਹਿੰਸਾ, ਝੂਠ ਨੂੰ ਰਿਆਇਤਾਂ ਦੇਣੋਂ,

ਗਰੀਬਾਂ ਦੇ "ਉਚੇਰੇ" ਪ੍ਰਬੰਧ ਤੋਂ ਵੱਖ ਰੱਖੇ ਜਾਣ ਤੋਂ "ਬਚਿਆ ਜਾ ਹੀ ਨਹੀਂ ਸਕਦਾ"। ਸੋਸ਼ਲਿਜ਼ਮ ਅਧੀਨ ਇਸ "ਆਦਿ-ਕਾਲੀਨ" ਜਮਹੂਰੀਅਤ ਦਾ ਬਹੁਤ ਸਾਰਾ ਹਿੱਸਾ ਅਟੱਲ ਤੌਰ 'ਤੇ ਮੁੜ ਸੁਰਜੀਤ ਕੀਤਾ ਜਾਵੇਗਾ ਕਿਉਂਕਿ ਸਭਿਆ ਸਮਾਜ ਦੇ ਇਤਿਹਾਸ ਵਿੱਚ ਪਹਿਲੀ ਵਾਰ, ਵਸੋਂ ਦਾ **ਬਹੁਤ ਵੱਡਾ ਹਿੱਸਾ** ਨਾ ਕੇਵਲ ਵੋਟਾਂ ਅਤੇ ਚੋਣਾਂ ਵਿੱਚ **ਸਗੋਂ ਮਾਮਲਿਆਂ ਦੇ ਨਿਤ ਦੇ ਪ੍ਰਬੰਧ ਵਿੱਚ ਵੀ ਸੁਤੰਤਰ** ਹਿੱਸਾ ਲੈਣ ਤੱਕ ਉੱਪਰ ਉਠੇਗਾ। ਸੋਸ਼ਲਿਜ਼ਮ ਅਧੀਨ **ਸਭ** ਵਾਰੋ ਵਾਰੀ ਹਕੂਮਤ ਕਰਨਗੇ ਅਤੇ ਛੇਤੀ ਹੀ ਕਿਸੇ ਦੇ ਹਕੂਮਤ ਨਾ ਕਰਨ ਦੇ ਆਦੀ ਹੋ ਜਾਣਗੇ।

ਮਾਰਕਸ ਦੀ ਪੜਚੋਲੀ-ਵਿਸ਼ਲੇਸ਼ਣੀ ਪ੍ਰਤਿਭਾ ਨੇ ਕਮਿਊਨ ਦੇ ਅਮਲੀ ਕਦਮਾਂ ਵਿੱਚ ਉਹ **ਮੋੜ** ਵੇਖਿਆ ਜਿਸ ਤੋਂ ਮੌਕਾਪ੍ਰਸਤ ਡਰਦੇ ਹਨ ਅਤੇ ਆਪਣੀ ਕਾਇਰਤਾ ਕਾਰਨ ਵੇਖਣਾ ਨਹੀਂ ਚਾਹੁੰਦੇ ਕਿਉਂਕਿ ਉਹ ਬੁਰਜੂਆਜ਼ੀ ਨਾਲ਼ ਅਣਟੁੱਟਵਾਂ ਤੋੜ-ਵਿਛੋੜਾ ਨਹੀਂ ਕਰਨਾ ਚਾਹੁੰਦੇ ਅਤੇ ਅਰਜਾਕਤਾਵਾਦੀ ਨਹੀਂ ਵੇਖਦੇ ਕਿਉਂਕਿ ਜਾਂ ਤਾਂ ਉਹਨਾਂ ਨੂੰ ਬਹੁਤ ਕਾਹਲ ਹੈ ਅਤੇ ਜਾਂ ਉਹ ਮਹਾਨ ਸਮਾਜਕ ਤਬਦੀਲੀਆਂ ਦੀਆਂ ਸਭਨਾਂ ਹਾਲਤਾਂ ਨੂੰ ਨਹੀਂ ਸਮਝਦੇ। "ਸਾਨੂੰ ਪੁਰਾਣੀ ਰਾਜ ਬਣਤਰ ਨੂੰ ਤਬਾਹ ਕਰਨ ਸਬੰਧੀ ਸੋਚਣਾ ਵੀ ਨਹੀਂ ਚਾਹੀਦਾ; ਸਾਡਾ ਵਜ਼ਾਰਤਾਂ ਅਤੇ ਅਧਿਕਾਰੀਆਂ ਬਿਨਾਂ ਕਿਵੇਂ ਗੁਜ਼ਾਰਾ ਹੋ ਸਕਦਾ ਹੈ?" —ਮੌਕਾਪ੍ਰਸਤ ਦਲੀਲ ਦੇਂਦਾ ਹੈ ਜਿਹੜਾ ਪੂਰੀ ਤਰ੍ਹਾਂ ਤੰਗ-ਨਜ਼ਰੀ ਵਿੱਚ ਗੜੁੱਚਿਆ ਹੈ ਅਤੇ ਜਿਹੜਾ ਅਸਲ ਵਿੱਚ ਇਨਕਲਾਬ ਵਿੱਚ, ਇਨਕਲਾਬ ਦੀ ਰਚਨਾਤਮਕ ਸ਼ਕਤੀ ਵਿੱਚ ਨਾ ਕੇਵਲ ਯਕੀਨ ਹੀ ਨਹੀਂ ਰੱਖਦਾ ਸਗੋਂ ਇਹਦੇ ਤੋਂ ਮਾਰੂ ਖ਼ਤਰਾ ਅਨੁਭਵ ਕਰਦਾ ਹੋਇਆ ਜਿਉਂਦਾ ਹੈ (ਸਾਡੇ ਮੈਨਸ਼ਵਿਕਾਂ ਅਤੇ ਸੋਸ਼ਲਿਸਟ-ਇਨਕਲਾਬੀਆਂ ਵਾਂਗ)।

"ਸਾਨੂੰ **ਕੇਵਲ** ਪੁਰਾਣੀ ਰਾਜ ਬਣਤਰ ਨੂੰ ਤਬਾਹ ਕਰਨ ਸਬੰਧੀ ਸੋਚਣਾ ਚਾਹੀਦਾ ਹੈ; ਪਹਿਲੀਆਂ ਦੇ ਪ੍ਰੋਲਤਾਰੀ ਇਨਕਲਾਬਾਂ ਦੇ **ਠੋਸ** ਸਬਕਾਂ ਨੂੰ ਘੋਖਣ ਦਾ ਅਤੇ ਇਹ ਵਿਸ਼ਲੇਸ਼ਣ ਕਰਨ ਦਾ ਕਿ ਜੋ ਕੁੱਝ ਤਬਾਹ ਕੀਤਾ ਗਿਆ ਹੈ ਉਹਦੀ ਥਾਂ **ਕੀ** ਰੱਖਣਾ ਹੈ ਅਤੇ **ਕਿਵੇਂ**, ਕੋਈ ਲਾਭ ਨਹੀਂ" —ਅਰਾਜਕਤਾਵਾਦੀ ਦਲੀਲ ਦੇਂਦਾ ਹੈ (ਨਿਰਸੰਦੇਹ ਅਰਾਜਕਤਾਵਾਦੀਆਂ ਵਿੱਚੋਂ ਸਰਵਉੱਤਮ ਨਾ ਕਿ ਕਰੋਪੋਤਕਿਨ ਅਤੇ ਉਹਦੇ ਸਾਥੀਆਂ ਜਿਹੇ ਅਰਾਜਕਤਾਵਾਦੀ ਜਿਹੜੇ ਬੁਰਜੂਆਜ਼ੀ ਦੀ ਪੈੜ 'ਤੇ ਚਲਦੇ ਹਨ); ਇਹ ਸਿੱਟੇ ਵਜੋਂ ਅਰਾਜਕਤਾਵਾਦੀ ਦਾਅ-ਪੇਚ ਜਨਤਕ ਲਹਿਰ ਦੀਆਂ ਯਥਾਰਥਕ ਹਾਲਤਾਂ ਨੂੰ ਮੁੱਖ ਰੱਖਦੇ ਹੋਏ ਠੋਸ ਮਸਲਿਆਂ ਦਾ ਹੱਲ ਲੱਭਣ ਦੇ ਦਲੇਰ ਇਨਕਲਾਬੀ ਕੰਮ ਦੀ ਥਾਂ **ਨਿਰਾਸ਼ਾ** ਦੇ ਦਾਅ-ਪੇਚ ਬਣ ਜਾਂਦੇ ਹਨ।

ਮਾਰਕਸ ਸਾਨੂੰ ਦੋਹਾਂ ਗ਼ਲਤੀਆਂ ਤੋਂ ਬਚਣਾ ਸਿਖਾਉਂਦੇ ਹਨ; ਉਹ ਸਮੁੱਚੀ ਪੁਰਾਣੀ ਰਾਜ ਬਣਤਰ ਨੂੰ ਤਬਾਹ ਕਰਨ ਵਿੱਚ ਅਤਿ-ਅੰਤ ਦਲੇਰੀ ਨਾਲ਼ ਅਮਲ ਕਰਨਾ ਸਿਖਾਉਂਦੇ ਹਨ ਅਤੇ ਇਹਦੇ ਨਾਲ਼ ਹੀ ਨਾਲ਼ ਸਾਨੂੰ ਸਵਾਲ ਠੋਸ ਤੌਰ 'ਤੇ ਪੇਸ਼ ਕਰਨਾ ਸਿਖਾਉਂਦੇ ਹਨ : ਕਮਿਊਨ ਵਧੇਰੇ ਵਿਸ਼ਾਲ ਜਮਹੂਰੀਅਤ ਪ੍ਰਾਪਤ ਕਰਨ ਲਈ ਅਤੇ ਨੌਕਰਸ਼ਾਹੀ ਦੀਆਂ ਜੜ੍ਹਾਂ ਖੋਦਣ ਲਈ ਅਮਕੇ-ਅਤੇ-ਅਮਕੇ ਕਦਮ ਲਾਗੂ ਕਰਕੇ ਕੁੱਝ

ਹਫ਼ਤਿਆਂ ਵਿੱਚ ਇੱਕ **ਨਵੀਂ**, ਪ੍ਰੋਲੇਤਾਰੀ ਰਾਜ ਬਣਤਰ ਖੜੀ ਕਰਨਾ **ਸ਼ੁਰੂ ਕਰਨ** ਦੇ ਯੋਗ ਬਣੀ। ਸਾਨੂੰ ਕਮਿਊਨਾਰਦਾਂ ਤੋਂ ਇਨਕਲਾਬੀ ਦਲੇਰੀ ਸਿੱਖਣੀ ਚਾਹੀਦੀ ਹੈ; ਸਾਨੂੰ ਉਹਨਾਂ ਦੇ ਅਮਲੀ ਕਦਮਾਂ ਵਿੱਚ ਅਤਿ-ਅੰਤ ਅਮਲੀ ਅਤੇ ਫ਼ੌਰੀ ਤੌਰ 'ਤੇ ਸੰਭਵ ਕਦਮਾਂ ਨੂੰ **ਵੇਖਣਾ** ਚਾਹੀਦਾ ਹੈ ਅਤੇ ਫੇਰ, **ਇਸ ਰਾਹ ਉੱਤੇ ਚਲਦੇ ਹੋਏ** ਅਸੀਂ ਨੌਕਰਸ਼ਾਹੀ ਦੀ ਮੁਕੰਮਲ ਤਬਾਹੀ ਪ੍ਰਾਪਤ ਕਰ ਸਕਾਂਗੇ।

ਇਸ ਤਬਾਹੀ ਦੀ ਜ਼ਾਮਨੀ ਇਸ ਤੱਥ ਤੋਂ ਮਿਲਦੀ ਹੈ ਕਿ ਸੋਸ਼ਲਿਜ਼ਮ ਕੰਮ ਦਿਹਾੜੀ ਛੁਟੇਰੀ ਕਰੇਗਾ, **ਲੋਕਾਂ ਨੂੰ** ਨਵੇਂ ਜੀਵਨ ਤੱਕ ਚੁੱਕੇਗਾ, ਵਸੋਂ ਦੀ **ਬਹੁ-ਗਿਣਤੀ** ਲਈ ਅਜਿਹੀਆਂ ਹਾਲਤਾਂ ਪੈਦਾ ਕਰੇਗਾ ਜਿਨ੍ਹਾਂ ਵਿੱਚ, ਬਿਨਾਂ ਛੋਟ, **ਹਰ ਵਿਅਕਤੀ** ਇਸ ਯੋਗ ਹੋ ਜਾਵੇਗਾ ਕਿ ਉਹ, "ਰਾਜ ਦੇ ਕਾਰਜ" ਪੂਰੇ ਕਰ ਸਕੇ, ਅਤੇ ਇਉਂ ਆਮ ਤੌਰ 'ਤੇ ਰਾਜ ਦੇ **ਮੁਕੰਮਲ ਤੌਰ 'ਤੇ ਖ਼ਤਮ ਹੋ ਜਾਣ** ਤੱਕ ਲੈ ਜਾਵੇਗਾ।

> "... ਜਨਤਕ ਹੜਤਾਲ ਦਾ ਮੰਤਵ", ਕਾਊਟਸਕੀ ਗੱਲ ਜਾਰੀ ਰੱਖਦਾ ਹੈ, "ਕਦੇ ਰਾਜ ਸ਼ਕਤੀ ਨੂੰ **ਤਬਾਹ ਕਰਨਾ** ਨਹੀਂ ਹੋ ਸਕਦਾ; ਇਹਦਾ ਇੱਕੋ ਇੱਕ ਮੰਤਵ ਕਿਸੇ ਵਿਸ਼ੇਸ਼ ਸਵਾਲ ਸਬੰਧੀ ਹਕੂਮਤ ਤੋਂ ਰਿਆਇਤਾਂ ਪ੍ਰਾਪਤ ਕਰਨਾ ਜਾਂ ਇੱਕ ਵਿਰੋਧੀ ਹਕੂਮਤ ਦੀ ਥਾਂ ਇੱਕ ਅਜਿਹੀ ਹਕੂਮਤ ਦੀ ਸਥਾਪਤੀ ਹੋ ਸਕਦਾ ਹੈ ਜਿਹੜੀ ਪ੍ਰੋਲਤਾਰੀ ਅੱਗੇ ਵਧੇਰੇ ਝੁਕਣ ਵਾਲ਼ੀ (entgegenkommende) ਹੋਵੇ।... ਪਰ ਕਦੇ ਵੀ, ਕਿਸੇ ਵੀ ਹਾਲਤ ਅਧੀਨ ਇਹ", (ਅਰਥਾਤ ਵਿਰੋਧੀ ਹਕੂਮਤ ਉੱਤੇ ਪ੍ਰੋਲੇਤਾਰੀ ਦੀ ਜਿੱਤ) "ਰਾਜ ਸ਼ਕਤੀ ਦੀ **ਤਬਾਹੀ** ਨਹੀਂ ਹੋ ਸਕਦਾ; ਇਹਦੇ ਸਿੱਟੇ ਵਜੋਂ **ਰਾਜ ਸ਼ਕਤੀ ਦੇ ਅੰਦਰ** ਸ਼ਕਤੀ ਸਬੰਧ ਵਿੱਚ ਕੁੱਝ **ਤਬਦੀਲੀ** (Verschiebung) ਹੀ ਹੋ ਸਕਦੀ ਹੈ।... ਪਹਿਲਾਂ ਵਾਂਗ ਹੀ ਸਾਡੇ ਘੋਲ਼ ਦਾ ਮੰਤਵ ਪਾਰਲੀਮੈਂਟ ਵਿੱਚ ਬਹੁ-ਮਤ ਪ੍ਰਾਪਤ ਕਰਕੇ ਅਤੇ ਪਾਰਲੀਮੈਂਟ ਨੂੰ ਹਕੂਮਤ ਦੇ ਮਾਲਕ ਵਿੱਚ ਤਬਦੀਲ ਕਰਕੇ ਰਾਜ ਸ਼ਕਤੀ ਜਿੱਤਣਾ ਹੈ।" (ਪੰਨਾ 726, 727, 732)

ਇਹ ਅਤਿ-ਅੰਤ ਖ਼ਾਲਸ ਅਤੇ ਗੰਵਾਰੂ ਮੌਕਾਪ੍ਰਸਤੀ ਤੋਂ ਬਿਨਾਂ ਹੋਰ ਕੁੱਝ ਨਹੀਂ : ਜ਼ਬਾਨੀ ਕਲਾਮੀ ਇਹਨੂੰ ਕਬੂਲ ਕਰਦੇ ਹੋਏ ਅਮਲਾਂ ਵਿੱਚ ਇਨਕਲਾਬ ਨੂੰ ਰੱਦ ਕਰਨਾ ਹੈ। ਕਾਊਟਸਕੀ ਦੇ ਵਿਚਾਰ ਉਸ "ਹਕੂਮਤ" ਤੋਂ "ਜਿਹੜੀ ਪ੍ਰੋਲੇਤਾਰੀ ਅੱਗੇ ਵਧੇਰੇ ਝੁਕਣ ਵਾਲ਼ੀ ਹੋਵੇ" ਅੱਗੇ ਨਹੀਂ ਜਾਂਦੇ —ਇਹ 1847 ਦੇ ਮੁਕਾਬਲੇ ਉੱਤੇ ਜਦੋਂ 'ਕਮਿਊਨਿਸਟ ਮੈਨੀਫ਼ੈਸਟੋ" ਨੇ "ਹਾਕਮ ਜਮਾਤ ਦੇ ਤੌਰ 'ਤੇ ਪ੍ਰੋਲੇਤਾਰੀ ਦੀ ਜਥੇਬੰਦੀ" ਦਾ ਐਨਾਲ ਕੀਤਾ, ਤੰਗ-ਨਜ਼ਰੀ ਵੱਲ ਪਿੱਛੇ ਨੂੰ ਇੱਕ ਕਦਮ ਹੈ।

ਕਾਊਟਸਕੀ ਨੂੰ ਸ਼ਾਈਦੇਮਾਨਾਂ, ਪਲੈਖਾਨੋਵਾਂ ਅਤੇ ਵਾਂਡਰਵੇਲਡੇਵਾਂ ਨਾਲ਼ ਆਪਣੀ ਪਿਆਰੀ "ਏਕਤਾ" ਪ੍ਰਾਪਤ ਕਰਨੀ ਪਵੇਗੀ, ਜਿਹੜੇ ਸਾਰੇ ਇੱਕ ਅਜਿਹੀ ਹੂਕਮਤ ਲਈ ਲੜਨ 'ਤੇ ਸਹਿਮਤ ਹਨ "ਜਿਹੜੀ ਪ੍ਰੋਲੇਤਾਰੀ ਅੱਗੇ ਵਧੇਰੇ ਝੁਕਣ ਵਾਲ਼ੀ ਹੋਵੇਗੀ।"

ਪਰ ਅਸੀਂ ਸੋਸ਼ਲਿਜ਼ਮ ਦੇ ਇਹਨਾਂ ਗੱਦਾਰਾਂ ਨਾਲ਼ ਤੋੜ-ਵਿਛੋੜਾ ਕਰ ਲਵਾਂਗੇ

ਅਤੇ ਪੁਰਾਣੀ ਰਾਜ ਬਣਤਰ ਦੀ ਮੁਕੰਮਲ ਤਬਾਹੀ ਲਈ ਲੜਾਂਗੇ ਤਾਂ ਜੁ ਹਥਿਆਰਬੰਦ ਪ੍ਰੋਲਤਾਰੀ ਖ਼ੁਦ **ਹਕੂਮਤ** ਬਣ ਜਾਵੇ। ਇਹ ਦੋ ਅਤਿ–ਅੰਤ ਵੱਖ ਵੱਖ ਗੱਲਾਂ ਹਨ।

ਕਾਊਟਸਕੀ ਨੂੰ ਲੇਗੀਨਾਂ ਅਤੇ ਡੇਵਿਡਾਂ, ਪਲੈਖ਼ਾਨੋਵਾਂ ਅਤੇ ਪੋਤਰੇਸੋਵਾਂ, ਤਸੇਰੇਤੇਲੀਆਂ ਅਤੇ ਚੇਰਨੋਵਾਂ ਦੇ ਸੁਖਾਵੇਂ ਸਾਥ ਦਾ ਸਵਾਦ ਮਾਣਨਾ ਪਵੇਗਾ, ਜਿਹੜੇ "ਰਾਜ ਸ਼ਕਤੀ ਦੇ ਅੰਦਰ ਸ਼ਕਤੀਆਂ ਦੇ ਸਬੰਧ ਨੂੰ ਤਬਦੀਲ ਕਰਨ ਲਈ", "ਪਾਰਲੀਮੈਂਟ ਵਿੱਚ ਬਹੁ–ਮਤ ਪ੍ਰਾਪਤ ਕਰਨ ਲਈ" ਅਤੇ "ਪਾਰਲੀਮੈਂਟ ਨੂੰ ਹਕੂਮਤ ਦਾ ਮਾਲਕ ਬਣਾਉਣ ਲਈ" ਕੰਮ ਕਰਨ ਲਈ ਐਨ ਰਜ਼ਾਮੰਦ ਹਨ। ਇੱਕ ਬੜਾ ਹੀ ਯੋਗ ਮੰਤਵ ਹੈ, ਜਿਹੜਾ ਮੌਕਾਪ੍ਰਸਤਾਂ ਨੂੰ ਉੱਕਾ ਹੀ ਕਬੂਲ ਹੈ। ਅਤੇ ਜਿਹੜਾ ਸਭ ਕੁੱਝ ਨੂੰ ਬੁਰਜੂਆ ਪਾਰਲੀਮਾਨੀ ਗਣ–ਰਾਜ ਦੀਆਂ ਹੱਦਾਂ ਅੰਦਰ ਰੱਖਦਾ ਹੈ।

ਪਰ ਅਸੀਂ ਮੌਕਾਪ੍ਰਸਤਾਂ ਨਾਲ਼ ਤੋੜ–ਵਿਛੋੜਾ ਕਰ ਲਵਾਂਗੇ; ਅਤੇ ਸਮੁੱਚੇ ਜਮਾਤੀ–ਚੇਤੰਨ ਪ੍ਰੋਲੇਤਾਰੀ "ਸ਼ਕਤੀਆਂ ਦਾ ਸਬੰਧ ਤਬਦੀਲ ਕਰਨ ਲਈ" ਨਹੀਂ ਸਗੋਂ **ਬੁਰਜੂਆਜ਼ੀ ਦਾ ਤਖ਼ਤਾ ਉਲਟਣ** ਲਈ, ਬੁਰਜੂਆ ਪਾਰਲੀਮਾਨੀਵਾਦ ਨੂੰ **ਤਬਾਹ ਕਰਨ** ਲਈ, ਕਮਿਊਨ ਦੇ ਨਮੂਨੇ ਉੱਤੇ ਜਮਹੂਰੀ ਗਣ–ਰਾਜ, ਜਾਂ ਕਿਰਤੀਆਂ ਅਤੇ ਫ਼ੌਜੀਆਂ ਦੇ ਪ੍ਰਤਿਨਿਧਾਂ ਦੀਆਂ ਸੋਵੀਅਤਾਂ ਦਾ ਗਣ–ਰਾਜ, ਪ੍ਰੋਲਤਾਰੀ ਦੀ ਤਾਨਾਸ਼ਾਹੀ ਸਥਾਪਤ ਕਰਨ ਲਈ ਘੋਲ਼ ਵਿੱਚ ਸਾਡੇ ਨਾਲ਼ ਹੋਵੇਗਾ।

* * *

ਕੌਮਾਂਤਰੀ ਸੋਸ਼ਲਿਸਟ ਲਹਿਰ ਵਿੱਚ ਕਾਊਟਸਕੀ ਦੇ ਸੱਜੇ ਹੱਥ ਅਜਿਹੇ ਮੁਹਾਣ ਹਨ, ਜਿਹਾ ਕਿ ਜਰਮਨੀ ਵਿੱਚ "ਸੋਸ਼ਲਿਸਟ ਮਾਹਵਾਰ[52] (ਲੇਗੀਨ, ਡੇਵਿਡ, ਕੋਲਬ ਅਤੇ ਕਈ ਹੋਰ, ਜਿਨ੍ਹਾਂ ਵਿੱਚ ਸਕੈਂਡੇਨੇਵੀਆਂ ਦੇ ਸਟਾਊਨਿੰਗ ਅਤੇ ਬਰਾਂਟਿੰਗ ਵੀ ਸ਼ਾਮਲ ਹਨ); ਫ਼ਰਾਂਸ ਅਤੇ ਬੈਲਜੀਅਮ ਵਿੱਚ ਜੋਰੇਸਵਾਦੀ[53] ਅਤੇ ਵਾਂਡਰਵੇਲਡੇ ਦੇ ਪੈਰੋ; ਇਟਲੀ ਦੀ ਪਾਰਟੀ ਵਿੱਚ ਤੂਰਾਤੀ, ਤਰੇਵੇਜ਼ ਅਤੇ ਸੱਜੇ ਪੱਖ ਦੇ ਹੋਰ ਪ੍ਰਤਿਨਿਧ; ਇੰਗਲੈਂਡ ਵਿੱਚ ਫੇਬੀਅਨ ਅਤੇ "ਇੰਡੀਪੈਂਡੈਂਟ" (ਇੰਡੀਪੈਂਡੈਂਟ ਲੇਬਰ ਪਾਰਟੀ[54], ਜਿਹੜੀ ਅਸਲ ਵਿੱਚ ਸਦਾ ਲਿਬਰਲਾਂ ਉੱਤੇ ਨਿਰਭਰ ਰਹੀ ਹੈ) ਅਤੇ ਉਹਨਾਂ ਜਿਹੇ। ਇਹ ਸਾਰੇ ਭੱਦਰ ਪੁਰਸ਼, ਜਿਹੜੇ ਪਾਰਟੀ ਦੇ ਪਾਰਲੀਮਾਨੀ ਕੰਮ ਅਤੇ ਅਖ਼ਬਾਰਾਂ ਵਿੱਚ ਇੱਕ ਅਥਾਹ ਵੱਡਾ ਅਤੇ ਅਕਸਰ ਭਾਰੂ ਰੋਲ ਅਦਾ ਕਰਦੇ ਹਨ, ਪ੍ਰੋਲੇਤਾਰੀ ਦੀ ਤਾਨਾਸ਼ਾਹੀ ਤੋਂ ਸਾਫ਼ ਮੁਨਕਰ ਹਨ ਅਤੇ ਨੰਗੀ ਮੌਕਾਪ੍ਰਸਤੀ ਦੀ ਨੀਤੀ ਉੱਤੇ ਚੱਲਦੇ ਹਨ। ਇਹਨਾਂ ਭੱਦਰ ਪੁਰਸ਼ਾਂ ਦੀਆਂ ਨਜ਼ਰਾਂ ਵਿੱਚ ਪਰੋਲੇਤਾਰੀ ਦੀ "ਤਾਨਾਸ਼ਾਹੀ" ਜਮਹੂਰੀਅਤ ਦਾ "ਵਿਰੋਧ" ਕਰਦੀ ਹੈ!! ਅਸਲ ਵਿੱਚ ਉਹਨਾਂ ਅਤੇ ਨਿੱਕ–ਬੁਰਜੂਆ ਜਮਹੂਰੀਅਤ–ਪੰਸਦਾਂ ਵਿਚਕਾਰ ਕੋਈ ਵੱਡਾ ਫ਼ਰਕ ਨਹੀਂ।

ਇਸ ਹਾਲਤ ਨੂੰ ਵਿਚਾਰ ਵਿੱਚ ਰੱਖਦੇ ਹੋਏ ਅਸੀਂ ਹੱਕੀ ਤੌਰ 'ਤੇ ਇਹ ਸਿੱਟਾ ਕੱਢ ਸਕਦੇ ਹਾਂ ਕਿ, ਆਪਣੇ ਸਰਕਾਰੀ ਪ੍ਰਤਿਨਿਧਾਂ ਦੀ ਵੱਡੀ ਬਹੁ–ਗਿਣਤੀ ਦੇ ਰੂਪ ਵਿੱਚ, ਦੂਜੀ ਇੰਟਰਨੈਸ਼ਨਲ ਉੱਕਾ ਹੀ ਮੌਕਾਪ੍ਰਸਤੀ ਵਿੱਚ ਡੁੱਬ ਗਈ ਹੈ। ਕਮਿਊਨ ਦੇ ਤਜਰਬੇ ਨੂੰ ਕੇਵਲ ਭੁਲਾਇਆ ਹੀ ਨਹੀਂ ਗਿਆ ਸਗੋਂ ਤੋੜਿਆ–ਮਰੋੜਿਆ ਗਿਆ ਹੈ। ਮਜ਼ਦੂਰਾਂ ਦੇ ਮਨਾਂ ਵਿੱਚ

ਇਹ ਵਿਚਾਰ ਭਰਨ ਦੀ ਥਾਂ ਕਿ ਉਹ ਸਮਾਂ ਅੱਪੜ ਰਿਹਾ ਹੈ ਜਦੋਂ ਇਹ ਲਾਜ਼ਮੀ ਹੈ ਕਿ ਉਹ ਅਮਲ ਕਰਨ, ਪੁਰਾਣੀ ਰਾਜਕੀ ਬਣਤਰ ਨੂੰ ਤੋੜ ਦੇਣ, ਇਹਦੀ ਥਾਂ ਇੱਕ ਨਵੀਂ ਬਣਤਰ ਖੜੀ ਕਰਨ ਅਤੇ ਇਉਂ ਆਪਣੀ ਹਕੂਮਤ ਨੂੰ ਸਮਾਜ ਦੀ ਸੋਸ਼ਲਿਸਟ ਮੁੜ-ਉਸਾਰੀ ਦਾ ਅਧਾਰ ਬਣਾਉਣ, ਉਹਨਾਂ ਲੋਕਾਂ ਵਿੱਚ ਐਨ ਉਲਟਾ ਪ੍ਰਚਾਰ ਕੀਤਾ ਹੈ ਅਤੇ "ਸੱਤਾ ਦੀ ਜਿੱਤ" ਨੂੰ ਇਉਂ ਚਿਤਰਿਆ ਹੈ ਕਿ ਇਸ ਵਿੱਚ ਮੌਕਪ੍ਰਸਤੀ ਲਈ ਹਜ਼ਾਰਾਂ ਵਿਰਲਾਂ ਰਹਿ ਗਈਆਂ ਹਨ।

ਪ੍ਰੋਲਤਾਰੀ ਇਨਕਲਾਬ ਦੇ ਰਾਜ ਨਾਲ਼ ਸਬੰਧ ਦੇ ਸਵਾਲ ਨੂੰ ਤੋੜਨਾ-ਮਰੋੜਨਾ ਅਤੇ ਇਹਦੇ ਉੱਤੇ ਪਰਦਾ ਪਾਉਣਾ ਉਸ ਸਮੇਂ ਅਥਾਹ ਰੋਲ ਅਦਾ ਕੀਤੇ ਬਿਨਾਂ ਨਹੀਂ ਸੀ ਰਹਿ ਸਕਦਾ ਜਦੋਂ ਰਾਜ, ਜਿਨ੍ਹਾਂ ਕੋਲ਼ ਸਾਮਰਾਜੀ ਮੁਕਾਬਲੇ ਦੇ ਸਿੱਟੇ ਵਜੋਂ ਫੈਲਾਏ ਫ਼ੌਜੀ ਢਾਂਚੇ ਹਨ, ਅਜਿਹੇ ਫ਼ੌਜੀ ਦੈਂਤ ਬਣ ਗਏ ਹਨ ਜਿਹੜੇ ਇਸ ਝਗੜੇ ਦਾ ਨਿਰਣਾ ਕਰਨ ਲਈ ਕਿ ਇੰਗਲੈਂਡ ਜਾਂ ਜਰਮਨੀ —ਇਹ ਜਾਂ ਉਹ ਵਿੱਤ ਪੂੰਜੀ— ਸੰਸਾਰ ਉੱਤੇ ਹਕੂਮਤ ਕਰੇਗੀ, ਲਖੂਖਾ ਲੋਕਾਂ ਨੂੰ ਮਾਰ ਮੁਕਾ ਰਹੇ ਹਨ।*

## ਕਾਂਡ ਸੱਤ

## 1905 ਅਤੇ 1917 ਦੇ ਰੂਸੀ ਇਨਕਲਾਬਾਂ ਦਾ ਤਜਰਬਾ

ਇਸ ਕਾਂਡ ਦੇ ਸਿਰਲੇਖ ਵਿੱਚ ਜਿਸ ਵਿਸ਼ੇ ਵੱਲ ਇਸ਼ਾਰਾ ਕੀਤਾ ਗਿਆ ਹੈ ਉਹ ਏਨਾ ਵਿਸ਼ਾਲ ਹੈ ਕਿ ਇਸ ਸਬੰਧੀ ਪੂਰੇ ਗ੍ਰੰਥ ਲਿਖੇ ਜਾ ਸਕਦੇ ਹਨ ਅਤੇ ਲਿਖੇ ਜਾਣੇ ਚਾਹੀਦੇ ਹਨ। ਇਸ ਪੈਂਫਲਟ ਵਿੱਚ ਸਾਨੂੰ, ਸੁਭਾਵਕ ਹੀ, ਤਜਰਬੇ ਵੱਲੋਂ ਦਿੱਤੇ ਉਹਨਾਂ ਮੁੱਖ ਸਬਕਾਂ ਤੱਕ ਸੀਮਤ ਰਹਿਣਾ ਪਵੇਗਾ, ਜਿਨ੍ਹਾਂ ਦਾ ਸਿੱਧਾ ਸਬੰਧ ਰਾਜ ਸ਼ਕਤੀ ਦੇ ਸਬੰਧ ਵਿੱਚ ਇਨਕਲਾਬ ਵਿੱਚ ਪ੍ਰੋਲੇਤਾਰੀ ਦੇ ਰੋਲ ਨਾਲ਼ ਹੈ।" (ਇਥੇ ਖਰੜਾ ਖ਼ਤਮ ਹੋ ਜਾਂਦਾ ਹੈ। — **ਸੰਪਾ.**)

---

* ਖਰੜਾ ਹੇਠ ਲਿਖੇ ਅਨੁਸਾਰ ਚਾਲੂ ਰਹਿੰਦਾ ਹੈ :

# ਪਹਿਲੀ ਛਾਪ ਦੀ ਅੰਤਿਕਾ

ਇਹ ਪੈਂਫਲਟ ਅਗਸਤ ਅਤੇ ਸਤੰਬਰ 1917 ਵਿੱਚ ਲਿਖਿਆ ਗਿਆ। ਮੈਂ ਅਗਲੇ, ਸੱਤਵੇਂ ਕਾਂਡ, '1905 ਅਤੇ 1917 ਦੇ ਰੂਸੀ ਇਨਕਲਾਬਾਂ ਦਾ ਤਜਰਬਾ' ਲਈ ਯੋਜਨਾ ਬਣਾ ਲਈ ਸੀ। ਪਰ ਸਿਰਲੇਖ ਤੋਂ ਬਿਨਾਂ ਮੈਨੂੰ ਇਸ ਕਾਂਡ ਦੀ ਇੱਕ ਸਤਰ ਲਿਖਣ ਦਾ ਵੀ ਮੌਕਾ ਨਾ ਮਿਲਿਆ; ਮੇਰੇ ਕੰਮ ਵਿੱਚ ਇੱਕ ਰਾਜਸੀ ਸੰਕਟ ਨੇ "ਵਿਘਨ ਪਾ ਦਿੱਤਾ" —1917 ਦੇ ਅਕਤੂਬਰ ਇਨਕਲਾਬ ਤੋਂ ਐਨ ਪਹਿਲਾਂ ਦੇ ਸਮੇਂ ਨੇ। ਅਜਿਹੇ "ਵਿਘਨ" ਦਾ ਤਾਂ ਸਵਾਗਤ ਹੀ ਕੀਤਾ ਜਾ ਸਕਦਾ ਹੈ; ਪਰ ਪੈਂਫਲਟ ਦੇ ਦੂਜੇ ਹਿੱਸੇ ('1905 ਅਤੇ 1917 ਦੇ ਰੂਸੀ ਇਨਕਲਾਬਾਂ ਦਾ ਤਜਰਬਾ") ਦਾ ਲਿਖਣਾ ਚੋਖਾ ਚਿਰ ਪਿੱਛੇ ਪਾਉਣਾ ਪਵੇਗਾ। "ਇਨਕਲਾਬ ਦੇ ਤਜਰਬੇ" ਵਿੱਚੋਂ ਲੰਘਣਾ ਇਹਦੇ ਸਬੰਧੀ ਲਿਖਣ ਨਾਲ਼ੋਂ ਵਧੇਰੇ ਸਵਾਦਲਾ ਅਤੇ ਲਾਹੇਵੰਦਾ ਹੈ।

**ਲੇਖਕ**

ਪੀਤਰੋਗਰਾਦ,
30 ਨਵੰਬਰ, 1917

# ਨੋਟ

1. **"ਰਾਜ ਅਤੇ ਇਨਕਲਾਬ। ਰਾਜ ਸਬੰਧੀ ਮਾਰਕਸਵਾਦੀ ਸਿਧਾਂਤ ਅਤੇ ਇਨਕਲਾਬ ਵਿੱਚ ਪ੍ਰੋਲੇਤਾਰੀ ਦੇ ਕਾਰਜ"** ਨਾਂ ਦੀ ਕਿਤਾਬ ਲੈਨਿਨ ਨੇ ਅਗਸਤ-ਸਤੰਬਰ 1917 ਵਿੱਚ ਲਿਖੀ ਜਦੋਂ ਉਹ ਬੁਰਜੂਆ ਆਰਜ਼ੀ ਹਕੂਮਤ ਹੱਥੋਂ ਗ੍ਰਿਫਤਾਰੀ ਤੋਂ ਬਚਣ ਲਈ ਗੁਪਤ-ਵਾਸ ਵਿੱਚ ਸਨ।

ਆਪਣੇ ਪਰਵਾਸ ਦੇ ਅਖੀਰੀ ਵਰ੍ਹਿਆਂ ਵਿੱਚ ਪ੍ਰੋਲੇਤਾਰੀ ਰਾਜ ਸੱਤਾ ਦਾ ਮਸਲਾ ਵ. ਇ. ਲੈਨਿਨ ਲਈ ਮਹਾਨ ਦਿਲਚਸਪੀ ਵਾਲ਼ਾ ਸੀ। ਰਾਜ ਦੇ ਸਵਾਲ ਨੂੰ ਸਿਧਾਂਤਕ ਤੌਰ 'ਤੇ ਵਿਸਥਾਰਨ ਦੀ ਲੋੜ ਦਾ ਵਿਚਾਰ ਉਹਨਾਂ ਪਹਿਲੀ ਵਾਰ 1916 ਦੇ ਦੂਜੇ ਅੱਧ ਵਿੱਚ ਪ੍ਰਗਟ ਕੀਤਾ। ਵ. ਇ. ਲੈਨਿਨ ਇਸ ਗੱਲ ਨੂੰ ਜ਼ਰੂਰੀ ਖ਼ਿਆਲ ਕਰਦੇ ਸਨ ਕਿ ਕ. ਕਾਉਟਸਕੀ ਅਤੇ ਕੌਮਾਂਤਰੀ ਸੋਸ਼ਲ-ਡੈਮੋਕਰੇਸੀ ਅੰਦਰ ਹੋਰਨਾਂ ਮੌਕਾਪ੍ਰਸਤਾਂ ਦੀਆਂ ਕਿਰਤਾਂ ਵਿੱਚ ਰਾਜ ਸਬੰਧੀ ਮਾਰਕਸ ਦੀ ਸਿੱਖਿਆ ਨੂੰ ਜਿਵੇਂ ਵਿਗਾੜਿਆ ਗਿਆ ਹੈ, ਉਸ ਦਾ ਵਿਰੋਧ ਕੀਤਾ ਜਾਵੇ। "... ਏਜੰਡੇ ਉੱਤੇ ਹੁਣ ਕੇਵਲ ਸਾਡੀ ਸੇਧ (ਜ਼ਾਰਸ਼ਾਹੀ ਵਿਰੁੱਧ) ਨੂੰ ਜਾਰੀ ਰੱਖਣਾ ਹੀ ਨਹੀਂ", ਲੈਨਿਨ ਨੇ ਅ. ਗ. ਸ਼ਲਿਆਪਨੀਕੋਵ ਨੂੰ ਲਿਖਿਆ, "ਜਿਹੜੀ ਸਾਡੇ ਪ੍ਰਸਤਾਵਾਂ ਅਤੇ ਕਿਤਾਬਚਿਆਂ ਵਿੱਚ ਅੰਕਤ ਕੀਤੀ ਗਈ ਹੈ, ... ਸਗੋਂ ਜਮਹੂਰੀਅਤ ਦੇ ਨਿਖੇਧ ਦੇ ਪੱਕ ਚੁੱਕੇ ਬੇਮੇਲਾਂ ਅਤੇ ਗੜਬੜ ਤੋਂ ਇਹਨੂੰ ਸਾਫ਼ ਕਰਨਾ ਵੀ ਹੈ (ਇਹਦਾ ਸਬੰਧ ਨਿਸ਼ਸਤਰੀਕਰਣ, ਆਤਮ-ਨਿਰਣੇ ਦੇ ਨਿਖੇਧ, 'ਆਮ ਤੌਰ 'ਤੇ' ਪਿਤਰੀ-ਭੂਮੀ ਦੀ ਰੱਖਿਆ ਦੇ ਸਿਧਾਂਤਕ ਪੱਖ ਤੋਂ ਅਸ਼ੁੱਧ ਨਿਖੇਧ, ਆਮ ਤੌਰ 'ਤੇ ਰਾਜ ਦੇ ਰੋਲ ਅਤੇ ਮੰਤਵ ਦੇ ਸਵਾਲ ਸਬੰਧੀ ਡਾਵਾਂ-ਡੋਲਤਾ, ਆਦਿ, ਨਾਲ਼ ਹੈ)"।

1916 ਦੇ ਦੂਜੇ ਅੱਧ ਵਿੱਚ ਨ. ਇ. ਬੁਖ਼ਾਰਿਨ ਨੇ ਆਪਣੇ ਕਈ ਲੇਖਾਂ ਵਿੱਚ ਰਾਜ ਅਤੇ ਪ੍ਰੋਲੇਤਾਰੀ ਦੀ ਤਾਨਾਸ਼ਾਹੀ ਸਬੰਧੀ ਮਾਰਕਸਵਾਦ ਵਿਰੋਧੀ ਅਤੇ ਅਰਧ-ਅਰਜਾਕਤਾਵਾਦੀ ਵਿਚਾਰ ਪੇਸ਼ ਕੀਤੇ। ਦਸੰਬਰ 1916 ਵਿੱਚ ਆਪਣੇ ਲੇਖ "ਯੁਵਕ ਇੰਟਰਨੈਸ਼ਨਲ" ਵਿੱਚ ਵ. ਇ. ਲੈਨਿਨ ਨੇ ਬੁਖ਼ਾਰਿਨ ਦੇ ਨਜ਼ਰੀਏ ਦੀ ਕਰੜੀ ਪੜਚੋਲ ਕੀਤੀ ਅਤੇ ਰਾਜ ਦੇ ਸਵਾਲ ਬਾਰੇ ਮਾਰਕਵਾਦੀ ਵਤੀਰੇ ਸਬੰਧੀ ਇੱਕ ਵਿਸਥਾਰ-ਪੂਰਵਕ ਲੇਖ ਲਿਖਣ ਦਾ ਇਕਰਾਰ ਕੀਤਾ। 4 (17) ਫ਼ਰਵਰੀ 1917 ਨੂੰ ਅ. ਮ. ਕੋਲੋਨਤਾਈ ਦੇ ਨਾਂ ਇੱਕ ਖ਼ਤ ਵਿੱਚ ਵ. ਇ. ਲੈਨਿਨ ਨੇ ਲਿਖਿਆ ਕਿ ਰਾਜ ਵੱਲ ਮਾਰਕਸਵਾਦ ਦੇ ਵਤੀਰੇ ਦੇ ਸਵਾਲ ਸਬੰਧੀ ਉਹਨੇ ਸਮੱਗਰੀ ਲਗ ਭਗ ਪੂਰੀ ਤਰ੍ਹਾਂ

ਤਿਆਰ ਕਰ ਲਈ ਹੈ। ਇਹ ਨੋਟ ਇੱਕ ਕੌਮੇ ਵਿੱਚ ਲਿਖੇ ਹੋਏ ਸਨ, ਜਿਸ ਦਾ ਸਿਰਲੇਖ ਸੀ "ਮਾਰਕਸਵਾਦ ਅਤੇ ਰਾਜ"। ਇਹਦੇ ਵਿੱਚ ਮਾਰਕਸ ਅਤੇ ਏਂਗਲਜ਼ ਦੀਆਂ ਲਿਖਤਾਂ ਵਿੱਚੋਂ ਟੂਕਾਂ ਅਤੇ ਕ. ਕਾਊਟਸਕੀ, ਅ. ਪਾਨੇਕੋਇਕ ਅਤੇ ਐ. ਬਰਨਸਟਾਈਨ ਦੀਆਂ ਲਿਖਤਾਂ ਵਿੱਚੋਂ, ਟੂਕਾਂ ਲੈਨਿਨ ਵੱਲੋਂ ਪੜਚੋਲੀ ਟਿੱਪਣੀਆਂ, ਸਿੱਟਿਆਂ ਅਤੇ ਸਾਧਾਰਨੀਕਰਨਾਂ ਸਮੇਤ ਦਿੱਤੀਆਂ ਹੋਈਆਂ ਸਨ।

ਇਹ ਸਮੱਗਰੀ ਲੈਨਿਨ ਨੇ ਆਪਣੀ ਪੁਸਤਕ 'ਰਾਜ ਅਤੇ ਇਨਕਲਾਬ' ਦੇ ਆਧਾਰ ਵਜੋਂ ਵਰਤੀ।

ਯੋਜਨਾ ਅਨੁਸਾਰ ਪੁਸਤਕ ਦੇ ਸੱਤ ਕਾਂਡ ਹੋਣੇ ਸਨ, ਪਰ ਅਖ਼ੀਰੀ, ਸੱਤਵਾਂ ਕਾਂਡ '1905 ਅਤੇ 1917 ਦੇ ਰੂਸੀ ਇਨਕਲਾਬਾਂ ਦਾ ਤਜਰਬਾ' ਕਦੇ ਨਾ ਲਿਖਿਆ ਗਿਆ। ਇਸ ਕਾਂਡ ਦੀ ਵਿਸਥਾਰ-ਪੂਰਵਕ ਯੋਜਨਾ ਅਤੇ 'ਸਿੱਟਾ' ਹੀ ਸਾਡੇ ਤੱਕ ਅਪੜੇ ਹਨ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ 1918 ਵਿੱਚ ਪੁਸਤਕ ਦੀਆਂ 30, 700 ਕਾਪੀਆਂ ਛਾਪੀਆਂ ਗਈਆਂ।

ਪੁਸਤਕ ਦੀ ਦੂਜੀ ਛਾਪ 1919 ਵਿੱਚ ਪ੍ਰਕਾਸ਼ਤ ਹੋਈ। ਵ. ਇ. ਲੈਨਿਨ ਨੇ ਦੂਜੇ ਕਾਂਡ ਵਿੱਚ ਇੱਕ ਨਵੇਂ ਹਿੱਸੇ —'1852 ਵਿੱਚ ਮਾਰਕਸ ਵੱਲੋਂ ਮਸਲੇ ਦੀ ਪੇਸ਼ਕਾਰੀ'— ਦਾ ਵਾਧਾ ਕੀਤਾ ਗਿਆ।

2. **ਫ਼ੇਬੀਅਨ** — 1884 ਵਿੱਚ ਸਥਾਪਤ ਕੀਤੀ ਗਈ ਇੱਕ ਬਰਤਾਨਵੀ ਸੁਧਾਰਕ ਜਥੇਬੰਦੀ ਫ਼ੇਬੀਅਨ ਸੋਸਾਇਟੀ ਦੇ ਮੈਂਬਰ। ਸੋਸਾਇਟੀ ਨੇ ਆਪਣਾ ਨਾਂ ਰੋਮ ਦੀਆਂ ਫ਼ੌਜਾਂ ਦੇ ਕਮਾਂਡਰ ਫ਼ੇਬੀਅਸ ਮੈਕਸੀਮਸ (ਤੀਜੀ ਸਦੀ ਪੂਰਬ ਈਸਾ) ਤੋਂ ਲਿਆ, ਜਿਸਨੂੰ ਹਨੀਬਲ ਵਿਰੁੱਧ ਯੁੱਧ ਵਿੱਚ "ਉਡੀਕੋ ਅਤੇ ਵੇਖੋ" ਦੇ ਦਾਅ-ਪੇਚ ਅਪਨਾਉਣ ਅਤੇ ਨਿਰਣਾਇਕ ਲੜਾਈਆਂ ਤੋਂ ਕੰਨੀ ਕਤਰਾਉਣ ਕਾਰਨ ਕੁਨਕੇਟਟਰ ("ਢਿੱਲ ਕਰਨ ਵਾਲ਼ਾ") ਦਾ ਨਾਂ ਦਿੱਤਾ ਜਾਂਦਾ ਹੈ। ਸੋਸਾਇਟੀ ਦੇ ਵਧੇਰੇ ਮੈਂਬਰ ਬੁਰਜੂਆ ਬੁੱਧੀਜੀਵੀ ਸਨ —ਆਲਮ, ਲੇਖਕ, ਰਾਜਸੀ ਨੇਤਾ (ਸਿਡਨੀ ਅਤੇ ਬੀਟਰਸ ਵੈਬ, ਰਮੈਜ਼ੇ ਮਾਕਡਾਨਲਡ, ਬਰਾਨਰਡ ਸ਼ਾਅ ਅਤੇ ਹੋਰ)। ਉਹ ਪ੍ਰੋਲੇਤਾਰੀ ਦੇ ਜਮਾਤੀ ਘੋਲ਼ ਅਤੇ ਸੋਸ਼ਲਿਸਟ ਇਨਕਲਾਬ ਦੀ ਲੋੜ ਤੋਂ ਇਨਕਾਰੀ ਸਨ ਅਤੇ ਇਸ ਗੱਲ ਉੱਤੇ ਜ਼ੋਰ ਦੇਂਦੇ ਸਨ ਕਿ ਸਰਮਾਏਦਾਰੀ ਤੋਂ ਸੋਸ਼ਲਿਜ਼ਮ ਵੱਲ ਤਬਦੀਲੀ ਛੋਟੇ ਮੋਟੇ ਸੁਧਾਰਾਂ ਅਤੇ ਸਮਾਜ ਵਿੱਚ ਹੌਲੀ ਹੌਲੀ ਆਈਆਂ ਤਬਦੀਲੀਆਂ ਰਾਹੀਂ ਆ ਜਾਵੇਗੀ। ਵ. ਇ. ਲੈਨਿਨ ਨੇ ਫ਼ੇਬੀਅਨਵਾਦ ਨੂੰ "ਅਤਿ-ਅੰਤ ਮੌਕਾਪ੍ਰਸਤ ਮੁਹਾਣ" ਕਿਹਾ। 1900 ਵਿੱਚ ਫ਼ੇਬੀਅਨ ਸੋਸਾਇਟੀ ਬਰਤਾਨਵੀ ਲੇਬਰ ਪਾਰਟੀ ਨਾਲ਼ ਸਬੰਧਤ ਹੋ ਗਈ। "ਫ਼ੇਬੀਅਨ ਸੋਸ਼ਲਿਜ਼ਮ" ਲੇਬਰ ਪਾਰਟੀ ਦੀ ਵਿਚਾਰਧਾਰਾ ਦੇ ਸੋਮਿਆਂ ਵਿੱਚੋਂ ਇੱਕ ਹੈ।

ਪਹਿਲੇ ਸੰਸਾਰ ਯੁੱਧ (1914-1918) ਵਿੱਚ ਫ਼ੇਬੀਅਨਾਂ ਨੇ ਸਮਾਜੀ-ਸ਼ਾਵਨਵਾਦੀ ਨਜ਼ਰੀਆ ਅਪਣਾਇਆ।

3. ਵੇਖੋ ਏਂਗਲਜ਼ ਦੀ ਪੁਸਤਕ 'ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ'।

4. **ਸੋਸ਼ਲਿਸਟ-ਇਨਕਲਾਬੀ** — ਰੂਸ ਵਿੱਚ 1901 ਦੇ ਅਖ਼ੀਰ ਅਤੇ 1902 ਦੇ ਸ਼ੁਰੂ ਵਿੱਚ ਨੋਰਦਨਿਕ ਟੋਲੀਆਂ ਅਤੇ ਹਲਕਿਆਂ ਦੇ ਇਕੱਠੇ ਹੋਣ ਰਾਹੀਂ ਸਥਾਪਤ ਕੀਤੀ ਇੱਕ ਨਿੱਕ-ਬੁਰਜੂਆ ਪਾਰਟੀ। ਪਹਿਲੇ ਸੰਸਾਰ ਯੁੱਧ ਸਮੇਂ ਵਧੇਰੇ ਸੋਸ਼ਲਿਸਟ-ਇਨਕਲਾਬੀਆਂ ਨੇ ਸਮਾਜੀ-ਸ਼ਾਵਨਵਾਦੀ ਨਜ਼ਰੀਆ ਅਪਣਾਇਆ।

1917 ਵਿੱਚ ਫ਼ਰਵਰੀ ਦੇ ਬੁਰਜੂਆ ਜਮਹੂਰੀ ਇਨਕਲਾਬ ਤੋਂ ਪਿੱਛੋਂ ਸੋਸ਼ਲਿਸਟ-ਇਨਕਲਾਬੀ ਮੈਨਸ਼ਵਿਕਾਂ ਨਾਲ਼ ਬੁਰਜੂਆ ਆਰਜ਼ੀ ਹਕੂਮਤ ਦੀ ਮੁੱਖ ਟੇਕ ਸਨ ਅਤੇ ਸੋਸ਼ਲਿਸਟ-ਇਨਕਲਾਬੀ ਆਗੂ (ਕੇਰੇਨਸਕੀ, ਅਵਕਸੇਨਤਯੇਵ ਅਤੇ ਚੇਰਨੋਵ) ਵਜ਼ਾਰਤ ਵਿੱਚ ਸ਼ਾਮਲ ਸਨ। ਸੋਸ਼ਲਿਸਟ-ਇਨਕਲਾਬੀ ਪਾਰਟੀ ਨੇ ਕਿਸਾਨਾਂ ਦੀ ਜਗੀਰਾਂ ਖ਼ਤਮ ਕਰਨ ਦੀ ਮੰਗ ਦੀ ਹਮਾਇਤ ਕਰਨ ਤੋਂ ਇਨਕਾਰ ਕੀਤਾ ਅਤੇ ਉਹਨਾਂ ਨੂੰ ਕਾਇਮ ਰੱਖਣ ਦੀ ਹਮਾਇਤ ਕੀਤੀ। ਆਰਜ਼ੀ ਹਕੂਮਤ ਦੇ ਸੋਸ਼ਲਿਸਟ-ਇਨਕਲਾਬੀ ਵਜ਼ੀਰਾਂ ਨੇ ਉਹਨਾਂ ਕਿਸਾਨਾਂ ਵਿਰੁੱਧ ਤਾਜ਼ੀਰੀ ਮੁਹਿੰਮਾਂ ਭੇਜੀਆਂ ਜਿਹੜੇ ਜਗੀਰਾਂ ਉੱਤੇ ਕਬਜ਼ਾ ਕਰ ਰਹੇ ਸਨ। ਅਕਤੂਬਰ ਦੀ ਹਥਿਆਰਬੰਦ ਬਗ਼ਾਵਤ ਤੋਂ ਐਨ ਪਹਿਲਾਂ ਸੋਸ਼ਲਿਸਟ-ਇਨਕਲਾਬੀਆਂ ਨੇ ਖੁਲ੍ਹਮ-ਖੁੱਲ੍ਹਾ ਉਲਟ-ਇਨਕਲਾਬੀ ਬੁਰਜੂਆਜ਼ੀ ਦਾ ਸਾਥ ਦਿੱਤਾ, ਸਰਮਾਏਦਾਰ ਹਕੂਮਤ ਦੀ ਹਮਾਇਤ ਕੀਤੀ ਅਤੇ ਇਨਕਲਾਬੀ ਲੋਕਾਂ ਤੋਂ ਵੱਖ ਹੋ ਕੇ ਰਹਿ ਗਏ।

ਨਵੰਬਰ 1917 ਦੇ ਅਖ਼ੀਰ ਵਿੱਚ ਸੋਸ਼ਲਿਸਟ ਇਨਕਲਾਬੀਆਂ ਦੇ ਖੱਬੇ ਪੱਖ ਨੇ ਇੱਕ ਸੁਤੰਤਰ ਪਾਰਟੀ ਬਣਾਈ। ਕਿਸਾਨਾਂ ਵਿੱਚ ਆਪਣਾ ਅਸਰ ਕਾਇਮ ਰੱਖਣ ਦਾ ਯਤਨ ਕਰਦੇ ਹੋਏ ਉਹਨਾਂ ਰਸਮੀ ਤੌਰ 'ਤੇ ਸੋਵੀਅਤ ਸੱਤਾ ਨੂੰ ਪ੍ਰਵਾਨ ਕਰ ਲਿਆ ਅਤੇ ਬਾਲਸ਼ਵਿਕਾਂ ਨਾਲ਼ ਸਮਝੌਤਾ ਕਰ ਲਿਆ ਪਰ ਛੇਤੀ ਹੀ ਉਹਨਾਂ ਨੇ ਸੋਵੀਅਤ ਸੱਤਾ ਵਿਰੁੱਧ ਘੋਲ਼ ਸ਼ੁਰੂ ਕਰ ਦਿੱਤਾ।

5. **ਮੈਨਸ਼ਵਿਕ** — ਰੂਸੀ ਸੋਸ਼ਲ-ਡੈਮੋਕਰੈਟਿਕ ਪਾਰਟੀ ਵਿੱਚ ਨਿੱਕ-ਬੁਰਜੂਆ, ਮੌਕਾ-ਪ੍ਰਸਤ ਮੁਹਾਣ ਦੇ ਹਾਮੀ ਅਤੇ ਮਜ਼ਦੂਰ ਜਮਾਤ ਉੱਤੇ ਬੁਰਜੂਆ ਪ੍ਰਭਾਵ ਦਾ ਸਾਧਨ। ਇਸ ਨਾਂ ਦਾ ਮੁੱਢ ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ ਹੋਇਆ, ਜਦੋਂ ਪਾਰਟੀ ਦੀਆਂ ਆਗੂ ਜਥੇਬੰਦੀਆਂ ਦੀ ਚੋਣ ਵਿੱਚ ਉਹ ਘੱਟ-ਗਿਣਤੀ (ਰੂਸੀ ਵਿੱਚ ਮੈਨਸ਼ਿੰਸਤਵੋ) ਵਿੱਚ ਰਹਿ ਗਏ ਅਤੇ ਇਨਕਲਾਬੀ ਸੋਸ਼ਲ-ਡੈਮੋਕਰੈਟ, ਜਿਨ੍ਹਾਂ ਦੀ ਅਗਵਾਈ ਲੈਨਿਨ ਦੇ ਹੱਥ ਸੀ ਬਹੁ-ਗਿਣਤੀ (ਰੂਸੀ ਵਿੱਚ ਬਾਲਸ਼ਿੰਸਤਵੋ) ਜਿੱਤ ਗਏ। ਇਸ ਤੋਂ ਬਾਲਸ਼ਵਿਕ ਅਤੇ ਮੈਨਸ਼ਵਿਕ ਨਾਂ ਹੋਂਦ ਵਿੱਚ ਆਏ।

ਮੈਨਸ਼ਵਿਕਾਂ ਨੇ ਪ੍ਰੋਲਤਾਰੀ ਅਤੇ ਬੁਰਜੂਆਜ਼ੀ ਵਿਚਕਾਰ ਸਮਝੌਤਾ ਪ੍ਰਾਪਤ ਕਰਨ ਦਾ ਯਤਨ ਕੀਤਾ ਅਤੇ ਮਜ਼ਦੂਰ ਜਮਾਤੀ ਲਹਿਰ ਵਿੱਚ ਮੌਕਾਪ੍ਰਸਤ ਸੇਧ ਵਿੱਚ ਚੱਲੇ। 1917 ਦੇ ਫ਼ਰਵਰੀ ਦੇ ਬੁਰਜੂਆ-ਜਮਹੂਰੀ ਇਨਕਲਾਬ ਤੋਂ ਪਿੱਛੋਂ ਮੈਨਸ਼ਵਿਕਾਂ ਅਤੇ ਸੋਸ਼ਲਿਸਟ-ਇਨਕਲਾਬੀਆਂ ਨੇ ਆਰਜ਼ੀ ਹਕੂਮਤ ਵਿੱਚ ਪਦਵੀਆਂ ਕਬੂਲ ਕਰ ਲਈਆਂ, ਇਹਦੀ ਸਮਾਰਾਜੀ ਨੀਤੀ ਦੀ ਹਮਾਇਤ ਕੀਤੀ ਅਤੇ ਜਿਹੜਾ ਪ੍ਰੋਲੇਤਾਰੀ

ਇਨਕਲਾਬ ਵਧ ਰਿਹਾ ਸੀ ਉਹਦੇ ਵਿਰੁੱਧ ਲੜੇ।

ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ ਮੈਨਸ਼ਵਿਕ ਇੱਕ ਖੁੱਲ੍ਹੀ ਉਲਟ-ਇਨਕਲਾਬੀ ਪਾਰਟੀ ਅਤੇ ਸੋਵੀਅਤ ਸੱਤਾ ਦਾ ਤਖ਼ਤਾ ਉਲਟਣ ਦਾ ਯਤਨ ਕਰਨ ਵਾਲ਼ੀਆਂ ਸਾਜ਼ਸ਼ਾਂ ਅਤੇ ਬਗਾਵਤਾਂ ਦੇ ਜਥੇਬੰਦਕ ਅਤੇ ਉਹਨਾਂ ਵਿੱਚ ਹਿੱਸਾ ਲੈਣ ਵਾਲ਼ੇ ਬਣ ਗਏ।

6. **ਸਮਾਜ ਦੀ ਕਬਾਇਲੀ ਜਾਂ ਕੁਟੰਬਕ ਜਥੇਬੰਦੀ** — ਆਦਿ-ਕਾਲੀਨ ਪੰਚਾਇਤੀ ਪ੍ਰਬੰਧ ਜਾਂ ਮਨੁੱਖ-ਜਾਤੀ ਦੇ ਇਤਿਹਾਸ ਵਿੱਚ ਪਹਿਲਾ ਸਮਾਜਕ-ਆਰਥਕ ਪ੍ਰਬੰਧ। ਕਬਾਇਲੀ ਪੰਚਾਇਤ ਖ਼ੂਨ ਦੇ ਰਿਸ਼ਤੇਦਾਰਾਂ ਦਾ ਅਜਿਹਾ ਭਾਈਚਾਰਾ ਸੀ ਜਿਹੜੇ ਆਰਥਕ ਅਤੇ ਸਮਾਜ ਸਬੰਧਾਂ ਰਾਹੀਂ ਜੁੜੇ ਹੁੰਦੇ। ਆਪਣੇ ਵਿਕਾਸ ਵਿੱਚ ਕਬਾਇਲੀ ਪ੍ਰਬੰਧ ਮਾਤਰੀ ਅਤੇ ਪਿਤਰੀ ਦੌਰਾਂ ਵਿੱਚੋਂ ਲੰਘਿਆ। ਪਿਤਰੀਵਾਦ ਦੀ ਸਿਖਰ ਆਦਿ-ਕਾਲੀਨ ਸਮਾਜ ਦਾ ਇੱਕ ਜਮਾਤੀ ਸਮਾਜ ਬਣਨਾ ਅਤੇ ਰਾਜ ਦੀ ਉਤਪਤੀ ਸੀ। ਪੰਚਾਇਤੀ ਪ੍ਰਬੰਧ ਅਧੀਨ ਉਤਪਾਦਨ ਦੇ ਸਬੰਧ, ਉਤਪਾਦਨ ਦੇ ਸਾਧਨਾਂ ਦੀ ਸਮਾਜਕ ਮਾਲਕੀ ਅਤੇ ਸਭਨਾਂ ਉਪਜਾਂ ਦੀ ਸਾਵੀਂ ਵੰਡ ਸੀ। ਇਹ ਮੁੱਖ ਤੌਰ ’ਤੇ ਉਸ ਸਮੇਂ ਦੀਆਂ ਉਤਪਾਦਕ ਸ਼ਕਤੀਆਂ ਦੀ ਨੀਵੀਂ ਪੱਧਰ ਅਤੇ ਉਹਨਾਂ ਦੇ ਖ਼ਾਸੇ ਦੀ ਅਨੁਸਾਰੀ ਸੀ।
7. ਇਥੇ ਇਸ਼ਾਰਾ ਮਾਰਕਸ ਦੀ ਕਿਰਤ ‘ਗੋਥਾ ਪ੍ਰੋਗਰਾਮ ਦੀ ਪੜਚੋਲ’ (ਚੌਥਾ ਭਾਗ) ਅਤੇ ਫ਼. ਏਂਗਲਜ਼ ਦੀ ‘ਐਂਟੀ-ਡੂਹਰਿੰਗ’ ਵੱਲ ਅਤੇ ਏਂਗਲਜ਼ ਦੇ ਮਾਰਚ 18-28, 1875 ਦੇ ਅ. ਬੇਬਲ ਨੂੰ ਲਿਖੇ ਖ਼ਤ ਵੱਲ ਹੈ।
8. ਕਾਰਲ ਮਾਰਕਸ, ‘ਪੂੰਜੀ’ , ਦੂਜਾ ਰੂਸੀ ਐਡੀਸ਼ਨ, ਸੈਂਚੀ ਪਹਿਲੀ, ਪੰਨਾ 761।
9. **ਤੀਹ ਵਰ੍ਹਿਆਂ ਦਾ ਯੁੱਧ** (1618-1648) — ਪਹਿਲਾ ਯੂਰਪੀ ਯੁੱਧ ਜਿਸਦਾ ਕਾਰਨ ਯੂਰਪੀ ਰਾਜਾਂ ਦੀਆਂ ਵੱਖ ਵੱਖ ਪਰ੍ਹੇ-ਬੰਦੀਆਂ ਵਿਚਕਾਰ ਵਿਰੋਧਾਂ ਦਾ ਤਿੱਖਾ ਹੋਣਾ ਸੀ ਅਤੇ ਜਿਸਨੇ ਪ੍ਰੋਟੈਸਟੈਂਟਾਂ ਅਤੇ ਕੈਥੋਲਿਕਾਂ ਵਿਚਕਾਰ ਯੁੱਧ ਦਾ ਰੂਪ ਧਾਰਿਆ। ਜਰਮਨੀ ਯੁੱਧ ਦਾ ਮੁੱਖ ਪਿੜ, ਫ਼ੌਜੀ ਲੁੱਟ ਅਤੇ ਯੁੱਧ ਵਿੱਚ ਸ਼ਾਮਲ ਦੇਸ਼ਾਂ ਦੀਆਂ ਧਾੜਵੀ ਉਮੀਦਾਂ ਦਾ ਮੁੱਖ ਪਿੜ ਬਣ ਗਿਆ। ਯੁੱਧ ਦਾ ਅੰਤ 1648 ਵਿੱਚ ਵੈਸਟਫਾਲੀਆ ਦੀ ਅਮਨ ਸੰਧੀ ਉੱਤੇ ਦਸਤਖ਼ਤ ਹੋਣ ਨਾਲ਼ ਹੋਇਆ, ਜਿਸਨੇ ਜਰਮਨੀ ਦੇ ਟੋਟੇ ਟੋਟੇ ਹੋਣ ਨੂੰ ਮਿੱਥ ਦਿੱਤਾ।
10. **ਗੋਥਾ ਪ੍ਰੋਗਰਾਮ** — ਜਰਮਨੀ ਦੀ ਸੋਸ਼ਲਿਸਟ ਮਜ਼ਦੂਰ ਪਾਰਟੀ ਨੇ 1875 ਵਿੱਚ ਗੋਥਾ ਕਾਂਗਰਸ ਵਿੱਚ ਪ੍ਰਵਾਨ ਕੀਤਾ। ਇਸ ਕਾਂਗਰਸ ਨੇ ਦੋ ਸੋਸ਼ਲਿਸਟ ਪਾਰਟੀਆਂ — ਆਈਸਨਆਖਵਾਦੀਆਂ ਜਿਨ੍ਹਾਂ ਦੇ ਆਗੂ ਅ. ਬੇਬਲ ਅਤੇ ਵ. ਲੀਬਕਨੇਖਤ ਸਨ ਅਤੇ ਜਿਹੜੇ ਮਾਰਕਸ ਅਤੇ ਏਂਗਲਜ਼ ਦੇ ਵਿਚਾਰਧਾਰਕ ਅਸਰ ਹੇਠ ਸਨ — ਅਤੇ ਲਾਸਾਲਵਾਦੀਆਂ ਨੂੰ ਇੱਕ-ਮੁਠ ਕੀਤਾ। ਪ੍ਰੋਗਰਾਮ ਵਿੱਚ ਚੋਂਗੇਪੁਣੇ ਦੇ ਨੁਕਸ ਸਨ ਅਤੇ ਇਹ ਮੌਕਾਪ੍ਰਸਤ ਸੀ ਕਿਉਂਕਿ ਆਈਸਨਆਖਵਾਦੀਆਂ ਨੇ ਮੁਖ ਮਸਲਿਆਂ ਉੱਤੇ ਲਾਸਾਲਵਾਦੀਆਂ ਨੂੰ ਰਿਆਇਤਾਂ ਦਿੱਤੀਆਂ ਅਤੇ ਲਾਸਾਲਵਾਦੀ ਸੂਤਰ ਕਬੂਲ

ਕੀਤੇ। ਕਾਰਲ ਮਾਰਕਸ ਨੇ ਆਪਣੀ 'ਗੋਥਾ ਪ੍ਰੋਗਰਾਮ ਦੀ ਪੜਚੋਲ' ਅਤੇ ਫ਼ਰੈਡਰਿਕ ਏਂਗਲਜ਼ ਨੇ ਅ. ਬੇਬਲ ਦੇ ਨਾਂ ਲਿਖੇ ਆਪਣੇ 18–28 ਮਰਾਚ 1875 ਦੇ ਖ਼ਤ ਵਿੱਚ ਗੋਥਾ ਪ੍ਰੋਗਰਮਾ ਉੱਤੇ 1869 ਦੇ ਆਈਸਨਆਖ ਪ੍ਰੋਗਰਾਮ ਦੇ ਮੁਕਾਬਲੇ ਉੱਤੇ ਪਿੱਛੇ ਵੱਲ ਇੱਕ ਗੰਭੀਰ ਕਦਮ ਵੱਜੋਂ ਅਤਿ–ਅੰਤ ਕਰੜੀ ਪੜਚੋਲ ਕੀਤੀ।

11. ਉਨ੍ਹੀਵੀਂ ਸਦੀ ਦੇ ਅੰਤ ਅਤੇ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਕਈ ਦੇਸ਼ਾਂ ਵਿੱਚ ਬੁਰਜੂਆਜ਼ੀ ਦੇ ਹਾਕਮ ਹਲਕਿਆਂ ਨੇ ਪ੍ਰੋਲੇਤਾਰੀ ਨੂੰ ਇਨਕਲਾਬੀ ਘੋਲ਼ ਵੱਲੋਂ ਹਟਾਉਣ ਲਈ ਨਿੱਕੀਆਂ ਰਿਆਇਤਾਂ ਦੇ ਕੇ ਮਜ਼ਦੂਰ–ਜਮਾਤੀ ਲਹਿਰ ਵਿੱਚ ਫੁੱਟ ਪਾਉਣ ਦਾ ਯਤਨ ਕੀਤਾ। ਆਪਣੇ ਇਸ ਮੰਤਵ ਦੀ ਪ੍ਰਾਪਤੀ ਲਈ ਉਹਨਾਂ ਇੱਕ ਟੇਢੀ ਚਾਲ ਚੱਲੀ, ਸੋਸ਼ਲਿਸਟ ਪਾਰਟੀਆਂ ਦੇ ਕੁੱਝ ਸੁਧਾਰਵਾਦੀ ਆਗੂਆਂ ਨੂੰ ਪਿੱਛੇ–ਖਿੱਚੂ ਬੁਰਜੂਆ ਹਕਮੂਤ ਵਿੱਚ ਸ਼ਾਮਲ ਕਰ ਲਿਆ। 1892 ਵਿੱਚ ਇੰਗਲੈਂਡ ਵਿੱਚ ਜਾਨ ਬਰਨਸ, ਜਿਹੜਾ ਉਹਨਾਂ "ਖ਼ਾਲਸ ਗ਼ੱਦਾਰਾਂ" ਵਿੱਚੋਂ ਇੱਕ ਸੀ "ਜਿਸਨੇ ਵਜ਼ਾਰਤੀ ਪਦਵੀ ਬਦਲੇ ਆਪਣੇ ਆਪ ਨੂੰ ਬੁਰਜੂਆਜ਼ੀ ਦੇ ਹੱਥ ਵੇਚ ਦਿੱਤਾ ਹੈ", (ਵ. ਇ. ਲੈਨਿਨ), ਪਾਰਲੀਮੈਂਟ ਦਾ ਮੈਂਬਰ ਚੁਣਿਆ ਗਿਆ। 1899 ਵਿੱਚ ਫ਼ਰਾਂਸ ਵਿੱਚ ਸੋਸ਼ਲਿਸਟ ਅਲੈਕਸਾਂਦਰ ਇਤੀਨੇ ਮਿਲੇਰਾਂਦ ਉਸ ਬੁਰਜੂਆ ਹਕੂਮਤ ਵਿੱਚ ਸ਼ਾਮਲ ਹੋ ਗਿਆ ਜਿਸਦਾ ਮੁਖੀ ਰ. ਵਾਲਦੇਕ–ਰੂਸੋ ਸੀ ਅਤੇ ਆਪਣੀ ਨੀਤੀ ਚਲਾਉਣ ਵਿੱਚ ਬਰੁਜੂਆਜ਼ੀ ਦੀ ਸਹਾਇਤਾ ਕੀਤੀ। ਮਿਲੇਰਾਂਦ ਦੀ ਹਕੂਮਤ ਵਿੱਚ ਸ਼ਮੂਲੀ ਨੇ ਫਰਾਂਸੀਸੀ ਮਜ਼ਦੂਰ–ਜਮਾਤੀ ਲਹਿਰ ਨੂੰ ਬਹੁਤ ਨੁਕਸਾਨ ਪੁਚਾਇਆ। ਲੈਨਿਨ ਨੇ ਮਿਲੇਰਾਂਦਵਾਦ ਨੂੰ ਭਗੌੜੇਪੁਣਾ ਅਤੇ ਸੁਧਾਰਵਾਦ ਕਿਹਾ। ਇਟਲੀ ਵਿੱਚ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਹਕੂਮਤ ਨਾਲ਼ ਮਿਲਵਰਤਨ ਦੇ ਸਭ ਤੋਂ ਖੁਲ੍ਹੇ ਹਾਮੀ ਲਿਓਨਿਦਾ ਬਿਸੋਲਾਤੀ, ਇ. ਬੋਨੋਮੀ ਅਤੇ ਕੁੱਝ ਹੋਰ ਸਨ, ਜਿਨ੍ਹਾਂ ਨੂੰ 1912 ਵਿੱਚ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ।

ਪਹਿਲੇ ਸੰਸਾਰ ਯੁੱਧ ਸਮੇਂ ਕਈ ਦੇਸ਼ਾਂ ਦੀਆਂ ਸੋਸ਼ਲ–ਡੈਮੋਕਰੈਟਿਕ ਪਾਰਟੀਆਂ ਦੇ ਮੌਕਾਪ੍ਰਸਤ ਸੱਜੇ–ਪੱਖੀ ਆਗੂਆਂ ਨੇ ਖੁੱਲ੍ਹਮ–ਖੁੱਲ੍ਹਾ ਸਮਾਜੀ–ਸ਼ਾਵਨਵਾਦੀ ਨਜ਼ਰੀਆ ਅਪਣਾਇਆ, ਆਪਣੇ ਦੇਸ਼ਾਂ ਦੀਆਂ ਬੁਰਜੂਆ ਹਕੂਮਤਾਂ ਵਿੱਚ ਸ਼ਾਮਲ ਹੋ ਗਏ ਅਤੇ ਉਹਨਾਂ ਦੀਆਂ ਨੀਤੀਆਂ ਦੇ ਸਾਧਨ ਦੇ ਤੌਰ 'ਤੇ ਕੰਮ ਕੀਤਾ।

12. ਰੂਸ ਵਿੱਚ ਦੂਜੇ ਬੁਰਜੂਆ–ਜਮਹੂਰੀ ਇਨਕਲਾਬ ਦੇ ਸਿੱਟੇ ਵਜੋਂ, ਜਿਹੜਾ 27 ਫ਼ਰਵਰੀ (12 ਮਾਰਚ) 1917 ਨੂੰ ਹੋਇਆ, ਬਾਦਸ਼ਾਹੀ ਦਾ ਤਖ਼ਤਾ ਉਲਟਿਆ ਗਿਆ ਅਤੇ ਬੁਰਜੂਆ ਆਰਜ਼ੀ ਹਕੂਮਤ ਸਥਾਪਤ ਕੀਤੀ ਗਈ।

13. **ਕੈਡੇਟ** — ਕਾਂਸਟੀਚਿਊਸ਼ਨਲ–ਡੈਮੋਕਰੈਟਿਕ ਪਾਰਟੀ ਦੇ ਮੈਂਬਰ, ਜਿਹੜੀ ਰੂਸ ਵਿੱਚ ਉਦਾਰਪੰਥੀ–ਸ਼ਾਹਪਸੰਦਾਂ ਦੀ ਮੁੱਖ ਪਾਰਟੀ ਸੀ। ਕੈਡੇਟ ਪਾਰਟੀ ਅਕਤੂਬਰ 1905 ਵਿੱਚ ਸਥਾਪਤ ਕੀਤੀ ਗਈ, ਇਹਦੇ ਮੈਂਬਰ ਬੁਰਜੂਆਜ਼ੀ ਦੇ ਪ੍ਰਤਿਨਿਧ, ਜਗੀਰਦਾਰਾਂ ਵਿੱਚ ਜ਼ੇਮਸਤਵੋ ਅਧਿਕਾਰੀ ਅਤੇ ਬੁਰਜੂਆ ਬੁੱਧੀਜੀਵੀ ਸਨ। ਪਹਿਲੇ ਸੰਸਾਰ ਯੁੱਧ

ਸਮੇਂ ਉਹਨਾਂ ਜਾਰਸ਼ਾਹੀ ਹਕੂਮਤ ਦੀ ਲੋਟੂ ਨੀਤੀ ਦੀ ਪੂਰੀ ਤਰ੍ਹਾਂ ਹਮਾਇਤ ਕੀਤੀ। 1917 ਦੇ ਫ਼ਰਵਰੀ ਦੇ ਬੁਰਜੂਆ–ਜਮਹੂਰੀ ਇਨਕਲਾਬ ਸਮੇਂ ਉਹਨਾਂ ਨੇ ਬਾਦਸ਼ਾਹੀ ਨੂੰ ਬਚਾਉਣ ਦਾ ਯਤਨ ਕੀਤਾ। ਬੁਰਜੂਆ ਆਰਜ਼ੀ ਹਕੂਮਤ ਵਿੱਚ ਬੁਨਿਆਦੀ ਮਹੱਤਤਾ ਦੀਆਂ ਪਦਵੀਆਂ ਉੱਤੇ ਲੱਗ ਕੇ ਉਹ ਲੋਕ ਵਿਰੋਧੀ, ਉਲਟ–ਇਨਕਲਾਬੀ ਨੀਤੀ ਉੱਤੇ ਚੱਲੇ। ਅਕਤੂਬਰ ਸੋਸ਼ਲਿਸਟ ਇਨਕਲਾਬ ਦੀ ਜਿੱਤ ਤੋਂ ਪਿੱਛੋਂ ਉਹ ਸੋਵੀਅਤ ਸੱਤਾ ਦੇ ਮਾਰੂ ਵੈਰੀਆਂ ਦੇ ਰੂਪ ਵਿੱਚ ਸਾਹਮਣੇ ਆਏ ਅਤੇ ਸਭਨਾਂ ਹਥਿਆਰਬੰਦ ਉਲਟ–ਇਨਕਲਾਬੀ ਅਮਲਾਂ ਅਤੇ ਦਖ਼ਲ–ਅੰਦਾਜ਼ਾਂ ਦੀਆਂ ਮੁਹਿੰਮਾਂ ਵਿੱਚ ਹਿੱਸਾ ਲਿਆ।

14. «Die Neue Zeit» (ਨਵਾਂ ਯੁੱਗ) — ਜਰਮਨ ਸੋਸ਼ਲ–ਡੈਮੋਕਰੈਟਿਕ ਪਾਰਟੀ ਦਾ ਸਿਧਾਂਤਕ ਰਸਾਲਾ ਜਿਹੜਾ ਸਟੁਟਗਾਰਟ ਵਿਖੇ 1883 ਤੋਂ 1923 ਤੱਕ ਛਪਿਆ। ਇਹਦਾ ਸੰਪਾਦਕ ਅਕਤੂਬਰ 1917 ਤੱਕ ਕ. ਕਾਊਟਸਕੀ ਅਤੇ ਉਸ ਤੋਂ ਪਿੱਛੋਂ ਗ. ਕੂਨੋਵ ਸੀ। ਇਹਨੇ ਕਾਰਲ ਮਾਰਕਸ ਅਤੇ ਫ਼ਰੈਡਰਿਕ ਏਂਗਲਜ਼ ਦੀਆਂ ਕੁੱਝ ਰਚਨਾਵਾਂ ਪਹਿਲੀ ਵਾਰ ਛਾਪੀਆਂ। ਏਂਗਲਜ਼ ਨੇ ਸਲਾਹ ਨਾਲ਼ ਸੰਪਾਦਕਾਂ ਦੀ ਸਹਾਇਤਾ ਕੀਤੀ ਅਤੇ ਅਕਸਰ ਮਾਰਕਸਵਾਦ ਤੋਂ ਕੁਰਾਹਿਆਂ ਲਈ ਉਹਨਾਂ ਉੱਤੇ ਪੜਚੋਲ ਕੀਤੀ। ਦਸਵੇਂ ਦਹਾਕੇ ਦੇ ਦੂਜੇ ਅੱਧ ਵਿੱਚ ਏਂਗਲਜ਼ ਦੀ ਮੌਤ ਤੋਂ ਪਿੱਛੋਂ ਇਸ ਰਸਾਲੇ ਨੇ ਨੇਮ–ਬੱਧ ਢੰਗ ਨਾਲ਼ ਸੁਧਾਰਵਾਦੀ ਲੇਖ ਛਾਪਣੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਵਿੱਚ ਬਰਨਸਟਾਈਨ ਦੇ ਲੇਖਾਂ ਦੀ ਲੜੀ ਵੀ ਸੀ, ਜਿਨ੍ਹਾਂ ਦਾ ਸਿਰਲੇਖ ਸੀ 'ਸੋਸ਼ਲਿਜ਼ਮ ਦੇ ਮਸਲੇ', ਜਿਨ੍ਹਾਂ ਦੇ ਮਾਰਕਸਵਾਦ ਵਿਰੁੱਧ ਸੁਧਾਰਵਾਦੀ ਮੁਹਿੰਮ ਦਾ ਮੁੱਢ ਬੰਨ੍ਹਿਆ। ਪਹਿਲੇ ਸੰਸਾਰ ਯੁੱਧ (1914–18) ਸਮੇਂ ਰਸਾਲੇ ਨੇ ਅਮਲੀ ਤੌਰ 'ਤੇ ਸਮਾਜੀ–ਸ਼ਾਵਨਵਾਦੀਆਂ ਦੀ ਹਮਾਇਤ ਕੀਤੀ।

15. ਇਥੇ ਇਸ਼ਾਰਾ 'ਫਰਾਂਸੀਸੀ–ਪਰੂਸ਼ੀਆਈ ਯੁੱਧ ਸਬੰਧੀ ਯੂਰਪ ਅਤੇ ਅਮਰੀਕਾ ਵਿੱਚ ਮਜ਼ਦੂਰਾਂ ਦੀ ਕੌਮਾਂਤਰੀ ਸਭਾ ਦੇ ਮੈਂਬਰਾਂ ਦੇ ਨਾਂ ਮਜ਼ਦੂਰਾਂ ਦੀ ਕੌਮਾਂਤਰੀ ਸਭਾ ਦੀ ਜਨਰਲ ਕੌਂਸਲ ਦਾ ਦੂਜਾ ਪੱਤਰ' ਵੱਲ ਜਿਹੜਾ ਮਾਰਕਸ ਨੇ ਲੰਦਨ ਵਿਖੇ 6 ਅਤੇ 9 ਸਤੰਬਰ 1870 ਦੇ ਵਿਚਕਾਰ ਲਿਖਿਆ।

16. ਵੇਖੋ ਲ. ਕੁਗੇਲਮਾਨ ਦੇ ਨਾਂ 12 ਅਪ੍ਰੈਲ 1871 ਦਾ ਕਾਰਲ ਮਾਰਕਸ ਦਾ ਖ਼ਤ।

17. ਵੇਖੋ ਕਾਰਲ ਮਾਰਕਸ , 'ਫ਼ਰਾਂਸ ਵਿੱਚ ਖ਼ਾਨਾ–ਜੰਗੀ'।

18. "**ਦੇਲੋ ਨਰੋਦਾ**" (ਲੋਕਾਂ ਦਾ ਕਾਜ਼) — ਸੋਸ਼ਲਿਸਟ–ਇਨਕਲਾਬੀ ਪਾਰਟੀ ਦਾ ਰੋਜ਼ਾਨਾ ਅਖ਼ਬਾਰ। ਇਹ ਘੜੀ ਮੁੜੀ ਨਾਂ ਬਦਲ ਕੇ ਮਾਰਚ 1917 ਤੋਂ ਜੁਲਾਈ 1918 ਤੱਕ ਪੀਤਰੋਗਰਾਦ ਵਿਖੇ ਛਪਦਾ ਰਿਹਾ। ਅਖ਼ਬਾਰ ਨੇ ਰੱਖਿਆਵਾਦ ਅਤੇ ਸਮਝੌਤੇਬਾਜ਼ੀ ਦਾ ਨਜ਼ਰੀਆ ਅਪਣਾਇਆ ਅਤੇ ਬੁਰਜੂਆ ਆਰਜ਼ੀ ਹਕੂਮਤ ਦੀ ਹਮਾਇਤ ਕੀਤੀ। ਅਕਤੂਬਰ 1918 ਵਿੱਚ ਇਹ ਸਮਾਰਾ ਤੋਂ ਮੁੜ ਛਪਣਾ ਸ਼ੁਰੂ ਹੋਇਆ ਜਿਥੋਂ ਚਾਰ ਪਰਚੇ ਨਿਕਲੇ ਅਤੇ ਮਾਰਚ 1919 ਵਿੱਚ ਮਾਸਕੋ ਤੋਂ, ਜਿਥੇ ਦਸ ਪਰਚੇ ਨਿਕਲੇ। ਇਹ

ਅਖ਼ਬਾਰ ਆਪਣੀ ਉਲਟ-ਇਨਕਲਾਬੀ ਸਰਗਰਮੀ ਕਾਰਨ ਬੰਦ ਕਰ ਦਿੱਤਾ ਗਿਆ।

19. **ਜਿਰੋਂਦਵਾਦੀ** — ਅਠਾਰ੍ਹਵੀਂ ਸਦੇ ਦੇ ਅੰਤ ਦੇ ਫ਼ਰਾਂਸੀਸੀ ਬੁਰਜੂਆ ਇਨਕਲਾਬ ਦੇ ਸਮੇਂ ਦੀ ਇੱਕ ਰਾਜਸੀ ਬੁਰਜੂਆ ਟੋਲੀ। ਉਹ ਉਦਾਰਪੰਥੀ ਬੁਰਜੂਆਜ਼ੀ ਦੇ ਹਿੱਤਾਂ ਨੂੰ ਪ੍ਰਗਟ ਕਰਦੇ, ਇਨਕਲਾਬ ਅਤੇ ਉਲਟ-ਇਨਕਲਾਬ ਵਿੱਚਕਾਰ ਡਿੱਕ-ਡੋਲੇ ਖਾਂਦੇ ਅਤੇ ਬਾਦਸ਼ਾਹੀ ਨਾਲ਼ ਸੌਦੇਬਾਜ਼ੀ ਕੀਤੀ।

20. ਵੇਖੋ ਫ਼ਰੈਡਰਿਕ ਏਂਗਲਜ਼, 'ਮਕਾਨਾਂ ਦਾ ਮਸਲਾ'।

21. **ਬਲਾਂਕੀਵਾਦੀ** — ਫਰਾਂਸੀਸੀ ਸੋਸ਼ਲਿਸਟ ਲਹਿਰ ਵਿੱਚ ਇੱਕ ਮੁਹਾਣ ਦੇ ਹਾਮੀ, ਜਿਸਦਾ ਮੁਖੀ ਲੂਈ ਅਗਲਤ ਬਲਾਂਕੀ (1805-81) ਸੀ, ਜਿਹੜਾ ਇੱਕ ਉੱਘਾ ਇਨਕਲਾਬੀ ਅਤੇ ਫਰਾਂਸੀਸੀ ਯੂਟੋਪੀਆਈ ਕਮਿਊਨਿਜ਼ਮ ਦਾ ਪ੍ਰਤਿਨਿਧ ਸੀ। ਬਲਾਂਕੀਵਾਦੀਆਂ ਦਾ ਵਿਚਾਰ ਸੀ ਕਿ "ਮਨੁੱਖਜਾਤੀ ਪ੍ਰੋਲੇਤਾਰੀ ਜਮਾਤੀ ਘੋਲ਼ ਰਾਹੀਂ ਨਹੀਂ ਸਗੋਂ ਬੁੱਧੀਜੀਵੀਆਂ ਦੀ ਛੋਟੀ ਜਿਹੀ ਘੱਟ-ਗਿਣਤੀ ਵੱਲੋਂ ਘੜੀ ਸਾਜ਼ਸ਼ ਰਾਹੀਂ ਉਜਰਤੀ ਗ਼ੁਲਾਮੀ ਤੋਂ ਮੁਕਤੀ ਪ੍ਰਾਪਤ ਕਰੇਗੀ" (ਵ. ਇ. ਲੈਨਿਨ ਸੰਗ੍ਰਹਿਤ ਕਿਰਤਾਂ, ਚੌਥੀ ਰੂਸੀ ਛਾਪ, ਸੈਂਚੀ 10, ਪੰਨਾ 360)। ਉਹ ਬਗ਼ਾਵਤ ਦੀ ਜਿੱਤ ਲਈ ਲੋੜੀਂਦੀ ਠੋਸ ਹਾਲਤ ਨੂੰ ਮੁਖ ਰੱਖਣੋਂ ਅਸਮਰੱਥ ਰਹੇ ਅਤੇ ਲੋਕਾਂ ਨਾਲ਼ ਸਬੰਧਾਂ ਨੂੰ ਅਖੋਂ ਉਹਲੇ ਕੀਤਾ, ਪਾਰਟੀ ਦੇ ਇਨਕਲਾਬੀ ਯਤਨਾਂ ਦੀ ਥਾਂ ਸਾਜ਼ਸ਼ੀਆਂ ਦੀ ਇੱਕ ਗੁਪਤ ਟੋਲੀ ਦੇ ਅਮਲਾਂ ਨੂੰ ਦਿੱਤੀ।

22. **ਪਰੂਦੋਂਵਾਦੀ** — ਨਿੱਕ-ਬੁਰਜੂਆ ਸੋਸ਼ਲਿਜ਼ਮ ਦੇ ਅਣ-ਵਿਗਿਆਨਕ ਮੁਹਾਣ ਦੇ ਹਾਮੀ, ਜਿਹੜਾ ਮਰਾਕਸਵਾਦ ਦਾ ਦੋਖੀ ਸੀ ਅਤੇ ਜਿਸਦਾ ਨਾਂ ਇਹਦੇ ਵਿਚਾਰਧਾਰਕ, ਫ਼ਰਾਂਸੀਸੀ ਅਰਾਜਕਤਾਵਾਦੀ ਪਰੂਦੋਂ, ਦੇ ਨਾਂ ਤੋਂ ਪਿਆ। ਨਿੱਕ-ਬਰਜੂਆ ਦ੍ਰਿਸ਼ਟੀਕੋਣ ਤੋਂ ਵੱਡੀ ਸਰਮਾਏਦਾਰ ਮਾਲਕੀ ਦੀ ਪੜਚੋਲ ਕਰਦੇ ਹੋਏ ਪਰੂਦੋਂ ਨੇ ਨਿੱਕੀ ਨਿੱਜੀ ਮਾਲਕੀ ਨੂੰ ਸਦੀਵੀ ਬਣਾਉਣ ਦਾ ਯਤਨ ਕੀਤਾ ਅਤੇ ਤਜਵੀਜ਼ ਪੇਸ਼ ਕੀਤੀ ਕਿ "ਜਨਤਕ" ਅਤੇ "ਤਬਾਦਲਾ" ਬੈਂਕ ਸਥਾਪਤ ਕੀਤੇ ਜਾਣ, ਜਿਨ੍ਹਾਂ ਦੀ ਸਹਾਇਤਾ ਨਾਲ਼,ਉਹਦਾ ਦਾਅਵਾ ਸੀ, ਕਿਰਤੀ ਆਪਣੇ ਉਤਪਾਦਨ ਦੇ ਸਾਧਨ ਖ਼ਰੀਦਣ ਯੋਗ ਹੋ ਜਾਣਗੇ, ਦਸਤਕਾਰ ਬਣ ਜਾਣਗੇ ਅਤੇ ਆਪਣੀਆਂ ਉਪਜਾਂ ਨੂੰ ਵਧੇਰੇ "ਮੁਨਸਫ਼ੀ" ਢੰਗ ਨਾਲ਼ ਮੰਡੀ ਵਿੱਚ ਵੇਚਣਾ ਯਕੀਨੀ ਬਣਾਉਣਗੇ। ਉਹ ਪ੍ਰੋਲੇਤਾਰੀ ਦੇ ਇਤਿਹਾਸਕ ਰੋਲ ਨੂੰ ਸਮਝਣੋਂ ਅਸਮਰੱਥ ਰਿਹਾ ਅਤੇ ਜਮਾਤੀ ਘੋਲ਼, ਪ੍ਰੋਲੇਤਾਰੀ ਇਨਕਲਾਬ ਅਤੇ ਪ੍ਰੋਲਤਾਰੀ ਦੀ ਤਾਨਾਸ਼ਾਹੀ ਵੱਲ ਨਾਂਹ-ਪੱਖੀ ਦ੍ਰਿਸ਼ਟੀਕੋਣ ਅਪਣਾਇਆ; ਇੱਕ ਅਰਾਜਕਤਾਵਾਦੀ ਵਜੋਂ ਉਹਦਾ ਦਾਅਵਾ ਸੀ ਕਿ ਅਜਿਹੇ ਤੌਰ 'ਤੇ ਰਾਜ ਦੀ ਕੋਈ ਲੋੜ ਨਹੀਂ। ਮਾਰਕਸ ਅਤੇ ਏਂਗਲਜ਼ ਨੇ ਪਰੂਦੋਂਵਾਦੀਆਂ ਵਿਰੁੱਧ, ਜਿਨ੍ਹਾਂ ਪਹਿਲੀ ਇੰਟਰਨੈਸ਼ਨਲ ਉੱਤੇ ਆਪਣੇ ਵਿਚਾਰ ਠੋਸਣ ਦਾ ਯਤਨ ਕੀਤਾ, ਦ੍ਰਿੜ੍ਹ ਘੋਲ਼ ਕੀਤਾ।

23. ਇਥੇ ਇਸ਼ਾਰਾ ਕਾਰਲ ਮਾਰਕਸ ਦੇ ਲੇਖ «Der politische Indifferentismus» (ਰਾਜਸੀ ਬੇਪ੍ਰਵਾਹੀ) ਅਤੇ ਫ਼ਰੈਡਰਿਕ ਏਂਗਲਜ਼ ਦੇ ਲੇਖ 'ਅਧਿਕਰਣ ਸਬੰਧੀ', ਜਿਹੜੇ

ਦਸੰਬਰ 1873 ਵਿੱਚ ਅਤਾਲਵੀ ਸੰਗ੍ਰਹਿ «Almanacco Republicano per l'anno 1874» ਵਿੱਚ ਛਪੇ ਅਤੇ ਪਿੱਛੋਂ ਜਰਮਨ ਅਨੁਵਾਦ «Die Neue Zeit» ਵਿੱਚ।

24. ਕਾਰਲ ਮਾਰਕਸ, «Der politische Indifferentismus»

25. ਫ਼ਰੈਡਰਿਕ ਏਂਗਲਜ਼, 'ਅਧਿਕਰਣ ਸਬੰਧੀ'।

26. ਫ਼ਰੈਡਰਿਕ ਏਂਗਲਜ਼, 'ਅਧਿਕਰਣ ਸਬੰਧੀ'।

27. ਵੇਖੋ ਕਾਰਲ ਮਾਰਕਸ, 'ਗੋਥਾ ਪ੍ਰੋਗਰਾਮ ਦੀ ਪੜਚੋਲ'।

28. ਇਥੇ ਮਾਰਕਸ ਦੀ 'ਦਰਸ਼ਨ ਦੀ ਗ਼ਰੀਬੀ' ਵੱਲ ਇਸ਼ਾਰਾ ਹੈ।

29. **ਅਰਫ਼ੁਰਟ ਪ੍ਰੋਗਰਾਮ** — ਅਕਤੂਬਰ 1891 ਵਿੱਚ ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਵੱਲੋਂ ਅਰਫ਼ੁਰਟ ਕਾਂਗਰਸ ਵਿੱਚ ਪ੍ਰਵਾਨ ਕੀਤਾ ਪ੍ਰੋਗਰਾਮ। ਗੋਥਾ ਪ੍ਰੋਗਰਾਮ (1875) ਦੇ ਮੁਕਾਬਲੇ 'ਤੇ ਇਹ ਅੱਗੇ ਵੱਲ ਇੱਕ ਕਦਮ ਸੀ ਅਤੇ ਇਹ ਉਤਪਾਦਨ ਦੇ ਸਰਮਾਏਦਾਰ ਢੰਗ ਦੇ ਅਟੱਲ ਤੌਰ 'ਤੇ ਢਹਿ-ਢੇਰੀ ਹੋਣ ਅਤੇ ਸੋਸ਼ਲਿਸਟ ਢੰਗ ਵੱਲੋਂ ਇਹਦੀ ਥਾਂ ਲੈਣ ਸਬੰਧੀ ਮਾਰਕਸ ਦੇ ਸਿਧਾਂਤ ਉੱਤੇ ਅਧਾਰਤ ਸੀ। ਇਹ ਮਜ਼ਦੂਰ-ਜਮਾਤ ਲਈ ਰਾਜਸੀ ਘੋਲ਼ ਜਾਰੀ ਰੱਖਣ ਉੱਤੇ ਜ਼ੋਰ ਦੇਂਦਾ, ਇਹਨੇ ਇਸ ਘੋਲ਼ ਦੇ ਆਗੂ ਦੇ ਤੌਰ 'ਤੇ ਪਾਰਟੀ ਦੇ ਰੋਲ ਉੱਤੇ ਜ਼ੋਰ ਦਿੱਤਾ ਅਤੇ ਅਜਿਹੀਆਂ ਹੀ ਹੋਰ ਗੱਲਾਂ। ਪਰ ਇਹਨੇ ਮੌਕਾਪ੍ਰਸਤਾਂ ਨੂੰ ਗੰਭੀਰ ਰਿਆਇਤਾਂ ਵੀ ਦਿੱਤੀਆਂ। ਫ਼ਰੈਡਰਿਕ ਏਂਗਲਜ਼ ਨੇ ਆਪਣੀ ਕਿਰਤ '1891 ਦੇ ਸੋਸ਼ਲ-ਡੈਮੋਕਰੈਟਿਕ ਪ੍ਰੋਗਰਾਮ ਦੇ ਖਰੜੇ ਦੀ ਪੜਚੋਲ' ਵਿੱਚ ਮੁੱਢਲੇ ਖਰੜੇ ਉੱਤੇ ਬਹੁਤ ਵਿਸਥਾਰ ਨਾਲ਼ ਪੜਚੋਲ ਕੀਤੀ। ਅਮਲੀ ਤੌਰ 'ਤੇ ਇਹ ਸਮੁੱਚੇ ਤੌਰ 'ਤੇ ਦੂਜੀ ਇੰਟਰਨੈਸ਼ਨਲ ਦੀ ਮੌਕਾਪ੍ਰਸਤੀ ਦੀ ਪੜਚੋਲ ਸੀ। ਪਰ ਜਰਮਨ ਸੋਸ਼ਲ-ਡੈਮੋਕਰੈਟਿਕ ਆਗੂਆਂ ਨੇ ਆਮ ਮੈਂਬਰਾਂ ਤੋਂ ਏਂਗਲਜ਼ ਦੀ ਪੜਚੋਲ ਨੂੰ ਲੁਕਾਇਆ ਅਤੇ ਪ੍ਰੋਗਰਾਮ ਦਾ ਅਖ਼ੀਰੀ ਖਰੜਾ ਤਿਆਰ ਕਰਦੇ ਹੋਏ ਉਹਦੀ ਅਤਿ-ਅੰਤ ਮਹੱਤਵ-ਪੂਰਨ ਪੜਚੋਲ ਨੂੰ ਅੱਖੋਂ ਉਹਲੇ ਕਰ ਦਿੱਤਾ। ਲੈਨਿਨ ਇਸ ਗੱਲ ਨੂੰ ਅਰਫੁਰਟ ਪ੍ਰੋਗਰਾਮ ਦਾ ਮੁੱਖ ਨੁਕਸ ਅਤੇ ਮੌਕਾਪ੍ਰਸਤੀ ਨੂੰ ਦਿੱਤੀ ਇੱਕ ਕਾਇਰ ਰਿਆਇਤ ਸਮਝਦੇ ਸਨ ਕਿ ਇਸ ਵਿੱਚ ਪ੍ਰੋਲੇਤਾਰੀ ਦੀ ਤਾਨਾਸ਼ਾਹੀ ਦਾ ਜ਼ਿਕਰ ਨਹੀਂ।

30. **ਸੋਸ਼ਲਿਸਟ-ਵਿਰੋਧੀ ਅਸਾਧਾਰਨ ਕਾਨੂੰਨ** ਜਰਮਨੀ ਵਿੱਚ 1878 ਵਿੱਚ ਬਿਸਮਾਰਕ ਦੀ ਹਕੂਮਤ ਨੇ ਮਜ਼ਦੂਰ-ਜਮਾਤ ਅਤੇ ਸੋਸ਼ਲਿਸਟ ਲਹਿਰ ਦਾ ਮੁਕਾਬਲਾ ਕਰਨ ਲਈ ਪ੍ਰਵਾਨ ਕੀਤਾ। ਇਸ ਕਾਨੂੰਨ ਅਧੀਨ ਕੁੱਲ ਸੋਸ਼ਲ-ਡੈਮੋਕਰੈਟਿਕ ਜਥੇਬੰਦੀਆਂ, ਮਜ਼ਦੂਰਾਂ ਦੀਆਂ ਕੁੱਲ ਜਨਤਕ ਜਥੇਬੰਦੀਆਂ ਅਤੇ ਮਜ਼ਦੂਰ-ਜਮਾਤੀ ਅਖ਼ਬਾਰਾਂ ਉੱਤੇ ਪਾਬੰਦੀ ਲਾ ਦਿੱਤੀ ਗਈ ਅਤੇ ਸੋਸ਼ਲ-ਡੈਮੋਕਰੈਟਿਕ ਆਗੂਆਂ ਉੱਤੇ ਮੁਕੱਦਮੇ ਚਲਾਏ ਜਾਂਦੇ ਅਤੇ ਇਥੋਂ ਤੱਕ ਕਿ ਉਹਨਾਂ ਨੂੰ ਦੇਸ਼ ਨਿਕਾਲਾ ਦਿੱਤਾ ਜਾਂਦਾ। 1890 ਵਿੱਚ ਜਨਤਕ ਦਬਾਅ ਅਤੇ ਵੱਧ ਰਹੀ ਮਜ਼ਦੂਰ-ਜਮਾਤੀ ਲਹਿਰ ਕਾਰਨ ਇਸ ਕਾਨੂੰਨ ਦਾ ਅੰਤ ਹੋ ਗਿਆ।

31. **'ਪਰਾਵਦਾ'** (ਸੱਚ) — ਇੱਕ ਕਾਨੂੰਨੀ ਬਾਲਸ਼ਵਿਕ ਰੋਜ਼ਾਨਾ ਅਖ਼ਬਾਰ ਜਿਹੜਾ ਪਹਿਲੀ ਵਾਰ 22 ਅਪ੍ਰੈਲ (5ਮਈ), 1912 ਨੂੰ ਸੇਂਟ ਪੀਟਰਜ਼ਬਰਗ ਵਿਖੇ ਛਪਿਆ।

ਲੈਨਿਨ ਨੇ 'ਪਰਾਵਦਾ' ਦੀ ਵਿਚਾਰਧਾਰਕ ਅਗਵਾਈ ਕੀਤੀ, ਉਹ ਲਗ ਭਗ ਰੋਜ਼ ਇਹਦੇ ਲਈ ਲਿਖਦੇ ਅਤੇ ਇਹਨੂੰ ਲੜਾਕੂ, ਇਨਕਲਾਬੀ ਅਖ਼ਬਾਰ ਬਣਾਉਣ ਲਈ ਉਹਨਾਂ ਇਹਦੇ ਸੰਪਾਦਕ-ਮੰਡਲ ਅੱਗੇ ਤਜਵੀਜ਼ਾਂ ਪੇਸ਼ ਕੀਤੀਆਂ।

ਪਾਰਟੀ ਦੇ ਜਥੇਬੰਦ ਕੰਮ ਦਾ ਚੋਖਾ ਹਿੱਸਾ 'ਪਰਾਵਦਾ' ਰਾਹੀਂ ਕੀਤਾ ਜਾਂਦਾ ਸੀ। ਸਥਾਨਕ ਪਾਰਟੀ ਸੈਲਾਂ ਦੇ ਪ੍ਰਤਿਨਿਧਾਂ ਨਾਲ਼ ਇਕਤ੍ਰਤਾਵਾਂ ਇਹਦੇ ਦਫ਼ਤਰ ਵਿੱਚ ਹੁੰਦੀਆਂ, ਇਹਨੂੰ ਕਾਰਖ਼ਾਨਿਆਂ ਵਿੱਚ ਪਾਰਟੀ ਕੰਮ ਸਬੰਧੀ ਵਾਕਫ਼ੀ ਵੀ ਮਿਲਦੀ ਅਤੇ ਇਹ ਪਾਰਟੀ ਦੀ ਕੇਂਦਰੀ ਅਤੇ ਸੇਂਟ ਪੀਟਰਜ਼ਬਰਗ ਕਮੇਟੀਆਂ ਦੀਆਂ ਹਦਾਇਤਾਂ ਅੱਗੇ ਪਹੁੰਚਾਉਂਦਾ।

ਪੁਲੀਸ ਨੇ ਲਗਾਤਾਰ 'ਪਰਾਵਦਾ' ਨੂੰ ਤੰਗ ਕੀਤਾ ਅਤੇ ਇਹ 8(21) ਜੁਲਾਈ 1914 ਨੂੰ ਬੰਦ ਹੋ ਗਿਆ।

1917 ਦੇ ਫ਼ਰਵਰੀ ਬੁਰਜੂਆ-ਜਮਹੂਰੀ ਇਨਕਲਾਬ ਤੋਂ ਪਿੱਛੋਂ 'ਪਰਾਵਦਾ' ਫੇਰ ਛਪਣਾ ਸ਼ੁਰੂ ਹੋਇਆ। 5 (18) ਮਾਰਚ 1917 ਤੋਂ ਇਹ ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਦੀਆਂ ਕੇਂਦਰੀ ਅਤੇ ਪੀਤ੍ਰੋਗਰਾਦ ਕਮੇਟੀਆਂ ਦੇ ਅਖ਼ਬਾਰ ਦੇ ਤੌਰ 'ਤੇ ਛਪਦਾ ਰਿਹਾ।

ਪੀਤਰੋਗਰਾਦ ਮੁੜਨ 'ਤੇ ਵ. ਇ. ਲੈਨਿਨ ਇਹਦੇ ਸੰਪਾਦਕ ਮੰਡਲ ਵਿੱਚ ਸ਼ਾਮਲ ਹੋ ਗਏ ਅਤੇ 'ਪਰਾਵਦਾ' ਨੇ ਲੈਨਿਨ ਦੀ ਯੋਜਨਾ ਅਨੁਸਾਰ ਬਰੁਜੂਆ-ਜਮਹੂਰੀ ਇਨਕਲਾਬ ਨੂੰ ਸੋਸ਼ਲਿਸਟ ਇਨਕਲਾਬ ਵਿੱਚ ਤਬਦੀਲ ਕਰਨ ਲਈ ਇੱਕ ਮੁਹਿੰਮ ਸ਼ੁਰੂ ਕੀਤੀ।

ਜੁਲਾਈ ਤੋਂ ਅਕਤੂਬਰ 1917 ਤੱਕ ਉਲਟ-ਇਨਕਲਾਬੀ ਆਰਜ਼ੀ ਹਕੂਮਤ ਵੱਲੋਂ ਤੰਗ ਕੀਤੇ ਜਾਣ ਕਾਰਨ, ਅਖ਼ਬਾਰ ਨੂੰ ਕਈ ਵਾਰ ਆਪਣਾ ਨਾਂ ਤਬਦੀਲ ਕਰਨਾ ਪਿਆ। ਇਹ 'ਲਿਸਤੋਕ ਪਰਾਵਦੀ' (ਸੱਚ ਦਾ ਪਰਚਾ), 'ਪ੍ਰੋਲੇਤਾਰੀ', 'ਰਾਬੋਚੀ' (ਮਜ਼ਦੂਰ) ਅਤੇ 'ਰਾਬੋਚੀ ਪੂਤ' (ਮਜ਼ਦੂਰਾਂ ਦਾ ਰਾਹ) ਨਾਵਾਂ ਹੇਠ ਛਪਿਆ। ਮਹਾਨ ਅਕਤੂਬਰ ਸੋਸ਼ਲਿਸਟ ਇਨਕਲਾਬ ਦੀ ਜਿੱਤ ਤੋਂ ਪਿੱਛੋਂ ਇਹ — 27 ਅਕਤੂਬਰ (9 ਨਵੰਬਰ) 1917 ਤੋਂ — ਆਪਣੇ ਅਸਲੀ ਨਾਂ 'ਪਰਾਵਦਾ' ਹੇਠ ਛਪਦਾ ਰਿਹਾ ਹੈ।

32. ਇਥੇ ਇਸ਼ਾਰਾ ਮਾਰਕਸ ਦੀ 'ਫ਼ਰਾਂਸ ਵਿੱਚ ਖ਼ਾਨਾ-ਜੰਗੀ' ਲਈ ਏਂਗਲਜ਼ ਦੇ ਮੁੱਖ-ਬੰਧ ਵੱਲ ਹੈ। 85-94 ਪੰਨਾ ਉੱਤੇ ਲੈਨਿਨ ਏਂਗਲਜ਼ ਦੀ ਇਸ ਕਿਰਤ ਵਿੱਚੋਂ ਟੂਕ ਦਿੰਦੇ ਹਨ।

33. ਇਥੇ ਇਸ਼ਾਰਾ ਆਰਜ਼ੀ ਹਕੂਮਤ ਦੇ ਵਜ਼ੀਰ ਤਸੇਰੇਤੇਲੀ ਦੀ 11 (24) ਜੂਨ 1917 ਦੀ ਉਸ ਤਕਰੀਰ ਵੱਲ ਹੈ ਜਿਹੜੀ ਉਹਨੇ ਸੋਵੀਅਤਾਂ ਦੀ ਕੁੱਲ-ਰੂਸ ਪਹਿਲੀ ਕਾਂਗਰਸ ਦੇ ਪ੍ਰਧਾਨਗੀ-ਮੰਡਲ, ਪੀਤਰੋਗਰਾਦ ਦੇ ਮਜ਼ਦੂਰਾਂ ਅਤੇ ਫ਼ੌਜੀਆਂ ਦੇ ਪ੍ਰਤਿਨਿਧਾਂ ਦੀ

ਪੀਤਰੋਗਰਾਦ ਸੋਵੀਅਤ ਦੀ ਕਾਰਜ-ਕਾਰੀ ਕਮੇਟੀ, ਕਿਸਾਨਾਂ ਦੇ ਪ੍ਰਤਿਨਿਧਾਂ ਦੀ ਸੋਵੀਅਤ ਦੀ ਕਾਰਜ-ਕਾਰੀ ਕਮੇਟੀ ਅਤੇ ਕਾਂਗਰਸ ਵਿੱਚ ਸ਼ਾਮਲ ਸਭਨਾਂ ਟੋਲੀਆਂ ਦੇ ਬਿਊਰੋਆਂ ਦੀ ਸਾਂਝੀ ਇਕਤ੍ਰਤਾ ਵਿੱਚ ਕੀਤੀ। ਸਾਂਝੀ ਇਕਤ੍ਰਤਾ ਨੇ ਬਾਲਸ਼ਵਿਕਾਂ ਵੱਲੋਂ 10(23) ਜੂਨ ਨੂੰ ਕੀਤੇ ਜਾਣ ਵਾਲ਼ੇ ਫ਼ੌਜੀਆਂ ਅਤੇ ਮਜ਼ਦੂਰਾਂ ਦੇ ਅਮਨ-ਭਰੇ ਮੁਜ਼ਾਹਰੇ ਉੱਤੇ ਵਿਚਾਰ ਕੀਤੀ। ਤਸੇਰੇਤੇਲੀ ਦੀ ਤਕਰੀਰ ਊਜਾਂ ਭਰੀ ਅਤੇ ਉਲਟ-ਇਨਕਲਾਬੀ ਸੀ। ਬਾਲਸ਼ਵਿਕਾਂ ਉੱਤੇ ਹਕੂਮਤ ਦੇ ਖ਼ਿਲਾਫ਼ ਸਾਜ਼ਸ਼ ਕਰਨ ਅਤੇ ਉਲਟ-ਇਨਕਲਾਬ ਦੀ ਹਮਾਇਤ ਕਰਨ ਦਾ ਦੂਸ਼ਣ ਲਾਉਂਦੇ ਹੋਏ ਤਸੇਰੇਤੇਲੀ ਨੇ ਬਾਲਸ਼ਵਿਕਾਂ ਦੇ ਹਮਾਇਤੀ ਮਜ਼ਦੂਰਾਂ ਨੂੰ ਨਿਹੱਥਾ ਕਰਨ ਦੀ ਧਮਕੀ ਦਿੱਤੀ।

34. Los-von-Kirche-Bewegung (ਗਿਰਜਾ ਛੱਡ ਦਿਓ ਲਹਿਰ) — ਜਾਂ Kirchenaustrittsbewegung (ਗਿਰਜਿਆਂ ਤੋਂ ਵੱਖ ਹੋਣ ਦੀ ਲਹਿਰ) ਨੇ ਪਹਿਲੇ ਸੰਸਾਰ ਯੁੱਧ ਤੋਂ ਪਹਿਲਾਂ ਜਰਮਨੀ ਵਿੱਚ ਵਿਸ਼ਾਲ ਆਕਾਰ ਧਾਰਨ ਕਰ ਲਿਆ। ਜਨਵਰੀ 1914 «Die Neue Zeit» ਨੇ ਸੁਧਾਰਵਾਦੀ ਪਾਲ ਗੋਹਿਰੇ ਨੇ «Kirchenaustrittsbewegung und Sozialdemokratie» (ਗਿਰਜੇ ਤੋਂ ਵੱਖ ਹੋਣ ਦੀ ਲਹਿਰ ਅਤੇ ਸੋਸ਼ਲ-ਡੈਮੋਕਰੇਸੀ) ਸਿਰਲੇਖ ਦੇ ਲੇਖ ਨਾਲ਼ ਇਸ ਲਹਿਰ ਵੱਲ ਜਰਮਨ ਸੋਸ਼ਲ-ਡੈਮੋਕਰੈਸੀ ਦੇ ਵਤੀਰੇ 'ਤੇ ਵਿਚਾਰ ਕਰਨੀ ਸ਼ੁਰੂ ਕੀਤੀ। ਬਹਿਸ ਦੇ ਦੌਰਾਨ ਉੱਘੇ ਜਰਮਨ ਸੋਸ਼ਲ-ਡੈਮੋਕਰੈਟਿਕ ਨੇਤਾ ਗੋਹਿਰੇ ਦਾ ਮੂੰਹ ਰੋਕਣੋਂ ਅਸੰਭਵ ਰਹੇ, ਜਿਸਨੇ ਇਸ ਗੱਲ ਉੱਤੇ ਜੋਰ ਦਿੱਤਾ ਕਿ ਪਾਰਟੀ ਨੂੰ ਗਿਰਜੇ ਤੋਂ ਵੱਖ ਹੋਣ ਦੀ ਲਹਿਰ ਵੱਲ ਨਿਰਪੱਖ ਰਹਿਣਾ ਚਾਹੀਦਾ ਹੈ ਅਤੇ ਆਪਣੇ ਮੈਂਬਰਾਂ ਨੂੰ ਪਾਰਟੀ ਵੱਲੋਂ ਧਰਮ ਅਤੇ ਗਿਰਜੇ ਵਿਰੁੱਧ ਪ੍ਰਚਾਰ ਕਰਨ ਦੀ ਮਨਾਹੀ ਕਰ ਦੇਣੀ ਚਾਹੀਦੀ ਹੈ।

35. ਲੈਨਿਨ ਨੇ ਸੰਭਵ ਤਨਖ਼ਾਹਾਂ ਕਾਗ਼ਜ਼ ਦੇ ਸਿੱਕਿਆਂ ਵਿੱਚ ਦਿੱਤੀਆਂ ਹਨ ਜਿਹੜਾ 1917 ਦੇ ਦੂਜੇ ਅੱਧ ਵਿੱਚ ਰੂਸ ਵਿੱਚ ਚਾਲੂ ਸੀ।

ਪਹਿਲੇ ਸੰਸਾਰ ਯੁੱਧ ਦੇ ਸਮੇਂ ਕਾਗ਼ਜ਼ ਦੇ ਰੂਬਲ ਦਾ ਮੁੱਲ ਚੋਖਾ ਘੱਟ ਗਿਆ ਸੀ।

36. **ਲਾਸਾਲਵਾਦੀ** — ਮਜ਼ਦੂਰ-ਜਮਾਤ ਉੱਤੇ ਆਪਣਾ ਪ੍ਰਭਾਵ ਸਥਾਪਤ ਕਰ ਰਹੇ ਬੁਰਜੂਆ ਅੱਗੇ-ਵਧੂਆਂ ਦਾ ਮੁਕਾਬਲਾ ਰਕਨ ਲਈ 1863 ਵਿੱਚ ਲਾਈਪਜ਼ਿਗ ਵਿਖੇ ਮਜ਼ਦੂਰ ਜਥੇਬੰਦੀਆਂ ਦੀ ਕਾਂਗਰਸ ਵਿੱਚ ਸਥਾਪਤ ਕੀਤੀ ਜਰਮਨ ਮਜ਼ਦੂਰਾਂ ਦੀ ਆਮ ਸਭਾ ਦੇ ਜਰਮਨ ਨਿੱਕ-ਬੁਰਜੂਆ ਸੋਸ਼ਲਿਸਟ ਫ਼. ਲਾਸਾਲ ਦੇ ਹਮਾਇਤੀ ਮੈਂਬਰ। ਸਭਾ ਦਾ ਪਹਿਲਾ ਪ੍ਰਧਾਨ ਲਾਸਾਲ ਸੀ, ਜਿਸਨੇ ਇਹਦਾ ਪ੍ਰੋਗਰਾਮ ਅਤੇ ਇਹਦੇ ਦਾਅ-ਪੇਚਾਂ ਦੇ ਬੁਨਿਆਦੀ ਨਿਯਮ ਸੂਤਰਬੱਧ ਕੀਤੇ। ਸਭਾ ਦੇ ਰਾਜਸੀ ਪ੍ਰੋਗਰਾਮ ਵਿੱਚ ਹਰ ਇੱਕ ਲਈ ਵੋਟ ਲਈ ਘੋਲ਼ ਕਰਨ ਦਾ ਸੱਦਾ ਦਿੱਤਾ ਗਿਆ ਸੀ ਅਤੇ ਇਹਦੇ ਆਰਥਕ ਪ੍ਰੋਗਰਾਮ ਵਿੱਚ ਮਜ਼ਦੂਰਾਂ ਦੀਆਂ ਅਜਿਹੀਆਂ ਉਪਜ ਸਭਾਵਾਂ ਲਈ ਜਿਨ੍ਹਾਂ ਨੂੰ ਹਕੂਮਤ ਵੱਲੋਂ ਸਹਾਇਤਾ ਮਿਲਦੀ ਹੋਵੇ। ਆਪਣੀ ਅਮਲੀ ਸਰਗਰਮੀ ਵਿੱਚ ਲਾਸਾਲ ਅਤੇ ਉਹਦੇ ਹਾਮੀਆਂ ਨੇ ਆਪਣੇ ਆਪ ਨੂੰ ਪਰੂਸ਼ੀਆਂ ਦੀ ਸਰਦਾਰੀ ਦੇ ਅਨੁਸਾਰੀ ਬਣਾ ਲਿਆ

ਅਤੇ ਬਿਸਮਾਰਕ ਦੀ ਵੱਡ-ਸ਼ਕਤੀ ਨੀਤੀ ਦੀ ਹਮਾਇਤ ਕੀਤੀ।

37. ਇਥੇ ਇਸ਼ਾਰਾ ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵੱਲ ਹੈ ਜਿਹੜੀ 17 ਜੁਲਾਈ-10 ਅਗਸਤ (30 ਜੁਲਾਈ-23 ਅਗਸਤ) 1903 ਨੂੰ ਹੋਈ। ਕਾਂਗਰਸ ਦੇ 13 ਸਮਾਗਮਾਂ ਵਿੱਚੋਂ ਪਹਿਲਾ ਬਰਸੇਲਜ਼ ਵਿਖੇ ਹੋਇਆ, ਫੇਰ ਪੁਲਸ ਦੇ ਜਬਰ ਕਾਰਨ ਕਾਨਫ਼ਰੰਸ ਲੰਦਨ ਚਲੀ ਗਈ।

38. ਵੇਖੋ ਮਾਰਕਸ ਦੀ 'ਫ਼ਰਾਂਸ ਵਿੱਚ ਖ਼ਾਨਾ-ਜੰਗੀ'।

39. **ਸ਼ਾਈਲਾਕ** — ਸ਼ੇਕਸਪੀਅਰ ਦੇ ਨਾਟਕ 'ਮਰਚੈਂਟ ਆਫ਼ ਵੀਨਸ' ਦਾ ਇੱਕ ਪਾਤਰ, ਇੱਕ ਲਾਲਚੀ ਅਤੇ ਬਦਲੇਖੋਰ ਸੂਦਖ਼ੋਰ, ਜਿਸਨੇ ਕਰਜ਼ਾ ਅਦਾ ਨਾ ਕਰ ਸਕਣ ਵਾਲ਼ੇ ਇੱਕ ਕਰਜ਼ਈ ਦੇ ਪੱਟ ਤੋਂ ਇੱਕ ਪੌਂਡ ਮਾਸ ਕੱਟਣ ਦੀ ਮੰਗ ਕੀਤੀ।

40. **ਬੁਰਸਾਕ** — ਰੂਸ ਵਿੱਚ ਧਾਰਮਕ ਸਕੂਲਾਂ ਦੇ ਵਿਦਿਆਰਥੀ। ਹੋਸਟਲਾਂ ਵਿੱਚ ਉਹਨਾਂ ਦਾ ਜੀਵਨ ਰੂਸੀ ਲੇਖਕ ਨ. ਗ. ਪੋਮਿਆਲੋਵਸਕੀ ਨੇ ਆਪਣੀ ਪੁਸਤਕ 'ਧਾਰਮਕ ਸਕੂਲ ਦੇ ਖ਼ਾਕੇ' ਵਿੱਚ ਬਿਆਨ ਕੀਤਾ ਹੈ।

41. ਪਹਿਲੀ ਇੰਟਰਨੈਸ਼ਨਲ ਦੀ ਹੇਗ ਕਾਂਗਰਸ 2-7 ਸਤੰਬਰ 1872 ਨੂੰ ਹੋਈ। ਇਸ ਵਿੱਚ 65 ਪ੍ਰਤਿਨਿਧ ਸ਼ਾਮਲ ਹੋਏ ਜਿਹੜੇ 15 ਕੌਮੀ ਜਥੇਬੰਦੀਆਂ ਦੇ ਪ੍ਰਤਿਨਿਧ ਸਨ। ਕਾਂਗਰਸ ਦੀ ਤਿਆਰੀ ਕਰਦੇ ਹੋਏ ਮਾਰਕਸ ਅਤੇ ਏਂਗਲਜ਼ ਨੇ ਪ੍ਰੋਲੇਤਾਰੀ ਇਨਕਲਾਬੀ ਸ਼ਕਤੀਆਂ ਨੂੰ ਇੱਕ-ਮੁਠ ਕਰਨ ਲਈ ਮਹਾਨ ਯਤਨ ਕੀਤੇ। ਉਹਨਾਂ ਦੀ ਤਜਵੀਜ਼ ਅਨੁਸਾਰ ਏਜੰਡਾ ਪ੍ਰਵਾਨ ਕੀਤਾ ਗਿਆ ਅਤੇ ਕਾਂਗਰਸ ਦੀ ਤਾਰੀਖ਼ ਮਿੱਥੀ ਗਈ। ਏਜੰਡੇ 'ਤੇ ਦੋ ਮੁੱਖ ਪ੍ਰਸ਼ਨ : 1. ਜਨਰਲ ਕੌਂਸਲ ਦੇ ਹੱਕ ਅਤੇ 2. ਪ੍ਰੋਲੇਤਾਰੀ ਦੀ ਰਾਜਸੀ ਸਰਗਰਮੀ।

ਕਾਂਗਰਸ ਨੇ ਜਨਰਲ ਕੌਂਸਲ ਦੇ ਹੱਕਾਂ ਵਿੱਚ ਵਾਧਾ ਕਰਨ, ਜਨਰਲ ਕੌਂਸਲ ਦੇ ਦਫ਼ਤਰ ਦੀ ਥਾਂ ਤਬਦੀਲ ਕਰਨ ਅਤੇ "ਸੋਸ਼ਲ-ਡੈਮੋਕਰੇਸੀ ਦੇ ਗੁਪਤ ਏਕੇ" ਦੀਆਂ ਸਰਗਰਮੀਆਂ, ਆਦਿ ਸਬੰਧੀ ਪ੍ਰਸਤਾਵ ਪਾਸ ਕੀਤੇ। ਇਹਨਾਂ ਵਿੱਚੋਂ ਵਧੇਰੇ ਪ੍ਰਸਤਾਵਾਂ ਦਾ ਖਰੜਾ ਮਾਰਕਸ ਅਤੇ ਏਂਗਲਜ਼ ਨੇ ਤਿਆਰ ਕੀਤਾ। ਬਾਕੀ ਉਹਨਾਂ ਦੀਆਂ ਤਜਵੀਜ਼ਾਂ ਦੇ ਅਧਾਰ ਉੱਤੇ ਤਿਆਰ ਕੀਤੇ ਗਏ।

ਏਜੰਡੇ ਦੀ ਦੂਜੀ ਮਦ ਸਬੰਧੀ ਕਾਂਗਰਸ ਦੇ ਫ਼ੈਸਲੇ ਵਿੱਚ ਕਿਹਾ ਗਿਆ ਕਿ "ਰਾਜਸੀ ਸੱਤਾ ਜਿੱਤਣਾ ਪ੍ਰੋਲੇਤਾਰੀ ਦਾ ਮਹਾਨ ਕਾਰਜ ਬਣਦਾ ਜਾ ਰਿਹਾ।" ਅਤੇ ਇਹ ਕਿ "ਸਮਾਜੀ ਇਨਕਲਾਬ ਦੀ ਜਿੱਤ ਯਕੀਨੀ ਬਣਾਉਣ ਲਈ ਅਤੇ ਆਪਣਾ ਅੰਤਮ ਆਸ਼ਾ — ਜਮਾਤਾਂ ਦਾ ਅੰਤ ਪ੍ਰਾਪਤ ਕਰਨ ਲਈ" ਪ੍ਰੋਲੇਤਾਰੀ ਨੂੰ ਖ਼ੁਦ ਆਪਣੀ ਪਾਰਟੀ ਜਥੇਬੰਦ ਕਰਨੀ ਚਾਹੀਦੀ ਹੈ।

ਕਾਂਗਰਸ ਨੇ ਉਸ ਘੋਲ਼ ਦੀ ਸਿਖਰ ਵੇਖੀ ਜਿਹੜਾ ਮਾਰਕਸ, ਏਂਗਲਜ਼ ਅਤੇ ਉਹਨਾਂ ਦੇ ਪੈਰੋਕਾਰ ਕਈ ਵਰ੍ਹਿਆਂ ਤੋਂ ਹਰ ਤਰ੍ਹਾਂ ਦੀ ਨਿੱਕ-ਬੁਰਜੂਆ ਸੰਕੀਰਣਤਾ ਵਿਰੁੱਧ ਲੜ ਰਹੇ ਸਨ। ਮ. ਬਾਕੂਨਿਨ, ਡ. ਗਿਲੀਓਮ ਅਤੇ ਅਰਾਜਕਤਾਵਾਦੀਆਂ ਦੇ

ਹੋਰਨਾਂ ਨੇਤਾਵਾਂ ਨੂੰ ਇੰਟਰਨੈਸ਼ਨਲ ਵਿੱਚੋਂ ਕੱਢ ਦਿੱਤਾ ਗਿਆ।

ਹੇਗ ਕਾਂਗਰਸ ਦੇ, ਜਿਸਦੇ ਸਾਰੇ ਕੰਮ ਦੀ ਅਗਵਾਈ ਮਾਰਕਸ ਅਤੇ ਏਂਗਲਜ਼ ਨੇ ਕੀਤੀ ਅਤੇ ਜਿਹੜਾ ਉਹਨਾਂ ਦੀ ਅਤਿ-ਅੰਤ ਸਰਗਰਮ ਸ਼ਮੂਲੀਅਤ ਨਾਲ਼ ਚੱਲਿਆ, ਸਾਰੇ ਕੰਮ ਦੀ ਸਿਖਰ ਹਰ ਤਰ੍ਹਾਂ ਦੇ ਨਿੱਕ-ਬੁਰਜੂਆ ਅਰਾਜਕਤਾਵਾਦੀ ਨਜ਼ਰੀਏ ਉੱਤੇ ਮਾਰਕਸਵਾਦ ਦੀ ਜਿੱਤ ਵਿੱਚ ਹੋਈ ਅਤੇ ਇਹਨੇ ਭਵਿੱਖ ਵਿੱਚ ਮਜ਼ਦੂਰ ਜਮਾਤ ਦੀਆਂ ਸੁਤੰਤਰ ਰਾਜਸੀ ਪਾਰਟੀਆਂ ਦੀ ਸਥਾਪਤੀ ਲਈ ਰਾਹ ਪੱਧਰਾ ਕਰ ਦਿੱਤਾ।

42. ਵੇਖੋ 'ਫ਼. ਏਂਗਲਜ਼ ਮਾਰਕਸ ਦੇ 'ਗੋਥਾ ਪ੍ਰੋਗਰਾਮ ਦੀ ਪੜਚੋਲ' ਲਈ ਮੁੱਖ-ਬੰਧ'।

43. **''ਜ਼ਾਰੀਆ''** (ਪਹੁ-ਫੁਟਾਲਾ) — ਇੱਕ ਮਾਰਕਸਵਾਦੀ ਵਿਗਿਆਨਕ ਅਤੇ ਰਾਜਸੀ ਰਸਾਲਾ ਜਿਹੜਾ ਸਟੁਟਗਾਰਟ ਵਿਖੇ 1901-1902 ਵਿੱਚ 'ਇਸਕਰਾ' (ਚੰਗਿਆੜੀ) ਦੇ ਸੰਪਾਦਕਾਂ ਵੱਲੋਂ ਛਾਪਿਆ ਗਿਆ। ਇਹਦੇ ਕੁੱਲ ਚਾਰ ਪਰਚੇ ਛਪੇ।

ਰਸਾਲੇ 'ਜ਼ਾਰੀਆ' ਨੇ ਰੂਸੀ ਅਤੇ ਕੌਮਾਂਤਰੀ ਸੋਧਵਾਦ ਉੱਤੇ ਪੜਚੋਲ ਕੀਤੀ ਅਤੇ ਮਾਰਕਸਵਾਦ ਦੇ ਸਿਧਾਂਤਕ ਅਧਾਰਾਂ ਦੀ ਰੱਖਿਆ ਕੀਤੀ।

44. ਇਥੇ ਇਸ਼ਾਰਾ ਦੂਜੀ ਇੰਟਰਨੈਸ਼ਨਲ ਦੀ ਪੰਜਵੀਂ ਸੰਸਾਰ ਕਾਂਗਰਸ ਵੱਲ ਹੈ ਜਿਹੜੀ 23-37 ਸਤੰਬਰ 1900 ਨੂੰ ਪੈਰਿਸ ਵਿਖੇ ਹੋਈ। "ਰਾਜਸੀ ਸ਼ਕਤੀ ਜਿੱਤਣ ਅਤੇ ਬੁਰਜੂਆ ਪਾਰਟੀਆਂ ਨਾਲ਼ ਏਕੇ" ਦੇ ਬੁਨਿਆਦੀ ਮਸਲੇ ਸਬੰਧੀ, ਜਿਸਦਾ ਸਬੰਧ ਮਿਲੇਰਾਂਦ ਦੇ ਵਾਲਦੇਕ-ਰੂਸੋ ਦੀ ਉਲਟ-ਇਨਕਲਾਬੀ ਹਕੂਮਤ ਵਿੱਚ ਸ਼ਾਮਲ ਹੋਣ ਨਾਲ਼ ਸੀ, ਬਹੁ-ਗਿਣਤੀ ਨੇ ਕਾਰਲ ਕਾਊਟਸਕੀ ਦੇ ਪ੍ਰਸਤਾਵ ਦੇ ਹੱਕ ਵਿੱਚ ਵੋਟ ਦਿੱਤੇ ਜਿਸ ਵਿੱਚ ਕਿਹਾ ਗਿਆ ਸੀ ਕਿ "ਵਿਅਕਤੀਗਤ ਸੋਸ਼ਲਿਸਟਾਂ ਦੀ ਬੁਰਜੂਆ ਹਕੂਮਤਾਂ ਵਿੱਚ ਸ਼ਮੂਲੀਅਤ ਰਾਜਸੀ ਸੱਤਾ ਜਿੱਤਣ ਲਈ ਸਾਧਾਰਨ ਮੁੱਢ ਨਹੀਂ ਸਮਝੀ ਜਾ ਸਕਦੀ; ਇਹ ਹੰਗਾਮੀ ਹਾਲਤ ਵਿੱਚ ਆਰਜ਼ੀ ਅਤੇ ਅਸਾਧਾਰਨ ਡੰਗ-ਟਪਾਊ ਕਾਰਵਾਈ ਤੋਂ ਬਿਨਾਂ ਕੁੱਝ ਨਹੀਂ ਹੋ ਸਕਦੀ।" ਪਿਛੋਂ ਜਾ ਕੇ ਬੁਰਜੂਆਜ਼ੀ ਨਾਲ਼ ਆਪਣਾ ਮਿਲਵਰਤਨ ਹੱਕੀ ਠਹਿਰਾਉਣ ਲਈ ਮੌਕਾਪ੍ਰਸਤਾਂ ਨੇ ਅਕਸਰ ਮਤੇ ਦੇ ਇਸ ਨੁਕਤੇ ਵੱਲ ਇਸ਼ਾਰਾ ਕੀਤਾ।

45. **ਬਰਨਸਟਾਈਨਵਾਦ** — ਕੌਮਾਂਤਰੀ ਸੋਸ਼ਲ-ਡੈਮੋਕਰੇਸੀ ਵਿੱਚ ਇੱਕ ਮੌਕਾਪ੍ਰਸਤ, ਮਾਰਕਸਵਾਦ ਦਾ ਦੋਖੀ ਮੁਹਾਣ ਜਿਹੜਾ ਜਰਮਨੀ ਵਿੱਚ 19ਵੀਂ ਸਦੀ ਦੇ ਅੰਤ ਵਿੱਚ ਪ੍ਰਗਟ ਹੋਇਆ ਅਤੇ ਜਿਸਦਾ ਨਾਂ ਸੋਧਵਾਦ ਦੇ ਖੁੱਲ੍ਹੇ ਹਾਮੀ ਐਡੂਆਰਡ ਬਰਨਸਟਾਈਨ ਦੇ ਨਾਂ 'ਤੇ ਪਿਆ।

46. ਵੇਖੋ ਕਾਰਲ ਮਾਰਕਸ ਦੀ 'ਲੂਈ ਬੋਨਾਪਾਰਟ ਦੀ ਅਠਾਰ੍ਹਵੀਂ ਬਰੂਮੇਰ'।

47. ਵੇਖੋ ਕਾਰਲ ਮਾਰਕਸ ਅਤੇ ਫ਼ਰੈਡਰਿਕ ਏਂਗਲਜ਼ 'ਕਮਿਊਨਿਸਟ ਪਾਰਟੀ ਦਾ ਮੈਨੀਫ਼ੈਸਟੋ' ਦੀ ਜਰਮਨ ਛਾਪ ਦੀ ਭੂਮਿਕਾ (1872)।

48. ਵੇਖੋ ਕਾਰਲ ਮਾਰਕਸ 'ਫ਼ਰਾਂਸ ਵਿੱਚ ਖ਼ਾਨਾ-ਜੰਗੀ'।

49. ਵੇਖੋ ਕਾਰਲ ਮਾਰਕਸ ਅਤੇ ਫ਼ਰੈਡਰਿਕ ਏਂਗਲਜ਼, 'ਕਮਿਊਨਿਸਟ ਲੀਗ ਦੀ ਕੇਂਦਰੀ

ਕਮੇਟੀ ਦੇ ਨਾਂ ਐਡਰੈਸ'।

50. ਵੇਖੋ ਕਾਰਲ ਮਾਰਕਸ 'ਫ਼ਰਾਂਸ ਵਿੱਚ ਖ਼ਾਨਾ-ਜੰਗੀ'।

51. ਇਥੇ ਇਸ਼ਾਰਾ ਸਿਡਨੀ ਅਤੇ ਬੀਟਰਿਸ ਵੈਬ ਦੀ ਕਿਤਾਬ 'ਬਰਤਾਨਵੀ ਟਰੇਡ ਯੂਨੀਅਨਵਾਦ ਦਾ ਸਿਧਾਂਤ ਅਤੇ ਅਮਲ' ਵੱਲ ਹੈ।

52. **''ਸੋਸ਼ਲਿਸਟ ਮਾਹਵਾਰ'** «Sozialistische Monatshefte» — ਜਰਮਨ ਮੌਕਾਪ੍ਰਸਤਾਂ ਦਾ ਮੁੱਖ ਰਸਾਲਾ, ਕੌਮਾਂਤਰੀ ਸੋਧਵਾਦ ਦਾ ਤਰਜਮਾਨ। ਇਹ ਬਰਲਿਨ ਵਿਖੇ 1897 ਤੋਂ 1933 ਤੱਕ ਛਪਦਾ ਰਿਹਾ। ਪਹਿਲੇ ਸੰਸਾਰ ਯੁੱਧ (1914-1918) ਸਮੇਂ ਇਹਨੇ ਸਮਾਜੀ-ਸ਼ਾਵਨਵਾਦੀ ਨਜ਼ਰੀਆ ਅਪਣਾਇਆ।

53. **ਜੋਰੇਸਵਾਦੀ** — ਫ਼ਰਾਂਸੀਸੀ ਅਤੇ ਕੌਮਾਂਤਰੀ ਸੋਸ਼ਲਿਸਟ ਲਹਿਰ ਦੇ ਉੱਘੇ ਨੇਤਾ ਜਾਨ ਜੋਰੇਸ ਦੇ ਹਾਮੀ। ਜੋਰੇਸ ਨੇ ਜਮਹੂਰੀਅਤ ਲਈ, ਲੋਕਾਂ ਦੀਆਂ ਅਜ਼ਾਦੀਆਂ ਲਈ, ਅਮਨ ਲਈ, ਸਮਾਰਾਜੀ ਜਬਰ ਵਿਰੁੱਧ ਅਤੇ ਡਕੈਤ ਯੁੱਧਾਂ ਵਿਰੁੱਧ ਘੋਲ਼ ਕੀਤਾ। ਪਰ ਉਹ ਅਤੇ ਉਹਦੇ ਪੈਰੋਕਾਰ ਮਾਰਕਸਵਾਦ ਦੇ ਬੁਨਿਆਦੀ ਸਿਧਾਂਤਾਂ ਵਿੱਚ ਸੋਧਾਂ ਕਰਨਾ ਚਾਹੁੰਦੇ ਸਨ। ਜੋਰੇਸਵਾਦੀਆਂ ਦਾ ਨਿਸ਼ਚਾ ਸੀ ਕਿ ਸੋਸ਼ਲਿਜ਼ਮ ਬੁਰਜੂਆਜ਼ੀ ਵਿਰੁੱਧ ਪ੍ਰੋਲੇਤਾਰੀ ਦੇ ਜਮਾਤੀ ਘੋਲ਼ ਰਾਹੀਂ ਨਹੀਂ ਸਗੋਂ ''ਜਮਹੂਰੀ ਵਿਚਾਰਾਂ ਦੀ ਪ੍ਰਫੁੱਲਤਾ'' ਦੇ ਸਿੱਟੇ ਵਜੋਂ ਆਵੇਗਾ। ਉਹ ਜਾਬਰਾਂ ਅਤੇ ਲੁਟੀਂਦਿਆਂ ਵਿਚਕਾਰ ਜਮਾਤੀ ਅਮਨ ਦਾ ਪ੍ਰਚਾਰ ਕਰਦੇ ਅਤੇ ਸਹਿਕਾਰਤਾ ਲਹਿਰ ਸਬੰਧੀ ਪਰੂਦੋਂਵਾਦੀ ਭਰਮਾਂ ਦਾ ਸ਼ਿਕਾਰ ਸਨ, ਅਤੇ ਇਹ ਸਮਝਦੇ ਸਨ ਕਿ ਸਰਮਾਏਦਾਰੀ ਅਧੀਨ ਸਹਿਕਾਰਤਾ ਦੇ ਵਿਕਾਸ ਦੇ ਸਿੱਟੇ ਵਜੋਂ ਹੌਲੀ ਹੌਲੀ ਸੋਸ਼ਲਿਜ਼ਮ ਵੱਲ ਤਬਦੀਲੀ ਵਿੱਚ ਸਹਾਇਤਾ ਮਿਲੇਗੀ। 1902 ਵਿੱਚ ਜੋਰੇਸਵਾਦੀਆਂ ਨੇ ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਸਥਾਪਤ ਕੀਤੀ ਜਿਸਨੇ ਸੁਧਾਰਵਾਦੀ ਦ੍ਰਿਸ਼ਟੀਕੋਣ ਅਪਣਾਇਆ। 1905 ਵਿੱਚ ਸੋਸ਼ਲਿਸਟ ਪਾਰਟੀ ਇੱਕ-ਮੁੱਠ ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਸਥਾਪਤ ਕਰਨ ਲਈ ਗੇਦੇਵਾਦੀ ਸੋਸ਼ਲਿਸਟ ਪਾਰਟੀ ਨਾਲ਼ ਮਿਲ ਗਈ। ਲੈਨਿਨ ਨੇ ਜੋਰੇਸ ਅਤੇ ਜੋਰੇਸਵਾਦੀਆਂ ਦੇ ਸੁਧਾਰਵਾਦੀ ਵਿਚਾਰਾਂ ਦੀ ਤਿੱਖੀ ਪੜਚੋਲ ਕੀਤੀ। ਜੋਰੇਸ ਨੇ ਅਮਨ ਲਈ, ਭਾਵੀ ਯੁੱਧ ਵਿਰੁੱਧ ਜਿਹੜਾ ਘੋਲ਼ ਕੀਤਾ, ਉਹਨੇ ਸਮਾਰਾਜੀ ਬੁਰਜੂਆਜ਼ੀ ਵਿੱਚ ਉਹਦੇ ਲਈ ਘਿਰਣਾ ਉਪਜਾ ਲਈ। ਪਹਿਲੇ ਸੰਸਾਰ ਯੁੱਧ ਤੋਂ ਪਹਿਲਾਂ ਪਿਛਾਖੜ ਦੇ ਚਾਟੜਿਆਂ ਨੇ ਜੋਰੇਸ ਨੂੰ ਕਤਲ ਕਰ ਦਿੱਤਾ।

ਪਹਿਲੇ ਸੰਸਾਰ ਯੁੱਧ ਸਮੇਂ ਜੋਰੇਸਵਾਦੀਆਂ ਨੇ, ਜਿਹੜੇ ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਦੀ ਲੀਡਰਸ਼ਿਪ ਵਿੱਚ ਭਾਰੂ ਸਨ, ਸਾਮਰਾਜੀਆਂ ਦੀ ਖੁਲ੍ਹੀ ਹਮਾਇਤ ਕੀਤੀ ਅਤੇ ਸਮਾਜੀ-ਸ਼ਾਵਨਵਾਦੀ ਨਜ਼ਰੀਆ ਅਪਣਾਇਆ।

54. **ਬਰਤਾਨੀਆ ਦੀ ਇੰਡੀਪੈਂਡੰਟ ਲੇਬਰ ਪਾਰਟੀ («Independent Labour Party»)** ਹੜਤਾਲ ਦੇ ਘੋਲ਼ ਦੇ ਮੁੜ ਸੁਰਜੀਤ ਹੋਣ ਅਤੇ ਬੁਰਜੂਆ ਪਾਰਟੀਆਂ ਤੋਂ ਮੁਕਤੀ ਲਈ ਮਜ਼ਦੂਰ-ਜਮਾਤ ਦੇ ਵੱਧ ਰਹੇ ਘੋਲ਼ ਦੇ ਦੌਰਾਨ 1893 ਵਿੱਚ ਸਥਾਪਤ ਕੀਤੀ ਗਈ

ਇੱਕ ਸੁਧਾਰਵਾਦੀ ਜੱਥੇਬੰਦੀ। ਇੰਡੀਪੈਂਡੰਟ ਲੇਬਰ ਪਾਰਟੀ ਵਿੱਚ ਕੁੱਝ "ਨਵੀਆਂ ਟਰੇਡ ਯੂਨੀਅਨਾਂ" ਦੇ ਅਤੇ ਬਹੁਤ ਸਾਰੀਆਂ ਪੁਰਾਣੀਆਂ ਦੇ ਮੈਂਬਰ ਅਤੇ ਬੁੱਧੀਜੀਵੀ ਅਤੇ ਅਜਿਹੇ ਨਿੱਕ-ਬੁਰਜੂਆ ਅੰਸ਼ ਸਨ ਜਿਹੜੇ ਫ਼ੇਬੀਅਨਾਂ ਦੇ ਪ੍ਰਭਾਵ ਹੇਠ ਸਨ। ਇਸ ਪਾਰਟੀ ਦੇ ਮੁਖੀ ਕੈਰ ਹਾਰਡੀ ਅਤੇ ਰੈਮਜ਼ੇ ਮੈਕਡਾਨਲਡ ਸਨ। ਆਪਣੀ ਸਥਾਪਤੀ ਦੇ ਸਮੇਂ ਤੋਂ ਹੀ ਇੰਡੀਪੈਂਡੰਟ ਲੇਬਰ ਪਾਰਟੀ ਨੇ ਬੁਰਜੂਆ-ਸੁਧਾਰਵਾਦੀ ਦ੍ਰਿਸ਼ਟੀਕੋਣ ਅਪਣਾਇਆ ਅਤੇ ਘੋਲ਼ ਦੇ ਪਾਰਲੀਮਾਨੀ ਰੂਪਾਂ ਅਤੇ ਲਿਬਰਲ ਪਾਰਟੀ ਨਾਲ਼ ਪਾਰਲੀਮਾਨੀ ਸੌਦੇਬਾਜ਼ੀ ਉੱਤੇ ਟੇਕ ਰੱਖੀ। ਇੰਡੀਪੈਂਡਟ ਲੇਬਰ ਪਾਰਟੀ ਦਾ ਲੱਛਣੀਕਰਣ ਕਰਦੇ ਹੋਏ ਵ. ਇ. ਲੈਨਿਨ ਨੇ ਲਿਖਿਆ ਕਿ ਇਹ "ਅਸਲ ਵਿੱਚ ਇਕ ਮੌਕਾਪ੍ਰਸਤ ਪਾਰਟੀ ਸੀ ਜਿਹੜੀ ਸਦਾ ਬੁਰਜੂਆਜ਼ੀ ਉੱਤੇ ਨਿਰਭਰ ਕਰਦੀ ਸੀ।"

ਪਹਿਲੇ ਸੰਸਾਰ ਯੁੱਧ ਦੇ ਸ਼ੁਰੂ ਵਿੱਚ ਇੰਡੀਪੈਂਡੰਟ ਲੇਬਰ ਪਾਰਟੀ ਨੇ ਇੱਕ ਯੁੱਧ ਵਿਰੋਧੀ ਮੈਨੀਫੈਸਟੋ ਜਾਰੀ ਕੀਤਾ ਪਰ ਉਹ ਛੇਤੀ ਹੀ ਤਿਲਕ ਕੇ ਸਮਾਜੀ-ਸ਼ਾਵਨਵਾਦੀ ਨਜ਼ਰੀਏ 'ਤੇ ਅੱਪੜ ਗਈ।

# ਨਾਮਾਵਲੀ

**ਅ**

**ਅਵਕਸਨਤੇਯੇਵ, ਨਿਕੋਲਾਈ ਦਮਿਤ੍ਰੀਯੇਵਿਚ** (1878–1943) — ਸੋਸ਼ਲਿਸਟ-ਇਨਕਲਾਬੀ ਪਾਰਟੀ ਦਾ ਆਗੂ, ਇਹਦੀ ਕੇਂਦਰੀ ਕਮੇਟੀ ਦਾ ਮੈਂਬਰ। ਪਹਿਲੇ ਸੰਸਾਰ ਯੁੱਧ ਸਮੇਂ ਸਮਾਜੀ-ਸ਼ਾਵਨਵਾਦੀ ਸੀ। 1917 ਦੇ ਬੁਰਜੂਆ-ਜਮਹੂਰੀ ਇਨਕਲਾਬ ਤੋਂ ਪਿੱਛੋਂ ਕਿਸਾਨਾਂ ਦੇ ਪ੍ਰਤਿਨਿਧਾਂ ਦੀ ਕੁੱਲ-ਰੂਸ ਸੋਵੀਅਤ ਦੀ ਕਾਰਜ-ਕਾਰੀ ਕਮੇਟੀ ਦਾ ਪ੍ਰਧਾਨ ਬਣ ਗਿਆ; ਦੂਜੀ ਕੁਲੀਸ਼ਨ ਆਰਜ਼ੀ ਹਕੂਮਤ ਵਿੱਚ ਘਰੋਗੀ ਮਾਮਲਿਆਂ ਦਾ ਵਜ਼ੀਰ ਅਤੇ ਪਿੱਛੋਂ ਜਾ ਕੇ ਉਲਟ-ਇਨਕਲਾਬੀ 'ਰੂਸੀ ਗਣ-ਰਾਜ ਦੀ ਆਰਜ਼ੀ ਪ੍ਰੀਸ਼ਦ' (ਪੂਰਵ-ਪਾਰਲੀਮੈਂਟ) ਦਾ ਪ੍ਰਧਾਨ।

**ਏ**

**ਏਂਗਲਜ਼, ਫ਼ਰੈਡਰਿਕ** (1820–1895)

**ਸ**

**ਸਕੋਬੇਲੇਵ, ਮਾਤਵੇਈ ਈਵਾਨੋਵਿਚ** (1885–1939) — 1903 ਤੋਂ ਮੈਨਸ਼ਵਿਕਾਂ ਦੀਆਂ ਸਫ਼ਾਂ ਵਿੱਚ ਸੋਸ਼ਲ-ਡੈਮੋਕਰੈਟਿਕ ਲਹਿਰ ਵਿੱਚ ਹਿੱਸਾ ਲਿਆ। ਪਹਿਲੇ ਸੰਸਾਰ ਯੁੱਧ ਸਮੇਂ — ਕੇਂਦਰਵਾਦੀ। 1917 ਦੇ ਫ਼ਰਵਰੀ ਦੇ ਬੁਰਜੂਆ-ਜਮਹੂਰੀ ਇਨਕਲਾਬ ਤੋਂ ਪਿੱਛੋਂ — ਪੀਤਰੋਗਰਾਦ ਸੋਵੀਅਤ ਦਾ ਮੀਤ-ਪ੍ਰਧਾਨ, ਪਹਿਲੀ ਚੋਣ ਦੀ ਕੇਂਦਰੀ ਕਾਰਜ-ਕਾਰੀ ਕਮੇਟੀ ਦਾ ਮੀਤ-ਪ੍ਰਧਾਨ, ਮਈ ਤੋਂ ਅਗਸਤ 1917 ਤੱਕ ਬੁਰਜੂਆ ਆਰਜ਼ੀ ਹਕੂਮਤ ਵਿੱਚ ਉਹ ਕਿਰਤ ਦਾ ਵਜ਼ੀਰ ਸੀ।

**ਸਟਾਊਨਿੰਗ** (Stauning), **ਥੋਰਵਾਲਡ ਆਗਸਟ ਮਾਰੀਨਸ** (1873–1942) — ਡੈਨਮਾਰਕ ਦਾ ਇੱਕ ਰਾਜਨੇਤਾ, ਡੈਨਮਾਰਕ ਦੀ ਸੋਸ਼ਲ-ਡੈਮੋਕਰੇਸੀ ਅਤੇ ਦੂਜੀ ਇੰਟਰਨੈਸ਼ਨਲ ਦਾ ਇੱਕ ਸੱਜੇ-ਪੱਖੀ ਆਗੂ, ਪ੍ਰਚਾਰਕ। ਪਹਿਲੇ ਸੰਸਾਰ ਯੁੱਧ ਸਮੇਂ — ਇੱਕ ਸਮਾਜੀ-ਸ਼ਾਵਨਵਾਦੀ। 1916–20 ਵਿੱਚ ਡੈਨਮਾਰਕ ਦੀ ਬੁਰਜੂਆ ਹਕੂਮਤ ਵਿੱਚ ਬੇਮਹਿਕਮਾ ਵਜ਼ੀਰ। ਪਿੱਛੋਂ ਜਾ ਕੇ ਉਹਨੇ ਸੋਸ਼ਲ-ਡੈਮੋਕਰੈਟਾਂ ਦੀਆਂ ਬੁਰਜੂਆ ਗਰਮ-ਖ਼ਿਆਲੀਆਂ ਅਤੇ ਸੱਜੇ-ਪੱਖੀ ਸੋਸ਼ਲ-ਡੈਮੋਕਰੈਟਾਂ ਦੀਆਂ ਕੁਲੀਸ਼ਨ ਹਕੂਮਤਾਂ ਦੀ ਅਗਵਾਈ ਕੀਤੀ।

**ਸਟਨਿਰਨੇਰ** (Stirner), **ਮੈਕਸ** (1806–1856) — ਇੱਕ ਜਰਮਨ ਦਾਰਸ਼ਨਕ, ਬੁਰਜੂਆ ਵਿਅਕਤੀਵਾਦ ਅਤੇ ਅਰਾਜਕਤਾਵਾਦ ਦੇ ਵਿਚਾਰਧਾਰਕਾਂ ਵਿੱਚੋਂ ਇੱਕ।

**ਸਤਰੂਵੇ, ਪਿਓਤਰ ਬਰਨਗਾਰਦੋਵਿਚ** (1870–1944) — ਇੱਕ ਬੁਰਜੂਆ ਅਰਥ-

ਸ਼ਾਸਤਰੀ ਅਤੇ ਪ੍ਰਚਾਰਕ, ਕੈਡੇਟਾਂ ਦਾ ਇੱਕ ਆਗੂ। ਪਿਛਲੀ ਸਦੀ ਦੇ ਦਸਵੇਂ ਦਹਾਕੇ ਉਹ "ਕਾਨੂੰਨੀ ਮਾਰਕਸਵਾਦ" ਦਾ ਉੱਘਾ ਪ੍ਰਤਿਨਿਧ ਸੀ, ਉਹਨੇ ਮਾਰਕਸ ਦੇ ਆਰਥਕ ਅਤੇ ਦਾਰਸ਼ਨਕ ਸਿਧਾਂਤਾਂ ਵਿੱਚ "ਤਰਮੀਮਾਂ" ਅਤੇ ਉਹਨਾਂ ਦੀ "ਪੜਚੋਲ" ਪੇਸ਼ ਕੀਤੀ, ਮਾਰਕਸਵਾਦ ਅਤੇ ਮਜ਼ਦੂਰ-ਜਮਾਤ ਲਹਿਰ ਨੂੰ ਬੁਰਜੂਆਜ਼ੀ ਦੇ ਹਿੱਤਾਂ ਦੇ ਅਨੁਕੂਲ ਬਣਾਉਣ ਦਾ ਯਤਨ ਕੀਤਾ।

**ਸਪੈਨਸਰ** (Spencer), **ਹਰਬਰਟ** (1820-1903) — ਇੱਕ ਅੰਗ੍ਰੇਜ਼ ਦਾਰਸ਼ਨਿਕ, ਮਨੋਵਿਗਿਆਨੀ, ਹਾਂਵਾਦੀ ਦਰਸ਼ਨ ਦਾ ਇੱਕ ਉੱਘਾ ਪ੍ਰਤਿਨਿਧ, ਸਮਾਜ ਦੇ ਅਖੌਤੀ ਜੀਵੀ ਸਿਧਾਂਤ ਦਾ ਮੋਢੀ।

**ਸ਼ਾਈਦੇਮਾਨ** (Scheidemann), **ਫ਼ਿਲਿਪ** (1865-1939) — ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਦੇ ਅਤਿ ਦੇ ਸੱਜੇ ਮੌਕਾਪ੍ਰਸਤ ਪੱਖ ਦਾ ਆਗੂ। ਪਹਿਲੇ ਸੰਸਾਰ ਯੁੱਧ ਸਮੇਂ — ਸਮਾਜੀ-ਸ਼ਾਵਨਵਾਦੀ। ਜਰਮਨੀ ਵਿੱਚ 1918 ਦੇ ਨਵੰਬਰ ਇਨਕਲਾਬ ਸਮੇਂ ਅਖੌਤੀ ਲੋਕਾਂ ਦੇ ਪ੍ਰਤਿਨਿਧਾਂ ਦੀ ਪ੍ਰੀਸ਼ਦ ਦਾ ਮੈਂਬਰ ਸੀ, ਜਿਥੇ ਉਹਨੇ ਸਪਾਰਟਾਕਸ ਟੋਲੀ ਦੇ ਮੈਂਬਰਾਂ ਵਿਰੁੱਧ ਕਤਲਾਮ ਦੀ ਹਾਮੀ ਐਜੀਟੇਸ਼ਨ ਕੀਤੀ। ਫ਼ਰਵਰੀ-ਜੂਨ 1919 ਵਿੱਚ ਉਹਨੇ ਵਾਈਮਰ ਗਣ-ਰਾਜ ਦੀ ਕੁਲੀਸ਼ਨ ਹਕੂਮਤ ਦੀ ਅਗਵਾਈ ਕੀਤੀ। ਉਹ 1918-1921 ਵਿੱਚ ਜਰਮਨ ਮਜ਼ਦੂਰ-ਜਮਾਤ ਲਹਿਰ ਵਿਰੁੱਧ ਜ਼ਾਲਮਾਨਾ ਜ਼ਬਰ ਜਥੇਬੰਦ ਕਰਨ ਵਾਲ਼ਿਆਂ ਵਿੱਚੋਂ ਸੀ। ਪਿੱਛੋਂ ਜਾ ਕੇ ਉਹਨੇ ਰਾਜਸੀ ਸਰਗਰਮੀ ਤਿਆਗ ਦਿੱਤੀ।

**ਸੇਮਬਾਤ** (Sembat), **ਮਾਰਸਲ** (1862-1922) — ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਦਾ ਇੱਕ ਸੁਧਾਰਵਾਦੀ ਆਗੂ, ਪੱਤਰਕਾਰ। ਪਹਿਲੇ ਸੰਸਾਰ ਯੁੱਧ ਸਮੇਂ — ਸਮਾਜੀ-ਸ਼ਾਵਨਵਾਦੀ। ਅਗਸਤ 1914 ਤੋਂ ਸਤੰਬਰ 1917 ਤੱਕ ਉਹ ਫ਼ਰਾਂਸ ਦੀ ਸਾਮਰਾਜਵਾਦੀ "ਕੌਮੀ ਰੱਖਿਆ ਹਕੂਮਤ" ਵਿੱਚ ਸਰਵਜਨਕ ਉਸਾਰੀ ਦਾ ਵਜ਼ੀਰ ਸੀ। ਫ਼ਰਵਰੀ 1915 ਵਿੱਚ ਉਹਨੇ ਐਨਤੇਂਤੇ ਦੇਸ਼ਾਂ ਦੀ ਸੋਸ਼ਲਿਸਟ ਕਾਨਫ਼ਰੰਸ ਵਿੱਚ ਹਿੱਸਾ ਲਿਆ, ਜਿਹੜੀ ਉਹਨਾਂ ਨੂੰ ਸਮਾਜੀ-ਸ਼ਾਵਨਵਾਦ ਦੇ ਪ੍ਰੋਗਰਾਮ ਉੱਤੇ ਇੱਕ-ਮੁਠ ਕਰਨ ਲਈ ਬੁਲਾਈ ਗਈ ਸੀ।

## ਹ

**ਹਾਇੰਡਮੈਨ** (Hyndman), **ਹੈਨਰੀ ਮੇਅਰਜ਼** (1842-1921) — ਬਰਤਾਨਵੀ ਸੋਸ਼ਲਿਸਟ ਅਤੇ ਸੁਧਾਰਕ। 1881 ਵਿੱਚ ਉਹਨੇ ਡੈਮੋਕਰੈਟਿਕ ਫ਼ੈਡਰੇਸ਼ਨ ਸਥਾਪਤ ਕੀਤੀ, ਜਿਹੜੀ 1884 ਵਿੱਚ ਤਬਦੀਲ ਕਰਕੇ ਸੋਸ਼ਲ-ਡੈਮੋਕਰੈਟਿਕ ਫ਼ੈਡਰੇਸ਼ਨ ਬਣਾ ਦਿੱਤੀ ਗਈ। 1900-1910 ਵਿੱਚ ਉਹ ਕੌਮਾਂਤਰੀ ਸੋਸ਼ਲਿਸਟ ਬਿਊਰੋ ਦਾ ਮੈਂਬਰ ਸੀ। ਉਹ ਬਰਤਾਨਵੀ ਸੋਸ਼ਲਿਸਟ ਪਾਰਟੀ ਦੇ ਆਗੂਆਂ ਵਿੱਚੋਂ ਇੱਕ ਸੀ ਪਰ ਜਦੋਂ 1916 ਵਿੱਚ ਸਾਲਫ਼ੋਰਡ ਕਾਨਫ਼ਰੰਸ ਸਮੇਂ ਪਾਰਟੀ ਨੇ ਸਾਮਰਾਜੀ ਯੁੱਧ ਵੱਲ ਉਹਦੇ ਸਮਾਜੀ-ਸ਼ਾਵਨਵਾਦੀ ਵਤੀਰੇ ਦੀ ਨਿਖੇਧੀ ਕੀਤੀ ਤਾਂ ਉਹ ਪਾਰਟੀ ਛੱਡ ਗਿਆ।

**ਹੀਗਲ** (Hegel), **ਜਾਰਜ ਵਿਲਹਲਮ ਫ਼ਰੀਡਰਿਖ** (1770-1831) — ਇੱਕ ਉੱਘਾ

ਜਰਮਨ ਦਾਰਸ਼ਨਕ, ਇੱਕ ਯਥਾਰਥਕ ਆਦਰਸ਼ਵਾਦੀ ਅਤੇ ਜਰਮਨ ਬੁਰਜੂਆਜ਼ੀ ਦਾ ਵਿਚਾਰਧਾਰਕ। ਹੀਗਲ ਦੀ ਇਤਿਹਾਸਕ ਮਹੱਤਤਾ ਦਵੰਦਵਾਦ ਵਿਸਥਾਰਨ ਵਿੱਚ ਹੈ, ਜਿਹੜਾ ਦਵੰਦਵਾਦੀ ਪਦਾਰਥਵਾਦ ਦੇ ਸਿਧਾਂਤਕ ਸੋਮਿਆਂ ਵਿੱਚੋਂ ਇੱਕ ਬਣ ਗਿਆ। ਪਰ ਉਹਦਾ ਦਵੰਦਵਾਦ, ਜਿਸਦਾ ਸਬੰਧ ਉਹਦੇ ਆਮ ਤੌਰ 'ਤੇ ਪੁਰਾਤਨਵਾਦੀ ਅਧਿਆਤਮਕ ਦਾਰਸ਼ਨਿਕ ਪ੍ਰਬੰਧ ਨਾਲ਼ ਸੀ, ਆਦਰਸ਼ਵਾਦੀ ਸੀ।

**ਹੈਂਡਰਸਨ** (Henderson), **ਆਰਥਰ** (1863–1935) — ਬਰਤਾਨਵੀ ਲੇਬਰ ਪਾਰਟੀ ਅਤੇ ਟਰੇਡ ਯੂਨੀਅਨ ਲਹਿਰ ਦਾ ਇੱਕ ਆਗੂ। ਪਹਿਲੇ ਸੰਸਾਰ ਯੁੱਧ ਸਮੇਂ — ਸਮਾਜੀ-ਸ਼ਾਵਨਵਾਦੀ। ਉਹ ਕਈ ਬਰਤਾਨਵੀ ਬੁਰਜੂਆ ਹਕੂਮਤਾਂ ਵਿੱਚ ਸ਼ਾਮਲ ਸੀ।

## ਕ

**ਕਰੋਪੋਤਕਿਨ, ਪਿਓਤਰ ਅਲੈਕਸੇਯੇਵਿਚ** (1842–1921) — ਅਰਾਜਕਤਾਵਾਦ ਦੇ ਮੁੱਖ ਪੇਸ਼ਕਾਰਾਂ ਅਤੇ ਸਿਧਾਂਤਕਾਰਾਂ ਵਿੱਚੋਂ ਇੱਕ। ਪਹਿਲੇ ਸੰਸਾਰ ਯੁੱਧ ਸਮੇਂ ਉਹ ਸ਼ਾਵਨਵਾਦੀ ਸੀ। 1917 ਵਿੱਚ ਪ੍ਰਵਾਸ ਤੋਂ ਰੂਸ ਮੁੜ ਕੇ ਉਹਨੇ ਬੁਰਜੂਆ ਨਜ਼ਰੀਏ ਅਪਣਾਏ, ਪਰ 1920 ਵਿੱਚ ਉਹਨੇ ਯੂਰਪ ਦੇ ਮਜ਼ਦੂਰਾਂ ਦੇ ਨਾਂ ਇੱਕ ਖ਼ਤ ਛਾਪਿਆ, ਜਿਸ ਵਿੱਚ ਉਹਨੇ ਅਕਤੂਬਰ ਸੋਸ਼ਲਿਸਟ ਇਨਕਲਾਬ ਦੀ ਇਤਿਹਾਸਕ ਮਹੱਤਤਾ ਪ੍ਰਵਾਨ ਕੀਤੀ ਅਤੇ ਮਜ਼ਦੂਰਾਂ ਨੂੰ ਸੱਦਾ ਦਿੱਤਾ ਕਿ ਉਹ ਸੋਵੀਅਤ ਰੂਸ ਵਿਰੁੱਧ ਹਥਿਆਰਬੰਦ ਦਖ਼ਲ ਰੋਕਣ।

**ਕਾਊਟਸਕੀ** (Kautsky), **ਕਾਰਲ** (1854–1938) — ਜਰਮਨ ਸੋਸ਼ਲ-ਡੈਮੋਕਰੇਸੀ ਅਤੇ ਦੂਜੀ ਇੰਟਰਨੈਸ਼ਨਲ ਦੇ ਆਗੂਆਂ ਵਿੱਚੋਂ ਇੱਕ, ਮੁੱਢ ਵਿੱਚ ਮਾਰਕਸਵਾਦੀ, ਪਿੱਛੋਂ ਜਾ ਕੇ ਉਹ ਭਗੌੜਾ ਬਣ ਗਿਆ। ਉਹ ਕੇਂਦਰਵਾਦ (ਕਾਊਟਸਕੀਵਾਦ) ਦਾ, ਜਿਹੜੀ ਮੌਕਾਪ੍ਰਸਤੀ ਦੀ ਵਿਸ਼ੇਸ਼ ਤੌਰ 'ਤੇ ਖ਼ਤਰਨਾਕ ਅਤੇ ਹਾਨੀਕਾਰਕ ਵੰਨਗੀ ਹੈ, ਵਿਚਾਰਧਾਰਕ ਸੀ। ਉਹ ਜਰਮਨ ਸੋਸ਼ਲ-ਡੈਮੋਕਰੈਟਾਂ ਦੇ ਸਿਧਾਂਤਕ ਰਸਾਲੇ«Die Neue Zeit» ਦਾ ਸੰਪਾਦਕ ਸੀ।

ਪਹਿਲੇ ਸੰਸਾਰ ਯੁੱਧ ਸਮੇਂ ਕਾਊਟਸਕੀ ਨੇ ਕੇਂਦਰਵਾਦੀ ਨਜ਼ਰੀਆ ਅਪਣਾਇਆ ਅਤੇ ਆਪਣੇ ਸਮਾਜ ਸ਼ਾਵਨਵਾਦ ਨੂੰ ਲੁਕਾਉਣ ਲਈ ਕੌਮਾਂਤਰੀਵਾਦੀ ਫ਼ਿਕਰੇਬਾਜ਼ੀ ਵਰਤੀ। ਉਹ ਪਰਾ-ਸਾਮਰਾਜਵਾਦ ਦੇ ਪਿੱਛਾਂਹ-ਖਿੱਚੂ ਸਿਧਾਂਤ ਦਾ ਕਰਤਾ ਸੀ।

**ਕਾਰਨੇਲੀਸੇਨ** (Cornelissen), **ਕ੍ਰਿਸਚੀਅਨ** — ਇੱਕ ਡੱਚ ਅਰਾਜਕਤਾਵਾਦੀ, ਪਿ. ਅ. ਕਰੋਪੋਤਕਿਨ ਦਾ ਪੈਰੋਕਾਰ, ਮਾਰਕਸਵਾਦ ਦਾ ਵਿਰੋਧ ਕੀਤਾ। ਪਹਿਲੇ ਸੰਸਾਰ ਯੁੱਧ ਸਮੇਂ — ਸ਼ਾਵਨਵਾਦੀ।

**ਕੁਗੇਲਮਾਨ** (Kugelmann), **ਲੁਡਵਿਗ** (1830–1902) — ਇੱਕ ਜਰਮਨ ਸੋਸ਼ਲ-ਡੈਮੋਕਰੈਟ ਅਤੇ ਕਾਰਲ ਮਾਰਕਸ ਦਾ ਮਿੱਤਰ। ਉਹਨੇ ਜਰਮਨੀ ਵਿੱਚ 1848–1849 ਦੇ ਇਨਕਲਾਬ ਵਿੱਚ ਹਿੱਸਾ ਲਿਆ ਅਤੇ ਪਹਿਲੀ ਇੰਟਰਨੈਸ਼ਨਲ ਦਾ ਮੈਂਬਰ ਸੀ।

**ਕੇਰੇਨਸਕੀ, ਅਲੈਕਸਾਂਦਰ ਫ਼ਿਓਦੋਰੋਵਿਚ** (1881–1970) — ਸੋਸ਼ਲਿਸਟ-ਇਨਕਲਾਬੀ। 1917 ਦੇ ਫ਼ਰਵਰੀ ਦੇ ਬੁਰਜੂਆ-ਜਮਹੂਰੀ ਇਨਕਲਾਬ ਪਿੱਛੋਂ ਉਹ ਇਨਸਾਫ਼ ਦਾ ਵਜ਼ੀਰ,

ਯੁੱਧ ਦਾ ਵਜ਼ੀਰ ਅਤੇ ਜਹਾਜ਼ਰਾਨੀ ਦਾ ਵਜ਼ੀਰ ਸੀ। ਪਿੱਛੋਂ ਜਾ ਕੇ ਉਹ ਆਰਜ਼ੀ ਹਕੂਮਤ ਦਾ ਪ੍ਰਧਾਨ ਮੰਤਰੀ ਅਤੇ ਕਮਾਂਡਰ-ਇਨ-ਚੀਫ਼ ਬਣ ਗਿਆ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ ਉਹ ਸਰਗਰਮੀ ਨਾਲ਼ ਸੋਵੀਅਤ ਸੱਤਾ ਵਿਰੁੱਧ ਲੜਿਆ। 1918 ਵਿੱਚ ਉਹ ਵਿਦੇਸ਼ ਨੱਠ ਗਿਆ।

**ਕੋਲਬ** (Kolb), **ਵਿਲਹਲਮ** (1870-1918) — ਜਰਮਨ ਸੋਸ਼ਲ-ਡੈਮੋਕਰੈਟ, ਅਤਿ-ਅੰਤ ਮੌਕਾਪ੍ਰਸਤ ਅਤੇ ਸੋਧਵਾਦੀ।

## ਗ

**ਗਰੇਵ** (Grave);, **ਜਾਨ** (1858-1939) — ਇੱਕ ਫ਼ਰਾਂਸੀਸੀ ਨਿੱਕ-ਬੁਰਜੂਆ ਸੋਸ਼ਲਿਸਟ ਅਤੇ ਅਰਾਜਕਤਾਵਾਦ ਦਾ ਸਿਧਾਂਤਕਾਰ। ਵੀਹਵੀਂ ਸਦੀ ਦੇ ਸ਼ੁਰੂ ਵਿੱਚ ਉਹਨੇ ਅਰਾਜਕਤਾਵਾਦੀ-ਸੰਘਵਾਦੀ ਨਜ਼ਰੀਆ ਅਪਣਾਇਆ। ਪਹਿਲੇ ਸੰਸਾਰ ਯੁੱਧ ਸਮੇਂ — ਸਮਾਜੀ-ਸ਼ਾਵਨਵਾਦੀ।

**ਗੇਦ** (Guesde) **ਜੁਲ (ਬਾਸਿਲ, ਮੈਥੀਓ)** (1845-1922) — ਫ਼ਰਾਂਸੀਸੀ ਸੋਸ਼ਲਿਸਟ ਲਹਿਰ ਅਤੇ ਦੂਜੀ ਇੰਟਰਨੈਸ਼ਨਲ ਦਾ ਇੱਕ ਮੋਢੀ ਅਤੇ ਆਗੂ। 1901 ਵਿੱਚ ਉਹਨੇ ਅਤੇ ਉਹਦੇ ਪੈਰੋਕਾਰਾਂ ਨੇ ਫ਼ਰਾਂਸ ਦੀ ਸੋਸ਼ਲਿਸਟ ਪਾਰਟੀ ਸਥਾਪਤ ਕੀਤੀ, ਜਿਹੜੀ 1905 ਵਿੱਚ ਸੁਧਾਰਵਾਦੀ ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਵਿੱਚ ਸ਼ਾਮਲ ਹੋ ਗਈ, ਜਿਸਨੂੰ ਇੱਕਮੁਠ ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਦਾ ਨਾਂ ਮਿਲਿਆ। ਗੇਦ ਨੇ ਫ਼ਰਾਂਸ ਵਿੱਚ ਮਾਰਕਸਵਾਦ ਦਾ ਪ੍ਰਚਾਰ ਕਰ ਅਤੇ ਸੋਸ਼ਲਿਸਟ ਲਹਿਰ ਵਿਕਸਤ ਕਰਨ ਲਈ ਬਹੁਤ ਕੁੱਝ ਕੀਤਾ।

ਪਰ ਸੱਜੇ-ਪੱਖੀ ਸੋਸ਼ਲਿਸਟਾਂ ਦੀਆਂ ਨੀਤੀਆਂ ਦਾ ਵਿਰੋਧ ਕਰਦੇ ਹੋਏ ਗੇਦ ਨੇ ਸਿਧਾਂਤਕ ਅਤੇ ਅਮਲੀ ਦੋਹਾਂ ਤਰ੍ਹਾਂ ਦੇ ਮਾਮਲਿਆਂ ਵਿੱਚ ਸੰਕੀਰਣ ਖ਼ਾਸੇ ਵਾਲ਼ੀਆਂ ਗ਼ਲਤੀਆਂ ਕੀਤੀਆਂ। ਜਦੋਂ ਪਹਿਲਾ ਸੰਸਾਰ ਯੁੱਧ ਸ਼ੁਰੂ ਹੋਇਆ ਤਾਂ ਉਹਨੇ ਸਮਾਜੀ-ਸ਼ਾਵਨਵਾਦੀ ਨਜ਼ਰੀਆ ਅਪਣਾਇਆ ਅਤੇ ਫ਼ਰਾਂਸੀਸੀ ਬੁਰਜੂਆ ਹਕੂਮਤ ਵਿੱਚ ਸ਼ਾਮਲ ਹੋ ਗਿਆ।

**ਘੇ, ਅਲੈਕਸਾਂਦਰ ਯੂ**. (1919 ਵਿੱਚ ਮੌਤ) — ਰੂਸੀ ਅਰਾਜਕਤਾਵਾਦ, 1917 ਦੇ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ ਸੋਵੀਅਤ ਸੱਤਾ ਦਾ ਸਾਥ ਦਿੱਤਾ।

## ਚ

**ਚੇਰਨੋਵ, ਵਿਕਤੋਰ ਮਿਖਾਈਲੋਵਿਚ** (1876-1952) — ਸੋਸ਼ਲਿਸਟ-ਇਨਕਲਾਬੀ ਪਾਰਟੀ ਦਾ ਇੱਕ ਆਗੂ ਅਤੇ ਸਿਧਾਂਤਕਾਰ। ਪਹਿਲੇ ਸੰਸਾਰ ਯੁੱਧ ਵਿੱਚ ਉਹ ਖ਼ੱਬੂ ਫ਼ਿਕਰੇਬਾਜ਼ੀ ਨੂੰ ਪਰਦੇ ਵਜੋਂ ਵਰਤ ਕੇ ਸਮਾਜੀ-ਸ਼ਾਵਨਵਾਦੀ ਨਜ਼ਰੀਏ ਉੱਤੇ ਖੜਾ ਸੀ। 1917 ਵਿੱਚ ਬੁਰਜੂਆ ਆਰਜ਼ੀ ਹਕੂਮਤ ਵਿੱਚ ਉਹ ਖੇਤੀ ਦਾ ਵਜ਼ੀਰ ਸੀ, ਜਿਨ੍ਹਾਂ ਕਿਸਾਨਾਂ ਨੇ ਜਗੀਰਦਾਰਾਂ ਦੀਆਂ ਜਗੀਰਾਂ ਉੱਤੇ ਕਬਜ਼ਾ ਕਰ ਲਿਆ, ਉਹਨਾਂ ਵਿਰੁੱਧ ਜ਼ਾਲਮ ਜਬਰ ਜਥੇਬੰਦ ਕੀਤਾ।

## ਜ

**ਜ਼ੇਨਜ਼ੀਨੋਵ, ਵਲਾਦੀਮੀਰ ਮਿਖਾਈਲੋਵਿਚ** (ਜਨਮ 1881) — ਸੋਸ਼ਲਿਸਟ-ਇਨਕਲਾਬੀ ਪਾਰਟੀ ਦਾ ਇੱਕ ਆਗੂ ਅਤੇ ਇਹ ਕੇਂਦਰੀ ਕਮੇਟੀ ਦਾ ਮੈਂਬਰ। ਪਹਿਲੇ ਸੰਸਾਰ ਯੁੱਧ ਸਮੇਂ — ਰੱਖਿਆਵਾਦੀ। 1917 ਵਿੱਚ — ਪੀਤਰੋਗਰਾਦ ਸੋਵੀਅਤ ਦੀ ਕਾਰਜ-ਕਾਰੀ ਕਮੇਟੀ ਦਾ ਮੈਂਬਰ, ਬੁਰਜੂਆਜ਼ੀ ਨਾਲ਼ ਬਲਾਕ ਬਣਾਉਣ ਦਾ ਹਾਮੀ। ਸੋਸ਼ਲਿਸਟ-ਇਨਕਲਾਬੀ ਪਾਰਟੀ ਦੇ ਤਰਜਮਾਨ 'ਦੇਲੋ ਨਰੋਦਾ' (ਲੋਕਾਂ ਦਾ ਕਾਜ਼) ਦੇ ਸੰਪਾਦਕਾਂ ਵਿੱਚੋਂ ਇੱਕ ਸੀ।

**ਜੋਰੇਸ** (Jaurés), **ਜਾਨ** (1859-1914) — ਫ਼ਰਾਂਸੀਸੀ ਅਤੇ ਕੌਮਾਂਤਰੀ ਸੋਸ਼ਲਿਸਟ ਲਹਿਰ ਦਾ ਉੱਘਾ ਅਧਿਕਾਰੀ, ਇਤਿਹਾਸਕਾਰ, 1885-1889, 1893-1898 ਅਤੇ 1902-1914 ਵਿੱਚ ਪਾਰਲੀਮੈਂਟ ਦਾ ਮੈਂਬਰ, ਸੋਸ਼ਲਿਸਟ ਪਾਰਲੀਮੈਂਟਰੀ ਗਰੁੱਪ ਦੇ ਆਗੂਆਂ ਵਿਚੋਂ ਇੱਕ। 1904 ਵਿੱਚ ਉਹਨੇ «L'Humanité» (ਮਨੁੱਖਤਾ) ਅਖ਼ਬਾਰ ਸਥਾਪਤ ਕੀਤਾ, ਜਿਸਦਾ ਉਹ ਆਪਣੀ ਮੌਤ ਤੱਕ ਸੰਪਾਦਕ ਰਿਹਾ। ਜੋਰੇਸ ਨੇ ਜਮਹੂਰੀਅਤ, ਲੋਕਾਂ ਦੀਆਂ ਅਜ਼ਾਦੀਆਂ ਅਤੇ ਅਮਨ ਦੇ ਕਾਜ਼ ਦੀ ਹਮਾਇਤ ਕੀਤੀ, ਉਹ ਸਾਮਰਾਜੀ ਜਬਰ ਅਤੇ ਡਕੈਤ ਯੁੱਧਾਂ ਵਿਰੁੱਧ ਲੜਿਆ। ਉਹਨੂੰ ਨਿਸ਼ਚਾ ਸੀ ਕਿ ਕੇਵਲ ਸੋਸ਼ਲਿਜ਼ਮ ਹੀ ਯੁੱਧਾਂ ਅਤੇ ਬਸਤੀਵਾਦੀ ਜਬਰ ਦਾ ਸਦਾ ਸਦਾ ਲਈ ਅੰਤ ਕਰ ਸਕਦਾ ਹੈ। ਪਰ ਜੋਰੇਸ ਦਾ ਨਿਸ਼ਚਾ ਸੀ ਕਿ ਸੋਸ਼ਲਿਜ਼ਮ ਪ੍ਰੋਲੇਤਾਰੀ ਦੇ ਜਮਾਤੀ ਘੋਲ਼ ਰਾਹੀਂ ਨਹੀਂ ਸਗੋਂ "ਜਮਹੂਰੀ ਵਿਚਾਰ ਪ੍ਰਫੁੱਲਤ" ਹੋਣ ਕਾਰਨ ਸਥਾਪਤ ਹੋਵੇਗਾ। ਲੈਨਿਨ ਨੇ ਜੋਰੇਸ ਦੇ ਸੁਧਾਰਵਾਦੀ ਵਿਚਾਰਾਂ ਦੀ, ਜਿਹੜੇ ਉਹਨੂੰ ਮੌਕਾਪ੍ਰਸਤੀ ਵੱਲ ਇਲਾਜ ਰਹੇ ਸਨ, ਕਰੜੀ ਪੜਚੋਲ ਕੀਤੀ।

ਅਮਨ ਲਈ ਅਤੇ ਮੰਡਲਾ ਰਹੇ ਯੁੱਧ ਵਿਰੁੱਧ ਜੋਰੇਸ ਦੇ ਘੋਲ਼ ਨੇ ਸਾਮਰਾਜੀ ਬੁਰਜੂਆਜ਼ੀ ਦਾ ਗੁੱਸਾ ਭੜਕਾਇਆ। ਪਹਿਲੇ ਸੰਸਾਰ ਯੁੱਧ ਤੋਂ ਐਨ ਪਹਿਲਾਂ ਪਿਛਾਂਹ-ਖਿੱਚੂਆਂ ਦੇ ਚਾਟੜੇ ਨੇ ਜੋਰੇਸ ਨੂੰ ਕਤਲ ਕਰ ਦਿੱਤਾ।

## ਡ

**ਡੂਹਰਿੰਗ** (Dühring), **ਯੂਜੀਨ** (1833-1921) — ਇੱਕ ਜਰਮਨ ਦਾਰਸ਼ਨਿਕ, ਅਰਥ-ਸ਼ਾਸਤਰੀ ਅਤੇ ਨਿੱਕ-ਬੁਰਜੂਆ ਵਿਚਾਰਧਾਰਕ।

**ਡੇਵਿਡ** (David), **ਐਡੂਆਰਡ** (1863-1930) — ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਦੇ ਸੱਜੇ ਪੱਖ ਦਾ ਇੱਕ ਆਗੂ ਅਤੇ ਸੋਧਵਾਦੀ, ਕਿੱਤੇ ਦੇ ਪੱਖੋਂ ਅਰਥ-ਸ਼ਾਸਤਰੀ। 1903 ਦੀ ਰਾਈਖ਼ਸਤਾਗ ਦਾ ਮੈਂਬਰ। ਪਹਿਲੇ ਸੰਸਾਰ ਯੁੱਧ ਸਮੇਂ — ਇੱਕ ਸਮਾਜੀ-ਸ਼ਾਵਨਵਾਦੀ।

## ਤ

**ਤਸੇਰੇਤੇਲੀ, ਇਰਾਕਲੀ ਗਿਓਰਗੀਏਵਿਚ** (1882-1959) — ਇੱਕ ਮੈਨਸ਼ਵਿਕ ਆਗੂ। ਪਹਿਲੇ ਸੰਸਾਰ ਯੁੱਧ ਸਮੇਂ — ਕੇਂਦਰਵਾਦੀ। ਫ਼ਰਵਰੀ 1917 ਦੇ ਬੁਰਜੂਆ-ਜਮਹੂਰੀ ਨਿਕਲਾਬ ਤੋਂ ਪਿੱਛੋਂ ਬੁਰਜੂਆ ਆਰਜ਼ੀ ਹਕੂਮਤ ਵਿੱਚ ਡਾਕ ਅਤੇ ਤਾਰ ਦਾ ਵਜ਼ੀਰ ਬਣਿਆ, ਫੇਰ

ਘਰੋਗੀ ਮਾਮਲਿਆਂ ਦਾ ਵਜ਼ੀਰ, ਬਾਲਸ਼ਵਿਕਾਂ ਵਿਰੁੱਧ ਮੁਹਿੰਮਾਂ ਦੇ ਜਥੇਬੰਦਕਾਂ ਵਿੱਚੋਂ ਇੱਕ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ ਉਹ ਜਾਰਜੀਆਂ ਵਿੱਚ ਉਲਟ-ਇਨਕਲਾਬੀ ਮੈਨਸ਼ਵਿਕ ਹਕੂਮਤ ਦਾ ਇੱਕ ਨੇਤਾ ਸੀ। ਜਾਰਜੀਆ ਵਿੱਚ ਸੋਵੀਅਤ ਸੱਤਾ ਦੀ ਜਿੱਤ ਤੋਂ ਪਿੱਛੋਂ ਚਿੱਟਾ ਪਰਵਾਸੀ ਬਣ ਗਿਆ।

**ਤਰੇਵੇਜ਼** (Treves), **ਕਲਾਡੀਓ** (1868-1933) — ਇਟਲੀ ਦੀ ਸੋਸ਼ਲਿਸਟ ਪਾਰਟੀ ਦਾ ਸੁਧਾਰਵਾਦੀ ਆਗੂ। ਪਹਿਲੇ ਸੰਸਾਰ ਯੁੱਧ ਸਮੇਂ — ਕੇਂਦਰਵਾਦੀ।

**ਤੂਗਾਨ-ਬਰਾਨੋਵਸਕੀ, ਮਿਖਈਲ ਈਵਾਨੋਵਿਚ** 1865-1919) — ਇੱਕ ਰੂਸੀ ਬੁਰਜੂਆ ਅਰਥ-ਸ਼ਾਸਤਰੀ। ਪਿਛਲੀ ਸਦੀ ਦੇ ਦਸਵੇਂ ਦਹਾਕੇ ਵਿੱਚ — "ਕਾਨੂੰਨੀ ਮਾਰਕਵਾਦ" ਦਾ ਇੱਕ ਉੱਘਾ ਪ੍ਰਤਿਨਿਧ। 1905-1907 ਦੇ ਇਨਕਲਾਬ ਸਮੇਂ ਕੈਡੇਟ ਪਾਰਟੀ ਦਾ ਮੈਂਬਰ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ — ਯੂਕਰੇਨ ਵਿੱਚ ਉੱਘਾ ਉਲਟ-ਇਨਕਲਾਬੀ।

**ਤੂਰਾਤੀ** (Turati), **ਫ਼ਿਲੀਪੋ** (1857-1932) — ਇਟਲੀ ਦੀ ਮਜ਼ਦੂਰ ਲਹਿਰ ਦੀ ਉੱਘੀ ਸ਼ਖ਼ਸੀਅਤ, ਇਟਲੀ ਦੀ ਸੋਸ਼ਲਿਸਟ ਪਾਰਟੀ ਜਥੇਬੰਦ ਕਰਨ ਵਾਲ਼ਿਆਂ ਵਿੱਚੋਂ ਇੱਕ (1892), ਇਸ ਪਾਰਟੀ ਦੇ ਸੱਜੇ-ਪੱਖੀ ਸੁਧਾਰਵਾਦੀ ਪੱਖ ਦਾ ਆਗੂ।

## ਨ

**ਨੈਪੋਲੀਅਨ** I, **ਬੋਨਾਪਾਰਟ** (1769-1821) — 1804 ਤੋਂ 1814 ਤੱਕ ਅਤੇ 1815 ਵਿੱਚ ਫ਼ਰਾਂਸੀਸੀ ਸ਼ਹਿਨਸ਼ਾਹ।

**ਨੈਪੋਲੀਅਨ** III, (**ਬੋਨਾਪਾਰਟ, ਲੂਈ; ਲੂਈ ਨੈਪੋਲੀਅਨ**) (1808-1873) — 1852 ਤੋਂ 1870 ਤੱਕ ਫ਼ਰਾਂਸੀਸੀ ਸ਼ਹਿਨਸ਼ਾਹ, ਨੈਪੋਲੀਅਨ I ਦਾ ਭਤੀਜਾ।

## ਪ

**ਪਰੂਦੋਂ** (Prudhon), **ਪੀਯੇਰ ਜੋਜ਼ਫ** (1809-1865) — ਫ਼ਰਾਂਸੀਸੀ ਪ੍ਰਚਾਰਕ, ਅਰਥ-ਸ਼ਾਸਤਰੀ, ਸਮਾਜ-ਵਿਗਿਆਨੀ, ਨਿੱਕੀ ਬੁਰਜੂਆਜ਼ੀ ਦਾ ਇੱਕ ਵਿਚਾਰਧਾਰਕ ਅਤੇ ਅਰਾਜਕਤਾਵਾਦ ਦੇ ਮੋਢੀਆਂ ਵਿੱਚੋਂ ਇੱਕ।

**ਪਲੈਖਾਨੋਵ, ਗਿਓਰਗੀ ਵਾਲੈਨਤੀਨੋਵਿਚ** (1856-1918) — ਰੂਸੀ ਅਤੇ ਕੌਮਾਂਤਰੀ ਮਜ਼ਦੂਰ-ਲਹਿਰ ਦਾ ਇੱਕ ਉੱਘਾ ਅਧਿਕਾਰੀ, ਰੂਸ ਵਿੱਚ ਮਾਰਕਸਵਾਦ ਦਾ ਪਹਿਲਾ ਪ੍ਰਚਾਰਕ। 1883 ਵਿੱਚ ਉਹਨੇ ਜਨੇਵਾ ਵਿਖੇ ਪਹਿਲੀ ਰੂਸੀ ਮਾਰਕਵਾਦੀ ਜਥੇਬੰਦੀ — 'ਕਿਰਤ ਦੀ ਮੁਕਤੀ ਟੋਲੀ' — ਸਥਾਪਤ ਕੀਤੀ। ਪਲੈਖਾਨੋਵ ਕੌਮਾਂਤਰੀ ਮਜ਼ਦੂਰ-ਲਹਿਰ ਵਿੱਚ ਨਰੋਦਵਾਦ ਅਤੇ ਸੋਧਵਾਦ ਵਿਰੁੱਧ ਲੜਿਆ। ਪਿਛਲੀ ਸਦੀ ਦੇ ਅੰਤ ਅਤੇ ਇਸ ਸਦੀ ਦੇ ਸ਼ੁਰੂ ਵਿੱਚ ਉਹ 'ਇਕਸਰਾ' ਅਖ਼ਬਾਰ ਅਤੇ 'ਜ਼ਾਰੀਆ' ਰਸਾਲੇ ਦੇ ਸੰਪਾਦਕੀ ਮੰਡਲ ਮੈਂਬਰ ਸੀ।

1883 ਅਤੇ 1903 ਦੇ ਵਿਚਕਾਰ ਪਲੈਖਾਨੋਵ ਨੇ ਕਈ ਕਿਰਤਾਂ ਲਿਖੀਆਂ ਜਿਨ੍ਹਾਂ ਨੇ ਪਦਾਰਥਾਵਦੀ ਸੰਸਾਰ ਨਜ਼ਰੀਏ ਦੀ ਹਮਾਇਤ ਕਰਨ ਅਤੇ ਇਹਨੂੰ ਹਰਮਨ ਪਿਆਰਾ

ਬਣਾਉਣ ਵਿੱਚ ਵੱਡਾ ਰੋਲ ਅਦਾ ਕੀਤਾ। ਪਰ ਉਸ ਸਮੇਂ ਵਿੱਚ ਵੀ ਉਹਨੇ ਕਈ ਗ਼ਲਤੀਆਂ ਕੀਤੀਆਂ ਜਿਹੜੀਆਂ ਉਹਦੇ ਭਵਿੱਖ ਦੇ ਮੈਨਸ਼ਵਿਕ ਵਿਚਾਰਾਂ ਦਾ ਬੀਜ ਸਨ। ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਤੋਂ ਪਿੱਛੋਂ ਉਹਨੇ ਮੌਕਾਪ੍ਰਸਤੀ ਵੱਲ ਮਨੇਵੇਂ ਦਾ ਵਤੀਰਾ ਅਖ਼ਤਿਆਰ ਕੀਤਾ ਅਤੇ ਪਿੱਛੋਂ ਜਾ ਕੇ ਮੈਨਸ਼ਵਿਕਾਂ ਨਾਲ਼ ਰਲ਼ ਗਿਆ। 1905-1907 ਦੇ ਪਹਿਲੇ ਰੂਸੀ ਇਨਕਲਾਬ ਸਮੇਂ ਉਹ ਸਭਨਾਂ ਬੁਨਿਆਦੀ ਮਸਲਿਆਂ ਸਬੰਧੀ ਮੈਨਸ਼ਵਿਕ ਵਿਚਾਰਾਂ 'ਤੇ ਖੜਾ ਸੀ। ਪਹਿਲੇ ਸੰਸਾਰ ਯੁੱਧ ਸਮੇਂ ਉਹ ਸਮਾਜੀ-ਸ਼ਾਵਨਵਾਦ ਦੇ ਨਜ਼ਰੀਏ ਵੱਲ ਚਲਾ ਗਿਆ। 1917 ਵਿੱਚ ਫਰਵਰੀ ਦੇ ਬੁਰਜੂਆ-ਜਮਹੂਰੀ ਇਨਕਲਾਬ ਤੋਂ ਪਿੱਛੋਂ ਰੂਸ ਪਰਤਣ 'ਤੇ ਉਹਨੇ ਮੈਨਸ਼ਵਿਕ-ਰੱਖਿਆਵਾਦੀ ਟੋਲੀ "ਏਕੇ" ਦੀ ਅਗਵਾਈ ਕੀਤੀ, ਬਾਲਸ਼ਵਿਕਾਂ ਅਤੇ ਸੋਸ਼ਲਿਸਟ-ਇਨਕਲਾਬ ਦਾ ਇਸ ਨਿਸ਼ਚੇ ਨਾਲ਼ ਵਿਰੋਧ ਕੀਤਾ ਕਿ ਰੂਸ ਸੋਸ਼ਲਿਜ਼ਮ ਵੱਲ ਤਬਦੀਲੀ ਲਈ ਤਿਆਰ ਨਹੀਂ। ਉਹਦਾ ਅਕਤੂਬਰ ਸੋਸ਼ਲਿਸਟ ਇਨਕਲਾਬ ਵੱਲ ਵਤੀਰਾ ਨਾਂਹ-ਪੱਖੀ ਸੀ ਪਰ ਉਹਨੇ ਸੋਵੀਅਤ ਸੱਤਾ ਵਿਰੁੱਧ ਘੋਲ਼ ਵਿੱਚ ਹਿੱਸਾ ਨਾ ਲਿਆ।

**ਪਾਨੇਕੋਇਕ** (Panneckoek), **ਅਨਥੋਨੀ** (1873-1960) — ਇੱਕ ਡਚ ਸੋਸ਼ਲ-ਡੈਮੋਕਰੈਟ। 1910 ਤੋਂ ਉਹਦਾ ਜਰਮਨ ਖੱਬੇ-ਪੱਖੀ ਸੋਸ਼ਲ-ਡੈਮੋਕਰੈਟਾਂ ਨਾਲ਼ ਨੇੜਵਾਂ ਸਬੰਧ ਸੀ ਅਤੇ ਉਹਨੇ ਉਹਨਾਂ ਦੇ ਅਖ਼ਬਾਰਾਂ ਅਤੇ ਰਸਾਲਿਆਂ ਲਈ ਸਰਗਰਮੀ ਨਾਲ਼ ਲੇਖ ਲਿਖੇ। ਪਹਿਲੇ ਸੰਸਾਰ ਯੁੱਧ ਸਮੇਂ ਉਹ ਕੌਮਾਂਤਰੀਵਾਦੀ ਸੀ, ਉਹਨੇ ਜ਼ਿਮਰਵਾਲਡ ਦੇ ਖੱਬੂਆਂ ਦੇ ਸਿਧਾਂਤਕ ਤਰਜਮਾਨ — «Vorbote» (ਅਗਵਾਣੂ) ਰਸਾਲੇ ਦੇ ਪ੍ਰਕਾਸ਼ਨ ਵਿੱਚ ਹਿੱਸਾ ਲਿਆ। 1918-21 ਵਿੱਚ ਉਹ ਹਾਲੈਂਡ ਦੀ ਕਮਿਊਨਿਸਟ ਪਾਰਟੀ ਦਾ ਮੈਂਬਰ ਸੀ ਅਤੇ ਕੁਮਿਨਟਰਨ ਦੇ ਕੰਮ ਵਿੱਚ ਹਿੱਸਾ ਲਿਆ। ਉਹ ਪਰਾ-ਖੱਬੂ, ਸੰਕੀਰਣ ਵਿਚਾਰਾਂ ਵਾਲ਼ਾ ਸੀ।

**ਪਾਲਚਿੰਸਕੀ, ਪਿਓਤਰ ਇਆਕੀਮੋਵਿਚ** (1875-1929) — ਇੱਕ ਇੰਜੀਨੀਅਰ ਜਿਸਨੇ 'ਪ੍ਰੋਦੂਗੋਲ' ਸੰਘ ਜਥੇਬੰਦੀ ਕੀਤਾ। ਉਹਦਾ ਬੈਂਕਾਂ ਦੇ ਹਲਕਿਆਂ ਨਾਲ਼ ਨੇੜਵਾਂ ਸਬੰਧ ਸੀ। 1917 ਦੇ ਫ਼ਰਵਰੀ ਦੇ ਬੁਰਜੂਆ-ਜਮਹੂਰੀ ਇਨਕਲਾਬ ਤੋਂ ਪਿੱਛੋਂ ਉਹ ਬੁਰਜੂਆ ਆਰਜ਼ੀ ਹਕੂਮਤ ਵਿੱਚ ਵਪਾਰ ਅਤੇ ਸਨਅਤ ਦਾ ਨਾਇਬ-ਵਜ਼ੀਰ ਬਣ ਗਿਆ। ਉਹਨੇ ਸਨਅਤਕਾਰਾਂ ਵੱਲੋਂ ਸਾਬੋਤਾਜ ਜਥੇਬੰਦ ਕੀਤਾ ਅਤੇ ਜਮਹੂਰੀ ਜਥੇਬੰਦੀਆਂ ਦਾ ਵਿਰੋਧ ਕੀਤਾ।

**ਪੋਤਰੇਸੋਵ, ਅਲੈਕਸਾਂਦਰ ਨਿਕੋਲਾਏਵਿਚ** (1869-1934) — ਇੱਕ ਮੈਨਸ਼ਵਿਕ ਆਗੂ, ਪਹਿਲੇ ਸੰਸਾਰ ਯੁੱਧ ਸਮੇਂ — ਇੱਕ ਸਮਾਜੀ-ਸ਼ਾਵਨਵਾਦੀ, ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ ਉਹ ਦੇਸ਼ ਛੱਡ ਕੇ ਚਲਾ ਗਿਆ।

**ਪੋਮਯਾਲੋਵਕੀ, ਨਿਕੋਲਾਈ ਗਿਰਾਸੀਮੋਵਿਚ** (1835-1863) — ਇੱਕ ਰੂਸੀ ਜਮਹੂਰੀ ਲੇਖਕ। ਆਪਣੀਆਂ ਲਿਖਤਾਂ ਵਿੱਚ ਉਹਨੇ ਰੂਸੀ ਇੱਕ-ਪੁਰਖੀ-ਨੌਕਰਸ਼ਾਹੀ ਪ੍ਰਣਾਲੀ, ਹਿੰਸਾ ਅਤੇ ਆਪਹੁਦਰਾਸ਼ਾਹੀ ਦਾ ਵਿਰੋਧ ਕੀਤਾ।

## ਬ

**ਬਰਾਕੇ** (Bracke), **ਵਿਲਹਲਮ** (1842–1880) — ਇੱਕ ਜਰਮਨ ਸੋਸ਼ਲਿਸਟ, ਪ੍ਰਕਾਸ਼ਕ ਅਤੇ ਪੁਸਤਕਾਂ ਵੇਚਣ ਵਾਲ਼ਾ। ਆਈਸਨਆਖ਼ ਪਾਰਟੀ (1869) ਦਾ ਇੱਕ ਮੋਢੀ ਅਤੇ ਆਗੂ।

**ਬਰਾਂਟਿੰਗ** (Branting), **ਕਾਰਲ ਹਯਾਲਮਰ** (1860–1925) — ਸਵੀਡਨ ਦੀ ਸੋਸ਼ਲ-ਡੈਮੋਕਰੈਟਿਕ ਪਾਰਟੀ ਅਤੇ ਦੂਜੀ ਇੰਟਰਨੈਸ਼ਨਲ ਦਾ ਇੱਕ ਆਗੂ, ਮੌਕਾਪ੍ਰਸਤ ਨਜ਼ਰੀਆ ਅਪਣਾਇਆ। ਪਹਿਲੇ ਸੰਸਾਰ ਯੁੱਧ ਸਮੇਂ — ਇੱਕ ਸਮਾਜੀ-ਸ਼ਾਵਨਵਾਦੀ। 1917 ਵਿੱਚ ਉਹ ਈਡਨ ਦੀ ਉਦਾਰਪੰਥੀ-ਸੋਸ਼ਲਿਸਟ ਹਕੂਮਤ (ਕੁਲੀਸ਼ਨ ਹਕੂਮਤ) ਵਿੱਚ ਸ਼ਾਮਲ ਹੋ ਗਿਆ।

**ਬਰਨਸਟਾਈਨ** (Bernstein), **ਐਡੂਅਰਡ** (1850–1932) — ਜਰਮਨ ਸੋਸ਼ਲ-ਡੈਮੋਕਰੇਸੀ ਅਤੇ ਦੂਜੀ ਇੰਟਰਨੈਸ਼ਨਲ ਵਿੱਚ ਅਤਿ ਦੇ ਮੌਕਾਪ੍ਰਸਤ ਪੱਖ ਦਾ ਆਗੂ, ਸੋਧਵਾਦ ਅਤੇ ਸੁਧਾਰਵਾਦ ਦਾ ਸਿਧਾਂਤਕਾਰ। ਉਹਨੇ ਅੱਠਵੇਂ ਦਹਾਕੇ ਦੇ ਮੱਧ ਤੋਂ ਸੋਸ਼ਲ-ਡੈਮੋਕਰੈਟਿਕ ਲਹਿਰ ਵਿੱਚ ਹਿੱਸਾ ਲਿਆ। 1881 ਤੋਂ 1889 ਤੱਕ ਉਹ «Der Sozialdemokrat» (ਸੋਸ਼ਲ-ਡੈਮੋਕਰੈਟ), ਜਰਮਨੀ ਦੀ ਸੋਸ਼ਲਿਸਟ ਪਾਰਟੀ ਦੇ ਕੇਂਦਰੀ ਤਰਜਮਾਨ ਦਾ ਸੰਪਾਦਕ ਸੀ। 1896 ਅਤੇ 1898 ਦੇ ਵਿਚਕਾਰ ਉਹਨੇ «Die Neue Zeit» (ਨਵਾਂ ਯੁੱਗ) ਵਿੱਚ 'ਸੋਸ਼ਲਿਜ਼ਮ ਦੇ ਮਸਲੇ' ਦੇ ਸਿਰਲੇਖ ਹੇਠ ਇੱਕ ਲੇਖ ਲੜੀ ਲਿਖੀ। ਇਹਨਾਂ ਲੇਖਾਂ ਵਿੱਚ, ਜਿਹੜੇ ਪਿੱਛੋਂ 'ਸੋਸ਼ਲਿਜ਼ਮ ਦੇ ਪੂਰਵ-ਅਧਾਰ ਅਤੇ ਸੋਸ਼ਲ-ਡੈਮੋਕਰੇਸੀ ਦੇ ਕਰਤੱਵ' ਨਾਂ ਦੀ ਕਿਤਾਬ ਦੇ ਰੂਪ ਵਿੱਚ ਛਪੇ, ਉਹਨੇ ਖੁੱਲ੍ਹਮ-ਖੁੱਲ੍ਹਾ ਇਨਕਲਾਬੀ ਮਾਰਕਸਵਾਦ ਦੇ ਦਾਰਸ਼ਨਿਕ, ਆਰਥਕ ਅਤੇ ਰਾਜਸੀ ਨਿਯਮਾਂ ਵਿੱਚ ਸੋਧਾਂ ਕੀਤੀਆਂ। ਬਰਨਸਟਾਈਨ ਨੇ ਕਿਹਾ ਕਿ ਮਜ਼ਦੂਰ-ਜਮਾਤ ਲਹਿਰ ਦਾ ਮੁੱਖ ਕੰਮ ਸਰਮਾਏਦਾਰੀ ਅਧੀਨ ਆਪਣੀ ਆਰਥਕ ਹਾਲਤ ਸੁਧਾਰਨ ਦੇ ਮੰਤਵ ਨਾਲ਼ ਘੋਲ਼ ਕਰਨਾ ਹੈ। ਉਸ ਇੱਕ ਮੌਕਾਪ੍ਰਸਤ ਗੁਰ ਪੇਸ਼ ਕੀਤਾ : "ਲਹਿਰ ਸਭ ਕੁੱਝ ਹੈ, ਅੰਤਲਾ ਆਸ਼ਾ — ਕੁੱਝ ਵੀ ਨਹੀਂ।" ਸੰਸਾਰ ਸਾਮਰਾਜੀ ਯੁੱਧ ਸਮੇਂ ਉਹਨੇ ਕੇਂਦਰਵਾਦੀ ਦ੍ਰਿਸ਼ਟੀਕੋਣ ਆਪਣਾਇਆ ਅਤੇ ਕੌਮਾਂਤਰੀਵਾਦ ਸਬੰਧੀ ਫ਼ਿਕਰਿਆਂ ਰਾਹੀਂ ਸਮਾਜੀ-ਸ਼ਾਵਨਵਾਦ 'ਤੇ ਪਰਦਾ ਪਾਇਆ।

**ਬਾਕੂਨਿਨ, ਮਿਖਾਈਲ ਅਲੈਕਸਾਂਦਰੋਵਿਚ** (1814–1876) — ਨਰੋਦਵਾਦ ਅਤੇ ਅਰਾਜਕਤਾਵਾਦ ਦੇ ਵਿਚਾਰਧਾਰਕਾਂ ਵਿੱਚੋਂ ਇੱਕ। 1840 ਵਿੱਚ ਰੂਸ ਤੋਂ ਪਰਵਾਸ ਕਰਕੇ ਚਲਾ ਗਿਆ ਅਤੇ ਜਰਮਨੀ ਵਿੱਚ 1848-49 ਦੇ ਇਨਕਲਾਬ ਵਿੱਚ ਹਿੱਸਾ ਲਿਆ। ਪਹਿਲੀ ਇੰਟਰਨੈਸ਼ਨਲ ਵਿੱਚ, ਜਿਸਦਾ ਉਹ ਮੈਂਬਰ ਸੀ, ਉਹਨੇ ਮਾਰਕਸਵਾਦ ਦੇ ਵੈਰੀ ਦਾ ਕੰਮ ਕੀਤਾ। ਬਾਕੂਨਿਨ ਪ੍ਰੋਲੇਤਾਰੀ ਦੀ ਤਾਨਾਸ਼ਾਹੀ ਸਮੇਤ ਹਰ ਤਰ੍ਹਾਂ ਦੇ ਰਾਜ ਨੂੰ ਰੱਦ ਕਰਦਾ ਸੀ, ਉਹ ਪ੍ਰੋਲੇਤਾਰੀ ਦੇ ਸੰਸਾਰ-ਇਤਿਹਾਸਕ ਰੋਲ ਨੂੰ ਨਾ ਸਮਝ ਸਕਿਆ ਅਤੇ ਖੁੱਲ੍ਹਮ-ਖੁੱਲ੍ਹਾ ਮਜ਼ਦੂਰ-ਜਮਾਤ ਦੀ ਸੁਤੰਤਰ ਪਾਰਟੀ ਦੀ ਸਥਾਪਤੀ ਦਾ ਵਿਰੋਧ ਕੀਤਾ ਅਤੇ ਇਸ ਸਿਧਾਂਤ ਦੀ ਹਮਾਇਤ ਕੀਤੀ ਕਿ ਮਜ਼ਦੂਰ-ਜਮਾਤ ਰਾਜਸੀ ਸਰਗਰਮੀ ਤੋਂ ਪਰ੍ਹਾਂ ਰਹੇ।

**ਬਿਸਮਾਰਕਸ** (Bismarck), **ਓਟੋ ਐਡੂਅਰਡ ਲਿਓਪੋਲਡ** (1815–1898) — ਪਰੂਸ਼ੀਆ ਅਤੇ ਜਰਮਨੀ ਦਾ ਇੱਕ ਰਾਜਨੇਤਾ ਅਤੇ ਡਿਪਲੋਮੈਟ। ਉਹਦਾ ਮੁੱਖ ਮੰਤਵ ਛੋਟੇ ਕੱਟੇ ਵੱਢੇ ਜਰਮਨ ਰਾਜ ਨੂੰ ਤਾਕਤ ਦੇ ਜ਼ੋਰ ਨਾਲ਼ ਇੱਕ-ਮੁਠ ਕਰਨਾ ਅਤੇ ਜੁੰਕਰ ਪਰੂਸ਼ੀਆ ਦੀ ਸਰਦਾਰੀ ਹੇਠ ਇੱਕ-ਮੁਠ ਜਰਮਨ ਸਲਤਨਤ ਕਾਇਮ ਕਰਨਾ ਸੀ। ਜਨਵਰੀ 1871 ਵਿੱਚ ਬਿਸਮਾਰਕ ਜਰਮਨ ਸਲਤਨਤ ਦਾ ਰਾਈਖ਼-ਚਾਂਸਲਰ ਬਣਿਆ ਅਤੇ ਭੋਂ ਮਾਲਕ-ਜੁੰਕਰਾਂ ਦੇ ਹਿੱਤਾਂ ਵਿੱਚ ਇਹਦੀ ਘਰੇਗੀ ਅਤੇ ਵਿਦੇਸ਼ ਨੀਤੀ ਚਲਾਈ, ਇਹਦੇ ਨਾਲ਼ ਹੀ ਨਾਲ਼ ਉਹਨੇ ਜੁੰਕਰਾਂ ਅਤੇ ਵੱਡੀ ਬੁਰਜੂਆਜ਼ੀ ਵਿਚਾਕਰ ਏਕਾ ਸਥਾਪਤ ਕਰਨਾ ਦਾ ਯਤਨ ਕੀਤਾ। 1878 ਵਿੱਚ ਉਹਦੇ ਜ਼ੋਰ ਦੇਣ ’ਤੇ ਪ੍ਰਵਾਨ ਕੀਤੇ ਸੋਸ਼ਲਿਸਟ-ਵਿਰੋਧੀ ਕਾਨੂੰਨ ਰਾਹੀਂ ਮਜ਼ਦੂਰ-ਜਮਾਤ ਲਹਿਰ ਦਾ ਗਲ਼ਾ ਘੁੱਟਣ ਵਿੱਚ ਅਸਫ਼ਲ ਰਹਿ ਕੇ ਉਹਨੇ ਸਮਾਜੀ ਕਾਨੂੰਨਾਂ ਦਾ ਇੱਕ ਚਾਲਬਾਜ਼ ਪ੍ਰੋਗਰਾਮ ਪੇਸ਼ ਕੀਤਾ ਅਤੇ ਮਜ਼ਦੂਰਾਂ ਦੀਆਂ ਕੁੱਝ ਕਿਸਮਾਂ ਲਈ ਲਾਜ਼ਮੀ ਬੀਮੇ ਸਬੰਧੀ ਕਾਨੂੰਨ ਪੇਸ਼ ਕੀਤਾ। ਪਰ ਨਿੱਕੀਆਂ-ਮੋਟੀਆਂ ਖੈਰਾਇਤਾਂ ਦੇ ਕੇ ਮਜ਼ਦੂਰ-ਜਮਾਤੀ ਲਹਿਰ ਦੀਆਂ ਜੜ੍ਹਾਂ ਖੋਰਨ ਦੇ ਉਹਦੇ ਯਤਨ ਅਸਫ਼ਲ ਰਹੇ ਅਤੇ ਉਹਨੇ 1890 ਵਿੱਚ ਅਸਤੀਫ਼ਾ ਦੇ ਦਿੱਤਾ।

**ਬਿਸੋਲਾਤੀ** (Bissolati), **ਲਿਓਨੀਦਾ** (1857–1920) — ਇਟਲੀ ਦੀ ਸੋਸ਼ਲਿਸਟ ਪਾਰਟੀ ਦੇ ਮੋਢੀਆਂ ਵਿੱਚੋਂ ਇੱਕ ਅਤੇ ਇਹਦੇ ਅਤਿ ਸੱਜੇ ਸੁਧਾਰਵਾਦੀ ਪੱਖ ਦਾ ਆਗੂ। 1912 ਵਿੱਚ ਉਹਨੂੰ ਇਟਲੀ ਦੀ ਸੋਸ਼ਲਿਸਟ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ ਅਤੇ ਉਹਨੇ ‘ਸੋਸ਼ਲ-ਸੁਧਾਰਵਾਦੀ ਪਾਰਟੀ’ ਬਣਾਈ। ਪਹਿਲੇ ਸੰਸਾਰ ਯੁੱਧ ਸਮੇਂ ਉਹ ਸਮਾਜੀ-ਸ਼ਾਵਨਵਾਦੀ ਸੀ ਅਤੇ ਉਹਨੇ ਅਨਤੇਂਤੇ ਦੇ ਹੱਕ ਵਿੱਚ ਇਟਲੀ ਦੇ ਜੰਗ ਵਿੱਚ ਸ਼ਾਮਲ ਹੋਣ ਦੀ ਹਮਾਇਤ ਕੀਤੀ। 1916 ਅਤੇ 1918 ਵਿਚਕਾਰ ਉਹ ਬੇਮਹਿਕਮਾ ਵਜ਼ੀਰ ਸੀ।

**ਬੇਬਲ** (Bebel), **ਆਗਸਟ** (1840–1913) — ਜਰਮਨ ਸੋਸ਼ਲ-ਡੈਮੋਕਰੇਸੀ ਅਤੇ ਕੌਮਾਂਤਰੀ ਮਜ਼ਦੂਰ-ਜਮਾਤ ਲਹਿਰ ਦੇ ਸਭ ਤੋਂ ਉੱਘੇ ਨੇਤਾਵਾਂ ਵਿੱਚੋਂ ਇੱਕ।

**ਬ੍ਰੇਸ਼ਕੋ-ਬ੍ਰੇਸ਼ਕੋਵਸਕਾਯਾ, ਏਕਾਤੇਰੀਨਾ ਕਨਸਤਨਤੀਨੋਵਨਾ** (1844–1934) — ਸੋਸ਼ਲਿਸਟ-ਇਨਕਲਾਬੀ ਪਾਰਟੀ ਦੇ ਜਥੇਬੰਦਕਾਂ ਅਤੇ ਆਗੂਆਂ ਵਿੱਚੋਂ ਇੱਕ, ਉਹ ਇਹਦੇ ਅਤਿ ਸੱਜੇ ਪੱਖ ਵਿੱਚ ਸ਼ਾਮਲ ਸੀ। 1917 ਦੇ ਬੁਰਜੂਆ-ਜਮਹੂਰੀ ਇਨਕਲਾਬ ਤੋਂ ਪਿੱਛੋਂ ਉਹਨੇ ਸਰਗਰਮੀ ਨਾਲ਼ ਆਰਜ਼ੀ ਹਕੂਮਤ ਦੀ ਹਮਾਇਤ ਕੀਤੀ। ਉਹ ਸਾਮਰਾਜੀ ਯੁੱਧ ਨੂੰ “ਇਹਦੇ ਜੇਤੂ ਅੰਤ” ਤੱਕ ਚਲਾਉਣ ਦੇ ਹੱਕ ਵਿੱਚ ਸੀ।

**ਬੋਨਾਪਾਰਟ, ਲੂਈ** — ਵੇਖੋ ਨੈਪੋਲੀਅਨ III

## ਮ

**ਮਾਂਟੈਸਕਿਊ** (Montesquieu), **ਚਾਰਲਸ ਲੂਈ** (1689–1755) — ਇੱਕ ਉੱਘਾ ਫ਼ਰਾਂਸੀਸੀ ਬੁਰਜੂਆ ਸਮਾਜ-ਵਿਗਿਆਨੀ, ਅਰਥ-ਸ਼ਾਸਤਰੀ ਅਤੇ ਲੇਖਕ, ਬੁਰਜੂਆ ਪ੍ਰਬੋਧਨ ਦਾ ਇੱਕ ਪ੍ਰਤਿਨਿਧ ਅਤੇ ਵਿਧਾਨਕ ਬਾਦਸ਼ਾਹੀ ਦਾ ਇੱਕ ਵਿਚਾਰਧਾਰਕ।

**ਮਾਰਕ** (Marx), **ਕਾਰਲ** (1818–1883)

**ਮਿਖਾਈਲੋਵਸਕੀ, ਨਿਕੋਲਾਈ ਕਨਸਤਨਤੀਨੋਵਿਚ** (1842–1904) — ਉਦਾਰਪੰਥੀ ਨਰੋਦਵਾਦ ਦਾ ਉੱਘਾ ਸਿਧਾਂਤਕਾਰ, ਪ੍ਰਚਾਰਕ, ਸਾਹਿਤਕ ਪੜਚੋਲੀਆ, ਹਾਂਵਾਦੀ ਦਾਰਸ਼ਨਿਕ ਅਤੇ ਸਮਾਜ-ਵਿਗਿਆਨ ਵਿੱਚ ਅੰਤਰਮੁਖਤਾਵਾਦੀ ਪਰਪਾਟੀ ਦਾ ਪ੍ਰਤਿਨਿਧ। 1892 ਵਿੱਚ ਉਹਨੇ ਉੱਕਾ ਹੀ ਮਾਰਕਸਵਾਦ-ਵਿਰੋਧੀ ਰਸਾਲੇ 'ਰੂਸਕੋਏ ਬੋਗਾਤਸਤਵੋ' (ਰੂਸੀ ਦੌਲਤ) ਦਾ ਚਾਰਜ ਸੰਭਾਲਿਆ, ਜਿਸ ਦੇ ਪੰਨਿਆਂ ਉੱਤੇ ਮਾਰਕਸਵਾਦੀਆਂ ਵਿਰੁੱਧ ਜ਼ੋਰਦਾਰ ਘੋਲ਼ ਚਲਾਇਆ ਗਿਆ।

**ਮਿਲੇਰਾਂਦ** (Millerand), **ਅਲੈਕਸਾਂਦਰ ਅਤੀਨ** (1859–1943) — ਇੱਕ ਫ਼ਰਾਂਸੀਸੀ ਰਾਜ-ਨੇਤਾ। ਪਿਛਲੀ ਸਦੀ ਦੇ ਦਸਵੇਂ ਦਹਾਕੇ ਵਿੱਚ ਉਹਨੇ ਸੋਸ਼ਲਿਸਟਾਂ ਦਾ ਸਾਥ ਦਿੱਤਾ ਅਤੇ ਫ਼ਰਾਂਸੀਸੀ ਸੋਸ਼ਲਿਸਟ ਲਹਿਰ ਵਿੱਚ ਮੌਕਾਪ੍ਰਸਤ ਮੁਹਾਣ ਦੀ ਅਗਵਾਈ ਕੀਤੀ। 1899 ਵਿੱਚ ਉਹ ਵਾਲਡੇਕ-ਰੂਸੋ ਦੀ ਪਿੱਛਾਂਹ-ਖਿੱਚੂ ਬੁਰਜੂਆ ਹਕੂਮਤ ਵਿੱਚ ਸ਼ਾਮਲ ਹੋ ਗਿਆ ਅਤੇ ਪੈਰਿਸ ਕਮਿਊਨ ਦੇ ਕਾਤਲ ਜਰਨੈਲ ਗਾਲੀਫ਼ੇਤ ਨਾਲ਼ ਮਿਲਵਰਤਨ ਕੀਤਾ।

1904 ਵਿੱਚ ਸੋਸ਼ਲਿਸਟ ਪਾਰਟੀ ਵਿੱਚੋਂ ਕੱਢ ਦਿੱਤੇ ਜਾਣ ਪਿੱਛੋਂ ਮਿਲੇਰਾਂਦ ਨੇ ਹੋਰਨਾਂ ਸਾਬਕਾ ਸੋਸ਼ਲਿਸਟਾਂ (ਬਰੀਆਨ, ਵਿਵਿਆਨੀ) ਨਾਲ਼ ਰਲ ਕੇ 'ਸੁਤੰਤਰ ਸੋਸ਼ਲਿਸਟਾਂ' ਦੀ ਟੋਲੀ ਬਣਾਈ। 1909–10, 1912–13 ਅਤੇ 1914–15 ਵਿੱਚ ਉਹ ਵੱਖ ਵੱਖ ਵਜ਼ਾਰਤੀ ਪਦਵੀਆਂ ਉੱਤੇ ਰਿਹਾ, 1920–24 ਵਿੱਚ ਉਹ ਫ਼ਰਾਂਸੀਸੀ ਗਣਰਾਜ ਦਾ ਪ੍ਰਧਾਨ ਸੀ।

**ਮੇਹਰਿੰਗ**(Mehring), **ਫਰਾਂਜ਼** (1846–1919) — ਜਰਮਨੀ ਵਿੱਚ ਮਜ਼ਦੂਰ ਲਹਿਰ ਦਾ ਇੱਕ ਉੱਘਾ ਅਧਿਕਾਰੀ, ਜਰਮਨ ਸੋਸ਼ਲ-ਡੈਮੋਕਰੇਸੀ ਦੇ ਖੱਬੇ ਪੱਖ ਦਾ ਇੱਕ ਆਗੂ ਅਤੇ ਸਿਧਾਂਤਕਾਰ। ਉਹ ਪਾਰਟੀ ਦੇ ਸਿਧਾਂਤਕਾਰ ਤਰਜਮਾਨ «Die Neue Zeit» ਦਾ ਸੰਪਾਦਕ ਸੀ। ਉਸਨੇ ਜਰਮਨੀ ਦੀ ਕਮਿਊਨਿਸਟ ਪਾਰਟੀ ਦੀ ਸਿਰਜਣਾ ਵਿੱਚ ਉੱਘਾ ਰੋਲ ਅਦਾ ਕੀਤਾ।

**ਰਾਡੇਕ, ਕਾਰਲ ਬਰਨਗਾਰਦੋਵਿਚ** (1885–1939) — ਪਿਛਲੀ ਸਦੀ ਦੇ ਅੰਤ ਅਤੇ ਇਸ ਸਦੀ ਦੇ ਸ਼ੁਰੂ ਵਿੱਚ ਗੈਲੀਸ਼ੀਆ, ਪੋਲੈਂਡ ਅਤੇ ਜਰਮਨੀ ਦੀ ਸੋਸ਼ਲ-ਡੈਮੋਕਰੈਟਿਕ ਲਹਿਰ ਵਿੱਚ ਹਿੱਸਾ ਲਿਆ। ਉਹਨੇ ਜਰਮਨ ਖੱਬ-ਪੱਖੀ ਸੋਸ਼ਲ-ਡੈਮੋਕਰੈਟਾਂ ਦੀਆਂ ਪ੍ਰਕਾਸਨਾਵਾਂ ਵਿੱਚ ਹਿੱਸਾ ਲਿਆ। ਪਹਿਲੇ ਸੰਸਾਰ ਯੁੱਧ ਸਮੇਂ ਉਹਨੇ ਕੌਮਾਂਤਰੀਵਾਦੀ ਨਜ਼ਰੀਆ ਅਪਣਾਇਆ, ਪਰ ਉਹ ਕੇਂਦਰਵਾਦ ਵੱਲ ਡੋਲਦਾ ਰਿਹਾ। ਉਹਨੇ ਕੌਮਾਂ ਦੇ ਆਤਮ-ਨਿਰਣੇ ਦੇ ਸਵਾਲ ਉੱਤੇ ਗ਼ਲਤ ਨਜ਼ਰੀਆ ਅਪਣਾਇਆ।

**ਰੁਬਾਨੋਵਿਚ, ਇਲੀਆ ਅਡੋਲਫ਼ੋਵਿਚ** (1860–1920) — ਸੋਸ਼ਲਿਸਟ-ਇਨਕਲਾਬੀਆਂ ਦਾ ਇੱਕ ਆਗੂ, ਕੌਮਾਂਤਰੀ ਸੋਸ਼ਲਿਸਟ ਬਿਊਰੋ ਦਾ ਮੈਂਬਰ। ਪਹਿਲੇ ਸੰਸਾਰ ਯੁੱਧ ਸਮੇਂ — ਸਮਾਜੀ-ਸ਼ਾਵਨਵਾਦੀ।

**ਰੂਸਾਨੋਵ, ਨਿਕੋਲਾਈ ਸਰਗੇਯੇਵਿਚ** (ਜਨਮ 1859) — ਇੱਕ ਪ੍ਰਚਾਰਕ, ਪਹਿਲਾਂ

"ਨਰੋਦਨਾਯਾ ਵੋਲਿਆ" ਦਾ ਮੈਂਬਰ, ਪਿੱਛੋਂ ਜਾਕੇ ਸੋਸ਼ਲਿਸਟ-ਇਨਕਲਾਬੀ।

**ਰੇਨਾਡੇਲ** (Renaudel), **ਪੀਯੇਰ** (1871-1935) — ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਦਾ ਇੱਕ ਆਗੂ, ਪਹਿਲੇ ਸੰਸਾਰ ਯੁੱਧ ਸਮੇਂ —ਸਮਾਜੀ-ਸ਼ਾਵਨਵਾਦੀ।

## ਲ

**ਲਾਸਾਲ** (Lassalle), **ਫ਼ਰਡੀਨੈਂਡ** (1825-1864) — ਇੱਕ ਜਰਮਨ ਨਿੱਕ-ਬੁਰਜੂਆ ਸੋਸ਼ਲਿਸਟ, ਜਰਮਨ ਮਜ਼ਦੂਰ ਲਹਿਰ ਵਿੱਚ ਮੌਕਾਪ੍ਰਸਤੀ ਦੀ ਇੱਕ ਵੰਨਗੀ, ਲਾਸਾਲਵਾਦ ਦਾ ਮੋਢੀ। ਉਹ ਜਰਮਨੀ ਦੇ ਮਜ਼ਦੂਰਾਂ ਦੀ ਆਮ ਯੂਨੀਅਨ (1863) ਦੇ ਮੋਢੀਆਂ ਵਿੱਚੋਂ ਇੱਕ ਸੀ। ਇਸ ਯੂਨੀਅਨ ਦੀ ਸਥਾਪਤੀ ਮਜ਼ਦੂਰ ਲਹਿਰ ਲਈ ਹਾਂ-ਪੱਖੀ ਮਹੱਤਤਾ ਵਾਲ਼ੀ ਸੀ, ਪਰ ਲਾਸਾਲ, ਜਿਹੜਾ ਇਹਦਾ ਚੁਣਿਆ ਹੋਇਆ ਪ੍ਰਧਾਨ ਸੀ, ਇਹਨੂੰ ਮੌਕਾਪ੍ਰਸਤ ਰਾਹ ਉੱਤੇ ਲੈ ਗਿਆ। ਲਾਸਾਲ ਨੇ ਪਿੱਛੇ-ਖਿੱਚੂ ਪਰੂਸ਼ੀਆ ਦੀ ਸਰਦਾਰੀ ਹੇਠ "ਉੱਪਰ ਤੋਂ" ਜਰਮਨੀ ਦੀ ਏਕਤਾ ਦੀ ਹਮਾਇਤ ਕੀਤੀ। ਲਾਸਾਲਵਾਦੀਆਂ ਦੀ ਮੌਕਾਪ੍ਰਸਤ ਨੀਤੀ ਨੇ ਪਹਿਲੀ ਇੰਟਰਨੈਸ਼ਨਲ ਦੀ ਕਾਰਵਾਈ ਅਤੇ ਜਰਮਨੀ ਵਿੱਚ ਸੱਚੇ ਅਰਥਾਂ ਵਿੱਚ ਮਜ਼ਦੂਰ-ਜਮਾਤ ਪਾਰਟੀ ਦੀ ਸਥਾਪਤੀ ਦੇ ਰਾਹ ਵਿੱਚ ਰੋਕ ਪਾਈ ਅਤੇ ਮਜ਼ਦੂਰਾਂ ਦੀ ਜਮਾਤੀ-ਚੇਤੰਨਤਾ ਦੇ ਰੂਪ ਧਾਰਨ ਵਿੱਚ ਵਿਘਨ ਪਾਇਆ।

**ਲੀਬਕਨੇਖ਼ਤ** (Liebknecht), **ਵਿਲਹਲਮ** (1826-1900) — ਜਰਮਨ ਅਤੇ ਕੌਮਾਂਤਰੀ ਮਜ਼ਦੂਰ-ਜਮਾਤ ਲਹਿਰ ਦਾ ਉੱਘਾ ਆਗੂ ਅਤੇ ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਦਾ ਆਗੂ।

**ਲੁਕਸਮਬਰਗ** (Luxemburg), **ਰੋਜ਼ਾ** (1871-1919) — ਕੌਮਾਂਤਰੀ ਮਜ਼ਦੂਰ-ਜਮਾਤ ਲਹਿਰ ਦੀ ਇੱਕ ਉੱਘੀ ਆਗੂ, ਦੂਜੀ ਇੰਟਰਨੈਸ਼ਨਲ ਦੇ ਖੱਬੇ-ਪੱਖੀ ਆਗੂਆਂ ਵਿੱਚੋਂ ਇੱਕ। ਪੋਲੈਂਡ ਦੀ ਸੋਸ਼ਲ-ਡੈਮੋਕਰੈਟਿਕ ਪਾਰਟੀ ਦੇ ਮੋਢੀਆਂ ਅਤੇ ਆਗੂਆਂ ਵਿੱਚੋਂ ਇੱਕ। 1897 ਤੋਂ ਜਰਮਨੀ ਦੀ ਸੋਸ਼ਲ-ਡੈਮੋਕਰੈਟਿਕ ਲਹਿਰ ਵਿੱਚ ਉੱਘਾ ਹਿੱਸਾ ਲਿਆ। ਉਹ ਜਰਮਨੀ ਦੀ ਕਮਿਊਨਿਸਟ ਪਾਰਟੀ ਦੇ ਮੋਢੀਆਂ ਵਿੱਚੋਂ ਇੱਕ ਸੀ। ਜਨਵਰੀ 1919 ਵਿੱਚ ਉਲਟ-ਇਨਕਲਾਬੀਆਂ ਨੇ ਉਹਨੂੰ ਗ੍ਰਿਫ਼ਤਾਰ ਕੀਤਾ ਅਤੇ ਬੜੇ ਜ਼ਾਲਮਾਨਾ ਢੰਗ ਨਾਲ਼ ਮਾਰ ਦਿੱਤਾ।

**ਲੂਈ-ਨੈਪੋਲੀਅਨ** — ਵੇਖੋ ਨੈਪੋਲੀਅਨ III।

**ਲੇਗੀਨ** (Legien), **ਕਾਰਲ** (1861-1920) — ਇੱਕ ਜਰਮਨ ਸੱਜੇ-ਪੱਖੀ ਸੋਸ਼ਲ-ਡੈਮੋਕਰੈਟ, ਜਰਮਨ ਟਰੇਡ ਯੂਨੀਅਨਾਂ ਦਾ ਇੱਕ ਆਗੂ ਅਤੇ ਇੱਕ ਸੋਧਵਾਦੀ। 1890 ਤੋਂ ਉਹ ਜਰਮਨੀ ਦੀਆਂ ਟਰੇਡ ਯੂਨੀਅਨਾਂ ਦੇ ਆਮ ਕਮੀਸ਼ਨ ਦਾ ਪ੍ਰਧਾਨ ਰਿਹਾ। 1903 ਤੋਂ ਉਹ ਟਰੇਡ ਯੂਨੀਅਨਾਂ ਦੀ ਕੌਮਾਂਤਰੀ ਸੱਕਤਰੇਤ ਦਾ ਸਕੱਤਰ ਅਤੇ 1913 ਤੋਂ ਇਹਦਾ ਪ੍ਰਧਾਨ ਰਿਹਾ। 1893 ਤੋਂ 1920 ਤੱਕ ਉਹ (ਸਮੇਂ ਸਮੇਂ) ਰਾਈਖ਼ਸਤਾਗ਼ ਵਿੱਚ ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਦਾ ਮੈਂਬਰ ਰਿਹਾ। ਪਹਿਲੇ ਸੰਸਾਰ ਯੁੱਧ ਸਮੇਂ—ਅਤਿ ਦਾ ਸਮਾਜੀ-

ਸ਼ਾਵਨਵਾਦੀ। ਉਹਨੇ ਬੁਰਜੂਆਜ਼ੀ ਦੀਆਂ ਨੀਤੀਆਂ ਦੀ ਹਮਾਇਤ ਕੀਤੀ ਅਤੇ ਪ੍ਰੋਲੇਤਾਰੀ ਦੀ ਇਨਕਲਾਬੀ ਲਹਿਰ ਵਿਰੁੱਧ ਲੜਿਆ।

**ਲੈਨਿਨ, ਵਲਾਦੀਮੀਰ ਇਲੀਚ** (ਲੈਨਿਨ, ਨਿ.) (1870–1924)

## ਵ

**ਵਾਂਡਰਵੇਲਡੇ** (Vandervelde), **ਐਮਿਲ** (1866–1938) — ਬੈਲਜੀਅਮ ਦੀ ਮਜ਼ਦੂਰਾਂ ਦੀ ਪਾਰਟੀ ਅਤੇ ਦੂਜੀ ਇੰਟਰਨੈਸ਼ਨਲ ਦੇ ਕੌਮਾਂਤਰੀ ਸੋਸ਼ਲਿਸਟ ਬਿਊਰੋ ਦਾ ਪ੍ਰਧਾਨ। ਅਤਿ ਦਾ ਮੌਕਾਪ੍ਰਸਤ ਨਜ਼ਰੀਆ ਅਪਣਾਇਆ। ਪਹਿਲੇ ਸੰਸਾਰ ਯੁੱਧ ਸਮੇਂ — ਸਮਾਜੀ-ਸ਼ਾਵਨਵਾਦੀ ਅਤੇ ਬੈਲਜੀਅਮ ਦੀ ਬੁਰਜੂਆ ਹਕੂਮਤ ਦਾ ਮੈਂਬਰ। ਰੂਸ ਵਿੱਚ ਫ਼ਰਵਰੀ ਦੇ ਬੁਰਜੂਆ-ਜਮਹੂਰੀ ਇਨਕਲਾਬ ਤੋਂ ਪਿੱਛੋਂ ਉਹ ਸਮਾਰਾਜੀ ਯੁੱਧ ਜਾਰੀ ਰੱਖਣ ਦੇ ਹੱਕ ਵਿੱਚ ਐਜੀਟੇਸ਼ਨ ਕਰਨ ਲਈ ਰੂਸ ਆਇਆ।

**ਵੇਡੇਮੇਅਰ** (Weydemeyer), **ਜੋਜ਼ਫ਼** (1818–1866) — ਜਰਮਨੀ ਅਤੇ ਅਮਰੀਕਾ ਦੀ ਮਜ਼ਦੂਰ-ਜਮਾਤ ਲਹਿਰ ਦਾ ਉੱਘਾ ਆਗੂ, ਮਾਰਕਸ ਅਤੇ ਏਂਗਲਜ਼ ਦਾ ਮਿੱਤਰ ਅਤੇ ਨੇੜਵਾਂ ਸਾਥੀ।

**ਵੈਬ** (Webb), **ਸਿਡਨੀ** (1859–1947) — ਉੱਘੀ ਬਰਤਾਨਵੀ ਲੋਕ ਸ਼ਖ਼ਸੀਅਤ ਅਤੇ ਸੁਧਾਰਕ। ਆਪਣੀ ਪਤਨੀ ਬੀਟਰਸ ਵੈਬ ਨਾਲ਼ ਉਹਨੇ ਬਰਤਾਨਵੀ ਮਜ਼ਦੂਰ ਲਹਿਰ ਦੇ ਇਤਿਹਾਸ ਅਤੇ ਸਿਧਾਂਤ ਸਬੰਧੀ ਕਈ ਕਿਰਤਾਂ ਲਿਖੀਆਂ। ਉਹ ਨਿਕ-ਬੁਰਜੂਆ ਅਤੇ ਕਿਰਤੀ ਅਮੀਰਸ਼ਾਹੀ ਦਾ ਵਿਚਾਰਧਾਰਕ ਸੀ। ਸਿਡਨੀ ਵੈਬ ਨੇ ਆਪਣੀਆਂ ਕਿਰਤਾਂ ਵਿੱਚ ਸਰਮਾਏਦਾਰ ਸਮਾਜ ਦੇ ਚੌਖਟੇ ਵਿੱਚ ਮਜ਼ਦੂਰਾਂ ਦੇ ਮਸਲਿਆਂ ਦੇ ਅਮਨ-ਭਰੇ ਹੱਲ ਦਾ ਵਿਚਾਰ ਪੇਸ਼ ਕੀਤਾ। ਉਹ ਸਾਧਾਰਵਾਦੀ ਫ਼ੇਬੀਅਨ ਸੋਸਾਇਟੀ ਦੇ ਮੋਢੀਆਂ ਵਿੱਚੋਂ ਇੱਕ ਸੀ। ਪਹਿਲੇ ਸੰਸਾਰ ਯੁੱਧ ਸਮੇਂ ਉਹਨੇ ਸਮਾਜੀ-ਸ਼ਾਵਨਵਾਦੀ ਨਜ਼ਰੀਆ ਅਪਣਾਇਆ। ਪਹਿਲੀ (1924) ਅਤੇ ਦੂਜੀ (1929–31) ਲੇਬਰ ਵਜ਼ਾਰਤਾਂ ਦਾ ਮੈਂਬਰ।

**ਵੈਬ** (Webb), **ਬੀਟਰਸ** (1858–1943) — ਇੱਕ ਉੱਘੀ ਬਰਤਾਨਵੀ ਸ਼ਖ਼ਸੀਅਤ।



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ – 50.00 ਰੁ.